**PUNJAB VIDHAN SABHA**

**DEBATES**

*Tuesday, the 30th December, 2025*

**SIXTEENTH VIDHAN SABHA**

(ELEVENTH (SPECIAL) SESSION)

(Sitting No.1)

**OFFICIAL REPORT**




## PUNJAB VIDHAN SABHA SECRETARIAT,

## CHANDIGARH-160001

Price : Rs…………

# ਪੰਜਾਬ ਵਿਧਾਨ ਸਭਾ

ਸਰਦਾਰ ਕੁਲਤਾਰ ਸਿੰਘ ਸੰਧਵਾਂ, ਮਾਣਯੋਗ ਸਪੀਕਰ

ਸਰਦਾਰ ਜੈ ਕ੍ਰਿਸ਼ਨ ਸਿੰਘ, ਮਾਣਯੋਗ ਡਿਪਟੀ ਸਪੀਕਰ

ਸ੍ਰੀ ਰਾਮ ਲੋਕ ਖਟਾਣਾ, ਸਕੱਤਰ

# PUNJAB VIDHAN SABHA

Sardar Kultar Singh Sandhwan, Hon'ble Speaker

Sardar Jai Krishan Singh, Hon'ble Deputy Speaker

Shri Ram Lok Khatana, Secretary

## ਮੰਤਰੀ ਮੰਡਲ ਦੀ ਸੂਚੀ

| ਕ੍ਰਮ ਨੰ: | ਨਾਮ | Department | ਵਿਭਾਗ |
|---|---|---|---|
| 1. | ਸ੍ਰੀ ਭਗਵੰਤ ਮਾਨ, ਮੁੱਖ ਮੰਤਰੀ<br>Shri Bhagwant Mann, Chief Minister | General Administration,<br>Home Affairs & Justice,<br>Personnel,<br>Vigilance,<br>Co-operation,<br>Legal & Legislative Affairs,<br>Civil Aviation,<br>Science, Technology & Environment,<br>Sports & Youth Services | ਆਮ ਪ੍ਰਸ਼ਾਸਨ,<br>ਗ੍ਰਹਿ ਮਾਮਲੇ ਅਤੇ ਨਿਆਂ,<br>ਪ੍ਰਸੋਨਲ,<br>ਚੌਕਸੀ,<br>ਸਹਿਕਾਰਤਾ,<br>ਕਾਨੂੰਨੀ ਤੇ ਵਿਧਾਨਕ ਮਾਮਲੇ,<br>ਸ਼ਹਿਰੀ ਹਵਾਬਾਜ਼ੀ,<br>ਸਾਇੰਸ, ਤਕਨਾਲੋਜੀ ਤੇ ਵਾਤਾਵਰਨ<br>ਖੇਡਾਂ ਤੇ ਯੁਵਕ ਸੇਵਾਵਾਂ |
| 2. | ਸਰਦਾਰ ਹਰਪਾਲ ਸਿੰਘ ਚੀਮਾ<br>Sardar Harpal Singh Cheema | Finance, Planning<br>Programme Implementation<br>Excise & Taxation Minister | ਵਿੱਤ, ਯੋਜਨਾ ਪ੍ਰੋਗਰਾਮ ਲਾਗੂਕਰਨ,<br>ਕਰ ਤੇ ਆਬਕਾਰੀ ਮੰਤਰੀ |
| 3. | ਸ੍ਰੀ ਅਮਨ ਅਰੋੜਾ<br>Shri Aman Arora | New & Renewable Energy Resources, Printing & Stationery, Good Governance and Information Technology, Removal of Grievances & Employment Generation and Training Minister | ਨਵ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ, ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਟਰੇਨਿੰਗ ਮੰਤਰੀ |
| 4. | ਡਾਕਟਰ ਬਲਜੀਤ ਕੌਰ<br>Doctor Baljit Kaur | Social Justice, Empowerment & Minorities,Social Security Women & Child Development Minister | ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਤੇ ਬਾਲ ਵਿਕਾਸ ਮੰਤਰੀ |
| 5. | ਸ੍ਰੀ ਸੰਜੀਵ ਅਰੋੜਾ<br>Shri Sanjeev Arora | Industry and Commerce, Investment Promotion, NRI Affairs & Power Minister | ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਪ੍ਰਵਾਸੀ ਭਾਰਤੀ ਮਾਮਲੇ ਤੇ ਊਰਜਾ ਮੰਤਰੀ |
| 6. | ਡਾਕਟਰ ਬਲਬੀਰ ਸਿੰਘ<br>Doctor Balbir Singh | Health & Family Welfare, Medical Education & Research and Elections Minister | ਸਿਹਤ ਅਤੇ ਪਰਿਵਾਰ ਭਲਾਈ, ਡਾਕਟਰੀ ਸਿੱਖਿਆ ਤੇ ਖੋਜ ਅਤੇ ਚੋਣਾਂ ਮੰਤਰੀ |
| 7. | ਸ੍ਰੀ ਲਾਲ ਚੰਦ<br>Shri Lal Chand | Food, Civil Supplies and Consumer Affairs, Forests, Wildlife preservation Minister | ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਜੰਗਲਾਤ, ਜੰਗਲੀ ਜੀਵ ਸੁਰੱਖਿਆ ਮੰਤਰੀ |
| 8. | ਸਰਦਾਰ ਲਾਲਜੀਤ ਸਿੰਘ ਭੁੱਲਰ Sardar Laljit Singh Bhullar | Transport, Jails Minister | ਟਰਾਂਸਪੋਰਟ, ਜੇਲ੍ਹਾਂ ਮੰਤਰੀ |

| | | | |
|---|---|---|---|
| 9. | ਸਰਦਾਰ ਹਰਜੋਤ ਸਿੰਘ ਬੈਂਸ<br>Sardar Harjot Singh Bains | Technical Education & Industrial Training,<br>Higher Education, School Education, Information & Public Relations Minister | ਤਕਨੀਕੀ ਸਿੱਖਿਆ ਤੇ ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਸਕੂਲ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਮੰਤਰੀ |
| 10. | ਸਰਦਾਰ ਹਰਭਜਨ ਸਿੰਘ<br>**Sardar Harbhajan Singh** | Public Works (B&R) Minister | ਲੋਕ ਨਿਰਮਾਣ (ਭ ਤੇ ਮ) ਮੰਤਰੀ |
| 11. | ਸਰਦਾਰ ਗੁਰਮੀਤ ਸਿੰਘ ਖੁੱਡੀਆਂ<br>Sardar Gurmeet Singh Khudian | Agriculture & Farmers Welfare, Animal Husbandry, Fisheries and Dairy Development, Food Processing Minister | ਖੇਤੀਬਾੜੀ ਤੇ ਕਿਸਾਨ ਭਲਾਈ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ, ਫੂਡ ਪ੍ਰਾਸੈਸਿੰਗ ਮੰਤਰੀ |
| 12. | ਡਾਕਟਰ ਰਵਜੋਤ ਸਿੰਘ<br>Dr. Ravjot Singh | Local Government, Parliamentary Affairs Minister | ਸਥਾਨਕ ਸਰਕਾਰ, ਸੰਸਦੀ ਮਾਮਲੇ ਮੰਤਰੀ |
| 13. | ਸ਼੍ਰੀ ਬਰਿੰਦਰ ਕੁਮਾਰ ਗੋਇਲ<br>Shri Barinder Kumar Goyal | Mines & Geology, Water Resources, Conservation of Land & Water Minister | ਖਣਨ ਤੇ ਭੂ ਵਿਗਿਆਨ, ਜਲ ਸਰੋਤ, ਭੂਮੀ ਤੇ ਜਲ ਸੰਭਾਲ ਮੰਤਰੀ |
| 14. | ਸਰਦਾਰ ਹਰਦੀਪ ਸਿੰਘ ਮੁੰਡੀਆਂ<br>Sardar Hardeep Singh Mundian | Revenue, Rehabilitation and Disaster Management, Water Supply & Sanitation, Housing and Urban Development Minister | ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ |
| 15. | ਸਰਦਾਰ ਤਰੁਨਪ੍ਰੀਤ ਸਿੰਘ ਸੌਂਦ<br>Sardar Tarunpreet Singh Sond | Tourism & Cultural Affairs, Labour & Hospitality, Rural Development & Panchayats Minister | ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਾਚਾਰੀ, ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ |
| 16 | ਸ਼੍ਰੀ ਮੋਹਿੰਦਰ ਭਗਤ<br>Shri Mohinder Bhagat | Defence Services Welfare, Freedom Fighters, Horticulture Minister | ਰੱਖਿਆ ਸੇਵਾਵਾਂ ਭਲਾਈ, ਸੁਤੰਤਰਤਾ ਸੈਨਾਨੀ, ਬਾਗਬਾਨੀ ਮੰਤਰੀ |

## CONTENTS


| Sr. No. | Subject | Page No. |
|---|---|---|
| 1. | Tribute paid to the Unparalleled Martyrdom of Four Sahibzadas of Sri Guru Gobind Singh Ji | 1 |
| 2. | Short Adjournment of the House | 17 |
| 3. | Obituary References | 18 |
| 4. | Announcement by the Speaker regarding Panel of Chairmen | 20 |
| 5. | Presentation of the First Report of the Business Advisory Committee | 21 |
| 6. | Motion under Rule 16 | 22 |
| 7. | Papers Laid on the Table of the House | 23 |
| 8. | Welcome Announcement by Hon'ble Speaker | 24 |
| 9. | Official Resolution regarding strongly condemning the Central Government's Viksit Bharat – Guarantee For Rozgar And Ajeevika Mission (Gramin) Act, 2025 (VB-G RAM G ACT), which replaces the Mahatma Gandhi National Rural Employment Guarantee Act (MGNREGA), 2005 | 24 |
| 10. | Welcome Announcement by the Hon'ble Speaker | 34 |
| 11. | Official resolution regarding strongly condemning the central government's viksit bharat – guarantee for rozgar and ajeevika mission (gramin) act, 2025 (VB-G RAM G ACT), which replaces the mahatma gandhi national rural employment guarantee act (MGNREGA), 2005 *(Resumption)* | 34 |
| 12. | Welcome Announcement by the Hon'ble Speaker | 60 |

| | | |
|---|---|---|
| 13. | Official resolution regarding strongly condemning the central government's viksit bharat – guarantee for rozgar and ajeevika mission (gramin) act, 2025 (VB-G RAM G ACT), which replaces the mahatma gandhi national rural employment guarantee act (MGNREGA), 2005 *(Resumption)* | 60 |
| 14. | Rulings by the Hon'ble Speaker for forwarding letters of 10 lakh poor families from Punjab to the Central Government | 62 |
| 15. | Official resolution regarding strongly condemning the central government's viksit bharat – guarantee for rozgar and ajeevika mission (gramin) act, 2025 (VB-G RAM G ACT), which replaces the mahatma gandhi national rural employment guarantee act (MGNREGA), 2005 *(Resumption)* | 62 |
| 16. | Extension of time of the Sitting of the House | 78 |
| 17. | Official resolution regarding strongly condemning the central government's viksit bharat – guarantee for rozgar and ajeevika mission (gramin) act, 2025 (VB-G RAM G ACT), which replaces the mahatma gandhi national rural employment guarantee act (MGNREGA), 2005 *(Resumption)* | 79 |
| 18. | Walk-out | 94 |
| 19. | Official resolution regarding strongly condemning the central government's viksit bharat – guarantee for rozgar and ajeevika mission (gramin) act, 2025 (VB-G RAM G ACT), which replaces the mahatma gandhi national rural employment guarantee act (MGNREGA), 2005 *(Resumption)* | 94 |
| 20. | Naming of Member | 96 |

| | | |
|---|---|---|
| 21. | Official resolution regarding strongly condemning the central government's viksit bharat – guarantee for rozgar and ajeevika mission (gramin) act, 2025 (VB-G RAM G ACT), which replaces the mahatma gandhi National rural employment guarantee act (MGNREGA), 2005 *(Resumption)* | 100 |
| 22. | **LEGISLATIVE BUSINESS**<br><br>1. The Indian Stamp (Punjab Second Amendment) Bill, 2025 | 114 |
| 23. | 2. Punjab Abadi Deh (Record of Rights) Amendment Bill, 2025 | 115 |
| 24. | 3.The Punjab Land Revenue (Amendment) Bill, 2025 | 119 |
| 25. | Appendix-I<br>Bulletins (Punjabi & English) | 123-139 |

**PUNJAB VIDHAN SABHA**

*Tuesday, the 30th December, 2025*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 11.00 A.M. Mr. Speaker (Sardar Kultar Singh Sandhwan) in the Chair.*

---

## TRIBUTE PAID TO THE UNPARALLELED MARTYRDOM OF FOUR SAHIBZADAS OF SRI GURU GOBIND SINGH JI

**ਮਾਣਯੋਗ ਸਪੀਕਰ** : ਪੰਜਾਬ ਵਿਧਾਨ ਸਭਾ ਦੇ ਸਮੂਹ ਸਤਿਕਾਰਯੋਗ ਮੈਂਬਰ ਸਾਹਿਬਾਨ, ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਅੱਜ ਦੇ ਇਸ ਪਾਵਨ ਸਦਨ ਦੀ ਕਾਰਵਾਈ ਦੀ ਸ਼ੁਰੂਆਤ ਮੌਕੇ ਸ਼ਹੀਦੀ ਹਫ਼ਤੇ ਦੇ ਸੰਦਰਭ ਵਿੱਚ ਮੈਂ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਲਈ ਕੋਟਿ-ਕੋਟਿ ਨਤਮਸਤਕ ਹੁੰਦਾ ਹਾਂ। ਇਹ ਸ਼ਹੀਦੀ ਹਫ਼ਤਾ ਸਿੱਖ ਇਤਿਹਾਸ ਦਾ ਉਹ ਪਵਿੱਤਰ ਸਮਾਂ ਹੈ, ਜੋ ਸਾਨੂੰ ਇਨ੍ਹਾਂ ਪਵਿੱਤਰ ਰੂਹਾਂ ਦੀ ਅਦੁੱਤੀ ਕੁਰਬਾਨੀ ਦੀ ਯਾਦ ਦਿਵਾਉਂਦਾ ਹੈ।

ਇਹ ਉਹ ਪਵਿੱਤਰ ਸਮਾਂ ਹੈ ਜਦੋਂ ਚਮਕੌਰ ਸਾਹਿਬ ਦੀ ਜੰਗ, ਸਰਹਿੰਦ ਦੀ ਕਚਹਿਰੀ ਅਤੇ ਠੰਢੇ ਬੁਰਜ ਦੀ ਦਾਸਤਾਨ ਦੀਆਂ ਯਾਦਾਂ ਸਾਨੂੰ ਆਪਣੇ ਸਤਿਗੁਰਾਂ ਵੱਲੋਂ ਉਲੀਕੇ ਸਹਿਣਸ਼ੀਲਤਾ, ਇਨਸਾਨੀਅਤ, ਨਿਆਂ, ਨਿਸ਼ਕਾਮ ਸੇਵਾ ਅਤੇ ਧਰਮ ਦੀ ਰਾਖੀ ਦੇ ਮੁੱਲਾਂ ਤੇ ਪਹਿਰਾ ਦੇਣ ਲਈ ਪ੍ਰੇਰਦਾ ਹੈ ।

ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਕੇਵਲ ਸਿੱਖ ਇਤਿਹਾਸ ਦਾ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦਾ ਅਮਰ ਪ੍ਰਕਾਸ਼ ਹੈ। ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ ਨੇ ਧਰਮ, ਸੱਚ ਅਤੇ ਇਨਸਾਫ਼ ਦੀ ਰਾਖੀ ਲਈ ਜੋ ਨਿਰਭੈ ਕੁਰਬਾਨੀ ਦਿੱਤੀ, ਉਹ ਇਸ ਫਾਨੀ ਜਗਤ ਦੀ ਹਰ ਪੀੜ੍ਹੀ ਲਈ ਇੱਕ ਪ੍ਰੇਰਣਾ ਸਰੋਤ ਹੈ। ਚਾਰ ਸਾਹਿਬਜ਼ਾਦਿਆਂ ਦੀ ਸੁੰਦਰ ਯਾਦ ਹਰ ਵੇਲੇ ਸਾਡੇ ਦਿਲਾਂ ਵਿੱਚ ਜਿਊਂਦੀ ਹੈ ਤੇ ਸਦਾ ਹੀ ਜਿਊਂਦੀ ਰਹੇਗੀ। ਇਸ ਪਵਿੱਤਰ ਸਦਨ ਦੇ ਇਸ ਸਮਾਗਮ ਦੀ ਸ਼ੁਰੂਆਤ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਕੀਤੀ ਗਈ ਹੈ।

ਸਾਥੀਓ, ਧੰਨ ਹੈ ਇਹ ਸਿੱਖੀ ਅਤੇ ਧੰਨ ਹੈ ਸਾਡੀ ਕੌਮ, ਜਿਸ ਨੂੰ ਧਰਮ ਦੀ ਰਾਖੀ ਅਤੇ ਨਿਆਂ ਲਈ ਜੁਝਾਰੂ ਕਰਨ ਲਈ ਸਾਡੇ ਗੁਰੂ ਸਾਹਿਬਾਨਾਂ ਨੇ ਆਪਣੇ ਖੁਦ ਦੇ ਅਤੇ ਆਪਣੇ ਬੱਚਿਆਂ ਤੱਕ ਦੇ ਸੀਸ ਕੁਰਬਾਨ ਕਰ ਦਿੱਤੇ। ਅਸੀਂ ਪੰਜਾਬ ਦੇ ਵਸਨੀਕ ਵਡਭਾਗੀ ਹਾਂ, ਜਿਨ੍ਹਾਂ ਦੀ ਗੁਰੂ ਸਾਹਿਬਾਨਾਂ ਨੇ ਪੀੜ੍ਹੀ-ਦਰ-ਪੀੜ੍ਹੀ ਆਪਣਾ ਆਪਾ ਵਾਰ ਕੇ

ਰਹਿਨੁਮਾਈ ਕੀਤੀ ਅਤੇ ਅੱਗੇ ਵੀ ਜੁਗਾਂ-ਜੁਗਾਂ ਤੱਕ ਸਾਡੇ ਰਾਖੇ ਬਣੇ ਰਹਿਣ ਲਈ - ਪ੍ਰਗਟ ਗੁਰਾਂ ਕੀ ਦੇਹ - ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਛਾਂ ਦੀ ਨਿੱਘ ਬਖਸ਼ਿਸ਼ ਕੀਤੀ।

ਦਸੰਬਰ, 1704 ਦਾ ਉਹ ਸ਼ਹੀਦੀ ਹਫ਼ਤਾ ਸਾਡੇ ਸਾਹਿਬ-ਏ-ਕਮਾਲ, ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਉੱਤੇ ਅਜਿਹਾ ਕਹਿਰ ਬਣ ਕੇ ਆਇਆ, ਜਦ ਜ਼ੁਲਮ ਦੀ ਵੀ ਅੱਤ ਹੋ ਗਈ, ਸਬਰ ਦੀ ਵੀ ਇੰਤਹਾ ਹੋ ਗਈ, ਕੁਰਬਾਨੀ ਦੀ ਵੀ ਇੰਤਹਾ ਹੋ ਗਈ। ਇਹ ਸੋਚ ਕੇ ਹੀ ਰੂਹ ਕੰਬ ਜਾਂਦੀ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਛੇ ਮਹੀਨੇ ਦੇ ਲੰਬੇ ਸਮੇਂ ਦੇ ਘੇਰੇ ਤੋਂ ਬਾਅਦ, ਮੁਗਲਾਂ ਵੱਲੋਂ ਕਿਸ ਤਰ੍ਹਾਂ ਝੂਠੀਆਂ ਕਸਮਾਂ ਖਾ ਕੇ ਦਸ਼ਮੇਸ਼ ਪਿਤਾ ਜੀ ਨੂੰ ਕਿਲ੍ਹਾ ਖਾਲੀ ਕਰਨ ਲਈ ਕਿਹਾ ਗਿਆ ਹੋਵੇ ਅਤੇ ਬਾਅਦ ਵਿੱਚ ਕਿਸ ਤਰ੍ਹਾਂ ਉਨ੍ਹਾਂ ਕਸਮਾਂ ਨੂੰ ਛਿੱਕੇ ਉੱਤੇ ਟੰਗ ਕੇ ਦਸ਼ਮੇਸ਼ ਪਿਤਾ ਦੇ ਭੁੱਖੇ-ਭਾਣੇ ਸਿੱਖਾਂ ਅਤੇ ਗੁਰੂ ਸਾਹਿਬ ਦੇ ਪੂਰੇ ਪਰਿਵਾਰ ਤੇ ਹਮਲਾ ਕਰ ਦਿੱਤਾ ਗਿਆ ਹੋਵੇ।

ਪਿੱਛੇ ਜ਼ਾਲਮ ਫੌਜਾਂ ਦਾ ਟਿੱਡੀ ਦਲ, ਦੂਜੇ ਪਾਸੇ ਸਿਰਫ ਗਿਣਤੀ ਵਿੱਚ ਸਿੱਖਾਂ ਦੀ ਗਿਣਤੀ ਅਤੇ ਉਨ੍ਹਾਂ ਦਾ ਪੂਰਾ ਪਰਿਵਾਰ, ਅੱਗੇ ਸਰਸਾ ਨਦੀ ਵੀ ਚੜ੍ਹੀ ਹੋਈ, ਉਤੋਂ ਪੋਹ ਦਾ ਸਰਦ ਮਹੀਨਾ। ਅੱਤ ਦੀ ਠੰਢੀ ਰਾਤ ਦਾ ਸਮਾਂ ਤੇ ਅੱਗੇ ਸਰਸਾ ਨਦੀ ਦਾ ਠੰਢਾ ਪਾਣੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਿੰਘਾਂ ਨੇ ਆਪਣੇ ਘੋੜੇ ਸਰਸਾ ਨਦੀ ਵਿੱਚ ਠੇਲ੍ਹ ਦਿੱਤੇ। ਇਸ ਸਰਸਾ ਨਦੀ ਦੇ ਕੰਢੇ ਤੇ ਸਤਿਗੁਰੂ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ, ਜੋ ਮੁੜ ਕਦੇ ਮਿਲ ਨਾ ਸਕਿਆ। ਇੱਕ ਕਵੀ ਲਿਖਦਾ ਹੈ:-

"ਖੁਸ਼ੀ ਨਾਲ ਕੁਰਬਾਨੀਆਂ ਦੇਣ ਚੱਲੇ, ਜੋੜੀ ਏਸ ਪਾਸੇ, ਜੋੜੀ ਓਸ ਪਾਸੇ।"

ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਇੱਕ ਪਾਸੇ, ਗੁਰੂ ਕੇ ਮਹਿਲ ਇੱਕ ਪਾਸੇ, ਸਤਿਗੁਰੂ ਜੀ ਦੋ ਵੱਡੇ ਸਾਹਿਬਜ਼ਾਦੇ ਅਤੇ ਗਿਣਤੀ ਦੇ ਕੁੱਲ 40 ਸਿੰਘਾਂ ਦੇ ਨਾਲ ਤੀਜੇ ਹਿੱਸੇ ਵਿੱਚ ਇੱਕ ਪਾਸੇ ਨੂੰ ਚੱਲ ਪਏ ਤੇ ਪੂਰਾ ਪਰਿਵਾਰ ਹੀ ਵਿੱਛੜ ਗਿਆ ।

ਰਸਤੇ ਵਿੱਚ ਚਲਦਿਆਂ ਗੁਰੂ ਕੇ ਸਿੰਘਾਂ ਨੇ ਪਾਤਸ਼ਾਹ ਜੀ ਨੂੰ ਸਵਾਲ ਕਰ ਦਿੱਤਾ, ਪਾਤਸ਼ਾਹ ਜੀਉ! ਛੋਟੇ ਸਾਹਿਬਜ਼ਾਦੇ ਕਿੱਧਰ ਨੂੰ ਚਲੇ ਗਏ ਹੋਣਗੇ? ਤਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਮੁਸਕਰਾਉਂਦੇ ਹੋਏ ਕਹਿਣ ਲੱਗੇ, ਉਹ ਆਪਣਾ ਫਰਜ਼ ਨਿਭਾਉਣ ਲਈ ਆਪਣੀ ਮੰਜ਼ਿਲ ਨੂੰ ਚਲੇ ਗਏ ਹਨ ਤਾਂ ਸਿੱਖਾਂ ਨੇ ਦੂਜਾ ਸਵਾਲ ਕਰ ਦਿੱਤਾ ਕਿ ਸਤਿਗੁਰੂ ਜੀ ਹੁਣ ਆਪਾਂ ਕਿੱਧਰ ਨੂੰ ਜਾਣਾ ਹੈ ਤਾਂ ਪਾਤਸ਼ਾਹ ਜੀ ਫਿਰ ਜੋ ਬੋਲੇ, ਉਹ ਕਿਸੇ ਕਵੀ ਨੇ ਬੜਾ ਸੋਹਣਾ ਲਿਖਿਆ ਹੈ:

ਹਮਨੇ ਭੀ ਪਹੁੰਚਨਾ ਹੈ ਉਸ ਮੁਕਾਮ ਪਰ ਜਲਦ ਤਰ।
ਕਟਵਾਨੇ ਹੋਂਗੇ ਜਹਾਂ ਤੁਮਕੋ ਅਪਨੇ ਸਰ ।
ਹੋਂਗੇ ਸ਼ਹੀਦ ਲੜ ਕਰ ਯਹ ਦੋਨੋਂ ਪਿਸਰ।
ਰਹਿ ਜਾਉਂਗਾ ਅਕੇਲਾ ਮੈਂ ਕੱਲ੍ਹ ਤੱਕ ਲੁਟਾ ਕੇ ਘਰ।

ਪਹਿਲੇ ਬਾਪ ਕਟਵਾਇਆ ਅਬ ਬੇਟੇ ਕਟਵਾਉਂਗਾ,
ਗੁਰੂ ਨਾਨਕ ਕਾ ਬਾਗ ਹੈ, ਖ਼ੂਨ-ਏ-ਜਿਗਰ ਸੇ ਸਜਾਉਂਗਾ।

ਸਾਥੀਓ, ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਿੱਖ ਇਤਿਹਾਸ ਦੀ ਅਦੁੱਤੀ ਮਿਸਾਲ ਹੈ। ਸਾਹਿਬਜ਼ਾਦਾ ਅਜੀਤ ਸਿੰਘ ਜੀ, ਜੋ ਕੇਵਲ 18 ਸਾਲਾਂ ਦੇ ਸਨ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਮੁੱਠੀ ਭਰ ਸਿੰਘਾਂ ਨਾਲ ਵੱਡੀ ਮੁਗਲ ਫੌਜ ਦੇ ਸਾਹਮਣੇ ਡੱਟ ਕੇ ਯੁੱਧ ਕੀਤਾ। ਉਨ੍ਹਾਂ ਦੀ ਅਗਵਾਈ ਅਤੇ ਵੀਰਤਾ ਨੇ ਸਿੱਖ ਜਵਾਨੀ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੇ ਪਿੱਛੇ 14 ਸਾਲਾਂ ਦੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਵੀ ਮੈਦਾਨ-ਏ-ਜੰਗ ਵਿੱਚ ਉਤਰ ਕੇ ਅਟੱਲ ਹਿੰਮਤ ਅਤੇ ਸੂਰਬੀਰਤਾ ਨਾਲ ਸ਼ਹਾਦਤ ਪ੍ਰਾਪਤ ਕੀਤੀ।

ਉਸੇ ਤਰ੍ਹਾਂ 'ਸਾਕਾ ਸਰਹੰਦ' ਜਾਂ 'ਨਿੱਕੀਆਂ ਜਿੰਦਾਂ ਵੱਡਾ ਸਾਕਾ', ਇਹ ਇਤਿਹਾਸ ਵਿੱਚ ਇੱਕੋ ਇੱਕ ਅਜਿਹਾ ਸਾਕਾ ਹੈ ਜਿਸ ਵਿੱਚ ਕੇਵਲ 7 ਅਤੇ 9 ਸਾਲ ਦੀਆਂ ਨਿੱਕੀਆਂ ਜਿੰਦਾਂ ਨੇ ਵਜ਼ੀਰ ਖਾਂ ਦੀ ਕਚਹਿਰੀ ਵਿੱਚ ਅਣਖ਼ ਅਤੇ ਗ਼ੈਰਤ ਦਾ ਅਜਿਹਾ ਸਬੂਤ ਦਿੱਤਾ, ਜਿਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿੱਚ ਕਿਧਰੇ ਵੀ ਵੇਖਣ ਨੂੰ ਨਹੀਂ ਮਿਲਦੀ। ਅੱਜ ਵੀ ਇਸ ਸਾਕੇ ਤੋਂ ਰੋਸ਼ਨੀ ਲੈ ਕੇ ਗੁਰੂ ਨਾਨਕ ਨਾਮ ਲੇਵਾ ਸਿੱਖ ਜਿੱਥੇ ਵੀ ਵੱਸਦਾ ਹੈ, ਆਪਣੇ ਧਰਮ ਲਈ, ਮਾਨਵਤਾ ਦੇ ਲਈ ਮਰ-ਮਿਟਣ ਲਈ ਹਮੇਸ਼ਾ ਤਿਆਰ ਰਹਿੰਦਾ ਹੈ।

ਕਹਿੰਦੇ ਹਨ ਕਿ ਵਜ਼ੀਰ ਖਾਂ ਦੀ ਕਚਹਿਰੀ ਅੰਦਰ ਤਿੰਨ ਤਰੀਕਿਆਂ ਨਾਲ ਈਮਾਨ ਡੋਲਾਇਆ ਜਾਂਦਾ ਸੀ: ਪਹਿਲਾ ਕਿਸੇ ਨੂੰ ਬਹੁਤਾ ਪਿਆਰ ਦੇ ਕੇ ਡੋਲਾਇਆ ਜਾਂਦਾ ਸੀ, ਦੂਜਾ ਲਾਲਚ ਦੇ ਕੇ ਅਤੇ ਤੀਜਾ ਡਰਾਵਾ ਦੇ ਕੇ ਡੋਲਾਇਆ ਜਾਂਦਾ ਸੀ। ਇਹ ਤਿੰਨੇ ਤਰੀਕੇ ਗੁਰੂ ਕੇ ਲਾਲਾਂ ਉੱਤੇ ਵੀ ਅਜ਼ਮਾਏ ਗਏ ਸਨ।

ਪਹਿਲਾਂ ਸਾਹਿਬਜ਼ਾਦਿਆਂ ਨੂੰ ਬੜੇ ਪਿਆਰ ਨਾਲ ਪੁੱਛਿਆ ਗਿਆ ਕਿ, 'ਬੱਚਿਓ! ਜੇ ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ?' ਲ਼ਾਲ ਕਹਿਣ ਲੱਗੇ:

''ਵਿੱਚ ਜੰਗਲਾਂ ਦੇ ਜਾਵਾਂਗੇ, ਸਿੱਖਾਂ ਨੂੰ ਜੋੜ ਲਿਆਵਾਂਗੇ,
ਸ਼ਸਤਰ ਇਕੱਠੇ ਕਰਾਂਗੇ, ਘੋੜਿਆਂ ਉਪਰ ਚੜ੍ਹਾਂਗੇ,
ਫਿਰ ਨਾਲ ਤੁਹਾਡੇ ਲੜਾਂਗੇ।''

ਦਰਬਾਰੀ ਕਹਿਣ ਲੱਗੇ ਕਿ ਇਨ੍ਹਾਂ ਨੂੰ ਜਿਊਂਦਿਆਂ ਨਹੀਂ ਛੱਡਣਾ ਚਾਹੀਦਾ। ਪਰ ਫਿਰ ਇੱਕ ਵਾਰੀ ਪਿਆਰ ਨਾਲ ਕਿਹਾ ਜਾਣ ਲੱਗਾ: 'ਤੁਸੀਂ ਬੜੇ ਮਾਸੂਮ ਹੋ, ਨਿੱਕੀਆਂ ਜਿੰਦਾਂ ਹੋ, ਤੁਹਾਨੂੰ ਕੋਹ-ਕੋਹ ਕੇ ਮਾਰ ਦਿੱਤਾ ਜਾਵੇਗਾ, ਇਸ ਲਈ ਜ਼ਿੰਦਗੀ ਜਿਊਣ ਲਈ ਸਿੱਖੀ ਦਾ ਤਿਆਗ ਕਰ ਦਿਉ।' ਅੱਗੋਂ ਸਾਹਿਬਜ਼ਾਦੇ ਕਹਿਣ ਲੱਗੇ:

''ਅਸੀਂ ਦਸਮੇਸ਼ ਪਿਤਾ ਦੇ ਬੱਚੜੇ, ਭਾਗਾਂ ਵਾਲੀ ਮਾਂ ਦੇ ਜਣੇ ਹੋਏ ਹਾਂ,
ਉਤੋਂ ਮੱਖਣ ਵਰਗਾ ਮਾਹੌਲ ਨਾ ਸਮਝੀਂ, ਅੰਦਰੋਂ ਫੌਲਾਦ ਦੇ ਬਣੇ ਹੋਏ ਹਾਂ।''

ਤਾਂ ਵਜ਼ੀਰ ਖਾਂ ਕਹਿਣ ਲੱਗਾ, ''ਜੇਕਰ ਮੇਰੀ ਗੱਲ ਨਾ ਮੰਨੀ ਤਾਂ ਤੁਹਾਨੂੰ ਸ਼ਹੀਦ ਕਰ ਦਿੱਤਾ ਜਾਵੇਗਾ'' ਤਾਂ ਗੁਰੂ ਕੇ ਲਾਲ ਕਹਿਣ ਲੱਗੇ, '' ਇਹ ਸ਼ਹਾਦਤਾਂ ਦਾ ਡਰ ਕਿਸੇ ਹੋਰ ਨੂੰ ਦੇਵੀਂ, ਅਸੀਂ ਸ਼ਹੀਦੀ ਤੋਂ ਡਰਨ ਵਾਲੇ ਨਹੀਂ। ਅਸੀਂ ਕੌਮ ਤੋਂ ਕੁਰਬਾਨ ਹੋਣਾ ਚੰਗੀ ਤਰ੍ਹਾਂ ਜਾਣਦੇ ਹਾਂ। ਸਾਨੂੰ ਗੁਰੂ ਨਾਨਕ ਪਾਤਸ਼ਾਹ ਜੀ ਨੇ ਗੁੜ੍ਹਤੀ ਦਿੱਤੀ ਹੈ ਕਿ-

ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।
ਇਤੁ ਮਾਰਗਿ ਪੈਰੁ ਧਰੀਜੈ।। ਸਿਰੁ ਦੀਜੈ ਕਾਣਿ ਨ ਕੀਜੈ।।

ਸਾਹਿਬਜ਼ਾਦਿਆਂ ਦੀ ਸ਼ਹਾਦਤ ਸਾਨੂੰ ਸਿਖਾਉਂਦੀ ਹੈ ਕਿ ਧਰਮ, ਸੱਚ ਅਤੇ ਨਿਆਂ ਦੀ ਰੱਖਿਆ ਲਈ ਉਮਰ ਕਦੇ ਵੀ ਰੁਕਾਵਟ ਨਹੀਂ ਬਣਦੀ। ਉਨ੍ਹਾਂ ਦੀ ਕੁਰਬਾਨੀ ਸਿੱਖ ਇਤਿਹਾਸ ਵਿੱਚ ਸਦਾ ਲਈ ਅਮਰ ਰਹੇਗੀ ਅਤੇ ਹਰ ਪੀੜ੍ਹੀ ਨੂੰ ਸੱਚ ਦੇ ਰਾਹ 'ਤੇ ਅਡਿੱਗ ਰਹਿਣ ਦੀ ਪ੍ਰੇਰਣਾ ਦਿੰਦੀ ਰਹੇਗੀ।

ਧੰਨ ਧੰਨ ਚਾਰ ਸਾਹਿਬਜ਼ਾਦੇ।
ਧੰਨ ਧੰਨ ਮਾਤਾ ਗੁਜਰੀ ਜੀ।
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਅੱਜ ਇਸ ਮੌਕੇ ਟੋਡਰ ਮੱਲ ਹਵੇਲੀ ਦੇ ਨਵੀਨੀਕਰਨ ਅਤੇ ਸਾਂਭ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ ਜੋ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਇਤਿਹਾਸਕ ਵਿਰਾਸਤੀ ਸੁਰੱਖਿਆ ਦਾ ਪ੍ਰਤੀਕ ਹਨ। ਸਦਨ ਦੇ ਸਾਰੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਅਪੀਲ ਹੈ ਕਿ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਕੁਝ ਪਲਾਂ ਨੂੰ ਬਿਤਾਈਏ।

ਸੋ, ਮੈਂ ਦਰਖਾਸਤ ਕਰਦਾ ਹਾਂ ਕਿ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਆਪਣੀ ਅਕੀਦਤ ਪੇਸ਼ ਕਰਨ। ਸਭ ਤੋਂ ਪਹਿਲਾਂ ਮੈਂ, ਡਾਕਟਰ ਇੰਦਰਬੀਰ ਸਿੰਘ ਨਿੱਜਰ ਜੀ ਨੂੰ ਬੇਨਤੀ ਕਰਦਾ ਹਾਂ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮ੍ਰਿਤਸਰ ਦੱਖਣੀ)**: ਮਿਹਰਬਾਨੀ, ਸਪੀਕਰ ਸਾਹਿਬ। ਅੱਜ ਜਦੋਂ ਅਸੀਂ ਸਾਰੇ ਇੱਥੇ ਗਰਮ ਕੱਪੜੇ ਪਾ ਕੇ ਬੈਠੇ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਤਾਂ ਸਾਨੂੰ ਨਹੀਂ ਭੁੱਲਣਾ ਚਾਹੀਦਾ ਕਿ 17ਵੀਂ ਅਤੇ 18ਵੀਂ ਸ਼ਤਾਬਦੀ ਵਿੱਚ ਕਿਵੇਂ ਜ਼ੁਲਮ ਹੁੰਦਾ ਸੀ, ਕਿਵੇਂ ਹੁਕਮਰਾਨ ਬਹੁਤ ਜ਼ਿਆਦਾ ਜ਼ੁਲਮ ਕਰਦੇ ਸੀ। ਜਦੋਂ ਸਿੱਖ ਕੌਮ ਬਣੀ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਕੌਮ ਨੂੰ ਪੈਦਾ ਕੀਤਾ ਤਾਂ ਇਸ ਗੱਲ ਨੂੰ ਜ਼ਾਲਮ ਹੁਕਮਰਾਨ ਕਿਸ ਤਰ੍ਹਾਂ ਬਰਦਾਸ਼ਤ ਕਰਦੇ? ਸੋ, ਉਦੋਂ ਸ਼ਹਾਦਤਾਂ ਦਾ ਦੌਰ ਸ਼ੁਰੂ ਹੋਇਆ। ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਹੀਦ ਹੋਏ। ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ। ਉਨ੍ਹਾਂ ਦੇ ਨਾਲ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਵੀ ਸ਼ਹੀਦ ਹੋਏ। ਉਸ ਤੋਂ ਬਾਅਦ ਜਦੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖਾਲਸਾ ਸਿਰਜਿਆ। ਫਿਰ ਜ਼ੁਲਮ ਦੀ ਇੰਤਹਾ ਹੋ ਗਈ ਅਤੇ ਮੁਗਲਾਂ ਤੋਂ ਇਹ ਬਰਦਾਸ਼ਤ ਨਹੀਂ ਹੋਇਆ ਕਿ ਕਿਸ ਤਰ੍ਹਾਂ ਇੱਕ ਕੌਮ ਹੈ, ਜਿਸ ਵਿੱਚ ਰੰਗ-ਰੂਪ, ਊਚ-ਨੀਚ, ਪੜ੍ਹਿਆ-ਲਿਖਿਆ ਤੇ ਅਨਪੜ੍ਹ, ਕਿਸੇ ਵੀ ਜਾਤ-ਪਾਤ ਦਾ ਅਤੇ ਕਿਸੇ ਵੀ ਧਰਮ ਦਾ ਬੰਦਾ ਆ ਕੇ ਗੁਰੂ ਦਾ ਸਿੱਖ ਬਣ ਸਕਦਾ ਹੈ, ਗੁਰੂ ਦਾ ਸਿੰਘ ਸੱਜ ਸਕਦਾ ਹੈ।

ਇਸ ਨਾਲ ਸਦੀਆਂ ਤੋਂ ਇੱਕ ਪੱਛੜੀ ਹੋਈ, ਸੁੱਤੀ ਹੋਈ ਅਤੇ ਨਿਢਾਲ ਹੋਈ ਸਾਡੀ ਕੌਮ ਨੂੰ ਇੱਕ ਨਵੀਂ ਊਰਜਾ ਮਿਲੀ ਤਾਂ ਕੁਦਰਤੀ ਗੱਲ ਹੈ ਕਿ ਉਨ੍ਹਾਂ ਤੇ ਬਹੁਤ ਜ਼ੁਲਮ ਕੀਤਾ ਗਿਆ। ਜਿਵੇਂ ਤੁਸੀਂ ਦੱਸਿਆ ਹੈ ਕਿ ਸਰਸਾ ਨਦੀ ਉਤੇ ਵੱਡੇ ਸਾਹਿਬਜ਼ਾਦੇ ਵਿੱਛੜ ਗਏ, ਚਮਕੌਰ ਦੀ ਗੜ੍ਹੀ ਵਿਚ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ। ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ, ਉਨ੍ਹਾਂ ਦੀ ਕਿੰਨੀ ਕੁ ਉਮਰ ਸੀ, ਉਨ੍ਹਾਂ ਦੀ 18 ਸਾਲ ਅਤੇ 14 ਸਾਲ ਦੀ ਉਮਰ ਸੀ, ਉਦੋਂ ਉਹ ਚਮਕੌਰ ਦੀ ਜੰਗ ਵਿਚ ਸ਼ਹੀਦ ਹੋਏ। ਜਦੋਂ ਅਸੀਂ ਛੋਟੇ ਹੁੰਦਿਆਂ ਇਸ ਉਮਰ ਵਿਚ ਸੀ ਤਾਂ ਸਾਨੂੰ ਕਿੰਨੀ ਕੁ ਅਕਲ ਸੀ? ਸਾਨੂੰ ਆਪਣੇ ਭਵਿੱਖ ਦਾ ਕੀ ਪਤਾ ਸੀ ਜਾਂ ਕਿਸੇ ਵੀ ਹੋਰ ਚੀਜ਼ ਦਾ ਪਤਾ ਨਹੀਂ ਹੁੰਦਾ ਸੀ। ਲੇਕਿਨ ਸਾਹਿਬਜ਼ਾਦਿਆਂ ਨੇ ਵਿਸ਼ਵਾਸ ਰੱਖ ਕੇ ਸ਼ਹੀਦੀ ਦਿੱਤੀ। ਮੈਂ ਸਮਝਦਾ ਹਾਂ ਕਿ ਸਿੱਖਾਂ ਵਿਚ ਜਿਹੜੀ ਸੂਰਬੀਰਤਾ ਆਈ ਹੈ, ਉਹ ਉਨ੍ਹਾਂ ਕੋਲੋਂ ਹੀ ਆਈ ਹੈ। ਦੂਜੇ ਪਾਸੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਬੰਦੀ ਬਣਾ ਕੇ ਲਿਜਾਇਆ ਗਿਆ। ਉਨ੍ਹਾਂ ਨੂੰ ਉਹ ਤਸੀਹੇ ਦਿੱਤੇ ਗਏ, ਜਿਹੜੇ ਵਰਨਣਯੋਗ ਨਹੀਂ ਹਨ। ਜੇਕਰ ਇਸ ਦਾ ਵਰਣਨ ਸ਼ੁਰੂ ਕਰੀਏ ਤਾਂ ਸਾਡੀਆਂ ਅੱਖਾਂ ਵਿਚੋਂ ਪਾਣੀ ਆ ਜਾਵੇਗਾ। 6 ਸਾਲ ਅਤੇ 9 ਸਾਲ ਦੀ ਕੋਈ ਉਮਰ ਨਹੀਂ ਹੁੰਦੀ। ਜਦੋਂ ਸਾਡਾ ਬੱਚਾ ਕੁਝ ਮਿੰਟ ਲਈ ਅੱਖੋਂ ਓਹਲੇ ਹੋ ਜਾਵੇ ਤਾਂ ਸਾਨੂੰ ਹੱਥਾਂ ਪੈਰ੍ਹਾਂ ਦੀ ਪੈ ਜਾਂਦੀ ਹੈ ਕਿ ਸਾਡਾ ਬੱਚਾ ਕਿੱਥੇ ਚਲਾ ਗਿਆ। ਉਹ ਗੁਰੂ ਦੇ ਲਾਲ ਤਾਂ ਹਮੇਸ਼ਾ ਵਾਸਤੇ ਸ਼ਹੀਦ ਕਰ ਦਿੱਤੇ ਗਏ। ਸਪੀਕਰ ਸਾਹਿਬ, ਜਿਵੇਂ ਤੁਸੀਂ ਦੱਸਿਆ ਕਿ ਉਨ੍ਹਾਂ ਨੂੰ ਲਾਲਚ ਵੀ ਦਿੱਤਾ ਗਿਆ, ਉਨ੍ਹਾਂ ਨੂੰ ਧਮਕਾਇਆ ਵੀ ਗਿਆ ਲੇਕਿਨ ਉਹ ਅਡੋਲ ਸਨ ਕਿਉਂਕਿ ਉਨ੍ਹਾਂ ਨੂੰ ਆਪਣੇ ਪਿਤਾ ਜੀ ਦੀ ਅਤੇ ਆਪਣੀ ਦਾਦੀ ਜੀ ਦੀ ਸਿੱਖਿਆ ਮਿਲੀ ਹੋਈ ਸੀ। ਉਨ੍ਹਾਂ ਦੀ ਦਾਦੀ ਜੀ ਉਨ੍ਹਾਂ ਨੂੰ ਅਖੀਰਲੇ ਸਮੇਂ ਤੱਕ ਸਾਖੀਆਂ ਸੁਣਾਉਂਦੀ ਰਹੀ ਤਾਂ ਕਿ ਉਹ ਡੋਲਣ ਨਾ। ਸੋ, ਉਹ ਸ਼ਹੀਦ ਹੋਏ ਅਤੇ ਜਿਸ ਤਰ੍ਹਾਂ ਜ਼ਾਲਮਾਂ ਨੇ ਉਨ੍ਹਾਂ ਨੂੰ ਸ਼ਹੀਦ ਕੀਤਾ, ਉਹ ਸਾਨੂੰ ਸਾਰਿਆਂ ਨੂੰ ਪਤਾ ਹੈ, ਉਸ ਦਾ ਸਾਨੂੰ ਵਰਣਨ ਕਰਨ ਦੀ ਜ਼ਰੂਰਤ ਨਹੀਂ ਹੈ।

ਮੈਂ ਇੱਥੇ ਦੋ ਨਾਮ ਜ਼ਰੂਰ ਲੈਣਾ ਚਾਹਾਂਗਾ। ਬਾਬਾ ਮੋਤੀ ਰਾਮ ਮਹਿਰਾ ਜੀ, ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਅਖੀਰਲੇ ਦਿਨ ਦੁੱਧ ਪਿਲਾਇਆ, ਉਨ੍ਹਾਂ ਨੇ ਆਪਣੀ ਅਤੇ ਆਪਣੇ ਪਰਿਵਾਰ ਦੀ ਜਾਨ ਕੁਰਬਾਨ ਕੀਤੀ, ਉਨ੍ਹਾਂ ਨੂੰ ਸਾਡਾ ਸਲਾਮ ਹੈ। ਦੂਜੇ, ਦੀਵਾਨ ਟੋਡਰ ਮੱਲ ਜੀ, ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਅਸ਼ਰਫੀਆਂ ਦੇ ਕੇ ਜਗ੍ਹਾ ਖਰੀਦੀ, ਉਨ੍ਹਾਂ ਨੂੰ ਵੀ ਸਾਡਾ ਪ੍ਰਣਾਮ ਹੈ। ਜਿਹੜੀਆਂ ਸਿੱਖ ਕੌਮ ਨੇ ਮੱਲਾਂ ਮਾਰੀਆਂ ਹਨ, ਜਿਹੜੀਆਂ ਪੰਜਾਬੀਆਂ ਨੇ ਮੱਲਾਂ ਮਾਰੀਆਂ ਹਨ, ਉਹ ਸਾਡੇ ਸਾਹਿਬਜ਼ਾਦਿਆਂ ਕਰਕੇ ਹੀ ਹੋ ਸਕਿਆ ਹੈ। ਜੇਕਰ ਮੈਂ ਛੋਟੇ ਅਤੇ ਵੱਡੇ ਘੱਲੂਘਾਰੇ ਦੀ ਗੱਲ ਕਰਾਂ ਜਾਂ ਸਾਰਾਗੜ੍ਹੀ ਦੇ ਮੋਰਚੇ ਦੀ ਗੱਲ ਕਰਾਂ, ਜਿਸ ਵਿਚ ਸਿੱਖ ਸ਼ੇਰਾਂ ਵਾਂਗ ਲੜੇ ਸੀ। ਸ਼ੇਰਾਂ ਵਾਂਗ ਲੜਨ ਦੀ ਇਹ ਸਿੱਖਿਆ ਸਾਨੂੰ ਵੱਡੇ ਸਾਹਿਬਜ਼ਾਦਿਆਂ ਕੋਲੋਂ ਹੀ ਮਿਲੀ ਹੈ। ਜੇਕਰ ਮੈਂ ਦੂਜੇ ਬੰਨੇ ਗੱਲ ਕਰਾਂ ਕਿ ਜਦੋਂ ਗੁਰੂ ਕੇ ਬਾਗ ਦਾ ਮੋਰਚਾ ਲੱਗਿਆ, ਨਨਕਾਣਾ ਸਾਹਿਬ ਦਾ ਮੋਰਚਾ ਲੱਗਿਆ, ਜੈਤੋ ਦਾ ਮੋਰਚਾ ਲੱਗਿਆ। ਉੱਥੇ ਲੜਾਈ ਸ਼ਸਤਰਾਂ ਨਾਲ ਨਹੀਂ ਹੋਈ ਬਲਕਿ ਹਿੰਮਤ ਨਾਲ ਹੋਈ ਹੈ। ਗੁਰੂ ਕੇ ਬਾਗ ਦੇ ਮੋਰਚੇ ਵੇਲੇ ਹਰ ਰੋਜ਼ 100 ਸਿੱਖ ਸ੍ਰੀ ਅਕਾਲ ਤਖਤ ਸਾਹਿਬ ਜਾਂਦੇ ਸੀ ਅਤੇ ਅਰਦਾਸ ਕਰਦੇ ਸੀ ਕਿ ਪ੍ਰਮਾਤਮਾ ਸਾਨੂੰ ਤਾਕਤ ਬਖਸ਼ੀਂ ਕਿ ਅਸੀਂ ਜ਼ਾਲਮ ਦੇ ਖਿਲਾਫ਼ ਹੱਥ ਨਾ ਚੁੱਕੀਏ। ਉਨ੍ਹਾਂ ਨੂੰ ਛੀਨਿਆਂ ਵਾਲੇ, ਗੁਮਟਾਲੇ ਜਾਂ ਕੁੱਕੜਾਂਵਾਲੇ ਵਿਖੇ ਰੋਕਿਆ ਜਾਂਦਾ ਸੀ, ਉਨ੍ਹਾਂ ਨੂੰ ਕੁੱਟ ਕੁੱਟ ਕੇ ਨਿਢਾਲ ਕਰ ਦਿੰਦੇ ਸਨ ਪਰ ਉਹ ਫਿਰ ਉੱਠ ਕੇ ਤੁਰ ਪੈਂਦੇ ਸੀ। ਇਹ ਹਿੰਮਤ ਉਨ੍ਹਾਂ ਸਿੱਖਾਂ ਵਿਚ ਛੋਟੇ ਸਾਹਿਬਜ਼ਾਦਿਆਂ ਕੋਲੋਂ ਆਈ। ਸੋ, ਸਾਨੂੰ ਆਪਣੇ ਸਾਹਿਬਜ਼ਾਦਿਆਂ ਕੋਲੋਂ ਸਿੱਖਣ ਦੀ ਜ਼ਰੂਰਤ ਹੈ। ਸਾਨੂੰ ਚਾਹੀਦਾ ਹੈ ਕਿ ਸਾਨੂੰ ਨਿੱਕੀਆਂ ਨਿੱਕੀਆਂ ਲੜਾਈਆਂ ਵਿਚ ਨਹੀਂ ਉਲਝਣਾ ਚਾਹੀਦਾ, ਅਸੀਂ ਨਿੱਕੀਆਂ ਨਿੱਕੀਆਂ ਚੀਜ਼ਾਂ ਤੇ ਵਿਕ ਜਾਂਦੇ ਹਾਂ। ਅਸੀਂ ਇਸ ਤੋਂ ਉਪਰ ਉਠੀਏ ਅਤੇ ਇੱਕ ਚੰਗੇ ਸਮਾਜ ਨੂੰ ਸਿਰਜਣ ਦੀ ਕੋਸ਼ਿਸ਼ ਕਰੀਏ। ਮੈਨੂੰ ਲੱਗਦਾ ਹੈ ਕਿ

ਜਿਹੜੀ ਅਸੀਂ ਕਦੇ ਕਦੇ ਨਿੱਕੀ ਨਿੱਕੀ ਬਹਿਸ ਕਰਨ ਲੱਗ ਜਾਂਦੇ ਹਾਂ, ਸਾਨੂੰ ਇਹ ਨਹੀਂ ਕਰਨੀ ਚਾਹੀਦੀ ਕਿਉਂਕਿ ਸਾਡਾ ਵਿਰਸਾ ਬਹੁਤ ਮਹਾਨ ਹੈ। ਮੈਂ ਇਹੀ ਅਰਦਾਸ ਕਰਾਂਗਾ ਕਿ ਪ੍ਰਮਾਤਮਾ ਸਾਨੂੰ ਉਹੀ ਬਲ ਬਖਸ਼ੀਂ, ਜਿਹੜਾ ਸਾਹਿਬਜ਼ਾਦਿਆਂ ਨੂੰ ਬਖਸ਼ਿਆ ਸੀ। ਅਸੀਂ ਆਪਣੇ ਸਾਹਿਬਜ਼ਾਦਿਆਂ ਨੂੰ ਰੋਜ਼ਾਨਾ ਅਰਦਾਸ ਵਿਚ ਯਾਦ ਕਰਦੇ ਹਾਂ।

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀਆਂ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿੰਨਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ, ਬੋਲੋ ਜੀ ਵਾਹਿਗੁਰੂ ॥

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰਿਆਂ ਦਾ ਨਾਮ ਆ ਗਿਆ ਹੈ, ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਦੇ ਬੁਲਾਰਿਆਂ ਦੇ ਨਾਮ ਵੀ ਆ ਗਏ ਹਨ। ਕਾਂਗਰਸ ਪਾਰਟੀ ਵੱਲੋਂ ਕੌਣ ਬੋਲੇਗਾ ਜੀ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਰਾਣਾ ਗੁਰਜੀਤ ਜੀ ਅਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਜੀ।

**ਮਾਣਯੋਗ ਸਪੀਕਰ**: ਇੱਕ ਬੁਲਾਰਾ ਹੀ ਤੁਹਾਡੇ ਵੱਲੋਂ ਬੋਲੇਗਾ, ਦੱਸੋ ਕੌਣ ਬੋਲੇਗਾ? ਰਾਣਾ ਗੁਰਜੀਤ ਜੀ।

**ਰਾਣਾ ਗੁਰਜੀਤ ਸਿੰਘ (ਕਪੂਰਥਲਾ)**: ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਇਹ ਉਹ ਬਹਿਸ ਹੈ, ਜਿਸ ਦੇ ਵਿੱਚ ਮੈਂ ਆਪਣੇ ਆਪ ਨੂੰ ਕਾਬਲ ਨਹੀਂ ਸਮਝਦਾ ਹਾਂ। ਲੇਕਿਨ ਫਿਰ ਵੀ ਮੈਂ ਉਠਣ ਦੀ ਹਿੰਮਤ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਹਿਬਜ਼ਾਦੇ ਸ਼ਹੀਦ ਹੋਏ, ਮਾਤਾ ਜੀ ਸ਼ਹੀਦ ਹੋਏ, ਇਹ ਬੜੀ ਲਾਸਾਨੀ ਕੁਰਬਾਨੀ ਹੈ। ਉਨ੍ਹਾਂ ਦਾ ਦੇਣਾ ਪੂਰੀ ਸਿੱਖ ਕੌਮ ਤਾਂ ਕੀ, ਸਾਰਾ ਹਿੰਦੁਸਤਾਨ ਨਹੀਂ ਦੇ ਸਕਦਾ। ਮੇਰੇ ਤੋਂ ਬਾਅਦ ਹੋਰ ਬੜੇ ਬੁਲਾਰਿਆਂ ਨੇ ਅੱਜ ਬੋਲਣਾ ਹੈ ਲੇਕਿਨ ਇੱਕ ਗੱਲ ਜੋ ਨਿੱਜਰ ਸਾਹਿਬ ਨੇ ਕਹੀ ਹੈ ਮੈਂ ਉਸ ਦੀ ਤਾਈਦ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਇੱਕ ਗੱਲ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹਾਂਗਾ ਕਿ ਸਾਡੀ ਹਿਸਟਰੀ ਸਾਡੀਆਂ ਅੱਖਾਂ ਦੇ ਸਾਹਮਣੇ distort ਕੀਤੀ ਜਾ ਰਹੀ ਹੈ। ਜਿਵੇਂ ਕਿ ਚਾਰ ਸਾਹਿਬਜ਼ਾਦਿਆਂ ਨੂੰ ਵੀਰ ਬਾਲ ਕਰਕੇ ਸੰਬੋਧਨ ਕੀਤਾ ਗਿਆ। ਵੀਰ ਬਾਲ ਦਾ ਮਤਲਬ ਜਵਾਕ ਹੁੰਦਾ ਹੈ। ਮੇਰਾ ਇਹ ਮੰਨਣਾ ਹੈ ਕਿ ਉਹ ਬਾਲ ਨਹੀਂ ਸਨ, ਉਹ ਤਾਂ ਸਾਡੇ ਬਾਬੇ ਹਨ। ਸਾਡੇ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦੇ ਹਨ। ਉਨ੍ਹਾਂ ਨੂੰ ਇਹ ਦਰਜਾ ਦਿਵਾਉਣ ਲਈ ਅਸੀਂ ਅੱਜ ਤੱਕ ਕੋਈ ਆਵਾਜ਼ ਨਹੀਂ ਉਠਾਈ। ਮੈਂ ਇਸ ਸਦਨ ਵਿੱਚ ਦੋ ਬੰਦਿਆਂ ਦੀ ਤਾਰੀਫ ਜ਼ਰੂਰ ਕਰਾਂਗਾ, ਚਾਹੇ ਉਹ ਆਮ ਆਦਮੀ ਪਾਰਟੀ ਦੇ ਹਨ, ਬਾਬਾ ਸੀਚੇਵਾਲ ਜੀ ਅਤੇ ਸਰਦਾਰ ਮਲਵਿੰਦਰ ਸਿੰਘ ਕੰਗ ਜੀ, ਇਨ੍ਹਾਂ ਨੇ ਲੋਕ ਸਭਾ ਵਿੱਚ ਆਵਾਜ਼ ਉਠਾਈ। ਉਸ ਤੋਂ ਪਹਿਲਾਂ ਮੈਂ ਇੱਕ Podcast ਦੇ ਵਿੱਚ ਕਿਹਾ ਸੀ, ਜਿਸ ਨੂੰ release ਹੋਏ ਨੂੰ ਸਾਲ ਹੋ ਗਿਆ ਹੈ ਕਿ ਸਾਹਿਬਜ਼ਾਦਿਆਂ ਨੂੰ ਬਾਲ ਨਾ ਸੱਦੋ, ਉਹ ਤਾਂ ਸਾਡੇ ਬਾਬੇ ਹਨ। ਦੂਜਾ, ਬੰਦਾ ਸਿੰਘ ਬੈਰਾਗੀ ਉਦੋਂ ਤੱਕ ਬੈਰਾਗੀ ਸੀ ਜਦੋਂ ਤੱਕ ਉਸ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਥਾਪੜਾ ਨਹੀਂ ਲਿਆ ਸੀ। ਜਦੋਂ ਬੰਦਾ ਸਿੰਘ

ਬਹਾਦਰ ਹੋ ਗਿਆ ਤਾਂ ਫਿਰ ਨਾਂਦੇੜ ਸਾਹਿਬ ਤੋਂ ਚੱਲ ਕੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਉਹ ਕਿਸ ਦੇ ਲਈ ਖੜਕਾਈ ਸੀ? ਅੱਜ ਜੇ ਅਸੀਂ ਉਸ ਨੂੰ ਵੀਰ ਬੰਦਾ ਬੈਰਾਗੀ ਕਰ ਦੇਈਏ, ਇਹ ਹਿਸਟਰੀ ਨੂੰ distort ਕਰਨ ਵਾਲੀਆਂ ਗੱਲਾਂ ਹੁੰਦੀਆਂ ਹਨ। ਮੇਰੇ ਖਿਆਲ ਨਾਲ ਆਪਾਂ ਨੂੰ ਅੱਜ ਇੱਥੇ ਰੈਜ਼ੋਲਿਊਸ਼ਨ ਪਾਸ ਕਰਨਾ ਚਾਹੀਦਾ ਹੈ ਅਤੇ ਭਾਰਤ ਸਰਕਾਰ ਤੋਂ ਇਹ ਮੰਗ ਕਰਨੀ ਚਾਹੀਦੀ ਹੈ ਕਿ ਸਾਡੇ ਸਿੱਖਾਂ ਦੇ ਮਸਲਿਆਂ ਦੇ ਉਤੇ ਅਤੇ ਸਾਡੀ ਹਿਸਟਰੀ ਨੂੰ ਨਾ ਬਦਲਿਆ ਜਾਵੇ। ਬਾਕੀ ਹੋਰ ਕਈ ਜਗ੍ਹਾ ਤੇ ਨਾਮ ਬਦਲ ਕੇ ਕੰਮ ਚੱਲ ਸਕਦਾ ਹੈ। ਪਰ ਪੰਜਾਬ ਇਹ ਬਰਦਾਸ਼ਤ ਨਹੀਂ ਕਰ ਸਕਦਾ। ਇਹ ਮੇਰੀ ਗੁਜ਼ਾਰਿਸ਼ ਹੈ। ਧੰਨਵਾਦ ਜੀ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.)**: ਬਹੁਤ ਬਹੁਤ ਧੰਨਵਾਦ ਸਪੀਕਰ ਸਾਹਿਬ। ਤੁਸੀਂ ਅੱਜ ਇਸ ਪਵਿੱਤਰ ਸਦਨ ਦੇ ਵਿੱਚ ਮੈਨੂੰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰੋਂ ਸਾਹਿਬਜ਼ਾਦੇ ਅਤੇ ਮਾਤਾ ਗੁਜਰ ਕੌਰ ਜੀ ਨੂੰ ਅਕੀਦਾ ਭੇਂਟ ਕਰਨ ਦੇ ਲਈ ਮੌਕਾ ਦਿੱਤਾ ਹੈ। ਅੱਜ ਇਸ ਪਵਿੱਤਰ ਸਦਨ ਦੇ ਵਿੱਚ ਉਨ੍ਹਾਂ ਸਾਹਿਬਜ਼ਾਦਿਆਂ ਨੂੰ ਯਾਦ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨੇ ਸਾਡੇ ਸਿਰਾਂ ਤੇ ਦਸਤਾਰਾਂ ਸੋਭਦੀਆਂ ਰੱਖਣ ਲਈ ਆਪਣੇ ਖ਼ੂਨ ਦਾ ਕਤਰਾ ਕਤਰਾ ਵਹਾ ਦਿੱਤਾ। ਮੈਨੂੰ ਉਹ ਦਿਨ ਵੀ ਯਾਦ ਹੈ ਜਦੋਂ ਲੋਕ ਸਭਾ ਦੇ ਵਿੱਚ ਭਾਵੇਂ ਬਹੁਤ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਜਿਹੜੇ ਆਪਣੇ ਆਪ ਨੂੰ ਪੰਥ ਦੀ ਨੁਮਾਇੰਦਾ ਜਥੇਬੰਦੀਆਂ ਦੱਸਦੇ ਰਹੇ ਹਨ ਪਰ ਉਨ੍ਹਾਂ ਦੇ ਮੂੰਹਾਂ ਦੇ ਵਿੱਚੋਂ ਕਦੇ ਵੀ ਸਾਹਿਬਜ਼ਾਦਿਆਂ ਦੀ ਗੱਲ ਨਹੀਂ ਫੁੱਟੀ। ਮੈਨੂੰ ਇਸ ਗੱਲ ਦਾ ਮਾਣ ਹੈ ਕਿ ਸਰਦਾਰ ਭਗਵੰਤ ਸਿੰਘ ਮਾਨ ਜੀ, ਅੱਜ ਜੋ ਦੇਸ਼ ਦਾ ਅਤੇ ਪੰਜਾਬ ਦਾ ਮਾਣ ਹੈ, ਉਨ੍ਹਾਂ ਨੇ ਪਹਿਲੀ ਵਾਰ ਸਾਹਿਬਜ਼ਾਦਿਆਂ ਦਾ ਇਤਿਹਾਸ ਸਦਨ ਵਿੱਚ ਸੁਣਾ ਕੇ ਜੋ ਸਮੁੱਚੇ ਦੇਸ਼ ਅਤੇ ਦੁਨੀਆ ਨੂੰ ਦੱਸਿਆ ਕਿ ਸਾਹਿਬਜ਼ਾਦਿਆਂ ਨੇ ਸਾਨੂੰ ਆਜ਼ਾਦੀ ਦੇਣ ਲਈ ਅਤੇ ਸਾਨੂੰ ਸਰਦਾਰੀਆਂ ਬਖਸ਼ਣ ਦੇ ਲਈ ਕਿਸ ਤਰ੍ਹਾਂ ਆਪ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਇੱਕ ਕਵੀ ਨੇ ਬਹੁਤ ਹੀ ਸੁੰਦਰ ਲਿਖਿਆ ਹੈ:

"ਕਰਤਾਰ ਕੀ ਸੌਗੰਧ ਹੈ, ਨਾਨਕ ਕੀ ਕਸਮ ਹੈ,
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਖਾਲਸਾ ਪੰਥ ਦੀ ਸਾਜਨਾ ਤੋਂ ਚਿੜ੍ਹ ਕੇ ਬਹੁਤ ਸਾਰੇ ਪਹਾੜੀ ਰਾਜੇ ਅਤੇ ਮੁਸਲਮਾਨ ਰਾਜੇ ਜਿਹੜੇ ਮੁਤਸਵੀ ਸਨ, ਉਹ ਗੁਰੂ ਸਾਹਿਬ ਦੇ ਵਿਰੁੱਧ ਹੋ ਗਏ। ਕਿਉਂ ਹੋਏ? ਕਿਉਂਕਿ ਗੁਰੂ ਸਾਹਿਬ ਨੇ ਸਾਰੀਆਂ ਜਾਤਾਂ-ਪਾਤਾਂ ਤੇ ਗੋਤਾਂ ਨੂੰ ਇੱਕੋ ਖੰਡੇ ਬਾਟੇ ਵਿੱਚ ਸਾਰਿਆਂ ਨੂੰ ਅੰਮ੍ਰਿਤ ਛਕਾ ਕੇ ਇੱਕ ਬਰਾਬਰ ਦਾ ਦਰਜਾ ਦੇ ਦਿੱਤਾ। ਮੈਂ ਸਮਝਦਾ ਹਾਂ ਕਿ ਸਿੱਖ ਧਰਮ ਨੂੰ ਆਪਾਂ ਦਲਿਤ ਕ੍ਰਾਂਤੀ ਵੀ ਕਹਿ ਸਕਦੇ ਹਾਂ, ਇਹ ਇੱਕ ਦਲਿਤ ਕ੍ਰਾਂਤੀ ਵਜੋਂ ਉਭਰ ਕੇ ਸਾਹਮਣੇ ਆਇਆ ਹੈ।

काम हमारा तोलन तकड़ी
नंगी करद कबहुँ न पकड़ी
चिड़ी उड़े तो हम डर जाएँ
मुगलन के कैसे लड़ पाएं

ਸਾਡੇ ਅਕਸਰ ਹੀ ਇਹ ਆਮ ਗੱਲਾਂ ਸਨ, ਜਿਹੜੀਆਂ ਕਿ ਸਾਡੇ ਕੰਮੀਂ ਲੋਕ ਕਰਦੇ ਹੁੰਦੇ ਸਨ। ਉਨ੍ਹਾਂ ਦੇ ਅੰਦਰ ਬੜਾ ਡਰ ਭੈਅ ਸੀ, ਉਸ ਭੈਅ ਨੂੰ ਗੁਰੂ ਸਾਹਿਬ ਨੇ ਕੱਢ ਕੇ ਖਾਲਸਾ ਪੰਥ ਦੀ ਸਾਜਨਾ ਕੀਤੀ। ਇਸੇ ਤੋਂ ਹੀ ਖਿਝ ਕੇ

ਮੁਗਲ ਅਤੇ ਪਹਾੜੀ ਰਾਜੇ, ਜਿਹੜੇ ਕਿ ਗੁਰੂ ਸਾਹਿਬ ਦੀ ਇਸ ਚੜ੍ਹਤ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ, ਉਨ੍ਹਾਂ ਨੇ ਗੁਰੂ ਸਾਹਿਬ ਨੂੰ ਝੁਕਾਉਣਾ ਚਾਹਿਆ। ਪਰੰਤੂ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਕਰਕੇ ਸਾਡੇ ਸਿਰਾਂ ਤੇ ਦਸਤਾਰਾਂ ਸ਼ੋਭਦੀਆਂ ਹਨ। ਗੁਰੂ ਸਾਹਿਬ ਦੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਬਾਰੇ ਅਸੀਂ ਸਾਰੇ ਜਾਣਦੇ ਹਾਂ, ਉਸ ਕਿਲ੍ਹੇ ਨੂੰ ਬਹੁਤ ਲੰਮਾ ਸਮਾਂ ਘੇਰਾ ਪਾ ਕੇ ਰੱਖਿਆ ਗਿਆ। ਉਸ ਘੇਰੇ ਤੋਂ ਬਾਅਦ ਜਦੋਂ ਉਨ੍ਹਾਂ ਨੇ ਸਹੁੰਆਂ ਖਾਧੀਆਂ ਅਤੇ ਗੁਰੂ ਸਾਹਿਬ ਨੇ ਕਿਲ੍ਹਾ ਛੱਡਿਆ ਤਾਂ ਸਰਸਾ ਨਦੀ ਦੇ ਕਿਨਾਰੇ ਉਤੇ ਗੁਰੂ ਸਾਹਿਬ ਦਾ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ, ਧੰਨ ਮਾਂ ਦਾਦੀ ਮਾਤਾ ਗੁਜਰੀ ਜੀ ਦੇ ਨਾਲ ਕੁੰਮਾ ਮਾਸ਼ਕੀ ਦੀ ਛੰਨ ਵੱਲ ਨੂੰ ਚੱਲ ਪਏ। ਗੁਰੂ ਸਾਹਿਬ ਦੇ ਮਹਿਲ ਰੋਪੜ ਵੱਲ ਨੂੰ ਚਲੇ ਗਏ ਅਤੇ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਚਮਕੌਰ ਸਾਹਿਬ ਵੱਲ ਨੂੰ ਚਲੇ ਗਏ। ਜਦੋਂ ਗੁਰੂ ਸਾਹਿਬ ਦਾ ਵਿਛੋੜਾ ਪਿਆ ਤਾਂ ਇੱਕ ਕਵੀ ਦੀਆਂ ਕੁਝ ਸਤਰਾਂ ਮੈਂ ਆਪ ਜੀ ਦੇ ਸਾਹਮਣੇ ਰੱਖਣੀਆਂ ਚਾਹੁੰਦਾ ਹਾਂ -

जोरावर और फ़तेह जो दादी के साथ थे
दाएं की जगह वो चल दिए बाएं हाथ से

ज़ोरावर और फ़तह का इस दम बयां सुनो ।
पहुंचे बिछड़ के हाए कहां से कहां सुनो ।

बहर-ए-दवात ख़ून-ए-शहीदां बहम करूं ।
सीने को अपने चाक मिसाल-ए-कलम करूं ।
बिछड़े हुयों की अब मैं मुसीबत रकम करूं ।
रो दो अगर बयां मैं ख़ुदा की कसम करूं ।

रसते से जब भटक गए नन्हे सवार थे ।
तकते पिता को चारों तरफ़ बार बार थे ।

दादी से बोले अपने सिपाही किधर गए ।
दरिया पि हम को छोड़ के राही किधर गए ।

तड़पा के हाय सूरत-ए-माही किधर गए ।
अब्बा भगा के लशकर-ए-शाही किधर गए ।

भाई भी हम को भूल गए शौक-ए-जंग में ।
अपना ख़याल तक नहीं ज़ौक-ए-तुफ़ंग में ।

जब रन अजीत जीत के तशरीफ़ लाएंगे ।
अब्बा के साथ जिस घड़ी जुझार आएंगे ।

करके गिला हर एक से हम रूठ जाएंगे ।
माता कभी, पिता कभी भाई मनाएंगे ।

हमे गले लगा के कहेंगे वुह बार बार ।
मान जायो लेकिन हम नहीं मानेंगे ज़िनहार ।

ਇਹ ਸਾਡੇ ਇਤਿਹਾਸ ਵਿੱਚ ਬੜੀਆਂ ਭਾਵਪੂਰਤ ਸਤਰਾਂ ਦਰਜ ਹਨ। ਸੋ, ਮੈਂ ਇਸ ਘੜੀ ਦੇ ਮੌਕੇ ਕਹਿੰਦਾ ਹਾਂ ਕਿ ਤੁਸੀਂ ਅੱਜ ਬਹੁਤ ਹੀ ਵਧੀਆ ਵਿਸ਼ੇ ਨੂੰ ਚੁਣਿਆ ਹੈ।

बस एक हिन्द में तीरथ है यात्रा के लिए
कटाये बाप ने बेटे जहाँ खुदा के लिए
भटकते फिरते हैं क्यों हज करे यहाँ आकर
ये काबा पास है हर एक खालसा के लिए
उठायें आँखों से आकर यहाँ की मट्टी को
जो खाक छानते फिरते हैं नियन के लिए
दिलाई पंथ को सरब जियों ने सरदारी
बनाये कौम के रुतबे लहू बहा के लिए

ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਆਪਾਂ ਸਾਰਿਆਂ ਨੇ ਸਾਹਿਬਜ਼ਾਦਿਆਂ ਨੂੰ ਯਾਦ ਕੀਤਾ। ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ ।। ਵਾਹਿਗੁਰੂ ਜੀ ਕੀ ਫਤਹਿ।।

ਇਹ ਅੱਲਾ ਯਾਰ ਖਾਂ ਯੋਗੀ ਜੀ ਦੀ ਨਜ਼ਮ ਸੀ ਜੋ ਕਿ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਬਹੁਤ ਉਮਦਾ ਅਕੀਦਤ ਪੇਸ਼ ਕੀਤੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਮਾਣਯੋਗ ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਤੁਹਾਡੇ ਮਾਧਿਅਮ ਰਾਹੀਂ ਅੱਜ ਪੰਜਾਬ ਦੇ ਸਦਨ ਵਿੱਚ ਬਹੁਤ ਹੀ ਅਹਿਮ ਗੱਲ ਰੱਖੀ ਗਈ ਹੈ। ਮੈਂ ਤੁਹਾਡਾ, ਪੰਜਾਬ ਸਰਕਾਰ ਦਾ, ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਅਤੇ ਸਮੁੱਚੇ ਹਾਊਸ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਦਾ 350 ਸਾਲਾ ਸ਼ਹੀਦੀ ਦਿਵਸ ਮਨਾਇਆ।

**ਮੁੱਖ ਮੰਤਰੀ**: ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਵਸ।

**ਡਾਕਟਰ ਨਛੱਤਰ ਪਾਲ** : ਮੁਆਫ ਕਰਨਾ ਜੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹਾਦਤ ਦਿਵਸ ਮਨਾਇਆ। ਪੰਜਾਬ ਦੀ ਅਸੈਂਬਲੀ ਪਹਿਲੀ ਵਾਰ ਚੱਲ ਕੇ ਸ੍ਰੀ ਅਨੰਦਪੁਰ ਸਾਹਿਬ ਨਤਮਸਤਕ ਹੋਣ ਗਈ ਸੀ। ਇਹ ਬਹੁਤ ਵਧੀਆ ਉਪਰਾਲਾ ਸੀ। ਗੁਰੂ ਸਾਹਿਬ ਨੇ ਉਸ ਪਵਿੱਤਰ ਧਰਤੀ ਤੋਂ 13 ਅਪ੍ਰੈਲ, 1699 ਨੂੰ ਇੱਕ ਬਹੁਤ

ਵੱਡੀ ਕ੍ਰਾਂਤੀ ਇਸ ਦੇਸ਼ ਵਿੱਚ ਕੀਤੀ। ਦੇਸ਼ ਦੇ ਅੰਦਰ ਜਿਨ੍ਹਾਂ ਲੋਕਾਂ ਨੂੰ ਲੰਮੇ ਸਮੇਂ ਤੋਂ ਲੜਨ ਦਾ, ਪੜ੍ਹਨ ਦਾ, ਘੋੜੇ ਤੇ ਚੜ੍ਹਨ ਦਾ, ਰੱਬ ਦਾ ਨਾਂ ਲੈਣ ਦੀ ਮਨਾਹੀ ਸੀ ਅਤੇ ਹਥਿਆਰ ਚੁੱਕਣ ਦੀ ਮਨਾਹੀ ਸੀ, ਗੁਰੂ ਸਾਹਿਬ ਨੇ ਉਨ੍ਹਾਂ ਨੂੰ ਲਾਮਬੰਦ ਕਰਕੇ ਇਸ ਦੇਸ਼ ਦੇ ਅੰਦਰ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਸਾਹਿਬ ਨੇ ਖਾਲਸਾ ਪੰਥ ਦੀ ਸਾਜਨਾ ਨਾਲ ਬਹੁਤ ਵੱਡੇ ਵੱਡੇ ਜਰਨੈਲ ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ, ਭਾਈ ਬਚਿੱਤਰ ਸਿੰਘ ਜੀ, ਭਾਈ ਧੀਰ ਸਿੰਘ ਜੀ, ਭਾਈ ਬੀਰ ਸਿੰਘ ਜੀ ਵਰਗੇ ਬਹੁਤ ਮਹਾਨ ਯੋਧੇ ਪੈਦਾ ਕੀਤੇ ਤਾਂ ਜੋ ਦੇਸ਼ ਜੇ ਕਿਤੇ ਗੁਲਾਮ ਰਿਹਾ ਤਾਂ ਦੇਸ਼ ਦੇ 100 ਵਿੱਚੋਂ 85 ਬੰਦਿਆਂ ਨੂੰ ਲੜਾਈ ਲੜਨ ਦੀ ਮਨਾਹੀ ਨਾ ਹੋਵੇ। ਮੈਂ ਇਹ ਨਹੀਂ ਕਹਿੰਦਾ ਹਾਂ ਕਿ ਪਹਿਲਾਂ ਲੜਾਈ ਲੜਨ ਵਾਲੇ ਕਮਜ਼ੋਰ ਸੀ ਪਰ ਲੜਾਈ ਲੜਨ ਵਾਲਿਆਂ ਦੀ ਗਿਣਤੀ ਘੱਟ ਸੀ, ਜਿਸ ਕਰਕੇ ਅਸੀਂ ਹਾਰਦੇ ਰਹੇ ਸੀ। ਗੁਰੂ ਸਾਹਿਬ ਨੇ ਸਾਰਿਆਂ ਨੂੰ ਲਾਮਬੰਦ ਕਰਕੇ ਇਸ ਦੇਸ਼ ਦੀ ਧਰਤੀ ਤੋਂ ਇਹ ਸੰਦੇਸ਼ ਦਿੱਤਾ ਕਿ-

ਜਿਨਕੀ ਜਾਤ ਗੋਤ ਕੁਲ ਮਾਹੀ ਸਰਦਾਰੀ ਨਾ ਭਈ ਕਦਾਹੀ।।
ਤਿਨਹੀ ਕੋ ਸਰਦਾਰ ਬਨਾਊ ਤਭੈ ਗੋਬਿੰਦ ਸਿੰਘ ਨਾਮ ਕਹਾਊਂ।।
ਇਨ ਗਰੀਬ ਸਿੰਘਨ ਕੋ ਦਯੈ ਪਤਿਸ਼ਾਹੀ ਏ ਯਾਦ ਰਖੈਂ ਹਮਰੀ ਗੁਰਿਆਈ।।

ਇਹ ਅੰਦੋਲਨ ਗੁਰੂ ਸਾਹਿਬ ਜੀ ਨੇ ਉਸ ਪਵਿੱਤਰ ਧਰਤੀ ਤੋਂ ਸ਼ੁਰੂ ਕੀਤਾ ਸੀ, ਜਿਸ ਕਰਕੇ ਉਨ੍ਹਾਂ ਦੇ ਵਿਰੋਧੀ ਇਹ ਨਹੀਂ ਚਾਹੁੰਦੇ ਸਨ ਕਿ ਕੰਮੀਂ, ਕਰਮੀਂ ਲੋਕ ਅੱਗੇ ਵਧਣ ਜਿਸ ਕਰਕੇ ਉਨ੍ਹਾਂ ਉੱਤੇ ਹਮਲੇ ਹੋਏ ਤਾਂ ਇਸੇ ਕਰਕੇ ਸਮੁੱਚਾ ਪਰਿਵਾਰ ਸਰਸਾ ਨਦੀ ਦੇ ਕੰਢੇ ਤੇ ਵਿਛੜ ਗਿਆ ਤੇ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦੇ ਇੱਕ ਪਾਸੇ ਚਲੇ ਗਏ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੇ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਤੇ ਸਮੁੱਚੇ ਸਿੰਘ ਵੱਖ ਪਾਸੇ ਚਲੇ ਗਏ, ਮਾਤਾ ਸਾਹਿਬ ਕੌਰ ਤੇ ਭਾਈ ਮਨੀ ਸਿੰਘ ਇੱਕ ਪਾਸੇ ਚਲੇ ਗਏ ਅਤੇ ਉਸ ਧਰਤੀ ਤੋਂ ਸਾਰਾ ਪਰਿਵਾਰ ਵਿਛੜ ਗਿਆ। ਪਿਛਲੇ ਦਿਨੀਂ ਬਹੁਤ ਸਾਰੀਆਂ ਸੰਗਤਾਂ ਪੈਦਲ ਯਾਤਰਾ ਕਰਕੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਈਆਂ। ਮੇਰੀ ਸਿਹਤ ਠੀਕ ਨਹੀਂ ਸੀ, ਮੈਂ ਹਸਪਤਾਲ ਦਾਖਲ ਸੀ ਪਰ ਫਿਰ ਵੀ ਮੇਰੇ ਮਨ ਵਿੱਚ ਆਇਆ ਕਿ ਮੈਂ ਉਨ੍ਹਾਂ ਮਹਾਨ ਸ਼ਖਸੀਅਤਾਂ ਤੇ ਯੋਧਿਆਂ ਨੂੰ ਨਤਮਸਤਕ ਹੋਣ ਲਈ ਰਾਹੋਂ ਤੋਂ ਮਾਛੀਵਾੜਾ ਸਾਹਿਬ ਦੀ ਪੈਦਲ ਯਾਤਰਾ ਕਰਾਂ। ਇਸ ਵਾਸਤੇ ਮੈਨੂੰ ਗੁਰੂ ਸਾਹਿਬ ਨੇ ਉੱਦਮ ਬਖਸ਼ਿਆ, ਬਲ ਬਖਸ਼ਿਆ। ਮੈਂ ਉਸ ਧਰਤੀ ਤੇ ਗਿਆ ਜਿੱਥੇ ਗੁਰੂ ਸਾਹਿਬ ਵੱਡੇ ਸਾਹਿਬਜ਼ਾਦਿਆਂ ਦੇ ਸ਼ਹੀਦ ਹੋਣ ਤੋਂ ਬਾਅਦ ਮਾਛੀਵਾੜਾ ਦੀ ਉਸ ਪਵਿੱਤਰ ਧਰਤੀ ਤੇ ਪਹੁੰਚੇ ਸਨ ਤੇ ਜਿੱਥੇ ਉਨ੍ਹਾਂ ਨੇ ਸ਼ਬਦ ਉਚਾਰਿਆ ਸੀ –"ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ", ਉਸ ਧਰਤੀ ਤੇ ਬੜਾ ਵੈਰਾਗਮਈ ਮਾਹੌਲ ਸੀ। ਗੁਰੂ ਸਾਹਿਬ ਨੇ ਸਾਡੇ ਲਈ ਜਿੱਥੇ ਆਪਣੇ ਛੋਟੇ ਸਾਹਿਬਜ਼ਾਦੇ ਵਾਰੇ, ਮਾਤਾ ਵਾਰੀ, ਪਿਤਾ ਵਾਰਿਆ, ਸਰਬੰਸ ਵਾਰਿਆ ਤਾਂ ਸਾਡਾ ਫਰਜ਼ ਬਣਦਾ ਹੈ ਕਿ ਜਿੱਥੇ ਅਸੀਂ ਉਨ੍ਹਾਂ ਦੀ ਸ਼ਹਾਦਤ ਨੂੰ ਨਤਮਸਤਕ ਹੋ ਰਹੇ ਹਾਂ, ਅਸੀਂ ਉਨ੍ਹਾਂ ਤੋਂ ਸੇਧ ਲਈਏ। ਜੋ ਗੁਰੂ ਸਾਹਿਬ ਨੇ ਸਾਨੂੰ ਹੁਕਮ ਲਾਇਆ ਹੈ ਅਸੀਂ ਉਸ ਤੇ ਅੱਗੇ ਵਧੀਏ। ਸਪੀਕਰ ਸਾਹਿਬ, ਮੇਰੀ ਤੁਹਾਡੇ ਰਾਹੀਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਜਿਨ੍ਹਾਂ ਨੇ ਇਸ ਦੇਸ਼ ਦੇ ਅੰਦਰ ਇੰਨੀਆਂ ਵੱਡੀਆਂ ਕੁਰਬਾਨੀਆਂ ਕੀਤੀਆਂ ਔਰ ਜਿਹੜੇ ਇਨ੍ਹਾਂ ਦੇ ਸਹਿਯੋਗੀ ਰਹੇ ਸਨ, ਉਨ੍ਹਾਂ ਦੀਆਂ ਯਾਦਗਾਰਾਂ ਸਾਨੂੰ ਜ਼ਰੂਰ ਸਥਾਪਿਤ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਪੰਜਾਬ ਅਤੇ ਸਾਡਾ ਦੇਸ਼ ਉਨ੍ਹਾਂ ਤੋਂ ਸੇਧ ਲੈ ਕੇ ਚਲ ਸਕੇ। ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਉਪਰਾਲੇ ਦਾ ਤੁਹਾਡਾ, ਸਮੁੱਚੇ ਹਾਊਸ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਜਿਹੜੀਆਂ ਸਤਰਾਂ ਗਿਆਸਪੁਰਾ ਸਾਹਿਬ ਨੇ ਬੋਲੀਆਂ ਸੀ, ਮੈਂ ਉਨ੍ਹਾਂ ਨੂੰ ਇੱਕ ਵਾਰ ਫਿਰ ਦੁਹਰਾਉਣਾ ਚਾਹੁੰਦਾ ਹਾਂ। ਅੱਲ੍ਹਾ ਯਾਰ ਖਾਂ ਜੋਗੀ ਲਿਖਦੇ ਹਨ:

ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ,
ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋ ਯਕੀਂ ਹੈ,
ਕਹ ਦੋ ਕਿ ਗੁਰੂ ਗੋਬਿੰਦ ਕਾ ਸਾਨੀ ਕੋਈ ਨਹੀਂ ਹੈ,
ਕਰਤਾਰ ਕੀ ਸੌਗੰਧ ਹੈ, ਨਾਨਕ ਕੀ ਕਸਮ ਹੈ,
ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ, ਤਾਰੀਫ ਵੁਹ ਕਮ ਹੈ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਤਾਂ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਤੇ ਮਾਣ ਮਹਿਸੂਸ ਕਰਦਾ ਹਾਂ ਕਿ ਮੈਨੂੰ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਇਸ ਸਦਨ ਵਿੱਚ ਬੋਲਣ ਦਾ ਮੌਕਾ ਮਿਲ ਰਿਹਾ ਹੈ। ਸਰ, ਚਾਰੋਂ ਸਾਹਿਬਜ਼ਾਦਿਆਂ ਦੀ ਉਮਰ ਬਹੁਤ ਛੋਟੀ ਸੀ, ਬਾਬਾ ਅਜੀਤ ਸਿੰਘ ਜੀ ਦੀ 18 ਸਾਲ ਤੇ ਬਾਬਾ ਜੁਝਾਰ ਸਿੰਘ ਜੀ ਦੀ 14 ਸਾਲ ਦੀ ਉਮਰ ਸੀ। ਚਮਕੌਰ ਦੀ ਜੰਗ ਵਿੱਚ ਦੋਵੇਂ ਵੱਡੇ ਸਾਹਿਬਜ਼ਾਦਿਆਂ ਨੇ ਬਹਾਦਰੀ ਦੀ ਲੜਾਈ ਲੜੀ ਤੇ ਇਸ ਸੱਚ ਦੀ ਲੜਾਈ ਲੜ ਕੇ ਆਪਣੀ ਜਾਨ ਨਿਛਾਵਰ ਕਰ ਦਿੱਤੀ। ਸਰ, ਜੇ ਛੋਟੇ ਸਾਹਿਬਜ਼ਾਦਿਆਂ ਦੀ ਗੱਲ ਕਰੀਏ ਤਾਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹਿ ਸਿੰਘ ਜੀ, ਜਿਨ੍ਹਾਂ ਦੀ ਉਮਰ 9 ਸਾਲ ਅਤੇ 7 ਸਾਲ ਸੀ। ਇੰਨੀ ਛੋਟੀ ਉਮਰ ਵਿੱਚ ਉਨ੍ਹਾਂ ਨੂੰ ਆਪਣਾ ਧਰਮ ਬਦਲਣ ਦੀ ਆਪਸ਼ਨ ਦਿੱਤੀ ਗਈ ਸੀ ਪਰ ਉਹ ਡੱਟ ਕੇ ਖੜ੍ਹੇ ਰਹੇ ਅਤੇ ਉਨ੍ਹਾਂ ਨੇ ਫੈਸਲਾ ਲਿਆ ਕਿ ਜੋ ਮਰਜ਼ੀ ਹੋ ਜਾਵੇ, ਅਸੀਂ ਆਪਣਾ ਧਰਮ ਨਹੀਂ ਬਦਲਣਾ। ਅੱਜ ਉਨ੍ਹਾਂ ਦੇ ਸਦਕੇ ਸਿੱਖੀ ਕਾਇਮ ਹੈ। ਸਰ, ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਸਾਨੂੰ ਧਰਮ ਅਤੇ ਹਿੰਮਤ ਦੇ ਰਾਹ ਉੱਤੇ ਚੱਲਣ ਦਾ ਰਾਹ ਦਿਖਾਉਂਦੀ ਹੈ ਅਤੇ ਸਾਨੂੰ ਉਨ੍ਹਾਂ ਵੱਲੋਂ ਦੱਸੇ ਗਏ ਰਾਹਾਂ ਤੇ ਚੱਲਣ ਦੀ ਲੋੜ ਹੈ। ਸਪੀਕਰ ਸਾਹਿਬ, ਮੈਂ ਇਸ ਵਿਸ਼ੇ ਤੇ ਬਹੁਤ ਘੱਟ ਅਤੇ ਜਿੰਨਾ ਕੁ ਮੇਰਾ ਗਿਆਨ ਸੀ, ਉਨਾ ਕੁ ਹੀ ਬੋਲਣਾ ਚਾਹਾਂਗਾ। ਸੋ, ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ:** ਵਾਹਿਗੁਰੂ ਜੀ ਕਾ ਖਾਲਸਾ।। ਵਾਹਿਗੁਰੂ ਜੀ ਕੀ ਫਤਹਿ।।

ਅੱਜ ਜਿੱਥੇ ਆਪਾਂ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਤਮਸਤਕ ਹੋ ਰਹੇ ਹਾਂ। ਮੈਨੂੰ ਲੱਗਦਾ ਹੈ ਕਿ ਜਿਨ੍ਹਾਂ ਸਾਹਿਬਜ਼ਾਦਿਆਂ ਨੇ ਕੁਰਬਾਨੀਆਂ ਕਰਕੇ ਗੁਰੂ ਦਾ ਪਿਆਰ ਲਿਆ, ਆਪਣੇ ਪਿਉ ਦੀ ਕੁਰਬਾਨੀ ਦੇ ਕੇ ਗੁਰੂ ਦਾ ਪਿਆਰ ਲਿਆ, ਬਾਬਾ ਜੀਵਨ ਸਿੰਘ ਜੀ ਦੀ ਸ਼ਹਾਦਤ ਨੂੰ ਵੀ ਆਪਾਂ ਘੱਟ ਕਰਕੇ ਨਹੀਂ ਵੇਖ ਸਕਦੇ। ਭਾਈ ਜੈਤਾ ਜੀ ਨੂੰ ਗੁਰੂ ਜੀ ਨੇ ਆਪਣੇ ਗਲ ਨਾਲ ਲਗਾ ਕੇ ਪੰਜਵੇਂ ਸਾਹਿਬਜ਼ਾਦੇ ਦਾ ਵੀ ਮਾਣ ਦਿੱਤਾ ਸੀ। ਸੋ, ਅਸੀਂ ਉਨ੍ਹਾਂ ਨੂੰ ਵੀ ਯਾਦ ਕਰਦੇ ਹਾਂ। ਮੈਂ ਹੁਣ ਸ੍ਰੀ ਅਸ਼ਵਨੀ ਕੁਮਾਰ ਜੀ ਨੂੰ ਬੇਨਤੀ ਕਰਦਾ ਹਾਂ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਸਪੀਕਰ ਸਾਹਿਬ।

**ਮਾਣਯੋਗ ਸਪੀਕਰ :** ਅਸ਼ਵਨੀ ਜੀ, ਵੈਸੇ ਤਾਂ ਠੀਕ ਹੈ ਪਰ ਜੇ ਅਸੀਂ ਬੋਲਣ ਲੱਗੇ ਸਿਰ ਢੱਕ ਲਈਏ ਤਾਂ ਠੀਕ ਰਹੇਗਾ। ਵੈਸੇ ਤਾਂ ਠੀਕ ਹੈ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ :** ਇਹ ਮਾਣ ਦੀ ਗੱਲ ਹੈ ਜੀ।

**ਮਾਣਯੋਗ ਸਪੀਕਰ:** ਬਿਲਕੁਲ ਜੀ, ਬਿਲਕੁਲ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ) :** ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ। ਅੱਜ ਅਸੀਂ ਦਸਵੇਂ ਪਾਤਸ਼ਾਹ ਸਰਬੰਸ ਦਾਨੀ ਗੁਰੂ ਦੇ ਪੁੱਤਰਾਂ ਪ੍ਰਤੀ ਨਮਨ ਹੋਣ ਲਈ, ਸਿਜਦਾ ਕਰਨ ਲਈ ਆਪਣੇ ਵਿਚਾਰ ਇੱਥੇ ਰੱਖ ਰਹੇ ਹਾਂ। ਇਤਿਹਾਸ ਦੇ ਅੰਦਰ ਐਸੇ ਵਿਰਲੇ ਉਦਾਹਰਨ ਹਨ, ਮੈਂ ਤਾਂ ਕਹਾਂਗਾ ਕਿ ਐਸਾ ਕੋਈ ਉਦਾਹਰਨ ਹੀ ਨਹੀਂ ਹੈ, ਜਿਸ ਅੰਦਰ ਇਸ ਪ੍ਰਕਾਰ ਦੀ ਕੁਰਬਾਨੀ ਪੂਰੇ ਪਰਿਵਾਰ ਨੇ ਦਿੱਤੀ ਹੋਵੇ ਲੇਕਿਨ ਇਹ ਜਿਹੜੇ ਦਿਹਾੜੇ ਹਨ, ਇਹ ਰਾਜਨੀਤਿਕ ਦ੍ਰਿਸ਼ਟੀਕੋਣ ਤੋਂ ਅਲੱਗ ਹੋਣੇ ਚਾਹੀਦੇ ਹਨ। ਅੱਜ ਗੁਰੂ ਪੁੱਤਰਾਂ ਨੂੰ ਸਿਜਦਾ ਕਰਨ ਦਾ ਦਿਨ ਹੈ, ਕੋਈ ਰਾਜਨੀਤਿਕ ਟਿੱਪਣੀ ਕਰਨ ਦਾ ਨਹੀਂ ਸੀ। ਅੱਜ ਕਰਨਾਟਕਾ ਦੇ ਅੰਦਰ ਵੀ ਗੁਰੂ ਪੁੱਤਰਾਂ ਦੇ ਇਹ ਦਿਹਾੜੇ ਮਨਾਏ ਗਏ ਹਨ ਅਤੇ ਉਨ੍ਹਾਂ ਦਾ ਇਤਿਹਾਸ ਕੰਨੜ ਭਾਸ਼ਾ ਵਿੱਚ ਵੀ ਪੜ੍ਹਾਇਆ ਜਾ ਰਿਹਾ ਹੈ। ਤਾਮਿਲ ਅੰਦਰ, ਕੇਰਲਾ ਅੰਦਰ, ਮਤਲਬ ਪੂਰੇ ਰਾਸ਼ਟਰ-ਵਿਆਪੀ ਨਹੀਂ ਬਲਕਿ ਵਿਸ਼ਵ-ਵਿਆਪੀ ਇਹ ਬਲੀਦਾਨ ਦਿਵਸ ਮਨਾਇਆ ਗਿਆ ਹੈ ਅਤੇ ਅਸੀਂ ਨਾਂ ਦੇ ਚੱਕਰ ਵਿੱਚ ਹੀ ਫਸੇ ਹਾਂ ਕਿ ਕਿਨ੍ਹਾਂ ਨੇ ਸੁਜੈਸਟ ਕੀਤਾ? ਮੇਰਾ ਇਹ ਮੰਨਣਾ ਹੈ ਕਿ ਉਹ ਬੜਾ ਲੰਮਾ ਮਾਮਲਾ ਹੈ। ਕਵੀਆਂ ਨੇ ਅਲੱਗ ਅਲੱਗ ਸਮਿਆਂ ਉੱਤੇ ਇਸ ਉੱਤੇ ਅਲੱਗ ਅਲੱਗ ਤਰੀਕੇ ਨਾਲ ਲਿਖਿਆ ਹੈ। ਮੈਂ ਚਾਰ ਸਾਹਿਬਜ਼ਾਦਿਆਂ ਪ੍ਰਤੀ ਪੂਰੀਆਂ ਕਵਿਤਾਵਾਂ ਨਹੀਂ, ਇਸ ਮੌਕੇ ਤੇ ਚਾਰ-ਚਾਰ ਲਾਈਨਾਂ ਜ਼ਰੂਰ ਬੋਲਣਾ ਚਾਹਾਂਗਾ। ਇੱਕ ਕਵੀ ਲਿਖਦੇ ਹਨ ਕਿ ਇਹ ਇਸ ਪ੍ਰਕਾਰ ਦਾ ਬਲੀਦਾਨ ਹੈ:

ਰੱਖੀ ਸੀ ਲਾਜ ਧਰਮ ਦੀ ਅਜੀਤ, ਜੁਝਾਰ ਨੇ
ਸਾਡੇ ਵੀ ਸੀਨਿਆਂ ਵਿੱਚ ਉੱਠਦੇ ਉਬਾਲ ਨੇ
ਰੱਖੀ ਸੀ ਲਾਜ ਧਰਮ ਦੀ ਅਜੀਤ, ਜੁਝਾਰ ਨੇ
ਸਾਡੇ ਵੀ ਸੀਨਿਆਂ ਵਿੱਚ ਉੱਠਦੇ ਉਬਾਲ ਨੇ
ਅਸੀਂ ਲਾਡਲੇ ਦਸ਼ਮੇਸ਼ ਕੇ ਬਣ ਦੇ ਦਿਖਾਵਾਂਗੇ,
ਦੁਨੀਆ ਨੂੰ ਤੇਰੀ ਰੱਖਿਆ ਕਰਕੇ ਦਿਖਾਵਾਂਗੇ।

ਇਹ ਕਵੀ ਕਹਿ ਰਿਹਾ ਹੈ। ਛੋਟੇ ਸਾਹਿਬਜ਼ਾਦਿਆਂ ਦੇ ਉੱਤੇ ਇੱਕ ਕਵਿਤਾ ਹੈ। ਇੱਕ ਛੋਟੀ ਜਿਹੀ ਕਵਿਤਾ ਹੈ:-

ਕਹੀਂ ਪਰਬਤ ਝੁਕੇ ਭੀ ਹੈਂ,
ਕਹੀਂ ਦਰਿਆ ਰੁਕੇ ਭੀ ਹੈਂ
ਨਹੀਂ ਰੁਕਤੀ ਰਵਾਨੀ ਹੈ,
ਨਹੀਂ ਝੁਕਤੀ ਜਵਾਨੀ ਹੈ।
ਗੁਰੂ ਗੋਬਿੰਦ ਕੇ ਬੱਚੇ,
ਉਮਰ ਮੇਂ ਥੇ ਅਗਰ ਕੱਚੇ
ਮਗਰ ਥੇ ਸੀਂਹ ਕੇ ਬੱਚੇ
ਜ਼ੋਰਾਵਰ ਜ਼ੋਰ ਸੇ ਬੋਲਾ

ਫਤਹਿ ਸਿੰਘ ਜ਼ੋਰ ਸੇ ਬੋਲਾ
ਰੱਖੋ ਈਟੋਂ, ਭਰੋ ਗਾਰੋ,
ਚੁਨੋ ਦੀਵਾਰ ਏ ਪਿਆਰੋ
ਯਹੀ ਦੀਵਾਰ ਬੋਲੇਗੀ,
ਹਜ਼ਾਰੋਂ ਬਾਰ ਬੋਲੇਗੀ,
ਹਮਾਰੇ ਪੰਥ ਕੀ ਜੈ ਹੋ
ਹਮਾਰੇ ਧਰਮ ਕੀ ਜੈ ਹੋ
ਹਮਾਰੇ ਦੇਸ਼ ਕੀ ਜੈ ਹੋ।

ਇਸ ਪ੍ਰਕਾਰ ਦੀ ਇਹ ਸ਼ਹਾਦਤ ਹੈ। ਇਸ ਪ੍ਰਕਾਰ ਦੀ ਇਸ ਸ਼ਹਾਦਤ ਨੂੰ ਪੂਰੇ ਵਿਸ਼ਵ ਵਿਆਪੀ ਅਤੇ ਅੱਜ ਸਾਡੀ ਯੁਵਾ ਪੀੜ੍ਹੀ ਨੂੰ ਯਾਦ ਰੱਖਣਾ ਚਾਹੀਦਾ ਹੈ। ਅਗਰ ਕੋਈ ਸਮਾਜ ਦਾ ਅਤੇ ਪੰਜਾਬ ਦਾ ਭਲਾ ਕਰਨਾ ਚਾਹੁੰਦਾ ਹੈ ਤਾਂ ਗੁਰੂ ਪੁੱਤਰਾਂ ਦਾ ਇਤਿਹਾਸ ਜਿਸ ਰੂਪ ਵਿੱਚ ਹੈ, ਉਸ ਰੂਪ ਵਿੱਚ ਪਹੁੰਚਾਉਣ ਦੀ ਜ਼ਰੂਰਤ ਹੈ। ਬਹੁਤ ਸਾਰੀਆਂ ਸਮੱਸਿਆਵਾਂ ਦਾ ਸਮਾਧਾਨ ਉੱਥੋਂ ਨਿਕਲ ਆਵੇਗਾ। ਮੈਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਦੇਸ਼ ਦੇ ਗ੍ਰਹਿ ਮੰਤਰੀ ਜੀ ਨੇ ਇਸ ਮੌਕੇ ਤੇ ਬੋਲਦੇ ਹੋਏ ਜਿਹੜਾ ਵਾਕ ਕਿਹਾ ਹੈ, ਉਹ ਸਾਡੇ ਲਈ ਆਦਰਸ਼ ਹੈ ਕਿ ਅਗਰ ਨੌਵੇਂ ਪਾਤਸ਼ਾਹ ਨਾ ਹੁੰਦੇ, ਅਗਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕੁਰਬਾਨੀ ਨਾ ਦਿੱਤੀ ਹੁੰਦੀ ਤਾਂ ਨਾ ਕੋਈ ਹਿੰਦੁਸਤਾਨ ਵਿੱਚ ਧਰਮ ਹੁੰਦਾ, ਨਾ ਕੋਈ ਹਿੰਦੂ ਹੁੰਦਾ ਅਤੇ ਨਾ ਕੋਈ ਸਿੱਖ ਹੁੰਦਾ। ਇਸ ਪ੍ਰਕਾਰ ਦੀ ਸ਼ਰਧਾ ਅਤੇ ਇਸ ਪ੍ਰਕਾਰ ਦਾ ਭਾਵ ਮੈਨੂੰ ਲੱਗਦਾ ਹੈ ਕਿ ਅੱਜ ਪੰਜਾਬ ਨੂੰ ਅਤੇ ਹਿੰਦੁਸਤਾਨ ਨੂੰ ਜੋੜਨ ਦੀਆਂ ਗੱਲਾਂ ਕਰਕੇ ਅਤੇ ਜਿਸ ਸਪਿਰਿਟ ਨਾਲ ਇਹ ਕੁਰਬਾਨੀਆਂ ਹੋਈਆਂ ਹਨ, ਅਗਰ ਅਸੀਂ ਸਹੀ ਮਾਅਨਿਆਂ ਵਿੱਚ ਉਨ੍ਹਾਂ ਪ੍ਰਤੀ ਨਤਮਸਤਕ ਹੋਣਾ ਹੈ ਤਾਂ ਸਾਨੂੰ ਉਨ੍ਹਾਂ ਦੇ ਆਦਰਸ਼ਾਂ ਨੂੰ ਅਤੇ ਉਨ੍ਹਾਂ ਨੇ ਜਿਸ ਲਈ ਕੁਰਬਾਨੀ ਦਿੱਤੀ ਹੈ, ਉਸ ਉੱਤੇ ਪਹਿਰਾ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ, ਤੁਹਾਡਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

**ਮਾਣਯੋਗ ਸਪੀਕਰ**: ਹਾਂ ਜੀ, ਅਮਨ ਜੀ, ਕੁਝ ਕਹਿਣਾ ਹੈ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਬਹੁਤ ਵਧੀਆ ਸੀਰੀਅਸ ਡਿਸਕਸ਼ਨ ਹੋ ਰਹੀ ਹੈ, ਬਹੁਤ ਵਧੀਆ ਗੱਲ ਹੈ, ਆਪਾਂ ਸਾਰੇ ਇਨ੍ਹਾਂ ਗੱਲਾਂ ਨਾਲ ਸਹਿਮਤ ਹਾਂ ਪਰ ਮੈਂ ਅਸ਼ਵਨੀ ਜੀ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਹ ਇੱਕ ਗੱਲ ਦਾ ਓਹਲਾ ਰੱਖ ਗਏ ਜਾਂ ਲਿਹਾਜ਼ ਪੁਗਾ ਗਏ। ਜਿੱਥੇ ਅੱਜ ਸਾਹਿਬਜ਼ਾਦਾ ਸ਼ਹਾਦਤ ਦਿਵਸ ਹੋਣਾ ਚਾਹੀਦਾ ਹੈ, ਇਨ੍ਹਾਂ ਨੇ ਕਿਹਾ ਕਿ ਉਹ ਨਾਮ ਕਿਸੇ ਨੇ ਸੁਜੈਸਟ ਕੀਤਾ ਹੈ। ਮੈਂ ਸਿਰਫ ਇਹ ਚਾਹੁੰਦਾ ਹਾਂ ਕਿ ਇਹ ਦੱਸ ਦੇਣ ਕਿ ਉਹ ਨਾਮ ਕਿਸ ਨੇ ਸੁਜੈਸਟ ਕੀਤਾ ਸੀ? ਇਸ ਕੰਮ ਵਿੱਚ ਜਿੱਥੇ ਇਮੋਸ਼ਨ ਜੁੜੇ ਹੋਣ, ਸਾਰੇ ਧਰਮਾਂ, ਮਜ਼ਹੱਬਾਂ ਅਤੇ ਫਿਰਕਿਆਂ ਤੋਂ ਉੱਪਰ ਉੱਠ ਕੇ ਰਾਜਨੀਤੀ ਨਹੀਂ ਹੋਣੀ ਚਾਹੀਦੀ। ਮੈਂ ਤਾਂ ਕੇਂਦਰ ਸਰਕਾਰ ਨੂੰ ਇਹੀ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਹਿਬਜ਼ਾਦਾ ਸ਼ਹਾਦਤ ਦਿਵਸ ਸਾਡੇ ਮੈਂਬਰ ਪਾਰਲੀਮੈਂਟ ਨੇ ਵੀ ਕਿਹਾ, ਰਾਣਾ ਜੀ ਨੇ ਵੀ ਕਿਹਾ ਅਤੇ ਆਪਾਂ ਸਾਰੇ ਇਹੀ ਚਾਹੁੰਦੇ ਹਾਂ। ਚੰਗਾ ਹੋਵੇਗਾ ਜੇਕਰ ਇਹ ਦੱਸ ਦੇਣ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਅਮਨ ਜੀ, ਮੇਰੀ ਆਤਮਾ ਅਤੇ ਮੇਰਾ ਦਿਲ ਨਹੀਂ ਚਾਹੁੰਦਾ ਕਿ ਅੱਜ ਦਾ ਦਿਹਾੜਾ ਜਿਸ ਸਪਿਰਿਟ ਨਾਲ ਮਨਾਇਆ ਜਾ ਰਿਹਾ ਹੈ, ਮੈਂ ਇੱਥੇ ਅੱਜ ਰਾਜਨੀਤਕ ਗੱਲ ਕਰਾਂ। ਸੋਸ਼ਲ ਮੀਡੀਆ ਦੇ ਪਲੇਟਫਾਰਮ ਤੇ ਬਹੁਤ ਕੁਝ ਪਿਆ ਹੈ। ਤੁਸੀਂ ਵੀ ਉਸ ਨੂੰ ਪੜ੍ਹਿਆ ਹੈ ਪਰ ਮੈਂ ਇਸ ਸ਼ਹਾਦਤ ਨੂੰ ਨਮਨ ਕਰਨ ਵਾਲੇ ਦਿਨ ਕੋਈ ਰਾਜਨੀਤਿਕ ਗੱਲ ਦੀ ਤਵੱਕੋ ਨਹੀਂ ਕਰ ਸਕਦਾ। ਧੰਨਵਾਦ ਜੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)** : ਸਭ ਤੋਂ ਪਹਿਲਾਂ ਮੈਂ ਸਭ ਨੂੰ ਫਤਹਿ ਬੁਲਾਉਂਦਾ ਹਾਂ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ। ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ, ਜੋ ਤੁਸੀਂ ਅੱਜ ਸਾਨੂੰ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਯਾਦ ਵਿੱਚ ਅੱਜ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ। ਸਿੱਖ ਕੌਮ ਦਾ ਇਤਿਹਾਸ ਬਹੁਤ ਹੀ ਗੌਰਵਮਈ ਇਤਿਹਾਸ ਹੈ। ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਨਾਲ ਭਰਿਆ ਹੋਇਆ ਹੈ। ਸਾਡੇ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਨੇ, ਅਨੇਕਾਂ ਸਿੰਘਾਂ ਅਤੇ ਸਿੰਘਣੀਆਂ ਨੇ ਧਰਮ ਦੀ ਖਾਤਰ ਜ਼ੁਲਮ ਦੇ ਖਿਲਾਫ ਲੜਦਿਆਂ ਕੁਰਬਾਨੀਆਂ ਦਿੱਤੀਆਂ। ਸਿੱਖ ਕੌਮ ਦੇ ਅੰਦਰ ਸਭ ਤੋਂ ਪਹਿਲੀ ਸ਼ਹਾਦਤ ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦਿੱਤੀ। ਉਨ੍ਹਾਂ ਤੋਂ ਬਾਅਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ਼ਹਾਦਤ ਦਿੱਤੀ। ਉਨ੍ਹਾਂ ਦਾ 350 ਸਾਲਾ ਸ਼ਹੀਦੀ ਦਿਹਾੜਾ ਜਿੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਬੈਠੀਆਂ ਹਨ, ਸਮੁੱਚੇ ਸੰਸਾਰ ਵਿੱਚ ਬੜੀ ਸ਼ਰਧਾ ਅਤੇ ਸੇਵਾ ਭਾਵਨਾ ਦੇ ਨਾਲ ਮਨਾਇਆ ਗਿਆ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਧਰਮ ਦੀ ਰਾਖੀ ਕਰਦਿਆਂ ਦਿੱਲੀ ਦੇ ਚਾਂਦਨੀ ਚੌਕ ਵਿੱਚ ਮਹਾਨ ਕੁਰਬਾਨੀ ਦਿੱਤੀ। ਉਨ੍ਹਾਂ ਦੇ ਨਾਲ ਭਾਈ ਦਿਆਲਾ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਨੂੰ ਉਸ ਸਮੇਂ ਦੀ ਹਕੂਮਤ ਵੱਲੋਂ ਅਨੇਕਾਂ ਹੀ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ, ਜਿਨ੍ਹਾਂ ਨੇ ਆਪਣਾ ਸਰਬੰਸ ਵਾਰਿਆ, ਸਾਨੂੰ ਇੱਕ ਵੱਖਰੀ ਦਿੱਖ ਦਿੱਤੀ ਅਤੇ ਇੱਕ ਵੱਖਰੀ ਪਹਿਚਾਣ ਦਿੱਤੀ। ਜੇਕਰ ਮੈਂ ਖਾਸ ਤੌਰ ਉੱਤੇ ਇਸ ਪੋਹ ਦੇ ਮਹੀਨੇ ਦੀ ਗੱਲ ਕਰਾਂ, ਇਸ ਪੋਹ ਦੇ ਮਹੀਨੇ ਵਿੱਚ ਸਿੱਖ ਕੌਮ ਦੇ ਇਤਿਹਾਸ ਵਿੱਚ ਬੜੀਆਂ ਮਹਾਨ ਕੁਰਬਾਨੀਆਂ ਹੋਈਆਂ ਹਨ। ਚਮਕੌਰ ਦੀ ਗੜ੍ਹੀ ਦੇ ਯੁੱਧ ਦੀ ਗੱਲ ਕਰ ਲਈਏ। ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ ਨੇ ਮੁੱਠੀ ਭਰ ਸਿੰਘਾਂ ਨਾਲ ਬੜੀ ਬਹਾਦਰੀ ਨਾਲ ਲੱਖਾਂ ਹਜ਼ਾਰਾਂ ਦੀ ਮੁਗਲ ਫੌਜ ਦੇ ਨਾਲ ਲੜਦਿਆਂ ਮਹਾਨ ਕੁਰਬਾਨੀ ਦਿੱਤੀ।

ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਜਿਨ੍ਹਾਂ ਨੂੰ ਸੂਬਾ ਸਰਹੰਦ ਵੱਲੋਂ ਨੀਹਾਂ ਦੇ ਵਿੱਚ ਚਿਣਵਾਇਆ ਗਿਆ। ਮਾਤਾ ਗੁਜਰੀ ਜੀ ਦੀ ਸ਼ਹਾਦਤ ਅਤੇ ਹੋਰ ਅਨੇਕਾਂ ਹੀ ਸਿੰਘਾਂ ਸਿੰਘਣੀਆਂ ਨੇ ਇਸ ਪੋਹ ਦੇ ਮਹੀਨੇ ਵਿੱਚ ਮਹਾਨ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਵਿੱਚ ਭਾਈ ਜੀਵਨ ਸਿੰਘ ਜੀ (ਭਾਈ ਜੈਤਾ ਜੀ) ਦੀ ਗੱਲ ਕਰ ਲਈਏ, ਬਾਬਾ ਮੋਤੀ ਰਾਮ ਮਹਿਰਾ ਜੀ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਦੀ ਗੱਲ ਕਰ ਲਈਏ, ਬਾਬਾ ਸੰਗਤ ਸਿੰਘ ਜੀ ਦੀ ਗੱਲ ਕਰ ਲਈਏ। ਸੋ, ਬੜੀਆਂ ਮਹਾਨ ਕੁਰਬਾਨੀਆਂ ਸਿੱਖ ਕੌਮ ਦੇ ਇਤਿਹਾਸ ਵਿੱਚ ਇਸ ਪੋਹ ਦੇ ਮਹੀਨੇ ਵਿੱਚ ਹੋਈਆਂ ਹਨ। ਸਾਡੇ ਪੁਰਖਿਆਂ ਦਾ ਪਿੰਡ ਆਲਮਗੀਰ ਹੈ। ਜਿਹੜਾ ਅੱਜ ਦਾ ਦਿਨ ਚੱਲ ਰਿਹਾ ਹੈ, ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਛੱਡਣ ਤੋਂ ਬਾਅਦ ਉੱਚ ਦਾ ਪੀਰ ਬਣ ਕੇ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਦੀ ਹੁੰਦੇ ਹੋਏ ਆਲਮਗੀਰ ਨਗਰ ਵਿੱਚ ਪਹੁੰਚੇ। ਜਿੱਥੇ ਅੱਜ ਸਭਾ ਚੱਲ ਰਹੀ ਹੈ, ਅੱਜ ਆਖਰੀ ਦਿਨ ਹੈ ਪਰਸੋਂ ਉੱਥੇ ਨਗਰ ਕੀਰਤਨ ਸੀ। ਸੋ, ਉੱਥੇ ਸਾਡੇ ਵੱਡੇ-ਵਡੇਰਿਆਂ ਵੱਲੋਂ ਭਾਈ ਨਿਗਾਹੀਆ ਸਿੰਘ ਜੀ ਵੱਲੋਂ ਗੁਰੂ ਸਾਹਿਬ ਨੂੰ ਘੋੜਾ ਭੇਂਟ ਕੀਤਾ ਗਿਆ। ਇਸ ਲਈ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਇਸ ਗੌਰਵਮਈ

ਇਤਿਹਾਸ ਨੂੰ ਯਾਦ ਰੱਖੀਏ ਕਿਉਂਕਿ ਉਹੀ ਕੌਮਾਂ ਤਰੱਕੀ ਕਰਦੀਆਂ ਹਨ, ਉਹੀ ਕੌਮਾਂ ਜਿਉਂਦੀਆਂ ਰਹਿੰਦੀਆਂ ਹਨ ਜਿਹੜੀਆਂ ਆਪਣੇ ਇਤਿਹਾਸ ਨੂੰ ਆਪਣੇ ਪਿਛੋਕੜ ਨੂੰ, ਆਪਣੇ ਗੁਰੂਆਂ ਨੂੰ, ਆਪਣੇ ਵੱਡੇ-ਵਡੇਰਿਆਂ ਨੂੰ ਯਾਦ ਰੱਖਦੀਆਂ ਹਨ। ਮੈਂ ਇੱਥੇ ਦੀਵਾਨ ਟੋਡਰ ਮੱਲ ਜੀ ਦੀ ਗੱਲ ਕਰਨੀ ਚਾਹਾਂਗਾ, ਜਿਨ੍ਹਾਂ ਨੇ ਉਸ ਸਮੇਂ ਗੁਰੂ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਸਭ ਤੋਂ ਮਹਿੰਗੀ ਜ਼ਮੀਨ ਖਰੀਦੀ। ਉਨ੍ਹਾਂ ਦਾ ਵੀ ਸਿੱਖ ਕੌਮ ਕਦੇ ਵੀ ਦੇਣ ਨਹੀਂ ਦੇ ਸਕਦੀ। ਉਨ੍ਹਾਂ ਦੇ ਨਾਲ ਹੀ ਨਵਾਬ ਮਲੇਰਕੋਟਲਾ ਸ਼ੇਰ ਮੁਹੰਮਦ ਖਾਨ, ਜਿਨ੍ਹਾਂ ਨੇ ਉਸ ਸਮੇਂ ਸਾਹਿਬਜ਼ਾਦਿਆਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਿਆ। ਸੋ, ਉਨ੍ਹਾਂ ਨੂੰ ਵੀ ਸਿੱਖ ਕੌਮ ਕਦੇ ਭੁਲਾ ਨਹੀਂ ਸਕਦੀ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਜਿਨ੍ਹਾਂ ਦੀ ਬੜੀ ਮਹਾਨ ਕੁਰਬਾਨੀ ਹੈ, ਉਹ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਗਾ ਕੇ ਗਏ ਹਨ:

ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।।
ਸਬ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ।।
ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਦੀ ਦੇਹ।।
ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮਹਿ ਲੇਹ।।

ਸੋ, ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗ ਕੇ ਜੋ ਉਪਦੇਸ਼ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਤੋਂ ਮਿਲਦਾ ਹੈ, ਉਸ ਤੇ ਅਮਲ ਕਰਨ ਦਾ ਯਤਨ ਕਰੀਏ। ਸੋ, ਅੱਜ ਦੇ ਇਸ ਮੌਕੇ ਉਤੇ ਮੈਂ ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਨੂੰ ਯਾਦ ਕਰਦਿਆਂ, ਉਨ੍ਹਾਂ ਸਾਰੇ ਹੀ ਪੋਹ ਦੇ ਮਹੀਨੇ ਦੇ ਮਹਾਨ ਸ਼ਹੀਦਾਂ ਨੂੰ, ਸਿੰਘਾਂ ਸਿੰਘਣੀਆਂ ਨੂੰ ਯਾਦ ਕਰਦਿਆਂ, ਮਾਤਾ ਗੁਜਰੀ ਜੀ ਨੂੰ ਯਾਦ ਕਰਦਿਆਂ ਸ਼ਰਧਾ ਅਤੇ ਸਤਿਕਾਰ ਭੇਟ ਕਰਦਾ ਹਾਂ। ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਜੋ ਤੁਸੀਂ ਅੱਜ ਇਸ ਮੌਕੇ ਤੇ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ ਹੈ। ਸਾਰਿਆਂ ਦਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।। ਹੁਣ ਮੈਂ ਮਾਣਯੋਗ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਮਾਣਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਿ ਅੱਜ ਇਸ ਲਾਸਾਨੀ ਕੁਰਬਾਨੀ ਨੂੰ ਸਿਜਦਾ ਕਰਨ ਲਈ, ਯਾਦ ਕਰਨ ਲਈ, ਆਪਣੇ ਆਪਣੇ ਤਰੀਕੇ ਨਾਲ ਉਨ੍ਹਾਂ ਨੂੰ ਸਤਿਕਾਰ ਭੇਟ ਕਰਨ ਦਾ, ਉਨ੍ਹਾਂ ਨੂੰ ਯਾਦ ਕਰਨ ਦਾ ਸਭ ਨੂੰ ਮੌਕਾ ਦਿੱਤਾ ਹੈ। ਜਿਸ ਤਰ੍ਹਾਂ ਮੇਰੇ ਤੋਂ ਪਹਿਲਾਂ ਬੋਲਦਿਆਂ ਸਾਰੇ ਮਾਣਯੋਗ ਮੈਂਬਰਾਂ ਨੇ ਕਿਹਾ ਹੈ ਕਿ ਸਾਹਿਬਜ਼ਾਦਿਆਂ ਦੀਆਂ ਉਮਰਾਂ ਇੰਨੀਆਂ ਛੋਟੀਆਂ ਸਨ ਅਤੇ ਉਨ੍ਹਾਂ ਦੀ ਕੁਰਬਾਨੀ ਇੰਨੀ ਲਾਸਾਨੀ ਹੈ ਕਿ ਇਸ ਦੀ ਕਿਤੇ ਉਦਾਹਰਣ ਨਹੀਂ ਮਿਲਦੀ। ਜਦੋਂ ਅਸੀਂ ਆਪਣੇ ਬੱਚਿਆਂ ਨਾਲ ਉਨ੍ਹਾਂ ਉਮਰਾਂ ਨੂੰ ਕੰਪੇਅਰ ਕਰਦੇ ਹਾਂ ਤਾਂ ਫਿਰ ਉਦੋਂ ਇਹ ਅਹਿਸਾਸ ਹੁੰਦਾ ਹੈ ਕਿ ਇੰਨੀ ਛੋਟੀ ਉਮਰ ਦੇ ਬੱਚਿਆਂ ਤੇ ਕੀ ਬੀਤੀ ਹੋਵੇਗੀ ਜਦੋਂ ਇਸ ਪੋਹ ਦੀ ਠੰਢ ਵਿੱਚ ਉਨ੍ਹਾਂ ਤੇ ਜ਼ੁਲਮ ਹੋ ਰਹੇ ਹੋਣਗੇ, ਤਸ਼ੱਦਦ ਹੋ ਰਹੇ ਹੋਣਗੇ। ਭਾਈ ਮਨਿੰਦਰ ਸਿੰਘ ਜੀ, ਸ੍ਰੀ ਨਗਰ ਵਾਲਿਆਂ ਨੇ ਲਾਈਨਾਂ ਲਿਖੀਆਂ ਹੋਈਆਂ ਹਨ ਅਤੇ ਉਨ੍ਹਾਂ ਨੇ ਖੁਦ ਗਾਈਆਂ ਵੀ ਹਨ। ਮਾਤਾ ਗੁਜਰੀ ਜੀ

ਵੱਲੋਂ ਲਿਖ ਰਹੇ ਹਨ, ਮਾਤਾ ਗੁਜਰੀ ਜੀ ਕਹਿੰਦੇ ਹਨ, ਜੇ ਚੱਲੇ ਹੋ ਸਰਹੰਦ ਨੂੰ ਮੇਰੇ ਪਿਆਰਿਓ, ਮੇਰੇ ਲਾਲਾਂ ਦੇ ਨਾਲ ਰਹਿ ਕੇ ਰਾਤ ਗੁਜ਼ਾਰਿਓ।"

ਮਤਲਬ ਇਹ ਕਿ ਅਸੀਂ ਜਦੋਂ ਸਭਾ ਤੇ ਨਤਮਸਤਕ ਹੋਣ ਲਈ ਜਾਂਦੇ ਹਾਂ ਤਾਂ ਕੰਬਲ ਲੈ ਕੇ ਜਾਂਦੇ ਹਾਂ, ਕੱਪੜੇ ਬਹੁਤ ਗਰਮ ਪਾ ਕੇ ਜਾਂਦੇ ਹਾਂ। ਉੱਥੇ ਟੈਂਟ ਦਾ ਪ੍ਰਬੰਧ ਵੀ ਹੁੰਦਾ ਹੈ। ਜਦੋਂ ਉੱਥੇ ਰਹਿੰਦੇ ਹਾਂ ਤਾਂ ਟਰਾਲੀਆਂ ਥੱਲੇ ਜਾਂ ਟਰਾਲੀਆਂ ਦੇ ਵਿੱਚ ਕਿਤੇ ਵੀ ਉੱਥੇ ਪ੍ਰਬੰਧ ਹੁੰਦਾ ਹੈ ਔਰ ਕੋਸ਼ਿਸ਼ ਕਰਦੇ ਹਾਂ ਕਿ ਠੰਢ ਤੋਂ ਬਚਿਆ ਜਾਵੇ ਪਰ ਮਾਤਾ ਗੁਜਰੀ ਜੀ ਵੱਲੋਂ ਕਵੀ ਦੇ ਇਹ ਭਾਵ ਹਨ ਕਿ ਉਸ ਵੇਲੇ ਜਦੋਂ ਛੋਟੇ ਸਾਹਿਬਜ਼ਾਦੇ ਠੰਢੇ ਬੁਰਜ ਦੇ ਤਹਿਖਾਨੇ ਵਿੱਚ ਕੈਦ ਸਨ, ਉਸ ਵੇਲੇ ਜਿਹੜੀ ਹੱਡ ਚੀਰਵੀਂ ਠੰਢ ਸੀ, ਉਸ ਨੂੰ ਮਹਿਸੂਸ ਕਰਕੇ ਜਾਣਾ।

**ਮਾਣਯੋਗ ਸਪੀਕਰ**: ਵਾਹਿਗੁਰੂ।।

**ਮੁੱਖ ਮੰਤਰੀ**: ਸੋ, ਚਾਰੋਂ ਸਾਹਿਬਜ਼ਾਦਿਆਂ ਦੀ, ਮਾਤਾ ਗੁਜਰੀ ਜੀ ਦੀ ਬੜੀ ਲਾਸਾਨੀ ਕੁਰਬਾਨੀ ਹੈ ਔਰ ਭਾਈ ਜੀਵਨ ਸਿੰਘ ਜੀ ਦੀ, ਭਾਈ ਸੰਗਤ ਸਿੰਘ ਜੀ ਦੀ ਬੜੀ ਲਾਸਾਨੀ ਕੁਰਬਾਨੀ ਹੈ ਕਿਉਂਕਿ ਸਿੱਖ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਇਹ ਤਾਂ ਸਿਰਫ ਪੋਹ ਦੇ ਮਹੀਨੇ ਦੀਆਂ ਸ਼ਹੀਦੀਆਂ ਹਨ, ਜਿਸ ਤਰ੍ਹਾਂ ਇਆਲੀ ਸਾਹਿਬ ਨੇ ਗੱਲ ਕੀਤੀ ਹੈ। ਸੋ, ਬਾਕੀ ਪ੍ਰਬੰਧਾਂ ਦੇ ਤੌਰ ਤੇ ਅਸੀਂ ਆਪਣੇ ਵੱਲੋਂ ਬਹੁਤ best efforts ਕੀਤੀਆਂ, ਭਾਵੇਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਪੁਰਬ ਮਨਾਇਆ ਗਿਆ, ਭਾਵੇਂ ਵੱਡੇ ਸਾਹਿਬਜ਼ਾਦਿਆਂ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਨਤਮਸਤਕ ਹੋਣ ਲਈ ਲੱਖਾਂ ਦੀ ਗਿਣਤੀ ਵਿੱਚ ਸੰਗਤ ਆਉਂਦੀ ਹੈ। ਉਥੇ ਸੁਰੱਖਿਆ ਦੀ ਤੇ ਉਨ੍ਹਾਂ ਦੇ ਆਵਾਜਾਈ ਦੇ ਸਾਧਨਾਂ ਦਾ ਪ੍ਰਬੰਧ ਕੀਤਾ ਤਾਂ ਕਿ ਕਿਸੇ ਸ਼ਰਧਾਲੂ ਨੂੰ ਕੋਈ ਦਿੱਕਤ ਨਾ ਆਵੇ, ਉੱਥੇ ਮੈਡੀਕਲ ਐਮਰਜੈਂਸੀ ਸੇਵਾਵਾਂ ਦੀ, ਬੱਸਾਂ, ਈ-ਰਿਕਸ਼ਿਆਂ ਦਾ ਪ੍ਰਬੰਧ ਕੀਤਾ ਤਾਂ ਕਿ ਉਨ੍ਹਾਂ ਨੇ ਕਿਤੇ ਵੀ ਨਤਮਸਤਕ ਹੋਣਾ ਹੈ ਤਾਂ ਆਵਾਜਾਈ ਦੀ ਕੋਈ ਦਿੱਕਤ ਨਾ ਆਵੇ, ਇਸ ਲਈ ਅਸੀਂ ਆਪਣੇ ਵੱਲੋਂ best efforts ਕੀਤੇ ਹਨ। ਕਿਸੇ ਸ਼ਾਇਰ ਨੇ ਲਿਖਿਆ ਹੈ ਕਿ-

रात तो वक्त की पाबंद है, ढल जाएगी
रात तो वक्त की पाबंद है, ढल जाएगी
देखना ये है कि चिराग कितनी देर जलते हैं।

**ਮਾਣਯੋਗ ਸਪੀਕਰ**: ਕਿਆ ਬਾਤ ਹੈ।

**ਮੁੱਖ ਮੰਤਰੀ** : ਉਸ ਵਕਤ ਸ਼ਹੀਦੀ ਦੀ ਜ਼ਰੂਰਤ ਸੀ, ਵੱਡੇ ਸਾਹਿਬਜ਼ਾਦਿਆਂ ਅਤੇ ਛੋਟੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਦੇ ਕੇ, ਸ਼ਹਾਦਤ ਦੇ ਕੇ ਉਸ ਜ਼ੁਲਮ ਦੀ ਰਾਤ ਨੂੰ ਤਾਂ ਢਾਲ ਦਿੱਤਾ ਪਰ ਹੁਣ ਇਹ ਸਾਡੇ ਉੱਤੇ ਨਿਰਭਰ ਹੈ ਕਿ ਅਸੀਂ ਇਨ੍ਹਾਂ ਚਿਰਾਗਾਂ ਨੂੰ ਕਿੰਨੀ ਦੇਰ ਬਾਲ ਕੇ ਰੱਖਦੇ ਹਾਂ, ਕਿੰਨੀ ਦੇਰ ਅਸੀਂ ਇਨ੍ਹਾਂ ਚਿਰਾਗਾਂ ਵਿੱਚ ਤੇਲ ਰੱਖਦੇ ਹਾਂ, ਕਿੰਨੀ ਦੇਰ ਇੰਨਾ ਚਿਰਾਗਾਂ ਦੀਆਂ ਲਾਟਾਂ ਰੌਸ਼ਨੀ ਕਰਦੀਆਂ ਰਹਿਣਗੀਆਂ। ਇਹ ਸਾਡਾ ਫਰਜ਼ ਬਣਦਾ ਹੈ ਕਿ ਅਗਲੀਆਂ ਪੀੜ੍ਹੀਆਂ ਤੱਕ ਇਨ੍ਹਾਂ ਚਿਰਾਗਾਂ ਦੀਆਂ ਲਾਟਾਂ ਨੂੰ ਲੈ ਕੇ ਜਾਈਏ, जोत से जोत जगे।

ਸੋ, ਮੈਂ ਅੱਜ ਇਸ ਮੁਕੱਦਸ ਸਦਨ ਵਿੱਚ ਜਿੰਨੀਆਂ ਵੀ ਸ਼ਹਾਦਤਾਂ ਇਸ ਹਫਤੇ ਦੌਰਾਨ, ਉਸ ਤੋਂ ਪਹਿਲਾਂ ਜਾਂ ਉਸ ਤੋਂ ਬਾਅਦ ਹੋਈਆਂ ਕਿਉਂਕਿ ਜਦੋਂ ਸਰਸਾ ਨਦੀ ਦੇ ਕਿਨਾਰੇ ਪਰਿਵਾਰ ਵਿਛੋੜਾ ਹੋਇਆ ਤਾਂ ਉਸ ਤੋਂ ਬਾਅਦ ਪਰਿਵਾਰ ਤਿੰਨ ਹਿੱਸਿਆਂ ਵਿੱਚ ਵੰਡਿਆ ਗਿਆ। ਜਿਨ੍ਹਾਂ ਨੇ ਕਿਸੇ ਤਰ੍ਹਾਂ ਹਾਅ ਦਾ ਨਾਅਰਾ ਮਾਰਿਆ ਫਿਰ ਦੀਵਾਨ ਟੋਡਰ ਮੱਲ ਜੀ ਨੇ ਸੋਨੇ ਦੀਆਂ ਮੋਹਰਾਂ ਖੜ੍ਹੀਆਂ ਕਰਕੇ ਜ਼ਮੀਨ ਉੱਤੇ ਵਿਛਾਈਆਂ ਕਿਉਂਕਿ ਉਸ ਨਾਲ ਉਨੇ ਏਰੀਏ ਵਿੱਚ ਜ਼ਿਆਦਾ ਮੋਹਰਾਂ ਆ ਜਾਣੀਆਂ ਸਨ, ਉਸ ਜ਼ਮੀਨ ਨੂੰ ਦੁਨੀਆ ਦੀ ਸਭ ਤੋਂ ਮਹਿੰਗੀ ਜ਼ਮੀਨ ਕਿਹਾ ਜਾਂਦਾ ਹੈ। ਉਨ੍ਹਾਂ ਦਾ ਤੁਸੀਂ ਵੀ ਜ਼ਿਕਰ ਕੀਤਾ ਹੈ। ਉਸ ਵੇਲੇ ਜਿਨ੍ਹਾਂ ਜਿਨ੍ਹਾਂ ਸੂਰਬੀਰਾਂ, ਬਹਾਦਰਾਂ ਨੇ ਇਸ ਸ਼ਹਾਦਤ ਵਿੱਚ ਕਿਸੇ ਵੀ ਕਿਸਮ ਦਾ ਯੋਗਦਾਨ ਪਾਇਆ ਹੈ, ਮੈਂ ਉਨ੍ਹਾਂ ਨੂੰ ਸਤਿਕਾਰ ਭੇਟ ਕਰਦਾ ਹਾਂ, ਯਾਦ ਕਰਦਾ ਹਾਂ ਅਤੇ ਨਾਲ-ਨਾਲ ਆਪਣਾ ਫਰਜ਼ ਵੀ ਸਮਝਦਾ ਹਾਂ ਕਿ ਆਉਣ ਵਾਲੀਆਂ ਪੀੜੀਆਂ ਨੂੰ ਇਨ੍ਹਾਂ ਸ਼ਹਾਦਤਾਂ ਬਾਰੇ ਦੱਸਿਆ ਜਾਵੇ, ਪੜ੍ਹਾਇਆ ਵੀ ਜਾਵੇ ਅਤੇ ਜੋ ਵੀ ਸੰਚਾਰ ਦਾ ਮਾਧਿਅਮ ਹੋਵੇ, ਉਸ ਰਾਹੀਂ ਦਿਖਾਇਆ ਵੀ ਜਾਵੇ, ਜਿਸ ਨਾਲ ਆਉਣ ਵਾਲੀਆਂ ਪੀੜੀਆਂ ਨੂੰ ਪਤਾ ਲੱਗ ਸਕੇ ਕਿ ਇਹ ਜਿਹੜੀਆਂ ਸਰਦਾਰੀਆਂ ਮਿਲੀਆਂ ਹਨ, ਆਜ਼ਾਦੀਆਂ ਮਿਲੀਆਂ ਹਨ, ਇਹ ਬਹੁਤ ਮਹਿੰਗੇ ਭਾਅ ਮਿਲੀਆਂ ਹਨ। ਕੁਰਬਾਨੀਆਂ ਵਿੱਚ ਸੱਤ ਸਾਲ ਤੋਂ ਲੈ ਕੇ ਉਮਰ ਦੀ ਕੋਈ ਹੱਦ ਨਹੀਂ ਹੈ ਅਤੇ ਜ਼ਾਲਮਾਂ ਨੇ ਵੀ ਜ਼ੁਲਮਾਂ ਦੀ ਕੋਈ ਹੱਦ ਨਹੀਂ ਛੱਡੀ ਪਰ ਅਡੋਲ ਰਹਿਣਾ ਅਤੇ ਅਸੂਲਾਂ ਤੇ ਰਹਿਣਾ ਕਿ उसके पाँव में बहुत छाले हैं, उसके पाँव में बहुत छाले हैं, लगता है कि असूलों में चला होगा। ਸੂਲਾਂ ਤੇ ਚੱਲਣ ਨਾਲ ਛਾਲੇ ਘੱਟ ਪੈਂਦੇ ਹਨ, ਅਸੂਲਾਂ ਉੱਤੇ ਚੱਲਣ ਤੇ ਛਾਲੇ ਜ਼ਿਆਦਾ ਪੈਂਦੇ ਹਨ। ਸੋ, ਗੁਰੂ ਸਾਹਿਬ ਜੀ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਅਸੂਲਾਂ ਤੇ ਚੱਲਦਾ ਸੀ ਤਾਂ ਹੀ ਕੰਢਿਆਂ ਦੀਆਂ ਸੇਜਾਂ ਵਿਛੀਆਂ, ਜਿਨ੍ਹਾਂ ਉੱਤੇ ਚੱਲ ਕੇ ਉਨ੍ਹਾਂ ਨੇ ਕੌਮ ਨੂੰ ਸੇਧ ਦਿੱਤੀ ਹੈ। ਅੰਤ ਵਿੱਚ, ਮੈਂ ਉਨ੍ਹਾਂ ਦੀਆਂ ਕੁਰਬਾਨੀਆਂ ਨੂੰ ਸਿਜਦਾ ਕਰਦਾ ਹਾਂ ਔਰ ਸਤਿਕਾਰ ਭੇਟ ਕਰਦਾ ਹਾਂ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ,
ਚਾਰ ਮੂਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ।

ਸੋ, ਅੱਜ ਉਹ ਕਈ ਹਜ਼ਾਰ ਜਿਹੜੇ ਗੁਰੂ ਸਾਹਿਬ ਦੇ ਸਪੁੱਤਰ ਹਨ, ਉਨ੍ਹਾਂ ਦੇ ਰਾਜਨੀਤਿਕ ਨੁਮਾਇੰਦੇ, ਸਦਨ ਦੇ ਸਾਰੇ ਮਾਣਯੋਗ ਮੈਂਬਰਾਂ ਨੂੰ ਅਪੀਲ ਹੈ ਕਿ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਕੁਝ ਪਲਾਂ ਲਈ ਖੜ੍ਹੇ ਹੋ ਕੇ ਨਿਮਰ ਸ਼ਰਧਾਂਜਲੀ ਭੇਟ ਕਰੀਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਖੜ੍ਹੇ ਹੋ ਕੇ ਨਿਮਰ ਸ਼ਰਧਾਂਜਲੀ ਭੇਟ ਕੀਤੀ।)

-------

## SHORT ADJOURNMENT OF THE HOUSE

**ਮਾਣਯੋਗ ਸਪੀਕਰ** : ਵਾਹਿਗੁਰੂ, ਸੱਚੇ ਪਾਤਸ਼ਾਹ। ਹੁਣ ਸਾਹਿਬਜ਼ਾਦਿਆਂ ਦੇ ਸਤਿਕਾਰ ਵਜੋਂ ਸਦਨ ਅੱਧੇ ਘੰਟੇ ਲਈ ਸਥਗਿਤ ਹੁੰਦਾ ਹੈ।

*11.54 ਵਜੇ ਪੂਰਵ ਦੁਪਹਿਰ।) (ਇਸ *ਸਮੇਂ ਸਦਨ 12.24 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

*12.24 ਵਜੇ ਬਾਅਦ ਦੁਪਹਿਰ ।) (ਇਸ *ਸਮੇਂ ਸਦਨ ਮੁੜ ਇਕੱਤਰ ਹੋਇਆ।)

---

## OBITUARY REFERENCES

**ਮਾਣਯੋਗ ਸਪੀਕਰ**: ਅਕਾਲ ਚਲਾਣਿਆਂ ਦਾ ਵਰਣਨ। ਪੰਜਾਬ ਵਿਧਾਨ ਸਭਾ ਦੇ ਪਿਛਲੇ ਸਮਾਗਮ ਤੋਂ ਹੁਣ ਤੱਕ ਦੇ ਸਮੇਂ ਦੌਰਾਨ ਕਈ ਸਤਿਕਾਰਯੋਗ ਸ਼ਖਸੀਅਤਾਂ ਸਾਡੇ ਤੋਂ ਵਿੱਛੜ ਗਈਆਂ ਹਨ। ਕੁਝ ਅਜਿਹੀਆਂ ਸ਼ਖਸੀਅਤਾਂ, ਜੋ ਆਪਣੇ ਜੀਵਨ ਨੂੰ ਕੌਮ ਦੇ ਲੇਖੇ ਲਗਾ ਕੇ ਸਮਾਜ ਅਤੇ ਦੇਸ਼ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਂਦੇ ਹੋਏ ਸਾਨੂੰ ਹਮੇਸ਼ਾ ਲਈ ਸਦੀਵੀ ਵਿਛੋੜਾ ਦੇ ਗਈਆਂ ਹਨ। ਆਓ, ਉਨ੍ਹਾਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸ਼ਰਧਾਂਜਲੀ ਭੇਟ ਕਰੀਏ।

ਸ੍ਰੀ ਸ਼ਿਵਰਾਜ ਵੀ. ਪਾਟਿਲ, ਸਾਬਕਾ ਰਾਜਪਾਲ, ਪੰਜਾਬ ਸਾਨੂੰ ਮਿਤੀ 12 ਦਸੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 12 ਅਕਤੂਬਰ, 1935 ਨੂੰ ਪਿੰਡ ਸ਼ਾਕਰ, ਜ਼ਿਲ੍ਹਾ ਲਾਤੂਰ, ਮਹਾਰਾਸ਼ਟਰ ਵਿਖੇ ਹੋਇਆ। ਉਹ ਸਾਲ 1972 ਤੋਂ 1980 ਤੱਕ ਲਗਾਤਾਰ ਦੋ ਵਾਰ ਮਹਾਰਾਸ਼ਟਰ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਹ 7 ਵਾਰ ਲੋਕ ਸਭਾ ਦੇ ਮੈਂਬਰ ਵੀ ਚੁਣੇ ਗਏ। ਉਹ ਵੱਖ ਵੱਖ ਮੰਤਰਾਲਿਆਂ ਦੇ ਕੇਂਦਰੀ ਮੰਤਰੀ ਵੀ ਰਹੇ। ਉਨ੍ਹਾਂ ਵੱਲੋਂ ਲੋਕ ਸਭਾ ਦੇ ਡਿਪਟੀ ਸਪੀਕਰ ਅਤੇ 10ਵੀਂ ਲੋਕ ਸਭਾ ਦੇ ਸਪੀਕਰ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਨ੍ਹਾਂ ਵੱਲੋਂ ਸਾਲ 2004-08 ਤੱਕ ਰਾਜ ਸਭਾ ਵਿੱਚ ਡਿਪਟੀ ਲੀਡਰ ਆਫ ਦਿ ਹਾਊਸ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਦੇਸ਼ ਦੇ ਗ੍ਰਹਿ ਮੰਤਰੀ ਵਜੋਂ ਨਿਭਾਈਆਂ ਸੇਵਾਵਾਂ ਤੋਂ ਇਲਾਵਾ ਉਨ੍ਹਾਂ ਵੱਲੋਂ ਸਾਲ 2010-15 ਤੱਕ ਪੰਜਾਬ ਦੇ ਰਾਜਪਾਲ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ।

ਸਰਦਾਰ ਜਗਤਾਰ ਸਿੰਘ ਮੁਲਤਾਨੀ, ਸਾਬਕਾ ਮੰਤਰੀ ਵੀ ਸਾਨੂੰ ਮਿਤੀ 19 ਅਕਤੂਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 13 ਅਗਸਤ, 1944 ਨੂੰ ਅਲੀਪੁਰ, ਹੁਣ ਪਾਕਿਸਤਾਨ ਵਿਖੇ ਹੋਇਆ। ਉਹ ਸਾਲ 1979 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣੇ ਗਏ, ਸਾਲ 1992 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਇਸੇ ਕਾਰਜ ਕਾਲ ਦੌਰਾਨ ਉਨ੍ਹਾਂ ਨੇ ਤਕਨੀਕੀ ਸਿੱਖਿਆ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ। ਉਹ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਮੈਂਬਰ ਵੀ ਰਹੇ।

ਸਰਦਾਰ ਤਾਰਾ ਸਿੰਘ ਲਾਡਲ, ਸਾਬਕਾ ਰਾਜ ਮੰਤਰੀ ਵੀ ਸਾਨੂੰ ਮਿਤੀ 6 ਦਸੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 7 ਜੁਲਾਈ, 1943 ਨੂੰ ਚੱਕ ਨੰ: 35, ਜ਼ਿਲ੍ਹਾ ਲਾਇਲਪੁਰ ਹੁਣ ਪਾਕਿਸਤਾਨ ਵਿਖੇ ਹੋਇਆ। ਉਹ ਸਾਲ 1985 ਅਤੇ 1997 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਨ੍ਹਾਂ ਵੱਲੋਂ ਪੰਜਾਬ ਸਰਕਾਰ ਵਿੱਚ ਰਾਜ ਮੰਤਰੀ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਇਸ ਤੋਂ ਇਲਾਵਾ ਉਹ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਚੇਅਰਮੈਨ ਅਤੇ ਮੈਂਬਰ ਵੀ ਰਹੇ।

ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ, ਸ਼੍ਰੀ ਤਰਲੋਚਨ ਸਿੰਘ ਸੂੰਢ ਵੀ ਸਾਨੂੰ ਮਿਤੀ 8 ਨਵੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਅਪ੍ਰੈਲ, 1953 ਨੂੰ ਪਿੰਡ ਸੂੰਢ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਇਆ। ਉਹ ਸਾਲ 2009 ਅਤੇ 2012 ਵਿੱਚ ਪੰਜਾਬ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ। ਉਨ੍ਹਾਂ ਵੱਲੋਂ ਭਾਰਤੀ ਵਿਦੇਸ਼ ਮੰਤਰਾਲਿਆਂ ਵਿੱਚ ਆਈ.ਐਫ.ਐਸ. ਅਧਿਕਾਰੀ ਵਜੋਂ ਵੀ ਸੇਵਾਵਾਂ ਨਿਭਾਈਆਂ ਗਈਆਂ। ਉਹ ਪੰਜਾਬ ਵਿਧਾਨ ਸਭਾ ਦੀਆਂ ਵੱਖ ਵੱਖ ਕਮੇਟੀਆਂ ਦੇ ਮੈਂਬਰ ਵੀ ਰਹੇ।

ਸ਼੍ਰੀ ਧਰਮਿੰਦਰ ਸਿੰਘ ਦਿਓਲ, ਉੱਘੇ ਅਦਾਕਾਰ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਵੀ ਸਾਨੂੰ ਮਿਤੀ 24 ਨਵੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 8 ਦਸੰਬਰ, 1935 ਨੂੰ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ ਸੀ। ਉਹ ਭਾਰਤੀ ਸਿਨੇਮਾ ਵਿੱਚ ਆਪਣੀ ਅਦਭੁਤ ਅਦਾਕਾਰੀ ਨਾਲ ਲੋਕਾਂ ਦਾ ਮਨੋਰੰਜਨ ਕਰਦੇ ਰਹੇ। ਉਨ੍ਹਾਂ ਨੇ ਆਪਣੀ ਵਿਲੱਖਣ ਅਦਾਕਾਰੀ ਨਾਲ ਭਾਰਤੀ ਸਿਨੇਮਾ ਜਗਤ ਵਿੱਚ ਨਾ ਸਿਰਫ ਅਮਿੱਟ ਛਾਪ ਛੱਡੀ ਬਲਕਿ ਪੰਜਾਬ ਦਾ ਨਾਂ ਵੀ ਰੌਸ਼ਨ ਕੀਤਾ। ਉਹ ਸਾਲ 2004 ਵਿੱਚ ਲੋਕ ਸਭਾ ਦੇ ਮੈਂਬਰ ਵੀ ਚੁਣੇ ਗਏ ਸਨ। ਉਨ੍ਹਾਂ ਨੂੰ ਸਾਲ 2012 ਵਿੱਚ ਪਦਮ ਭੂਸ਼ਣ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ।

ਸਰਦਾਰ ਰਾਜਬੀਰ ਸਿੰਘ ਜਵੰਦਾ, ਉੱਘੇ ਗਾਇਕ ਅਤੇ ਅਦਾਕਾਰ ਵੀ ਸਾਨੂੰ ਮਿਤੀ 8 ਅਕਤੂਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 20 ਜੂਨ, 1990 ਨੂੰ ਪਿੰਡ ਪੋਨਾ, ਤਹਿਸੀਲ ਜਗਰਾਉਂ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਨ੍ਹਾਂ ਨੇ ਪੰਜਾਬੀ ਰਵਾਇਤਾਂ, ਸੱਭਿਆਚਾਰਕ ਗੀਤਾਂ ਨੂੰ ਆਧੁਨਿਕ ਤਰੀਕੇ ਦੀ ਗਾਇਕੀ ਨਾਲ ਗਾ ਕੇ ਨਾਮ ਖੱਟਿਆ। ਉਨ੍ਹਾਂ ਨੇ ਪੰਜਾਬੀ ਸਿਨੇਮਾ ਵਿੱਚ ਵੀ ਆਪਣੀ ਅਦਾਕਾਰੀ ਨਾਲ ਲੋਕਾਂ ਦਾ ਭਰਵਾਂ ਮਨੋਰੰਜਨ ਕੀਤਾ। ਉਹ ਪੰਜਾਬੀਆਂ ਦੇ ਹਰਮਨ ਪਿਆਰੇ ਗਾਇਕ ਸਨ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਦੇ ਬੇਵਕਤੀ ਅਕਾਲ ਚਲਾਣੇ ਨਾਲ ਪੰਜਾਬ ਇੱਕ ਉੱਘੇ ਫਨਕਾਰ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ।

ਸਰਦਾਰ ਗੋਬਿੰਦਰ ਸਿੰਘ ਸੋਹਲ, ਉੱਘੇ ਚਿੱਤਰਕਾਰ ਵੀ ਸਾਨੂੰ ਮਿਤੀ 3 ਅਕਤੂਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਮਿਤੀ 15 ਜੁਲਾਈ, 1957 ਨੂੰ ਜ਼ਿਲ੍ਹਾ ਲੁਧਿਆਣਾ ਵਿੱਚ ਹੋਇਆ। ਉਨ੍ਹਾਂ ਵੱਲੋਂ ਮਾਤਾ ਗੁਜਰੀ ਜੀ ਸਮੇਤ ਛੋਟੇ ਸਾਹਿਬਜ਼ਾਦਿਆਂ ਅਤੇ ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਦੇ ਦਿਲ ਖਿੱਚਵੇਂ ਚਿੱਤਰ ਤਿਆਰ ਕੀਤੇ ਗਏ। ਇਸ ਦੇ ਨਾਲ ਨਾਲ ਉਨ੍ਹਾਂ ਵੱਲੋਂ ਅਨੇਕਾਂ ਹੀ ਧਾਰਮਿਕ ਅਤੇ ਸਮਾਜਿਕ ਉੱਘੀਆਂ ਸ਼ਖਸੀਅਤਾਂ ਦੇ ਚਿੱਤਰਾਂ ਨੂੰ ਆਪਣੀ ਅਦਭੁੱਤ ਕਲਾ ਨਾਲ ਰਾਸ਼ਟਰੀ ਅਤੇ ਕੌਮਾਂਤਰੀ ਪੱਧਰ ਤੇ ਉਜਾਗਰ ਕੀਤਾ ਗਿਆ।

ਸ਼੍ਰੀ ਪੂਰਨ ਸ਼ਾਹਕੋਟੀ, ਪ੍ਰਸਿੱਧ ਪੰਜਾਬੀ ਸੰਗੀਤਕਾਰ ਵੀ ਸਾਨੂੰ ਮਿਤੀ 22 ਦਸੰਬਰ, 2025 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦਾ ਜਨਮ ਸਾਲ 1952 ਵਿੱਚ ਹੋਇਆ। ਉਹ ਉੱਘੇ ਪੰਜਾਬੀ ਗਾਇਕ ਮਾਸਟਰ ਸਲੀਮ ਦੇ ਪਿਤਾ ਸਨ। ਉਨ੍ਹਾਂ ਵੱਲੋਂ ਕਈ ਨਾਮਵਰ ਪੰਜਾਬੀ ਗਾਇਕਾਂ ਨੂੰ ਸੰਗੀਤਕ ਸਿਖਲਾਈ ਪ੍ਰਦਾਨ ਕੀਤੀ ਗਈ। ਉਨ੍ਹਾਂ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਸੂਫੀ ਪਰੰਪਰਾ ਪ੍ਰਤੀ ਪਾਏ ਯੋਗਦਾਨ ਨੇ ਪੰਜਾਬੀ ਸੰਗੀਤ ਜਗਤ ਵਿੱਚ ਅਮਿੱਟ ਛਾਪ ਛੱਡੀ।

ਇਨ੍ਹਾਂ ਸਭਨਾਂ ਦੇ ਚਲੇ ਜਾਣ ਨਾਲ ਦੇਸ਼, ਰਾਜ ਅਤੇ ਸਾਨੂੰ ਨਾ ਪੂਰਿਆ ਜਾਣ ਵਾਲਾ ਵੱਡਾ ਘਾਟਾ ਪਿਆ ਹੈ ਅਤੇ ਅਸੀਂ ਉਨ੍ਹਾਂ ਦੀਆਂ ਵਡਮੁੱਲੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਸਾਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਵਿਛੜੀਆਂ ਹੋਈਆਂ ਸ਼ਖਸੀਅਤਾਂ ਦੇ ਪਦ-ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ। ਇਹੀ ਉਨ੍ਹਾਂ ਪ੍ਰਤੀ ਸੱਚੀ ਸਰਧਾਂਜਲੀ ਹੋਵੇਗੀ।

ਇਸ ਤੋਂ ਇਲਾਵਾ ਪੰਜਾਬ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਮੌਜੂਦਾ ਵਿਧਾਇਕ ਸਰਦਾਰ ਦਲਜੀਤ ਸਿੰਘ ਭੋਲਾ ਗਰੇਵਾਲ ਦੇ ਪਿਤਾ ਸਵਰਗਵਾਸੀ ਸਰਦਾਰ ਬਲਬੀਰ ਸਿੰਘ ਗਰੇਵਾਲ ਸਾਨੂੰ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ।

ਅਸੀਂ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਇਨ੍ਹਾਂ ਵਿਛੜੀਆਂ ਸ਼ਖ਼ਸੀਅਤਾਂ ਦੀਆਂ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਚੜ੍ਹਦੀਕਲਾ ਵਿੱਚ ਰੱਖਣ ਅਤੇ ਭਾਣਾ ਮੰਨਣ ਦਾ ਬਲ ਬਖ਼ਸ਼ਣ।

ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਸ਼ੋਕ ਪ੍ਰਸਤਾਵ ਸਾਰੀਆਂ ਵਿਛੜੀਆਂ ਸ਼ਖ਼ਸੀਅਤਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੇ ਜਾਣ?

**(ਅਵਾਜ਼ਾਂ**: ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ**: ਹੁਣ, ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਮੌਨ ਧਾਰਨ ਕਰਨ ਲਈ ਖੜ੍ਹੇ ਹੋਈਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਵਿਛੜੀਆਂ ਸ਼ਖ਼ਸੀਅਤਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੌਨ ਧਾਰਨ ਕੀਤਾ ।)

———

**ANNOUNCEMENT BY THE SPEAKER REG. PANEL OF CHAIRMEN**

**ਮਾਣਯੋਗ ਸਪੀਕਰ:** ਧੰਨਵਾਦ ਜੀ। ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13(1) ਅਧੀਨ ਮੈਂ ਹੇਠ ਲਿਖੇ ਮੈਂਬਰ ਸਾਹਿਬਾਨ ਨੂੰ ਸਭਾਪਤੀ ਨਾਮਾਵਲੀ ਲਈ ਨਾਮਜ਼ਦ ਕਰਦਾ ਹਾਂ:-

1. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.;
2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ.;
3. ਸ਼੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ;
4. ਸ਼੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ;

------

## PRESENTATION OF THE FIRST REPORT OF THE BUSINESS ADVISORY COMMITTEE

**ਮਾਣਯੋਗ ਸਪੀਕਰ** : ਅਗਲੀ ਆਈਟਮ। ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ। ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ, ਜੋ ਇਸ ਤਰ੍ਹਾਂ ਹੈ:-

ਕਾਰਜ ਸਲਾਹਕਾਰ ਕਮੇਟੀ ਨੇ ਆਰਜ਼ੀ ਪ੍ਰੋਗਰਾਮ 'ਤੇ ਵਿਚਾਰ ਕਰਦੇ ਹੋਏ ਫੈਸਲਾ ਕੀਤਾ ਕਿ ਅੱਜ ਮਿਤੀ 30 ਦਸੰਬਰ, 2025 ਦੀ ਬੈਠਕ ਵਿੱਚ ਅਕਾਲ ਚਲਾਣਿਆਂ ਦਾ ਵਰਣਨ ਅਤੇ ਵਿਧਾਨਕ ਕੰਮ ਕਾਰ ਵੀ ਕਰ ਲਿਆ ਜਾਵੇ। ਇਸ ਤੋਂ ਇਲਾਵਾ ਸਰਕਾਰੀ ਮਤੇ 'ਤੇ ਬਹਿਸ ਲਈ 2 ਘੰਟੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਹੈ।

ਜੇਕਰ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ਾਂ ਨਾਲ ਅਸੰਗਤ ਹੋਏ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

ਡਾਕਟਰ ਰਵਜੋਤ ਸਿੰਘ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਣਯੋਗ ਸਪੀਕਰ**: ਪ੍ਰਸਤਾਵ ਕੀਤਾ-

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) :** ਸਪੀਕਰ ਸਾਹਿਬ, ਪਿਛਲੇ ਚਾਰ ਸਾਲ ਤੋਂ ਸਾਡੀ ਵਿਧਾਨ ਸਭਾ ਵਿੱਚ ਇੱਕ ਨਵੀਂ ਪਿਰਤ ਪਾਈ ਜਾ ਚੁੱਕੀ ਹੈ ਕਿ ਜਿਹੜੀ ਬਜਟ ਇਜਲਾਸ, ਮੌਨਸੂਨ ਇਜਲਾਸ ਅਤੇ ਸਰਦ ਰੁੱਤ ਇਜਲਾਸ ਦੀ established practice ਸੀ, ਇਨ੍ਹਾਂ ਨੂੰ virtually replace ਕਰਕੇ ਇੱਕ ਇੱਕ ਦਿਨ ਦੇ Short Sessions, Emergency Sessions ਬੁਲਾਏ ਗਏ ਹਨ ਔਰ ਉਨ੍ਹਾਂ ਵਿੱਚ ਮਤੇ ਪਾਸ ਕਰਕੇ ਸੈਸ਼ਨ ਉਠਾ ਦਿੱਤਾ ਜਾਂਦਾ ਹੈ। ਪਹਿਲਾ ਮਤਾ 'ਉਪਰੇਸ਼ਨ ਲੋਟਸ' ਦਾ ਪਾਸ ਹੋਇਆ। ਉਸ ਬਾਰੇ ਅੱਜ ਤੱਕ ਕਿਸੇ ਨੂੰ ਕੋਈ ਇਲਮ ਨਹੀਂ ਹੈ ਕਿ ਉਹ ਕਿੱਥੇ ਗਿਆ, ਉਸ ਉੱਤੇ ਕੀ ਕਾਰਵਾਈ ਹੋਈ ਹੈ, ਕੀ ਕੇਂਦਰ ਸਰਕਾਰ ਨੇ ਉਸ ਉੱਤੇ ਕੋਈ ਐਕਸ਼ਨ ਲਿਆ ਹੈ ਜਾਂ ਨਹੀਂ? ਫਿਰ ਅਗਨੀ ਵੀਰ ਦਾ ਮਤਾ ਆਇਆ ਜੀ। ਫਿਰ ਬੀ.ਬੀ.ਐਮ.ਬੀ. ਦਾ ਮਤਾ ਪਾਸ ਹੋਇਆ। ਉਸ ਤੋਂ ਬਾਅਦ ਫਿਰ ਅੱਜ ਮਗਨਰੇਗਾ ਵਿੱਚ ਜਿਹੜੀਆਂ ਅਮੈਂਡਮੈਂਟਸ ਹੋਈਆਂ ਹਨ, No doubt, ਇਹ ਬੜਾ ਇੰਪਾਰਟੈਂਟ ਇਸ਼ੂ ਹੈ ਪ੍ਰੰਤੂ ਇਸ ਦੇ ਬਾਰੇ ਮਤਾ ਪਾਸ ਕਰਕੇ ਅੱਜ ਸਦਨ ਉੱਠ ਜਾਵੇਗਾ। ਪਰ ਇਸ ਨਾਲ ਅੱਜ ਸਾਡੇ ਇਲੈਕਟਿਡ ਮੈਂਬਰਜ਼, ਜਿਨ੍ਹਾਂ ਨੇ ਆਪਣੇ ਆਪਣੇ ਹਲਕਿਆਂ ਦੀ ਗੱਲ, ਕੋਈ ਕੁਐਸਚਨ ਆਵਰ ਦੀ ਗੱਲ, ਕੋਈ ਆਪਣੀ ਹਲਕੇ ਦੀ ਸਪੈਸ਼ਲ

ਗੱਲ ਜੇ ਕਿਸੇ ਨੇ ਕਰਨੀ ਹੈ, ਇਹ ਸਾਰੇ ਅਧਿਕਾਰ ਸਾਡੇ ਖੁਸ ਗਏ ਹਨ। ਮੁਆਫ਼ ਕਰਨਾ, ਜਿਹੜੇ ਪਿਛਲੀ ਵਾਰ ਵਿਰੋਧੀ ਧਿਰ ਦੇ ਨੇਤਾ ਸਨ, ਸ਼ਾਇਦ ਤੁਸੀਂ ਵੀ ਉਨ੍ਹਾਂ ਨਾਲ ਜਾਂਦੇ ਹੋਵੋਗੇ। ਪਿਛਲੇ ਸਪੀਕਰ ਸਾਹਿਬ ਨੂੰ ਅਨੇਕਾਂ ਰਿਪ੍ਰੈਜ਼ੈਂਟੇਸ਼ਨਾਂ ਦਿੱਤੀਆਂ ਸੀ ਕਿ ਸਦਨ ਦੀ ਕਾਰਵਾਈ ਵਧਾਈ ਜਾਵੇ, ਬਹੁਤ ਥੋੜ੍ਹੀਆਂ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ, ਕੋਈ ਡਿਬੇਟ ਜਾਂ ਡਿਸਕਸ਼ਨ ਨਹੀਂ ਕੀਤੀ ਜਾਂਦੀ। ਸਪੀਕਰ ਸਾਹਿਬ, ਕੀ ਪਿਛਲੇ ਚਾਰ ਸਾਲਾਂ ਵਿਚ ਆਪਾਂ ਕੋਈ ਤਬਦੀਲੀ ਕਰ ਸਕੇ ਹਾਂ? ਉਲਟਾ Shortest possible sittings ਹੋਈਆਂ ਹਨ। ਪਿਛਲੇ ਚਾਰ ਸਾਲ ਦਾ ਰਿਕਾਰਡ ਕਢਵਾ ਕੇ ਦੇਖ ਲਓ। ਤੁਹਾਡੇ ਦਫ਼ਤਰ ਵਿਚ ਰਿਕਾਰਡ ਹੈ, ਮਗਰਲੀਆਂ ਸਰਕਾਰਾਂ ਦਾ ਰਿਕਾਰਡ ਕਢਵਾ ਲਓ। ਉਸ ਦੇ ਮੁਕਾਬਲੇ ਹਰ ਸਾਲ ਸਭ ਤੋਂ ਛੋਟੇ ਸੈਸ਼ਨ ਇਸ ਸਰਕਾਰ ਨੇ ਕੀਤੇ ਹਨ।

**ਮਾਣਯੋਗ ਸਪੀਕਰ:** ਠੀਕ ਹੈ ਜੀ, ਧੰਨਵਾਦ। ਤੁਹਾਡੀ ਗੱਲ ਆ ਗਈ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ:** ਗੱਲ ਤਾਂ ਆ ਗਈ ਪਰ ਇਸ ਦਾ ਕੋਈ ਹੱਲ ਵੀ ਕੱਢੋ ਜੀ।

**ਮਾਣਯੋਗ ਸਪੀਕਰ:** ਹੱਲ ਵੀ ਕੱਢਦੇ ਹਾਂ ਪਹਿਲਾਂ ਮਤਾ ਪਾਸ ਕਰ ਲਈਏ, ਫਿਰ ਆਪਾਂ ਹੱਲ ਵੀ ਕੱਢ ਦਿੰਦੇ ਹਾਂ।

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫ਼ਾਰਸ਼ਾਂ ਨਾਲ ਸਹਿਮਤ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

---

## MOTION UNDER RULE 16

**ਮਾਣਯੋਗ ਸਪੀਕਰ :** ਨਿਯਮ 16 ਅਧੀਨ ਪ੍ਰਸਤਾਵ । ਸੰਸਦੀ ਮਾਮਲਿਆਂ ਬਾਰੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ  ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ ।

*ਪ੍ਰਸਤਾਵ ਪ੍ਰਵਾਨ ਹੋਇਆ।*

---------

## PAPERS LAID ON THE TABLE OF THE HOUSE

**ਮਾਣਯੋਗ ਸਪੀਕਰ :** ਅਗਲੀ ਆਈਟਮ। ਸਦਨ ਦੀ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ।

**ਸੰਸਦੀ ਮਾਮਲੇ ਮੰਤਰੀ (ਡਾਕਟਰ ਰਵਜੋਤ ਸਿੰਘ) :** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ-ਸੂਚੀ ਦੇ ਮੱਦ ਨੰਬਰ 6 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 10 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

(1) ਪੰਜਾਬ ਰਾਈਟ ਟੂ ਬਿਜ਼ਨਸ ਰੂਲਜ਼, 2025 ਦਾ ਨੋਟੀਫਿਕੇਸ਼ਨ ਨੰ. G.S.R.177/P.A.1/2020/ S.14/2025, ਮਿਤੀ 18.11.2025, ਜਿਵੇਂ ਕਿ ਪੰਜਾਬ ਰਾਈਟ ਟੂ ਬਿਜ਼ਨਸ ਐਕਟ, 2020 ਦੀ ਧਾਰਾ 14 (2) ਅਧੀਨ ਲੋੜੀਂਦਾ ਹੈ ।

(2) ਸਾਲ 2021-22 ਲਈ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਕਾਰਪੋਰੇਸ਼ਨ ਲਿਮਟਿਡ ਦੀ ਦੇਰੀ ਦੇ ਕਾਰਨ ਦਰਸਾਉਂਦੇ ਵਿਵਰਣ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ ।

(3) ਸਾਲ 2023-24 ਲਈ ਪੰਜਾਬ ਜਲ ਵਿਨਿਯਮਨ ਅਤੇ ਵਿਕਾਸ ਅਥਾਰਟੀ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਜਲ ਸਰੋਤ (ਪ੍ਰਬੰਧਨ ਅਤੇ ਵਿਨਿਯਮਨ) ਐਕਟ, 2020 ਦੀ ਧਾਰਾ 37 ਅਧੀਨ ਲੋੜੀਂਦਾ ਹੈ ।

(4) ਸਾਲ 2022-23 ਲਈ ਪੰਜਾਬ ਰਾਜ ਖੁਰਾਕ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੌਮੀ ਖੁਰਾਕ ਸੁਰੱਖਿਆ ਐਕਟ, 2013 ਦੀ ਧਾਰਾ 16 (6) (ਕ) ਅਧੀਨ ਲੋੜੀਂਦਾ ਹੈ।

(5) ਸਾਲ 2020-21 ਲਈ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੀ 54ਵੀਂ ਸਾਲਾਨਾ ਰਿਪੋਰਟ, ਜਿਵੇਂ ਕਿ ਵੇਅਰ ਹਾਊਸਿੰਗ ਕਾਰਪੋਰੇਸ਼ਨ ਐਕਟ, 1962 ਦੀ ਧਾਰਾ 31 (11) ਅਧੀਨ ਲੋੜੀਂਦਾ ਹੈ।

(6) ਸਾਲ 2019-20 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਦੇਰੀ ਦੇ ਕਾਰਨ ਦਰਸਾਉਂਦੇ ਵਿਵਰਣ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ ।

(7) ਸਾਲ 2020-21 ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਕਾਰਪੋਰੇਸ਼ਨ ਲਿਮਟਿਡ ਦੀ ਦੇਰੀ ਦੇ ਕਾਰਨ ਦਰਸਾਉਂਦੇ ਵਿਵਰਣ ਦੀ ਸਾਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 395 ਅਧੀਨ ਲੋੜੀਂਦਾ ਹੈ ।

(8) ਸਾਲ 2024-25 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਬਿਜਲੀ ਐਕਟ, 2003 ਦੀ ਧਾਰਾ 105 ਅਧੀਨ ਲੋੜੀਂਦਾ ਹੈ।

(9) ਸਾਲ 2021-22 ਲਈ ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਰਿਜ਼ਨਲ ਅਤੇ ਟਾਊਨ ਪਲੈਨਿੰਗ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

(10) ਸਾਲ 2022-23 ਲਈ ਗ੍ਰੇਟਰ ਲੁਧਿਆਣਾ ਏਰੀਆ ਵਿਕਾਸ ਅਥਾਰਟੀ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਰਿਜ਼ਨਲ ਅਤੇ ਟਾਊਨ ਪਲੈਨਿੰਗ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

---

## WELCOME ANNOUNCEMENT BY HON'BLE SPEAKER

**ਮਾਣਯੋਗ ਸਪੀਕਰ:** ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਪਿਛਲੇ ਦਿਨੀਂ ਮਾਣਯੋਗ ਰਾਸ਼ਟਰਪਤੀ ਜੀ/ ਪ੍ਰਧਾਨ ਮੰਤਰੀ ਜੀ, ਭਾਰਤ ਸਰਕਾਰ ਵੱਲੋਂ ਵੀਰ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਗਏ ਮਾਸਟਰ ਸ੍ਰਵਣ ਸਿੰਘ ਆਪਣੇ ਪਰਿਵਾਰ ਸਮੇਤ ਸਦਨ ਦੀ ਕਾਰਵਾਈ ਦੇਖਣ ਲਈ ਗਵਰਨਰ ਬਾਕਸ ਵਿਚ ਮੌਜੂਦ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ। (ਥੰਪਿੰਗ)

---

## OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005

**ਮਾਣਯੋਗ ਸਪੀਕਰ:** ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ ਜੀ, ਪ੍ਰਸਤਾਵ ਪੇਸ਼ ਕਰਨ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਮਾਣਯੋਗ ਸਪੀਕਰ ਸਾਹਿਬ, ਜੋ ਸਰਕਾਰੀ ਮਤਾ ਪੇਸ਼ ਕਰਨ ਲਈ ਮੈਂ ਨੋਟਿਸ ਦਿੱਤਾ ਸੀ, ਉਹ ਸਰਕਾਰੀ ਮਤਾ ਕਾਫ਼ੀ ਲੰਬਾ ਹੈ। ਜੇਕਰ ਤੁਹਾਡੀ ਆਗਿਆ ਹੋਵੇ ਤਾਂ ਮੈਂ ਇਸ ਮਤੇ ਨੂੰ ਸੰਖੇਪ ਵਿਚ ਸੋਧ ਅਨੁਸਾਰ ਪੇਸ਼ ਕਰਨਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਅਲਾਊਡ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ:** ਮਾਣਯੋਗ ਸਪੀਕਰ ਸਾਹਿਬ, ਇਕ ਬੜਾ ਹੀ ਖਤਰਨਾਕ ਅਤੇ ਬੜਾ ਹੀ ਲੋਕ ਮਾਰੂ ਕਾਨੂੰਨ, ਜੋ ਕੇਂਦਰ ਵਿਚ ਰਾਜ ਕਰਦੀ ਭਾਜਪਾ ਸਰਕਾਰ ਵੱਲੋਂ ਮਗਨਰੇਗਾ ਨੂੰ ਪੂਰਨ ਤੌਰ ਤੇ ਸਮਾਪਤ ਕਰਨ ਲਈ ਲਿਆਂਦਾ ਗਿਆ ਹੈ, ਇਹ ਕਹਿਣਗੇ ਕਿ ਅਸੀਂ ਇੰਝ ਨਹੀਂ, ਇੰਝ ਕੀਤਾ ਹੈ ਪਰ ਸਪੀਕਰ ਸਾਹਿਬ, ਸੱਚਾਈ ਇਹ ਹੈ ਕਿ ਕੇਂਦਰ ਸਰਕਾਰ ਪੂਰਨ ਤੌਰ ਤੇ ਮਗਨਰੇਗਾ ਨੂੰ ਖਤਮ ਕਰਨ ਲਈ ਇਹ ਕਾਨੂੰਨ ਲੈ ਕੇ ਆਈ ਹੈ। ਇਹ ਪ੍ਰਸਤਾਵ ਇਸ ਦੇ ਵਿਰੁੱਧ ਹੈ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ):** ਸ੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

"ਕਿ ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ, ਦਲਿਤ ਪਰਿਵਾਰਾਂ ਅਤੇ ਗਰੀਬ ਦਲਿਤ ਭਾਈਚਾਰੇ ਦੀ ਰੋਜ਼ੀ-ਰੋਟੀ ਖੋਹ ਲਈ ਹੈ। ਇਹ ਇੱਕ ਜਾਣਬੁੱਝ ਕੇ ਕੀਤੀ ਗਈ ਅਤੇ ਖ਼ਤਰਨਾਕ ਸਾਜ਼ਿਸ਼ ਹੈ। ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਮਨਰੇਗਾ ਹੀ ਨਹੀਂ ਖੋਹਿਆ, ਇਸ ਨੇ ਦਲਿਤ ਮਜ਼ਦੂਰ ਦੇ ਮੂੰਹੋਂ ਰੋਟੀ ਵੀ ਖੋਹ ਲਈ ਹੈ।

ਇਹ ਸਦਨ ਮੰਨਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਇੱਕ ਸਰਕਾਰੀ ਯੋਜਨਾ ਨੂੰ ਹੀ ਤਬਾਹ ਨਹੀਂ ਕੀਤਾ ਹੈ, ਇਸ ਨੇ ਦੇਸ਼ ਦੇ ਦਲਿਤ ਮਜ਼ਦੂਰਾਂ ਦੇ ਜਿਉਂਦੇ ਰਹਿਣ ਦੇ ਹੱਕ ਨੂੰ ਵੀ ਤਬਾਹ ਕਰ ਦਿੱਤਾ ਹੈ। ਮਨਰੇਗਾ ਦੇਸ਼ ਦੇ ਲੱਖਾਂ ਦਲਿਤਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਇੱਕ ਸਮੇਂ ਦੀ ਰੋਟੀ ਲਈ ਆਖਰੀ ਸਹਾਰਾ ਸੀ। ਇਹ ਉਹ ਪ੍ਰਣਾਲੀ ਸੀ ਜਿਸਨੇ ਦਲਿਤ ਮਜ਼ਦੂਰਾਂ ਨੂੰ ਆਪਣੇ ਪਿੰਡਾਂ ਵਿੱਚ ਰਹਿਣ, ਸਖਤ ਮਿਹਨਤ ਨਾਲ ਆਪਣੀ ਰੋਜ਼ੀ-ਰੋਟੀ ਕਮਾਉਣ, ਆਪਣੇ ਬੱਚਿਆਂ ਨੂੰ ਸਕੂਲ ਭੇਜਣ ਅਤੇ ਸਨਮਾਨ ਨਾਲ ਜ਼ਿੰਦਗੀ ਜਿਉਣ ਦੀ ਆਗਿਆ ਦਿੱਤੀ। ਮਨਰੇਗਾ ਨੂੰ ਖਤਮ ਕਰਨਾ ਯੋਜਨਾ ਨੂੰ ਲਾਗੂ ਕਰਨ ਦਾ ਫੈਸਲਾ ਨਹੀਂ ਹੈ, ਸਗੋਂ ਦਲਿਤ ਵਿਰੋਧੀ ਸੋਚ ਦਾ ਐਲਾਨ ਹੈ। ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਤੋਂ ਕੰਮ ਖੋਹ ਲਿਆ ਹੈ, ਦਲਿਤ ਬੱਚਿਆਂ ਤੋਂ ਸਿੱਖਿਆ ਖੋਹ ਲਈ ਹੈ ਅਤੇ ਦਲਿਤ ਪਰਿਵਾਰਾਂ ਦੇ ਰਸੋਈ ਦੇ ਚੁੱਲ੍ਹੇ ਬੁਝਾ ਦਿੱਤੇ ਹਨ। ਦਲਿਤਾਂ ਦੇ ਰਸੋਈ ਦੇ ਚੁੱਲ੍ਹੇ ਬੁਝਾਉਣ ਵਾਲੀ ਸਰਕਾਰ ਦਲਿਤਾਂ ਤੋਂ ਵੋਟਾਂ ਮੰਗਣ ਦਾ ਅਧਿਕਾਰ ਗੁਆ ਦਿੰਦੀ ਹੈ। ਇਹ ਸਦਨ ਸਪੱਸ਼ਟ ਤੌਰ 'ਤੇ ਦਰਜ ਕਰਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਲਿਤ ਵਿਰੋਧੀ ਹਨ।

ਭਾਜਪਾ ਦੀ ਕੇਂਦਰੀ ਸਰਕਾਰ ਦੇ ਫੈਸਲੇ ਵਾਰ ਵਾਰ ਸਾਬਤ ਕਰਦੇ ਹਨ ਕਿ ਭਾਜਪਾ ਦਲਿਤਾਂ ਨੂੰ ਨਫ਼ਰਤ ਕਰਦੀ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣਾ ਚਾਹੁੰਦੀ ਹੈ, ਮਨਰੇਗਾ 'ਤੇ ਹਮਲਾ ਕਰਨਾ ਅਸਲ ਵਿੱਚ ਦਲਿਤਾਂ ਦੀ ਇੱਜ਼ਤ ਅਤੇ ਹੋਂਦ 'ਤੇ ਹਮਲਾ ਹੈ।

ਇਹ ਸਦਨ ਇਹ ਵੀ ਕਹਿੰਦਾ ਹੈ ਕਿ ਜੋ ਸਰਕਾਰ ਪਿੰਡਾਂ ਵਿੱਚ ਦਲਿਤਾਂ ਨੂੰ ਕੰਮ ਨਹੀਂ ਦਿੰਦੀ ਉਨ੍ਹਾਂ ਨੂੰ ਸ਼ਹਿਰੀ ਝੁੱਗੀਆਂ-ਝੌਂਪੜੀਆਂ ਵਿੱਚ ਧੱਕਦੀ ਹੈ। ਅੱਜ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਤੋਂ ਵੋਟਾਂ ਮੰਗਣ ਦਾ ਨੈਤਿਕ ਅਧਿਕਾਰ ਖੋਹ ਲਿਆ ਹੈ। ਇੱਕ ਅਜਿਹੀ ਸਰਕਾਰ ਜਿਸਨੂੰ ਦਲਿਤਾਂ ਦੀ ਰੋਜ਼ੀ-ਰੋਟੀ ਦੀ ਕੋਈ ਪਰਵਾਹ ਨਹੀਂ ਹੈ, ਉਸਦੀ ਦਲਿਤ ਵੋਟਾਂ ਲਈ ਕੋਈ ਨੈਤਿਕ ਮੰਗ ਵੀ ਨਹੀਂ ਹੈ।

ਇਹ ਸਦਨ ਇਹ ਵੀ ਨੋਟ ਕਰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਪੂਰੇ ਮੁੱਦੇ 'ਤੇ ਚੁੱਪੀ ਬਣਾਈ ਰੱਖੀ ਹੈ। ਇਹ ਚੁੱਪੀ ਇਸ ਲਈ ਹੈ ਕਿਉਂਕਿ ਉਹ 2027 ਵਿੱਚ ਭਾਜਪਾ ਨਾਲ ਆਪਣਾ ਗੱਠਜੋੜ ਦੁਬਾਰਾ ਸਥਾਪਤ ਕਰਨ ਦੀ ਉਮੀਦ ਕਰਦੇ ਹਨ, ਭਾਵੇਂ ਦਲਿਤਾਂ ਨੂੰ ਇਸਦੀ ਕੀਮਤ ਚੁਕਾਉਣੀ ਪਵੇ। ਦਲਿਤਾਂ ਵਿਰੁੱਧ ਫੈਸਲਿਆਂ 'ਤੇ ਚੁੱਪ ਰਹਿਣਾ ਵੀ ਇੱਕ ਅਪਰਾਧ ਹੈ।

ਇਸ ਲਈ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਭਾਜਪਾ ਦੀ ਕੇਂਦਰੀ ਸਰਕਾਰ ਤੋਂ ਮੰਗ ਕਰੇ ਕਿ ਮਨਰੇਗਾ ਨੂੰ ਖਤਮ ਕਰਨ ਦੇ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ, ਮਨਰੇਗਾ ਨੂੰ ਪੂਰੀ ਤਰ੍ਹਾਂ ਇਸਦੇ ਅਸਲ ਅਧਿਕਾਰ-ਅਧਾਰਤ ਰੂਪ ਵਿੱਚ ਬਹਾਲ ਕੀਤਾ ਜਾਵੇ ਅਤੇ ਦੇਸ਼ ਭਰ ਦੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਕੰਮ ਅਤੇ ਉਜਰਤ ਦੀ ਗਰੰਟੀ ਯਕੀਨੀ ਬਣਾਈ ਜਾਵੇ। ਪੰਜਾਬ ਵਿਧਾਨ ਸਭਾ ਦਲਿਤਾਂ ਅਤੇ ਗਰੀਬ ਮਜ਼ਦੂਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।"

ਮੈਂ ਇਸ ਦੇ ਨਾਲ ਹੀ ਇੱਕ ਗੱਲ ਹੋਰ ਐਡ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਇੱਕ ਮਿੰਟ ਜੀ, ਪਹਿਲਾਂ ਮੈਨੂੰ ਪ੍ਰਸਤਾਵ ਪੇਸ਼ ਕਰ ਲੈਣ ਦਿਓ। ਪ੍ਰਸਤਾਵ ਕੀਤਾ -

"ਕਿ ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ, ਦਲਿਤ ਪਰਿਵਾਰਾਂ ਅਤੇ ਗਰੀਬ ਦਲਿਤ ਭਾਈਚਾਰੇ ਦੀ ਰੋਜ਼ੀ-ਰੋਟੀ ਖੋਹ ਲਈ ਹੈ। ਇਹ ਇੱਕ ਜਾਣਬੁੱਝ ਕੇ ਕੀਤੀ ਗਈ ਅਤੇ ਖ਼ਤਰਨਾਕ ਸਾਜ਼ਿਸ਼ ਹੈ। ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਮਨਰੇਗਾ ਹੀ ਨਹੀਂ ਖੋਹਿਆ, ਇਸ ਨੇ ਦਲਿਤ ਮਜ਼ਦੂਰ ਦੇ ਮੂੰਹੋਂ ਰੋਟੀ ਵੀ ਖੋਹ ਲਈ ਹੈ।

ਇਹ ਸਦਨ ਮੰਨਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਇੱਕ ਸਰਕਾਰੀ ਯੋਜਨਾ ਨੂੰ ਹੀ ਤਬਾਹ ਨਹੀਂ ਕੀਤਾ ਹੈ, ਇਸ ਨੇ ਦੇਸ਼ ਦੇ ਦਲਿਤ ਮਜ਼ਦੂਰਾਂ ਦੇ ਜਿਉਂਦੇ ਰਹਿਣ ਦੇ ਹੱਕ ਨੂੰ ਵੀ ਤਬਾਹ ਕਰ ਦਿੱਤਾ ਹੈ। ਮਨਰੇਗਾ ਦੇਸ਼ ਦੇ ਲੱਖਾਂ ਦਲਿਤਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਇੱਕ ਸਮੇਂ ਦੀ ਰੋਟੀ ਲਈ ਆਖਰੀ ਸਹਾਰਾ ਸੀ। ਇਹ ਉਹ ਪ੍ਰਣਾਲੀ ਸੀ ਜਿਸਨੇ ਦਲਿਤ ਮਜ਼ਦੂਰਾਂ ਨੂੰ ਆਪਣੇ ਪਿੰਡਾਂ ਵਿੱਚ ਰਹਿਣ, ਸਖਤ ਮਿਹਨਤ ਨਾਲ ਆਪਣੀ ਰੋਜ਼ੀ-ਰੋਟੀ ਕਮਾਉਣ, ਆਪਣੇ ਬੱਚਿਆਂ ਨੂੰ ਸਕੂਲ ਭੇਜਣ ਅਤੇ ਸਨਮਾਨ ਨਾਲ ਜ਼ਿੰਦਗੀ ਜਿਉਣ ਦੀ ਆਗਿਆ ਦਿੱਤੀ। ਮਨਰੇਗਾ ਨੂੰ ਖਤਮ ਕਰਨਾ ਯੋਜਨਾ ਨੂੰ ਲਾਗੂ ਕਰਨ ਦਾ ਫੈਸਲਾ ਨਹੀਂ ਹੈ, ਸਗੋਂ ਦਲਿਤ ਵਿਰੋਧੀ ਸੋਚ ਦਾ ਐਲਾਨ ਹੈ। ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਤੋਂ ਕੰਮ ਖੋਹ ਲਿਆ ਹੈ, ਦਲਿਤ ਬੱਚਿਆਂ ਤੋਂ ਸਿੱਖਿਆ ਖੋਹ ਲਈ ਹੈ ਅਤੇ ਦਲਿਤ ਪਰਿਵਾਰਾਂ ਦੇ ਰਸੋਈ ਦੇ ਚੁੱਲ੍ਹੇ ਬੁਝਾ ਦਿੱਤੇ ਹਨ। ਦਲਿਤਾਂ ਦੇ ਰਸੋਈ ਦੇ ਚੁੱਲ੍ਹੇ ਬੁਝਾਉਣ ਵਾਲੀ ਸਰਕਾਰ ਦਲਿਤਾਂ ਤੋਂ ਵੋਟਾਂ ਮੰਗਣ ਦਾ ਅਧਿਕਾਰ ਗੁਆ ਦਿੰਦੀ ਹੈ। ਇਹ ਸਦਨ ਸਪੱਸ਼ਟ ਤੌਰ 'ਤੇ ਦਰਜ ਕਰਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਲਿਤ ਵਿਰੋਧੀ ਹਨ।

ਭਾਜਪਾ ਦੀ ਕੇਂਦਰੀ ਸਰਕਾਰ ਦੇ ਫੈਸਲੇ ਵਾਰ ਵਾਰ ਸਾਬਤ ਕਰਦੇ ਹਨ ਕਿ ਭਾਜਪਾ ਦਲਿਤਾਂ ਨੂੰ ਨਫ਼ਰਤ ਕਰਦੀ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣਾ ਚਾਹੁੰਦੀ ਹੈ, ਮਨਰੇਗਾ 'ਤੇ ਹਮਲਾ ਕਰਨਾ ਅਸਲ ਵਿੱਚ ਦਲਿਤਾਂ ਦੀ ਇੱਜ਼ਤ ਅਤੇ ਹੋਂਦ 'ਤੇ ਹਮਲਾ ਹੈ।

ਇਹ ਸਦਨ ਇਹ ਵੀ ਕਹਿੰਦਾ ਹੈ ਕਿ ਜੋ ਸਰਕਾਰ ਪਿੰਡਾਂ ਵਿੱਚ ਦਲਿਤਾਂ ਨੂੰ ਕੰਮ ਨਹੀਂ ਦਿੰਦੀ ਉਨ੍ਹਾਂ ਨੂੰ ਸ਼ਹਿਰੀ ਝੁੱਗੀਆਂ-ਝੌਂਪੜੀਆਂ ਵਿੱਚ ਧੱਕਦੀ ਹੈ। ਅੱਜ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਤੋਂ ਵੋਟਾਂ ਮੰਗਣ ਦਾ ਨੈਤਿਕ ਅਧਿਕਾਰ ਖੋਹ ਲਿਆ ਹੈ। ਇੱਕ ਅਜਿਹੀ

ਸਰਕਾਰ ਜਿਸਨੂੰ ਦਲਿਤਾਂ ਦੀ ਰੋਜ਼ੀ-ਰੋਟੀ ਦੀ ਕੋਈ ਪਰਵਾਹ ਨਹੀਂ ਹੈ, ਉਸਦੀ ਦਲਿਤ ਵੋਟਾਂ ਲਈ ਕੋਈ ਨੈਤਿਕ ਮੰਗ ਵੀ ਨਹੀਂ ਹੈ।

ਇਹ ਸਦਨ ਇਹ ਵੀ ਨੋਟ ਕਰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਪੂਰੇ ਮੁੱਦੇ 'ਤੇ ਚੁੱਪੀ ਬਣਾਈ ਰੱਖੀ ਹੈ। ਇਹ ਚੁੱਪੀ ਇਸ ਲਈ ਹੈ ਕਿਉਂਕਿ ਉਹ 2027 ਵਿੱਚ ਭਾਜਪਾ ਨਾਲ ਆਪਣਾ ਗੱਠਜੋੜ ਦੁਬਾਰਾ ਸਥਾਪਤ ਕਰਨ ਦੀ ਉਮੀਦ ਕਰਦੇ ਹਨ, ਭਾਵੇਂ ਦਲਿਤਾਂ ਨੂੰ ਇਸਦੀ ਕੀਮਤ ਚੁਕਾਉਣੀ ਪਵੇ। ਦਲਿਤਾਂ ਵਿਰੁੱਧ ਫੈਸਲਿਆਂ 'ਤੇ ਚੁੱਪ ਰਹਿਣਾ ਵੀ ਇੱਕ ਅਪਰਾਧ ਹੈ।

ਇਸ ਲਈ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਭਾਜਪਾ ਦੀ ਕੇਂਦਰੀ ਸਰਕਾਰ ਤੋਂ ਮੰਗ ਕਰੇ ਕਿ ਮਨਰੇਗਾ ਨੂੰ ਖਤਮ ਕਰਨ ਦੇ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ, ਮਨਰੇਗਾ ਨੂੰ ਪੂਰੀ ਤਰ੍ਹਾਂ ਇਸਦੇ ਅਸਲ ਅਧਿਕਾਰ-ਅਧਾਰਤ ਰੂਪ ਵਿੱਚ ਬਹਾਲ ਕੀਤਾ ਜਾਵੇ ਅਤੇ ਦੇਸ਼ ਭਰ ਦੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਕੰਮ ਅਤੇ ਉਜਰਤ ਦੀ ਗਰੰਟੀ ਯਕੀਨੀ ਬਣਾਈ ਜਾਵੇ। ਪੰਜਾਬ ਵਿਧਾਨ ਸਭਾ ਦਲਿਤਾਂ ਅਤੇ ਗਰੀਬ ਮਜ਼ਦੂਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।"

**ਸ੍ਰੀਮਤੀ ਅਰੁਨਾ ਚੌਧਰੀ** : ਸਪੀਕਰ ਸਾਹਿਬ, ਇੱਕ ਮਿੰਟ ਜੀ।

**ਮਾਣਯੋਗ ਸਪੀਕਰ** : ਬੀਬਾ ਜੀ, ਤੁਹਾਨੂੰ ਵੀ ਬੋਲਣ ਦਾ ਮੌਕਾ ਮਿਲੇਗਾ। ਪਹਿਲਾਂ ਮੰਤਰੀ ਜੀ ਨੂੰ ਬੋਲ ਲੈਣ ਦਿਉ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਇਸ ਦੇ ਨਾਲ ਜੁੜਿਆ ਹੋਇਆ ਇੱਕ ਹੋਰ ਸੀਰੀਅਸ ਮੈਟਰ ਹੈ। ਅਸੀਂ ਜਦੋਂ ਪੂਰੇ ਪੰਜਾਬ ਦੇ ਇਕੱਲੇ ਇਕੱਲੇ ਹਲਕੇ ਦੇ ਵਿੱਚੋਂ ਸਾਡੇ ਦਲਿਤਾਂ ਦੀ ਆਵਾਜ਼ ਲਿਖਤੀ ਰੂਪ ਵਿੱਚ ਪ੍ਰਧਾਨ ਮੰਤਰੀ ਦੇ ਨਾਂ ਤੇ ਇੱਕ ਚਿੱਠੀ ਰਾਹੀਂ ਗੁਹਾਰ ਲੈ ਕੇ ਹਜ਼ਾਰਾਂ ਨਹੀਂ, ਲੱਖਾਂ ਦੀ ਗਿਣਤੀ ਦੇ ਵਿੱਚ ਪਵਿੱਤਰ ਵਿਧਾਨ ਸਭਾ ਵੱਲ ਨੂੰ ਵੱਧਦੇ ਆ ਰਹੇ ਸੀ ਤਾਂ ਮੈਨੂੰ ਬਾਹਰ ਬੜੇ ਜ਼ਿੰਮੇਵਾਰ ਪੱਤਰਕਾਰਾਂ ਨੇ ਇੱਕ ਸਵਾਲ ਪੁੱਛਿਆ। ਸਵਾਲ ਕੀ ਸੀ? ਉਹ ਕਹਿੰਦੇ ਕਿ ਕਾਂਗਰਸ ਪਾਰਟੀ ਦੇ ਆਹਲਾ ਲੀਡਰ ਇੱਕ ਇਲਜ਼ਾਮ ਆਮ ਆਦਮੀ ਦੀ ਪਾਰਟੀ ਦੀ ਸਰਕਾਰ ਦੇ ਉੱਤੇ ਲਗਾ ਰਹੇ ਹਨ ਕਿ ਅੱਜ ਦਾ ਸੈਸ਼ਨ ਬੇਮਾਇਨੇ ਹੈ ਅਤੇ ਪੈਸੇ ਦੀ ਬਰਬਾਦੀ ਹੈ। ਸਰ, ਕਿੰਨੀ ਸ਼ਰਮਨਾਕ ਗੱਲ ਹੈ। ਪੰਜਾਬ ਵਿੱਚ ਬੈਠੇ ਅੱਜ ਜਿਹੜੇ ਵੀ ਲੋਕ ਸੁਣ ਰਹੇ ਹਨ, ਮੈਂ ਕਾਂਗਰਸ ਵਾਲੇ ਪਾਸੇ ਬੈਠੇ ਅੱਜ ਲੀਡਰਾਂ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਪਾਸੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਇੰਨੇ ਸੀਰੀਅਸ ਮੈਟਰ ਨੂੰ ਨੈਸ਼ਨਲ ਲੈਵਲ ਤੇ ਟੇਕ-ਅੱਪ ਕਰ ਰਹੀ ਹੈ ਤਾਂ ਕਿ ਸਾਡੇ ਦਲਿਤਾਂ ਦੇ ਚੁੱਲਿਆਂ ਦੀ ਅੱਗ ਬੁਝ ਨਾ ਜਾਵੇ। ਅਸੀਂ ਇਸ ਦਾ ਵਿਰੋਧ ਕਰਨ ਲਈ ਰੈਜ਼ੋਲਿਊਸ਼ਨ ਲੈ ਕੇ ਆ ਰਹੇ ਹਾਂ ਤੇ ਦੂਸਰੇ ਪਾਸੇ ਕਾਂਗਰਸ ਪਾਰਟੀ ਦੇ ਆਹਲਾ ਲੀਡਰ ਸਾਹਿਬਾਨ ਹਨ, ਜਿਹੜੇ ਅੱਜ ਦੇ ਇਸ ਸਦਨ ਨੂੰ ਪੈਸੇ ਦੀ ਬਰਬਾਦੀ ਦੱਸਦੇ ਹਨ। ਇਹ ਪਹਿਲਾਂ ਇਸ ਗੱਲ ਨੂੰ ਪੂਰੇ ਪੰਜਾਬ ਦੇ ਅੰਦਰ ਅੱਜ ਕਲੀਅਰ ਕਰਨ ਕਿ ਇਹ ਸੈਸ਼ਨ ਦੇ ਹੱਕ ਵਿੱਚ ਹਨ ਜਾਂ ਵਿਰੋਧ ਵਿੱਚ ਹਨ? ਜੇਕਰ ਇਹ ਹੱਕ ਵਿੱਚ ਹਨ ਤਾਂ ਜਿਹੜੇ ਲੀਡਰ ਆਨ-ਰਿਕਾਰਡ ਬਿਆਨ ਦੇ ਕੇ ਆਏ ਹਨ ਕਿ ਇਹ ਪੈਸੇ ਦੀ ਬਰਬਾਦੀ ਹੈ ਉਹ ਅੱਜ ਇਸ ਪਵਿੱਤਰ ਸਦਨ ਤੋਂ ਮੁਆਫੀ ਮੰਗਣ ਤੇ ਜੇਕਰ ਇਹ ਕਹਿੰਦੇ ਹਨ ਕਿ ਇਹ ਪੈਸੇ ਦੀ ਬਰਬਾਦੀ ਹੈ ਤਾਂ ਸ਼ਰੇਆਮ ਇਹ ਕਬੂਲ ਕਰਨ ਕਿ ਅਸੀਂ ਭਾਜਪਾ ਦੀ ਕੇਂਦਰ ਦੀ

ਸਰਕਾਰ ਜੋ ਕਾਲਾ ਕਾਨੂੰਨ ਲੈ ਕੇ ਆਈ ਹੈ ਅਤੇ ਜਿਹੜਾ ਦਲਿਤ ਵਰਗ ਤੇ ਹਮਲਾ ਹੋ ਰਿਹਾ ਹੈ, ਅਸੀਂ ਉਨ੍ਹਾਂ ਨਾਲ ਰਲੇ ਹੋਏ ਹਾਂ। ਇਹ ਗੱਲ ਕਲੀਅਰ ਕਰਨ। ਧੰਨਵਾਦ ਜੀ। (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ** : ਮੈਨੂੰ ਇੱਕ ਅਨਾਊਂਸਮੈਂਟ ਕਰ ਲੈਣ ਦਿਉ। ਫਿਰ ਬੋਲ ਲੈਣਾ। ਅੱਜ ਦੇ ਮਤੇ ਤੇ ਡਿਸਕਸ਼ਨ ਲਈ ਦੋ ਘੰਟੇ ਦਾ ਸਮਾਂ ਰੱਖਿਆ ਗਿਆ ਹੈ, ਉਸ ਦਾ ਪਾਰਟੀ-ਵਾਈਜ਼ ਪ੍ਰਪੋਰਸ਼ਨਲ ਟਾਈਮ ਹੈ, ਜੋ proportionate to the strength of Members ਦੇ ਆਧਾਰ ਤੇ ਵੰਡਿਆ ਗਿਆ ਹੈ। ਸੋ, ਆਮ ਆਦਮੀ ਪਾਰਟੀ ਦੇ 94 ਮੈਂਬਰ ਹਨ, ਉਨ੍ਹਾਂ ਦਾ ਟਾਈਮ ਇੱਕ ਘੰਟਾ 30 ਮਿੰਟ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 18 ਮੈਂਬਰ ਹਨ, ਉਨ੍ਹਾਂ ਦੇ 18 ਮਿੰਟ ਹਨ। ਸ਼੍ਰੋਮਣੀ ਅਕਾਲੀ ਦਲ ਦੇ 3 ਮੈਂਬਰ ਹਨ, 5 ਮਿੰਟ। ਭਾਰਤੀ ਜਨਤਾ ਪਾਰਟੀ ਦੇ 2 ਮੈਂਬਰ ਹਨ, 3 ਮਿੰਟ। ਬਹੁਜਨ ਸਮਾਜ ਪਾਰਟੀ ਦਾ 1 ਮੈਂਬਰ ਹੈ, 2 ਮਿੰਟ। ਇੱਕ ਇੰਡੀਪੈਂਡੈਂਟ ਨੂੰ 2 ਮਿੰਟ। ਹਾਂ ਜੀ, ਸ੍ਰੀਮਤੀ ਅਰੁਨਾ ਚੌਧਰੀ ਜੀ।

**ਸ੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.)** : ਸਰ, ਮੈਂ ਮੰਤਰੀ ਜੀ ਨੂੰ ਇੱਕ ਗੱਲ ਯਾਦ ਕਰਵਾਉਣਾ ਚਾਹੁੰਦੀ ਹਾਂ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਲੋਕਾਂ ਦੇ ਹੱਕ ਦੀ ਗੱਲ ਕਰਦੀ ਹੈ। ਮੈਂ ਦੱਸਣਾ ਚਾਹੁੰਦੀ ਹਾਂ ਕਿ ਖਾਸ ਤੌਰ ਤੇ ਪੇਂਡੂ ਮਜ਼ਦੂਰਾਂ ਵਾਸਤੇ ਜਿਹੜੀ ਇਹ ਸਕੀਮ ਸ਼ੁਰੂ ਕੀਤੀ ਸੀ, ਇਹ ਕਾਂਗਰਸ ਪਾਰਟੀ ਨੇ ਹੀ ਸ਼ੁਰੂ ਕੀਤੀ ਸੀ, ਡਾਕਟਰ ਮਨਮੋਹਨ ਸਿੰਘ ਜੀ ਨੇ ਸ਼ੁਰੂ ਕੀਤੀ ਸੀ, ਇਹ ਉਨ੍ਹਾਂ ਦਾ ਸੁਪਨਾ ਸੀ। ਦੂਜੀ ਗੱਲ ਇਹ ਹੈ ਕਿ ਮੰਤਰੀ ਜੀ ਨੂੰ ਸ਼ਾਇਦ ਕਲੈਰੀਫਿਕੇਸ਼ਨ ਨਹੀਂ ਹੈ ਕਿ ਇਹ ਸਕੀਮ ਖਾਲੀ ਦਲਿਤਾਂ ਵਾਸਤੇ ਨਹੀਂ ਸੀ ਸਗੋਂ ਇਹ ਸਾਰੇ ਗਰੀਬਾਂ ਵਾਸਤੇ ਸੀ। ਤੁਹਾਡਾ ਬੇਸ ਠੀਕ ਨਹੀਂ ਹੈ। ਇਹ ਪੇਂਡੂ ਮਜ਼ਦੂਰੀ ਦੀ ਓਪਨ ਸਕੀਮ ਸੀ, ਇਸ ਵਿੱਚ ਐਸ.ਸੀ., ਨਾਨ-ਐਸ.ਸੀ., ਔਰਤਾਂ ਅਤੇ ਕਿਸੇ ਵੀ ਤਬਕੇ ਦਾ ਆਦਮੀ ਜਿਹੜਾ ਕੰਮ ਕਰਨਾ ਚਾਹੁੰਦਾ ਹੈ, ਉਹ ਕੰਮ ਕਰ ਸਕਦਾ ਹੈ। ਧੰਨਵਾਦ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ। (ਵਿਘਨ) (ਸ਼ੋਰ) ਚਲੋ, ਬਾਜਵਾ ਜੀ ਨੂੰ ਗੱਲ ਕਰ ਲੈਣ ਦਿਉ।

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਸਰ, ਮੰਤਰੀ ਸਾਹਿਬ ਨੇ ਗੱਲ ਰੱਖੀ ਹੈ। ਸਰਦਾਰ ਸੁਖਪਾਲ ਸਿੰਘ ਖਹਿਰਾ ਨੇ ਵੀ ਜ਼ਿਕਰ ਕੀਤਾ ਹੈ ਕਿ ਤੁਹਾਡੇ ਕਿੰਨੇ ਹੀ ਸੈਸ਼ਨ ਹੋਏ ਹਨ, ਬਲਕਿ 9-10 ਸਪੈਸ਼ਲ ਸੈਸ਼ਨ ਹੋਏ ਹਨ। ਸਪੈਸ਼ਲ ਉਸ ਨੂੰ ਕਿਹਾ ਜਾਂਦਾ ਹੈ ਜਿਸ ਵਿੱਚੋਂ ਕੁਝ ਨਿਕਲੇ, ਜਿਸ ਵਿੱਚੋਂ ਨਿਕਲਣਾ ਹੀ ਕੁਝ ਨਹੀਂ, ਉਸ ਨੂੰ ਕੀ ਸਪੈਸ਼ਲ ਸੈਸ਼ਨ ਕਹੀਏ?

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਫਿਰ ਬਾਈਕਾਟ ਕਰ ਦਿਉ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਬਾਈਕਾਟ ਕਿਉਂ ਕਰੀਏ? (ਸ਼ੋਰ) ਇਹ ਸਾਡੀ ਹੀ ਪਾਲਿਸੀ ਹੈ ਤੇ ਅਸੀਂ ਹੀ ਬਾਈਕਾਟ ਕਰੀਏ? (ਵਿਘਨ) ਅਸੀਂ ਕਿਹੜੀ ਗੱਲੋਂ ਬਾਈਕਾਟ ਕਰੀਏ? (ਸ਼ੋਰ)

**ਮਾਣਯੋਗ ਸਪੀਕਰ**: ਮੈਂ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਆਪਣੀ ਵਾਰੀ ਤੇ ਹੀ ਬੋਲਣ ਅਤੇ ਚੇਅਰ ਨੂੰ ਹੀ ਐਡਰੈਸ ਕੀਤਾ ਜਾਵੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਮੰਤਰੀ ਸਾਹਿਬ ਇਹ ਕਹਿਣ ਦੀ ਬਜਾਏ ਕਿ ਸਾਨੂੰ ਸਪੋਰਟ ਕਰੋ, ਇਹ ਸਾਨੂੰ ਬਾਈਕਾਟ ਕਰਨ ਨੂੰ ਕਹਿੰਦੇ ਹਨ। (ਸ਼ੋਰ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਨਹੀਂ, ਤੁਸੀਂ ਕਿਹਾ ਹੈ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਮੇਰੀ ਬੇਨਤੀ ਸੁਣੋ ਜੀ।

**ਮਾਣਯੋਗ ਸਪੀਕਰ**: ਹਾਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਕਾਦੀਆਂ)**: ਸਰ, ਜਿਹੜੀ ਅਸੀਂ ਗੱਲ ਕਹਿ ਰਹੇ ਹਾਂ, ਸਾਡਾ ਕਹਿਣਾ ਹੈ ਕਿ ਕਿਰਪਾ ਕਰਕੇ ਇੱਥੇ ਕੁਝ ਨਹੀਂ ਬਣਨਾ ਹੈ, ਤੁਸੀਂ ਸਿੱਧਾ ਦਿੱਲੀ ਜਾਉ, ਪ੍ਰਧਾਨ ਮੰਤਰੀ ਮੋਦੀ ਦੇ ਘਰ ਜਾਂ ਦਫ਼ਤਰ ਦੇ ਬਾਹਰ ਧਰਨਾ ਦਿਉ, ਅਸੀਂ ਤੁਹਾਡਾ ਸਾਥ ਦਿਆਂਗੇ। (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਮੈਂਬਰਜ਼ ਵੱਲੋਂ ਥੰਪਿੰਗ) ਤੁਸੀਂ ਇੱਥੇ ਐਵੇਂ ਹੀ ਕਾਗਜ਼ੀਂ ਪੱਤਰੀਂ ਗੱਲਾਂ ਕਰਦੇ ਰਹਿੰਦੇ ਹੋ। ਆਪਰੇਸ਼ਨ ਲੋਟਸ, ਏ, ਬੀ, ਸੀ, ਡੀ, ਤੇ ਹੁਣ ਇਹ ਦਸਵਾਂ ਸੈਸ਼ਨ ਹੈ। ਇਸ ਦੇ ਵਿੱਚੋਂ ਵੀ ਜ਼ੀਰੋ ਹੀ ਨਿਕਲਣਾ ਹੈ। ਇਹ ਨਿਰਾ ਲੋਕਾਂ ਦਾ ਟਾਈਮ ਬਰਬਾਦ ਕਰਨਾ ਹੈ, ਪੰਜਾਬ ਦੇ ਲੋਕਾਂ ਦਾ ਬੇਵਕੂਫ ਬਣਾਉਣਾ ਹੈ। ਆਪਾਂ ਇਹ ਇੱਕ ਤੌਰ ਤਰੀਕਾ ਸਿੱਖ ਲਿਆ ਹੈ। ਕਰਨਾ-ਕੱਢਣਾ ਕੁਝ ਵੀ ਨਹੀਂ ਹੈ। ਚਲੋ, ਇਸ ਤੋਂ ਬੀ.ਜੇ.ਪੀ. ਭੱਜ ਗਈ ਹੈ। ਤੁਸੀਂ ਬਜਟ ਦੀ ਪ੍ਰੋਵੀਜ਼ਨ ਕਰੋ। ਸੌਂਦ ਸਾਹਿਬ, ਤੁਸੀਂ ਕਿਹਾ ਸੀ ਕਿ ਅਸੀਂ ਇਸ ਸਾਲ 2000 ਕਰੋੜ ਰੁਪਿਆ ਖਰਚਣਾ ਹੈ। ਕੀ ਚੀਮਾ ਸਾਹਿਬ ਇਸ ਲਈ 800 ਕਰੋੜ ਰੁਪਏ ਦੇ ਬਜਟ ਦੀ ਪ੍ਰੋਵੀਜ਼ਨ ਕਰਨਗੇ? ਜੇਕਰ ਕੁਝ ਕਰਨਾ ਹੈ ਤਾਂ ਆਉ ਵੇਖੀਏ। ਕਰਨਾ ਕੁਰਨਾ ਕੁਝ ਹੈ ਨਹੀਂ, ਨਿਰਾ ਝੂਠ ਹੀ ਬੋਲਣਾ ਹੈ। ਇਸ ਅਸੈਂਬਲੀ ਨੂੰ ਵੀ ਇੱਕ ਸਟੇਜ ਵਾਂਗ ਹੀ ਇਸਤੇਮਾਲ ਕਰ ਰਹੇ ਹੋ। ਸੋ, ਸਾਡਾ ਕਹਿਣ ਦਾ ਮਕਸਦ ਹੈ ਕਿ ਇਹ ਕਾਨੂੰਨ ਹੀ ਅਸੀਂ ਲੈ ਕੇ ਆਏ ਹਾਂ, ਰਾਈਟ ਹੀ ਅਸੀਂ ਦਿੱਤਾ ਹੈ। ਸਿਰਫ Right to Work ਹੀ ਨਹੀਂ ਦਿੱਤਾ, Right to Information ਦਿੱਤਾ ਹੈ, Right to Food ਦਿੱਤਾ ਹੈ, Right to Education ਦਿੱਤਾ ਹੈ। ਇਹ ਕੋਈ ਪਹਿਲੀ ਚੀਜ਼ ਨਹੀਂ ਹੈ। ਮੈਨੂੰ ਅਫਸੋਸ ਹੈ ਕਿ ਇਨ੍ਹਾਂ ਦੇ ਪ੍ਰਧਾਨ ਜੀ ਨੇ ਇੱਕ ਇੰਨੇ solemn occasion ਤੇ ਵੀ ਕੋਸ਼ਿਸ਼ ਕੀਤੀ ਕਿ ਇੱਕ ਮੈਂਬਰ ਨੂੰ ਪੁੱਛਿਆ ਕਿ ਦੱਸੋ ਕਿ ਇਹ ਨਾਂ ਕਿਸ ਨੇ ਰੱਖਿਆ ਸੀ। ਮੈਂ ਉਸ ਮੈਂਬਰ ਨੂੰ ਇਸ ਗੱਲ ਦੀ ਦਾਦ ਦੇਣੀ ਚਾਹੁੰਦਾ ਹਾਂ ਕਿ he is a better politician ਤੇ ਉਹ ਇਨ੍ਹਾਂ ਦੀ ਚਾਲ ਵਿੱਚ ਨਹੀਂ ਫਸੇ। (ਵਿਘਨ) (ਸ਼ੋਰ) ਕੋਈ ਮਕਸਦ ਨਹੀਂ, ਕੋਈ ਮੌਕਾ ਨਹੀਂ ਛੱਡਦੇ ਹਨ, ਕੋਈ ਸੀਰੀਅਸਨੈੱਸ ਆਫ occasion ਨਹੀਂ ਦੇਖਦੇ ਹਨ। ਇਸ ਤੇ ਡਿਸਕਸ਼ਨ ਸ਼ੁਰੂ ਕਰੋ, ਅਸੀਂ ਬਹਿਸ ਕਰਦੇ ਹਾਂ।

**ਮਾਣਯੋਗ ਸਪੀਕਰ**: ਚਲੋ ਠੀਕ ਹੈ ਜੀ, ਬੈਠੋ, ਧੰਨਵਾਦ ਜੀ, ਬੈਠੋ ਜੀ। ਪ੍ਰਧਾਨ ਜੀ ਖੜ੍ਹੇ ਹਨ।

(ਇਸ ਸਮੇਂ ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਸ੍ਰੀ ਅਮਨ ਅਰੋੜਾ, ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਆਪਸ ਵਿੱਚ ਬਹਿਸ ਕਰ ਰਹੇ ਸਨ।)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਇਸ ਤਰ੍ਹਾਂ ਹੈ ਕਿ ਜਿਹੜੀ ਗੱਲ ਮੈਂ ਕਹੀ, ਉਹ ਇਕੱਲੇ ਮੈਂ ਹੀ ਨਹੀਂ, ਉਹ ਇੱਥੇ ਸਾਰਿਆਂ ਨੇ ਨੋਟਿਸ ਕੀਤੀ ਤੇ ਸ਼ਾਇਦ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੇ ਵੀ ਨੋਟਿਸ ਕੀਤੀ ਹੋਈ ਹੈ। ਮੈਂ ਲੋਕਾਂ ਦੀਆਂ ਭਾਵਨਾਵਾਂ ਮੁਤਾਬਿਕ ਕਹਿ ਰਿਹਾ ਸੀ ਕਿ ਜੋ ਲੋਕਾਂ ਦੀ ਇੱਛਾ ਹੈ, ਜੋ ਉਹ ਜਾਣਨਾ ਚਾਹੁੰਦੇ ਹਨ ਉਸ ਵਿੱਚ ਧਰਮ ਦੇ ਕੰਮ ਵਿੱਚ, ਰੱਬ ਦੇ, ਸੱਚੇ ਪਾਤਸ਼ਾਹ ਦੇ ਕੰਮ ਵਿੱਚ ਆਪਾਂ ਰਾਜਨੀਤੀ ਕਰੀ ਜਾ ਰਹੇ ਹਾਂ ਅਤੇ ਨਾਮ ਦਾ ਓਹਲਾ ਰੱਖੀ ਜਾਂਦੇ ਹਾਂ। ਮੈਂ ਕਿਹਾ ਨਾਮ ਦੱਸ ਦਿਓ। ਉਹ ਕਹਿੰਦੇ ਕਿ ਮੈਂ ਨਹੀਂ ਦੱਸਣਾ ਹੈ। ਮੈਂ ਕਿਹਾ ਕੋਈ ਗੱਲ ਨਹੀਂ ਲਿਹਾਜ਼ ਹੋਵੇਗਾ, ਮੈਂ ਤਾਂ ਇਸ ਤੋਂ ਵੱਧ ਕੁਝ ਕਿਹਾ ਹੀ ਨਹੀਂ ਹੈ। ਤੁਹਾਨੂੰ ਕਾਹਦੀ ਤਕਲੀਫ ਹੈ, ਦੱਸੋ।

**ਮਾਣਯੋਗ ਸਪੀਕਰ**: ਠੀਕ ਹੈ। ਥੈਂਕਿਊ, ਬੈਠੋ ਜੀ ਬੈਠੋ। ਮੰਤਰੀ ਜੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਸਰ, ਬੇਨਤੀ ਹੈ ਕਿ ਦੋ ਗੱਲਾਂ ਹਨ। ਇੱਕ ਤਾਂ ਕਹਾਵਤ ਹੈ ਕਿ ਮੇਰੇ ਯਾਰ ਨੂੰ ਮੰਦਾ ਨਾ ਬੋਲੀਂ, ਮੇਰੀ ਭਾਵੇਂ ਜਿੰਦ ਕੱਢ ਲੈ। (ਹਾਸਾ) ਇਹ ਕਹਿੰਦੇ ਹਨ ਕਿ ਭਾਜਪਾ ਨੂੰ ਗਲਤ ਨਾ ਬੋਲੋ, ਸਾਡੀ ਭਾਵੇਂ ਜਿੰਦ ਕੱਢ ਲੋ (ਥੰਪਿੰਗ)। ਦੂਜਾ, ਹੁਣ ਤਾਂ ਸਰ ਬਿੱਲੀ ਥੈਲਿਓਂ ਹੀ ਬਾਹਰ ਆ ਗਈ। ਸਰ, ਤੁਸੀਂ ਦੇਖੋ ਕਿ ਸ਼ਰੇਆਮ ਇਸ ਸਦਨ ਵਿੱਚ ਖੜ੍ਹ ਕੇ ਇਹ ਭਾਜਪਾ ਦੀਆਂ ਗੱਲਾਂ ਦੀ ਤਾਈਦ ਕਰਨ ਲੱਗੇ ਹੋਏ ਹਨ। ਇਸ ਤੋਂ ਵੱਡੀ ਗੱਲ ਕੀ ਹੋ ਸਕਦੀ ਹੈ? ਇਸ ਦੇ ਨਾਲ ਹੀ ਮੈਂ ਮਾਣਯੋਗ ਲੀਡਰ ਆਫ ਦਿ ਆਪੋਜ਼ੀਸਨ ਸਾਹਿਬ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ 31 ਮਾਰਚ ਤੱਕ ਮੈਂ ਇਸ ਸਦਨ ਵਿੱਚ ਤੁਹਾਡੇ ਨਾਲ ਇਹ ਵਾਅਦਾ ਕਰਕੇ ਜਾਂਦਾ ਹਾਂ ਕਿ ਅੱਜ ਤੱਕ ਹਿਸਟਰੀ ਵਿੱਚ ਇੰਨੀ ਮਗਨਰੇਗਾ ਦਾ ਯੂਜ਼ ਕਦੇ ਪੰਜਾਬ ਵਿੱਚ ਨਹੀਂ ਹੋਇਆ ਹੋਵੇਗਾ ਜਿੰਨਾ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਇਸ ਸਾਲ ਵਿੱਚ ਤੁਹਾਨੂੰ ਮਗਨਰੇਗਾ ਦਾ ਯੂਜ਼ ਕਰਕੇ ਦਿਖਾਏਗੀ। (ਥੰਪਿੰਗ) ਠੀਕ ਹੈ, ਫਿਰ ਮਨਜ਼ੂਰ ਹੈ? ਦੱਸੋ? (ਵਿਘਨ, ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ੍ਰੀ ਸੁਖਵਿੰਦਰ ਸਿੰਘ ਕੋਟਲੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਤੁਸੀਂ ਚੇਅਰ ਨੂੰ ਐਡਰੈੱਸ ਕਰੋ, ਮੰਤਰੀ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ)**: ਹਿੰਦੁਸਤਾਨ ਵਿੱਚ ਜੇ ਕਿਸੇ ਦੇ ਲੋਐਸਟ ਵਰਕਿੰਗ ਡੇਅਜ਼ ਹਨ ਤਾਂ ਉਹ ਪੰਜਾਬ ਦੇ ਹਨ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : ਬਜਟ ਦੇ ਸੈਸ਼ਨ ਵਿੱਚ ਆਨ ਰਿਕਾਰਡ ਆਵੇਗਾ। (ਵਿਘਨ, ਸ਼ੋਰ) ਜਿਹੜੇ 3100 ਪਲੇਅ ਗਰਾਊਂਡ ਬਣ ਰਹੇ ਹਨ, ਉਹ ਕੌਣ ਬਣਵਾ ਰਿਹਾ ਹੈ? ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦੀ ਸਰਕਾਰ ਬਣਾ ਰਹੀ ਹੈ, ਆਮ ਆਦਮੀ ਪਾਰਟੀ ਦੀ ਸਰਕਾਰ ਬਣਾ ਰਹੀ ਹੈ। ਅਸੀਂ ਤੁਹਾਡੇ ਵਾਂਗ ਇਕੱਲੀਆਂ ਗੱਲਾਂ ਨਹੀਂ ਕਰਦੇ ਹਾਂ। ਤੁਸੀਂ ਕਮਾਲ ਦੀ ਗੱਲ ਕਰਦੇ ਹੋ, ਤੁਸੀਂ ਇਹ ਗੱਲ ਬੋਲ ਕੇ ਦੱਸੋ ਕਿ ਸਰਦਾਰ ਪਰਗਟ ਸਿੰਘ ਜੀ ਬਾਹਰ ਕਹਿ ਕੇ ਆਏ ਹਨ ਜਾਂ ਨਹੀਂ ਕਿ ਇਹ ਸੈਸ਼ਨ ਸਿੱਧਾ ਦਲਿਤਾਂ ਦੀ ਰੋਜ਼ੀ ਰੋਟੀ ਤੇ ਲੱਤ ਹੈ ਤੇ ਇਹ ਸੈਸ਼ਨ ਪੈਸੇ ਦੀ ਬਰਬਾਦੀ ਹੈ। ਜੇ ਅਸੀਂ ਸੈਸ਼ਨ ਸੱਦੀਏ ਤਾਂ ਤੁਸੀਂ ਕਹਿੰਦੇ ਹੋ ਕਿ ਸੈਸ਼ਨ ਕਿਉਂ ਸੱਦਦੇ ਹੋ। ਜੇ ਸੈਸ਼ਨ ਨਾ ਸੱਦੀਏ ਤਾਂ ਕਹਿੰਦੇ ਹੋ ਕਿ ਸੈਸ਼ਨ ਕਿਉਂ ਨਹੀਂ ਸੱਦਦੇ। ਦੂਸਰੀ ਤਕਲੀਫ, ਤੁਸੀਂ ਇਹ ਗੱਲ ਕਲੀਅਰ ਕਿਉਂ ਨਹੀਂ ਕਰਦੇ ਹੋ ਕਿ ਅੱਜ ਤੁਸੀਂ ਸਾਡੇ ਨਾਲ ਹੋ ਜਾਂ ਤੁਸੀਂ ਸਾਡੇ ਵਿਰੋਧੀ ਹੋ। ਇਹ ਕਲੀਅਰ ਕਰੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ):** ਅਸੀਂ ਤੁਹਾਡੇ ਨਾਲ ਕਿਸ ਤਰ੍ਹਾਂ ਹੋ ਸਕਦੇ ਹਾਂ?

**ਮਾਣਯੋਗ ਸਪੀਕਰ**: ਠੀਕ ਹੈ ਮੰਤਰੀ ਜੀ, ਬੈਠੋ, ਬੈਠੋ, ਬੈਠੋ। (ਵਿਘਨ, ਸ਼ੋਰ) ਬੈਠੋ ਜੀ, ਆਪਾਂ ਡਿਸਕਸ਼ਨ ਨੂੰ ਅੱਗੇ ਲੈ ਕੇ ਚਲੀਏ। (ਗੇਵਲ ਮਾਰਦੇ ਹੋਏ) ਬੈਠੋ ਜੀ ਬੈਠੋ, ਮੰਤਰੀ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਜਿਹੜਾ ਇਹ ਰੈਜ਼ੋਲਿਊਸ਼ਨ ਆ ਰਿਹਾ ਹੈ ਫਿਰ ਅੱਜ ਇਸ ਦੇ ਪੱਖ ਵਿਚ ਨਾ ਬੋਲਿਓ, ਇਸ ਦੇ ਵਿਰੋਧ ਵਿੱਚ ਹੀ ਬੋਲਿਓ।

**ਸਰਦਾਰ ਪਰਗਟ ਸਿੰਘ ਪੋਆਰ (ਜਲੰਧਰ ਛਾਉਣੀ)** : ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਪਹਿਲਾਂ ਤਾਂ ਜਿਵੇਂ ਮੰਤਰੀ ਸਾਹਿਬ ਨੇ ਮੇਰਾ ਨਾਂ ਹੀ ਲਿਆ ਹੈ, ਮੈਂ ਬਾਹਰ ਇਹ ਜ਼ਰੂਰ ਕਿਹਾ ਹੈ ਕਿ ਅਸੀਂ ਮਗਨਰੇਗਾ ਨੂੰ ਤਾਂ ਜ਼ਰੂਰ ਡਿਸਕਸ ਕਰੀਏ ਕਿਉਂਕਿ ਇਹ ਤਾਂ ਦੇਣ ਹੀ ਕਾਂਗਰਸ ਪਾਰਟੀ ਦੀ ਹੈ, ਇਸ ਵਿੱਚ ਤੁਹਾਡਾ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਕੁਝ ਨਹੀਂ ਹੈ। ਮੈਂ ਤੁਹਾਨੂੰ ਤੁਹਾਡੇ ਦਿਨ ਵੀ ਦੱਸ ਦਿੰਦਾ ਹਾਂ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਤੁਹਾਡੇ ਰਾਹੁਲ ਗਾਂਧੀ ਜੀ ਨੇ ਕਾਗਜ਼ ਪਾੜ ਕੇ ਡਾਕਟਰ ਮਨਮੋਹਨ ਸਿੰਘ ਜੀ ਦੇ ਅੱਗੇ ਸੁੱਟ ਦਿੱਤੇ ਸੀ।

(**ਇੱਕ ਆਵਾਜ਼**: ਉਹ ਮਗਨਰੇਗਾ ਨਹੀਂ ਸੀ, ਤੁਹਾਨੂੰ ਜਾਣਕਾਰੀ ਹੀ ਨਹੀਂ ਹੈ, ਉਹ ਲੈਂਡ ਐਕੁਜ਼ੀਸ਼ਨ ਐਕਟ ਸੀ।)

**ਸਰਦਾਰ ਪਰਗਟ ਸਿੰਘ ਪੋਆਰ:** ਬੈਠ ਜਾਓ, ਮੰਤਰੀ ਜੀ, ਹੁਣ ਬੈਠ ਜਾਓ। ਸਪੀਕਰ ਸਾਹਿਬ, ਆਪਾਂ ਬੇਸੀਕਲੀ ਇਹ ਡਿਸਕਸ਼ਨ ਕਰਨ ਆਏ ਹਾਂ ਕਿ ਇਹ ਮਗਨਰੇਗਾ ਸਕੀਮ ਨੂੰ ਬੀ.ਜੇ.ਪੀ. ਦੀ ਸਰਕਾਰ ਅਬੋਲਿਸ਼ ਕਰਨ ਜਾ ਰਹੀ ਹੈ। ਉਸ ਦੇ ਫੈਕਟਸ ਆਪਣੇ ਸਾਰਿਆਂ ਕੋਲ ਹਨ ਕਿਉਂਕਿ ਇਹ ਪਹਿਲਾਂ 100% ਸੈਂਟਰਲੀ ਸਪਾਂਸਰਡ ਸਕੀਮ ਸੀ ਲੇਕਿਨ ਹੁਣ 60:40 ਦੀ ਰੇਸ਼ੋ ਨਾਲ ਇਨ੍ਹਾਂ ਨੇ ਸੂਬਿਆਂ ਦਾ ਗਲਾ ਘੋਟਿਆ ਹੈ, ਜਿਸ ਨਾਲ 30 ਤੋਂ 50 ਹਜ਼ਾਰ ਕਰੋੜ ਰੁਪਏ ਸੂਬਿਆਂ ਨੂੰ ਕੋਲੋਂ ਦੇਣਾ ਪਵੇਗਾ। ਜਿਸ ਸਬੰਧੀ ਮੈਨੂੰ ਲੱਗਦਾ ਹੈ ਕਿ ਸੂਬੇ ਇਸ ਪੁਜ਼ੀਸ਼ਨ ਵਿੱਚ ਨਹੀਂ ਹਨ ਲੇਕਿਨ 12 ਕਰੋੜ ਮਜ਼ਦੂਰ ਇਸ ਨਾਲ ਇਫੈਕਟ ਹੋਣਗੇ। ਇਸ ਸਕੀਮ ਦੀਆਂ ਕੁਝ ਚੰਗੀਆਂ ਚੀਜ਼ਾਂ ਹਨ ਕਿਉਂਕਿ ਇਹ 100 ਦਿਨ ਦੀ ਸਕੀਮ ਸੀ ਲੇਕਿਨ ਨੈਸ਼ਨਲ ਲੈਵਲ ਉੱਤੇ ਇਹ ਸਿਰਫ 50 ਦਿਨ ਹੀ ਅਚੀਵ ਹੋ ਸਕਿਆ ਅਤੇ

ਇਸ ਵਿੱਚ ਕੁਝ ਸਟੇਟਾਂ ਨੇ 70-75 ਦਿਨ ਅਚੀਵ ਕੀਤੇ ਹਨ। ਲੇਕਿਨ ਪੰਜਾਬ ਨੇ ਪਿਛਲੇ ਤਿੰਨ ਸਾਲਾਂ ਵਿੱਚ 38 ਦਿਨ ਅਚੀਵ ਕੀਤੇ ਹਨ ਅਤੇ ਇਸ ਸਾਲ ਦਸੰਬਰ ਤੱਕ 26 ਦਿਨ ਅਚੀਵ ਕੀਤੇ ਹਨ। ਮੈਂ ਇਹ ਨਹੀਂ ਕਹਿੰਦਾ ਕਿ ਕਿਸ ਸਰਕਾਰ ਨੇ ਕੀ ਕੀਤਾ, ਕਿਸ ਸਰਕਾਰ ਨੇ ਕੀ ਕੀਤਾ ਕਿਉਂਕਿ ਇਹ 20 ਸਾਲਾਂ ਦੀ ਸਕੀਮ ਸੀ, ਜਿਸ ਵਿੱਚ 12 ਕਰੋੜ ਮਗਨਰੇਗਾ ਮਜ਼ਦੂਰਾਂ ਦੀ ਰੋਜ਼ੀ-ਰੋਟੀ ਦੀ ਗੱਲ ਸੀ। ਮੈਂ ਦੱਸਣਾ ਚਾਹੁੰਦਾ ਹਾਂ ਕਿ ਖਾਸ ਕਰਕੇ ਜਦੋਂ ਕੋਵਿਡ ਵਰਗੀ ਮਹਾਂਮਾਰੀ ਹੋਈ ਹੈ ਤਾਂ ਉਸ ਸਮੇਂ 7 ਕਰੋੜ ਮਜ਼ਦੂਰ ਆਪਣੇ ਪਿੰਡਾਂ ਵਿੱਚ ਵਾਪਸ ਚਲੇ ਗਏ ਸੀ ਅਤੇ ਉਹ ਸ਼ਹਿਰਾਂ ਵਿੱਚ ਨਹੀਂ ਆਏ। ਇਸ ਪਿੱਛੇ ਡਾਕਟਰ ਮਨਮੋਹਨ ਸਿੰਘ ਜੀ ਦੀ ਮਾਨਸਿਕਤਾ ਇਹ ਸੀ ਕਿ ਹਰ ਵਰਗ ਨੂੰ ਕਿਤੇ ਨਾ ਕਿਤੇ ਬੈਨੀਫਿਟ ਦਿੱਤਾ ਜਾਵੇ ਅਤੇ ਹਰ ਵਰਗ ਨੂੰ ਉਸ ਸਕੀਮ ਅਧੀਨ ਲਿਆਂਦਾ ਜਾਵੇ ਤਾਂ ਕਿ ਹਰ ਵਰਗ ਨੂੰ ਲਾਭ ਪ੍ਰਾਪਤ ਹੋ ਸਕੇ। ਚਾਹੇ ਰਾਈਟ ਟੂ ਐਜੂਕੇਸ਼ਨ ਐਕਟ ਹੈ, ਚਾਹੇ ਰਾਈਟ ਟੂ ਫੂਡ ਐਕਟ ਹੈ, ਚਾਹੇ ਫੇਅਰ ਕੰਪਨਸੇਸ਼ਨ ਆਫ ਲੈਂਡ ਐਕੂਜ਼ੀਸ਼ਨ ਐਕਟ ਹੈ, ਚਾਹੇ ਮਗਨਰੇਗਾ ਹੈ, ਆਪਾਂ ਉਸ ਦੀ spirit ਦੀ ਗੱਲ ਕਰੀਏ, ਜਦ ਕਿ ਆਪਾਂ ਉਸ ਦੇ ਲਫਜ਼ਾਂ ਦੀ ਗੱਲ ਕਰਨ ਲੱਗ ਜਾਂਦੇ ਹਾਂ ਕਿ ਫਲਾਣੇ ਨੇ ਇਵੇਂ ਕਹਿ ਦਿੱਤਾ, ਫਲਾਣੇ ਨੇ ਇਵੇਂ ਕਹਿ ਦਿੱਤਾ। ਅਸਲੀਅਤ ਇਹ ਹੈ ਅਤੇ ਮੈਂ ਬਾਹਰ ਵੀ ਇਹ ਗੱਲ ਕਹੀ ਸੀ ਕਿ ਸਾਨੂੰ ਸਪੈਸ਼ਲ ਸੈਸ਼ਨ ਸੱਦਣ ਦੀ ਜ਼ਰੂਰਤ ਨਹੀਂ ਹੈ, ਸਾਨੂੰ ਰੈਗੂਲਰ ਸੈਸ਼ਨ ਸੱਦਣ ਦੀ ਜ਼ਰੂਰਤ ਹੈ। ਸਪੈਸ਼ਲ ਸੈਸ਼ਨ ਦੇ ਨਾਮ ਤੇ ਜ਼ੀਰੋ ਆਵਰ ਵੀ ਖਾ ਲਿਆ ਜਾਂਦਾ ਹੈ ਅਤੇ ਕੁਐਸਚਨ ਆਵਰ ਵੀ ਨਹੀਂ ਹੋਣ ਦਿੱਤਾ ਜਾਂਦਾ। ਪਹਿਲਾਂ ਤਾਂ ਇਹ ਕਹਿੰਦੇ ਹਨ ਕਿ ਜਿਸ ਨੇ ਜੋ ਬੋਲਣਾ ਹੋਵੇ, ਉਸ ਲਈ ਖੁੱਲ੍ਹਾ ਟਾਈਮ ਦੇਵਾਂਗੇ ਤੇ ਮੁੜ ਕੇ ਸਪੀਕਰ ਸਾਹਿਬ ਕਹਿ ਦਿੰਦੇ ਹਨ ਕਿ ਤੁਹਾਡੇ ਇੰਨੇ ਮਿੰਟ ਹਨ ਅਤੇ ਤੁਹਾਡੇ ਇੰਨੇ ਮਿੰਟ ਹਨ। ਸਪੀਕਰ ਸਾਹਿਬ, ਥੋੜ੍ਹਾ ਜਿਹਾ ਸਮਾਂ ਦੇ ਦਿਆ ਕਰੋ, ਹੋਰ ਆਪਾਂ ਇੱਥੇ ਕਰਨਾ ਕੀ ਹੈ? ਕਿਉਂਕਿ ਮੈਂ ਪਿਛਲੇ ਵਿਧਾਨ ਸਭਾ ਸੈਸ਼ਨ ਦੌਰਾਨ ਅਨੰਦਪੁਰ ਸਾਹਿਬ ਵਿਖੇ ਵੀ ਕਿਹਾ ਸੀ ਕਿ ਸਾਡੇ ਪਾਰਲੀਮੈਂਟ ਵਿੱਚ ਪੰਜ ਬਿਲ ਆ ਰਹੇ ਹਨ ਔਰ ਉਸ ਵਿੱਚ ਖਾਸ ਕਰਕੇ ਐਜੂਕੇਸ਼ਨ ਦਾ ਬਿਲ ਹੈ, ਉਹ ਸਾਲ 2020 ਵਿੱਚ ਵੀ ਆਪੋਜ਼ ਨਹੀਂ ਕੀਤਾ। ਹੁਣ ਹਾਇਰ ਐਜੂਕੇਸ਼ਨ ਦਾ ਵੀ ਬੇਸੀਕਲੀ ਉਨ੍ਹਾਂ ਨੇ ਨਾਮ ਰੱਖਿਆ ਹੈ, ਇਹ ਹਰ ਚੀਜ਼ ਨੂੰ ਵਿਕਸਤ ਭਾਰਤ ਬੀ.ਜੇ.ਪੀ. ਕਰਨਾ ਚਾਹੁੰਦੀ ਹੈ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਨੂੰ ਇਵੇਂ ਲੱਗਦਾ ਹੈ ਕਿ ਸਾਲ 2014 ਤੋਂ ਪਹਿਲਾਂ ਸ਼ਾਇਦ ਸਾਡਾ ਦੇਸ਼ ਬਣਿਆ ਹੀ ਨਹੀਂ ਸੀ, ਇਹ ਇਨ੍ਹਾਂ ਦੀ ਮਾਨਸਿਕਤਾ ਹੈ। ਇਹ ਸਾਰਾ ਕੁਝ ਕਾਰਪੋਰੇਟ ਸੈਕਟਰ ਦੇ ਪ੍ਰੈਸ਼ਰ ਹੇਠ ਹੋ ਰਿਹਾ ਹੈ, ਜੇ ਆਪਾਂ spirit ਨੂੰ ਸਮਝ ਲਈਏ ਕਿ ਅੱਜ ਦੇਸ਼ ਚਲਾ ਕੌਣ ਰਿਹਾ ਹੈ? ਕਾਰਪੋਰੇਟ ਸੈਕਟਰ ਚਲਾ ਰਿਹਾ ਹੈ। ਉਨ੍ਹਾਂ ਨੂੰ ਲੱਗਿਆ ਕਿ ਸਾਨੂੰ ਚੀਪ ਲੇਬਰ ਚਾਹੀਦੀ ਹੈ ਔਰ ਇਸ ਵਿੱਚ ਈਵਨ ਪੰਜਾਬ ਨਾਲ ਹੋਰ ਵੀ ਵਿਤਕਰਾ ਹੈ। ਸਾਡੇ ਦਿਹਾੜੀ 346/- ਰੁਪਏ ਹੈ ਜਦ ਕਿ ਹਰਿਆਣਾ ਵਿੱਚ ਉਹੀ ਦਿਹਾੜੀ 400/- ਰੁਪਏ ਹੈ। ਸੋ, ਸਾਨੂੰ ਇਨ੍ਹਾਂ ਚੀਜ਼ਾਂ ਤੇ ਗੌਰ ਕਰਨਾ ਚਾਹੀਦਾ ਹੈ। ਇਹ ਠੀਕ ਹੈ ਕਿ ਆਪਾਂ ਇੱਥੇ ਰੈਜ਼ੋਲਿਊਸ਼ਨ ਪਾ ਲਵਾਂਗੇ ਲੇਕਿਨ ਮੰਤਰੀ ਸਾਹਿਬ ਆਪਾਂ ਦਿੱਲੀ ਵੱਲ ਨੂੰ ਮੂੰਹ ਕਰੀਏ। ਸਾਨੂੰ ਪਤਾ ਹੈ ਕਿ ਕੌਣ ਬੀ.ਜੇ.ਪੀ. ਦੀ ਬੀ ਅਤੇ ਏ ਟੀਮ ਹੈ। ਇਹ ਲੋਕਾਂ ਨੂੰ ਵੀ ਪਤਾ ਹੈ। ਆਪਾਂ ਜੇ ਇੱਥੇ ਇੱਕ ਦੂਸਰੇ ਤੇ ਗੱਲ ਉਛਾਲਾਂਗੇ ਤਾਂ ਸਾਰਿਆਂ ਨੂੰ ਗੱਲ ਸਮਝ ਆਉਂਦੀ ਹੈ ਕਿ ਕੌਣ ਬੀ.ਬੀ.ਐਮ.ਬੀ. ਦਾ ਮਤਾ ਪਾ ਕੇ ਅਤੇ ਕਿਸ ਨੇ ਫੋਟੋ ਖਿਚਵਾ ਕੇ ਕੀ ਕੀਤਾ ਅਤੇ ਉਸ ਤੋਂ ਬਾਅਦ ਸੀ.ਆਈ.ਐਸ.ਐਫ. ਵੀ ਲੱਗ ਗਈ ਲੇਕਿਨ ਅਸੀਂ ਉਸ ਦੀ ਲੜਾਈ ਕਿਤੇ ਲੜ ਨਹੀਂ ਸਕੇ। ਮੈਨੂੰ ਲੱਗਦਾ ਹੈ ਕਿ ਤੁਸੀਂ ਸਾਨੂੰ ਇੱਥੇ ਬੋਲਣ ਨਹੀਂ ਦਿੰਦੇ, ਉਹ ਬੀ.ਜੇ.ਪੀ. ਵਾਲੇ ਦਿੱਲੀ ਨਹੀਂ ਬੋਲਣ ਦਿੰਦੇ। ਸੋ, ਗੱਲ ਉੱਥੇ ਦੀ ਉੱਥੇ ਹੀ ਹੈ, ਆਪਣਾ ਪੰਜਾਬ ਦਾ ਨੁਕਸਾਨ ਹੋ ਰਿਹਾ ਹੈ, ਸਟੇਟਾਂ ਦਾ ਨੁਕਸਾਨ ਹੋ ਰਿਹਾ ਹੈ। ਮੈਨੂੰ ਲੱਗਦਾ ਹੈ ਕਿ ਆਪਾਂ ਨੂੰ ਲੜਾਈ ਲੀਗਲ ਤੌਰ ਤੇ ਵੀ ਅੱਗੇ ਲੈ ਕੇ ਜਾਣੀ ਚਾਹੀਦੀ ਹੈ। ਮੈਨੂੰ ਲੱਗਦਾ ਹੈ ਕਿ ਆਪਾਂ ਸਾਰਿਆਂ ਨੂੰ ਇਕੱਠੇ ਹੋ ਕੇ, ਸਾਡੇ ਭਾਵੇਂ ਸਾਰੇ ਮੈਂਬਰ ਪਾਰਲੀਮੈਂਟ ਔਰ ਸਾਰੇ 117 ਐਮ.ਐਲ.ਏ. ਹਨ, ਆਓ ਚੱਲੀਏ ਤਾਂ ਸਹੀ, ਅੱਗੇ ਨੂੰ ਮੂੰਹ ਤਾਂ ਕਰੀਏ। ਫਿਰ

ਆਪਾਂ ਦੇਖਦੇ ਹਾਂ ਕਿ ਤੁਹਾਡੇ ਨਾਲ ਕਿਹੜਾ ਨਹੀਂ ਚੱਲਦਾ। ਚਲੋ ਤਾਂ ਸਹੀ, ਸਰਕਾਰ ਕਿਤੇ ਨਾ ਕਿਤੇ ਖੜ੍ਹੀ ਤਾਂ ਹੋਵੇ। ਮੈਂ ਪਿਛਲੀ ਵਾਰ ਵੀ ਕਿਹਾ ਸੀ ਕਿ ਮਾੜੀ ਮੋਟੀ ਲੱਤ ਲਗਾਇਆ ਕਰੋ, ਤੁਸੀਂ ਇੱਥੇ ਰੈਜ਼ੋਲਿਊਸ਼ਨ ਲਿਆ ਕੇ, ਇੱਥੇ ਬੋਲ ਕੇ, ਇੱਥੇ ਕੰਮ ਮੁਕਾ ਦਿੰਦੇ ਹੋ। ਅੱਜ ਆਪਾਂ ਜਿਹੜੀ spirit ਦੀ ਗੱਲ ਕਰਦੇ ਹਾਂ, ਜਿਸ spirit ਤੇ ਖੜ੍ਹੇ ਹੋਏ ਹਾਂ, ਜਿਹੜੀ ਸਾਹਿਬਜ਼ਾਦਿਆਂ ਦੀ ਸ਼ਹਾਦਤ ਹੈ, ਉਸ spirit ਦੇ ਪਿੱਛੇ ਇਨਸਾਨੀਅਤ ਦੀ ਗੱਲ ਹੋਈ ਹੈ। ਅੱਜ ਅਸੀਂ ਹੌਲੀ ਹੌਲੀ ਛੋਟੇ ਛੋਟੇ ਧੜਿਆਂ ਵਿੱਚ, ਗਰੁੱਪਾਂ ਵਿੱਚ, ਕਾਸਟਾਂ ਵਿੱਚ, ਸਬ-ਕਾਸਟਾਂ ਵਿੱਚ, ਇਸ ਦੇਸ਼ ਨੂੰ ਵੰਡ ਦਿੱਤਾ, ਇਸ ਪੰਜਾਬ ਨੂੰ ਵੀ ਵੰਡ ਦਿੱਤਾ ਹਾਲਾਂਕਿ ਪੰਜਾਬ ਦੀ ਉਹ spirit ਖਤਮ ਨਹੀਂ ਹੋਈ ਲੇਕਿਨ ਅਸਲੀ ਗੱਲ ਹੈ ਕਿ ਆਪਣੇ ਸਾਰਿਆਂ ਦੇ ਕਿਰਦਾਰ ਖਤਮ ਹੋਏ ਹਨ, ਅੱਜ ਜੋ ਸਾਡਾ ਸਮਾਜ ਝੱਲ ਰਿਹਾ ਹੈ, ਉਹ ਸਾਡੇ ਲੀਡਰਾਂ ਦਾ ਵੀ ਕਿਤੇ ਨਾ ਕਿਤੇ ਆਇਨਾ ਹੈ, ਕਿਰਦਾਰ ਹੈ, ਲੋਕਾਂ ਨੂੰ ਸਾਰਾ ਪਤਾ ਹੈ। ਆਪਾਂ ਕਈ ਵਾਰੀ ਇੱਥੇ ਬੈਠ ਕੇ ਆਪਣੀ ਪਿੱਠ ਥਪ-ਥਪਾਈ ਜਾਂਦੇ ਹਾਂ, ਅਸੀਂ ਵੀ ਥਪ-ਥਪਾਈ ਜਾਂਦੇ ਹਾਂ, ਤੁਸੀਂ ਵੀ ਥਪ-ਥਪਾਈ ਜਾਂਦੇ ਹੋ। ਮੈਨੂੰ ਲੱਗਦਾ ਹੈ ਕਿ ਬੀਤੇ ਸਮੇਂ ਤੋਂ ਸਿੱਖਣ ਦੀ ਜ਼ਰੂਰਤ ਹੈ ਔਰ ਆਉਣ ਵਾਲੇ ਸਮੇਂ ਨੂੰ ਵਿਜ਼ੁਲਾਈਜ਼ ਕਰਨ ਦੀ ਲੋੜ ਹੈ ਕਿਉਂਕਿ ਸਮਾਂ ਨਿਕਲ ਜਾਣਾ ਹੈ।

**ਮਾਣਯੋਗ ਸਪੀਕਰ:** ਕਨਕਲੂਡ ਕਰ ਲਵੋ ਜੀ।

**ਸਰਦਾਰ ਪਰਗਟ ਸਿੰਘ ਪੋਆਰ:** ਸਰ, ਪਹਿਲਾਂ ਵੀ ਸਮੇਂ ਨਿਕਲ ਗਏ। ਉੱਥੇ ਬਹੁਤ ਚੀਫ ਮਨਿਸਟਰ ਬੈਠੇ ਹੁੰਦੇ ਸੀ, ਜਿਹੜੇ ਬਹੁਤ ਕੁਝ ਕਹਿੰਦੇ ਹੁੰਦੇ ਸੀ। ਮਹੀਨੇ ਛੇ ਰਹਿ ਗਏ ਹਨ ਅਤੇ ਆਪਾਂ ਕੁਝ ਨਾ ਕੁਝ ਠੀਕ ਪਾਸੇ ਨੂੰ ਤੋਰ ਲਈਏ। ਇਕੱਲੇ ਇਸ਼ਤਿਹਾਰਾਂ ਨਾਲ, ਇਕੱਲੇ ਸਿਸਟਮ ਨਾਲ ਮੈਨੂੰ ਨਹੀਂ ਲੱਗਦਾ ਕਿ ਆਪਣੇ ਕੋਲੋਂ ਲੜਿਆ ਜਾਣਾ ਹੈ। ਸਾਨੂੰ ਸਭ ਨੂੰ ਇਕੱਠੇ ਹੋ ਕੇ ਉਸ ਸਪਿਰਿਟ ਦੀ ਗੱਲ ਕਰਨੀ ਚਾਹੀਦੀ ਹੈ ਕਿਉਂਕਿ ਉਹ ਸਪਿਰਿਟ ਸਾਡੇ ਗੁਰੂਆਂ ਵਿੱਚ ਸੀ, ਉਨ੍ਹਾਂ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਵਿੱਚ ਸੀ ਅਤੇ ਉਸ ਤੋਂ ਬਾਅਦ ਹੌਲੀ ਹੌਲੀ ਕਮਜ਼ੋਰ ਹੁੰਦੀ ਗਈ। ਖੈਬਰ ਦੱਰੇ ਤੋਂ ਲੈ ਕੇ ਲਾਹੌਲ ਸਪਿਤੀ ਤੱਕ ਪੰਜਾਬ ਹੁੰਦਾ ਸੀ। ਉਸ ਤੋਂ ਬਾਅਦ ਸਾਲ 1947 ਵਿੱਚ ਛੋਟਾ ਹੋਇਆ। ਉਸ ਤੋਂ ਬਾਅਦ 1966 ਵਿੱਚ ਛੋਟਾ ਹੋਇਆ। ਹੁਣ ਫਿਰ ਚੰਡੀਗੜ੍ਹ ਦੀ ਰਾਜਧਾਨੀ ਦੀ ਗੱਲ ਚੱਲ ਪਈ ਜਿਸ ਤੇ ਕਿਸੇ ਦਾ ਵੀ ਅਧਿਕਾਰ ਨਹੀਂ ਹੈ। ਲੇਕਿਨ ਸਮੇਂ ਸਮੇਂ ਤੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਇਸ ਨੂੰ ਛੋਟਾ ਕੀਤਾ। ਕੋਈ ਇਹ ਨਾ ਕਹਿਓ ਕਿ ਮੈਂ ਕਿਸੇ ਪਾਰਟੀ ਕੋਲੋਂ ਜਾਂ ਕਿਸੇ ਸਰਕਾਰ ਦੀ ਗੱਲ ਕਰਦਾ ਹਾਂ। ਇਹ ਸਪਿਰਿਟ ਨੂੰ ਸਮਝਣ ਦੀ ਗੱਲ ਹੈ। ਡੀਪ ਸਟੇਟ ਨੂੰ ਸਮਝਣ ਦੀ ਗੱਲ ਹੈ ਤਾਂ ਜਾ ਕੇ ਆਪਾਂ ਕਿਤੇ ਖੜ੍ਹੇ ਹੋ ਸਕਾਂਗੇ, ਨਹੀਂ ਤਾਂ ਆਉਣ ਵਾਲਾ ਸਮਾਂ ਸਾਡੇ ਲਈ ਵੀ ਖਰਾਬ ਹੋਵੇਗਾ। ਜੋ ਅਸੀਂ ਪੁਰਾਣੀਆਂ ਸਰਕਾਰਾਂ ਦੀਆਂ ਗੱਲਾਂ ਕਰਦੇ ਹਾਂ ਕਿ ਪੁਰਾਣਿਆਂ ਨੇ ਇਹ ਕੀਤਾ ਜਾਂ ਪੁਰਾਣਿਆਂ ਨੇ ਉਹ ਕੀਤਾ, ਇਸ ਸਰਕਾਰ ਦਾ ਵੀ ਚਾਰ ਸਾਲਾਂ ਦਾ ਹਿਸਾਬ-ਕਿਤਾਬ ਜਾਂ ਪੰਜ ਸਾਲਾਂ ਦਾ ਹਿਸਾਬ-ਕਿਤਾਬ ਜਦੋਂ ਲੋਕਾਂ ਦੇ ਸਾਹਮਣੇ ਜਾਣਾ ਹੈ ਤਾਂ ਫਿਰ ਸਾਰਿਆਂ ਨੂੰ ਗੱਲ ਸਮਝ ਆ ਜਾਣੀ ਹੈ। ਮੈਨੂੰ ਲੱਗਦਾ ਹੈ ਕਿ ਆਪਾਂ ਉਸ ਤਰ੍ਹਾਂ ਦੀ ਸਪਿਰਿਟ ਵਿੱਚ ਗੱਲ ਨਾ ਕਰੀਏ। ਇੱਕ ਦੂਜੇ ਨੂੰ ਤੰਜ ਕੱਸ ਲਈਏ ਕਿ ਕੌਣ ਕਿਸ ਦੀ ਬੀ ਟੀਮ ਹੈ। ਪ੍ਰਧਾਨ ਸਾਹਿਬ, ਚਲੋ ਇਕੱਠੇ ਹੋ ਕੇ ਦਿੱਲੀ ਵੱਲ ਨੂੰ ਚੱਲੀਏ। ਉੱਥੇ ਜਾ ਕੇ ਆਪਾਂ ਧਰਨਾ ਲਾਈਏ। ਜੇਕਰ ਅਸੀਂ ਮੂਹਰੇ ਹੀ ਨਾ ਹੋਵਾਂਗੇ ਤਾਂ ਫਿਰ ਕਿਵੇਂ ਹੋਵੇਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਧੰਨਵਾਦ ਜੀ।

———

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਮੈਨੂੰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਜਿਨ੍ਹਾਂ ਲੋਕਾਂ ਲਈ ਅੱਜ ਇਹ ਸਪੈਸ਼ਲ ਸਦਨ ਸੱਦਿਆ ਗਿਆ ਹੈ, ਸਾਡੇ ਮਜ਼ਦੂਰ, ਜਿਨ੍ਹਾਂ ਦੇ ਘਰਾਂ ਦਾ ਚੁੱਲ੍ਹਾ ਮਨਰੇਗਾ ਦੇ ਰਾਹੀਂ ਤਪਦਾ ਸੀ, ਅੱਜ ਉਹ ਇਸ ਪਵਿੱਤਰ ਸਦਨ ਨੂੰ ਦੇਖਣ ਲਈ ਆਏ ਹਨ ਅਤੇ ਵਿਜ਼ਿਟਰ ਗੈਲਰੀ ਵਿੱਚ ਬਿਰਾਜਮਾਨ ਹਨ। ਆਓ, ਸਾਰੇ ਖੜ੍ਹੇ ਹੋ ਕੇ ਉਨ੍ਹਾਂ ਦਾ ਇਸਤਕਬਾਲ ਕਰੀਏ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਵੱਲੋਂ ਸਦਨ ਦੀ ਕਾਰਵਾਈ ਦੇਖਣ ਪਹੁੰਚੇ ਮਜ਼ਦੂਰਾਂ ਦਾ ਇਸਤਕਬਾਲ ਕੀਤਾ ਗਿਆ।)

ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਵੀ ਮਾਣ ਮਹਿਸੂਸ ਹੋ ਰਿਹਾ ਹੈ ਕਿ ਸ੍ਰੀ ਜਗਰੂਪ ਬਰਾੜ, ਮਾਣਯੋਗ ਮਾਈਨਿੰਗ ਮਨਿਸਟਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ, ਸਦਨ ਦੀ ਕਾਰਵਾਈ ਦੇਖਣ ਲਈ ਸਾਡੇ ਕੋਲ ਵਿਜ਼ੀਟਰ ਬਾਕਸ ਵਿੱਚ ਮੌਜੂਦ ਹਨ। ਆਓ, ਅਸੀਂ ਉਨ੍ਹਾਂ ਦਾ ਨਿੱਘਾ ਸਵਾਗਤ ਕਰੀਏ (ਥੰਪਿੰਗ)।

---

## OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005 *(RESUMPTION)*

**ਸਰਦਾਰ ਕੁਲਦੀਪ ਸਿੰਘ ਧਾਲੀਵਾਲ (ਅਜਨਾਲਾ)**: ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਬਹੁਤ ਹੀ ਅਹਿਮ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਇਸ ਮਤੇ ਰਾਹੀਂ ਕੇਂਦਰ ਸਰਕਾਰ ਵੱਲੋਂ, ਬੀ.ਜੇ.ਪੀ. ਦੀ ਸਰਕਾਰ ਵੱਲੋਂ ਦੇਸ਼ ਦੇ ਕਰੋੜਾਂ ਮਜ਼ਦੂਰਾਂ ਦੇ ਮੂੰਹ ਤੋਂ ਰੋਟੀ ਖੋਹਣ ਦਾ ਯਤਨ ਕੀਤਾ ਜਾ ਰਿਹਾ ਹੈ। ਸਾਡੀ ਸਰਕਾਰ, ਪੰਜਾਬ ਦੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਦੇ ਅਸੀਂ ਸਾਰੇ ਹੀ ਮੈਂਬਰ, ਕੇਂਦਰ ਸਰਕਾਰ ਵੱਲੋਂ ਲੋਕ ਸਭਾ ਵਿੱਚ ਲਿਆਂਦੇ ਇਸ ਮਨਰੇਗਾ ਵਿਰੋਧੀ ਮਤੇ ਦਾ ਡੱਟ ਕੇ ਵਿਰੋਧ ਕਰਦੇ ਹਾਂ। ਵਿਧਾਨ ਸਭਾ ਦੇ ਅੰਦਰ ਵੀ ਵਿਰੋਧ ਕਰਦੇ ਹਾਂ। ਅਸੀਂ ਲੋੜ ਪੈਣ ਤੇ ਆਪਣੇ ਪੰਜਾਬ ਦੇ ਮਜ਼ਦੂਰਾਂ ਲਈ, ਪੰਜਾਬ ਦੇ ਉਨ੍ਹਾਂ ਮਿਹਨਤਕਸ਼ ਲੋਕਾਂ ਲਈ, ਜਿਨ੍ਹਾਂ ਦੀ ਮਿਹਨਤ ਸਦਕਾ ਅੱਜ ਪੰਜਾਬ ਅਤੇ ਦੇਸ਼ ਆਪਣੇ ਪੈਰਾਂ ਤੇ ਖੜ੍ਹਾ ਹੈ, ਉਨ੍ਹਾਂ ਦੇ ਲਈ ਖੜ੍ਹੇ ਹਾਂ। ਇਹ ਇਕੱਲੇ ਕੋਈ ਦਲਿਤ ਭਾਈਚਾਰੇ ਦਾ ਇਸ਼ੂ ਨਹੀਂ ਹੈ, ਇਹ ਗਰੀਬਾਂ ਦਾ ਇਸ਼ੂ ਹੈ। ਸਾਡੇ ਪਿੰਡਾਂ ਵਿੱਚ ਬਹੁਤ ਸਾਰੇ ਗਰੀਬ ਕਿਸਾਨ ਵੀ ਮਨਰੇਗਾ ਵਿੱਚ ਕੰਮ ਕਰਦੇ ਹਨ, ਸਾਡੇ ਗਰੀਬ ਮਜ਼ਦੂਰ ਪਿੰਡਾਂ ਵਿੱਚ ਕੰਮ ਕਰਦੇ ਹਨ। ਉਨ੍ਹਾਂ ਨੂੰ 100 ਦਿਨ ਦਾ ਕੰਮ ਮਿਲਦਾ ਸੀ। ਬੀ.ਜੇ.ਪੀ. ਦੀ ਸਰਕਾਰ ਨੇ ਜਿਹੜਾ ਮਤਾ ਲਿਆਂਦਾ ਹੈ, ਇਹ ਗਰੀਬ ਮਜ਼ਦੂਰਾਂ ਅਤੇ ਕਿਸਾਨਾਂ ਦੇ ਵਿਰੁੱਧ ਹੈ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਬੀ.ਜੇ.ਪੀ. ਦੀ ਸਰਕਾਰ ਨੇ ਪਹਿਲਾਂ ਇਸ ਦੇਸ਼ ਦੇ ਅੰਨਦਾਤਾ ਕਿਸਾਨਾਂ ਦੇ ਵਿਰੁੱਧ ਜਿਹੜੇ ਕਾਲੇ ਕਾਨੂੰਨ ਲਿਆਂਦੇ ਅਤੇ ਕਿਸਾਨਾਂ ਨੇ ਬਹੁਤ ਲੰਬੀ ਜੱਦੋ-ਜਹਿਦ ਨਾਲ ਕਾਲੇ ਕਾਨੂੰਨ ਵਾਪਸ ਕਰਵਾਏ। ਹੁਣ ਬੀ.ਜੇ.ਪੀ. ਮਜ਼ਦੂਰਾਂ ਦੇ ਵਿਰੁੱਧ ਜਿਹੜਾ ਕਾਲਾ ਕਾਨੂੰਨ ਲੈ ਕੇ ਆਈ ਹੈ, ਸਾਡਾ ਸਮਾਜ ਜਿਨ੍ਹਾਂ ਕਰਕੇ ਉਸਰ ਰਿਹਾ ਹੈ, ਜਿਹੜੇ ਕੰਮ ਕਰਦੇ ਹਨ, ਜੇਕਰ ਉਨ੍ਹਾਂ ਦਾ ਹੀ ਗਲਾ ਘੁੱਟਿਆ ਗਿਆ ਤਾਂ ਸਾਡਾ ਕੀ ਭਵਿੱਖ ਹੋਵੇਗਾ, ਸਾਡੇ ਲੋਕ ਕੀ ਕਰਨਗੇ? ਕੇਂਦਰ ਸਰਕਾਰ ਜਿਹੜਾ "ਬੇਟੀ ਬਚਾਓ ਅਤੇ ਬੇਟੀ ਪੜ੍ਹਾਓ" ਦਾ

ਨਾਅਰਾ ਲਗਾਉਂਦੀ ਹੈ, ਉਨ੍ਹਾਂ ਨੂੰ ਪਤਾ ਹੈ ਕਿ ਮਨਰੇਗਾ ਵਿੱਚ ਸਭ ਤੋਂ ਜ਼ਿਆਦਾ ਸਾਡੀਆਂ ਗਰੀਬ ਔਰਤਾਂ ਕੰਮ ਕਰਦੀਆਂ ਹਨ। ਪਿੰਡਾਂ ਵਿੱਚ ਗਰੀਬ ਲੋਕਾਂ ਦੀ ਰੋਜ਼ੀ-ਰੋਟੀ ਦਾ ਇਹ ਬੜਾ ਵੱਡਾ ਮਸਲਾ ਹੈ।

*1.05 ਵਜੇ ਬਾਅਦ ਦੁਪਹਿਰ) (ਇਸ *ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਸਰਦਾਰ ਕੁਲਦੀਪ ਸਿੰਘ ਧਾਲੀਵਾਲ**: ਜੇ ਗਰੀਬ ਔਰਤ ਕੋਲੋਂ ਉਸ ਦਾ ਰੁਜ਼ਗਾਰ ਖੋਹ ਲਿਆ ਤਾਂ ਉਹ ਆਪਣੇ ਬੱਚਿਆਂ ਨੂੰ ਕਿਸ ਤਰ੍ਹਾਂ ਪੜ੍ਹਾਏਗੀ? ਇਹ ਕੋਈ ਨਹੀਂ ਦੱਸਦਾ ਕਿ ਉਸ ਦਾ ਭਵਿੱਖ ਕੀ ਹੈ? ਸਰ, ਇਹ ਕਹਿੰਦੇ ਹਨ ਕਿ ਦੋ ਮਹੀਨੇ ਕੋਈ ਕੰਮ ਨਹੀਂ ਮਿਲੇਗਾ। ਜਿਹੜਾ ਬਿਜਾਈ ਤੇ ਵਢਾਈ ਦਾ ਸੀਜ਼ਨ ਹੋਵੇਗਾ, ਜੇਕਰ ਉਸ ਨੂੰ ਦੋ ਮਹੀਨੇ ਕੰਮ ਨਹੀਂ ਮਿਲੇਗਾ ਤਾਂ ਦਸ ਸਾਲ ਦੀ ਬੀ.ਜੇ.ਪੀ. ਸਰਕਾਰ, ਸੈਂਟਰ ਸਰਕਾਰ ਦੱਸ ਸਕਦੀ ਹੈ ਕਿ ਦੋ ਮਹੀਨੇ ਗਰੀਬ ਮਜ਼ਦੂਰ ਨੇ ਰੋਟੀ ਕਿੱਥੋਂ ਖਾਣੀ ਹੈ? ਉਸ ਕੋਲ ਹੋਰ ਕਿਹੜਾ ਸਾਧਨ ਹੈ ਕਿ ਉਹ ਦੋ ਮਹੀਨੇ ਰੋਟੀ ਕਿੱਥੋਂ ਖਾਵੇਗਾ? ਇਹ ਸੂਬਿਆਂ ਉੱਤੇ ਵਾਧੂ ਵਿੱਤੀ ਭਾਰ ਪਾਇਆ ਜਾ ਰਿਹਾ ਹੈ। ਸੂਬਿਆਂ ਦਾ ਸਾਰਾ ਜੀ.ਐਸ.ਟੀ. ਅਤੇ ਟੈਕਸ ਕੇਂਦਰ ਸਰਕਾਰ ਲੈ ਜਾਂਦੀ ਹੈ। ਸੂਬਿਆਂ ਕੋਲ ਹੋਰ ਕਿਹੜੇ ਸਾਧਨ ਹਨ, ਜਿਨ੍ਹਾਂ ਨਾਲ ਉਹ ਗਰੀਬ ਮਜ਼ਦੂਰਾਂ ਨੂੰ ਕੋਈ ਰੁਜ਼ਗਾਰ ਦੇ ਸਕੇਗੀ? ਮੈਂ ਸਮਝਦਾ ਹਾਂ ਕਿ ਜਿਹੜਾ ਅੱਜ ਦਾ ਸੈਸ਼ਨ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ, ਸਾਡੇ ਮੁੱਖ ਮੰਤਰੀ ਸਾਹਿਬ ਨੇ ਔਰ ਤੁਸੀਂ ਜਿਹੜਾ ਸੈਸ਼ਨ ਸੱਦਿਆ ਹੈ, ਇਹ ਗਰੀਬਾਂ ਅਤੇ ਮਜ਼ਦੂਰਾਂ ਦੇ ਹੱਕ ਵਾਲਾ ਹੈ। ਜਿਵੇਂ ਤੁਸੀਂ ਕਿਹਾ ਹੈ ਕਿ ਅੱਜ ਮਨਰੇਗਾ ਦੇ ਗਰੀਬ ਮਜ਼ਦੂਰ ਵੀ ਆਏ ਹਨ, ਇਹ ਉਨ੍ਹਾਂ ਦੀ ਆਵਾਜ਼ ਬੁਲੰਦ ਕਰਨ ਦਾ ਇਸ਼ੂ ਹੈ। ਸਰ, ਸਰਦਾਰ ਪਰਗਟ ਸਿੰਘ ਪੋਆਰ ਜੀ ਬੋਲ ਰਹੇ ਸਨ, ਅਸੀਂ ਭੱਜਦੇ ਨਹੀਂ ਹਾਂ, ਅਸੀਂ ਇਨ੍ਹਾਂ ਦੇ ਨਾਲ ਖੜ੍ਹੇ ਹਾਂ। ਅਸੀਂ ਅਸਲੀ ਲੋਕਾਂ ਦੇ ਨੁਮਾਇੰਦੇ ਹਾਂ। ਅਸੀਂ ਆਮ ਘਰਾਂ ਦੇ, ਆਮ ਲੋਕਾਂ ਦੇ ਚੁਣ ਕੇ ਆਏ ਹੋਏ ਨੁਮਾਇੰਦੇ ਹਾਂ, ਅਸੀਂ ਆਮ ਲੋਕਾਂ ਲਈ, ਗਰੀਬ ਮਜ਼ਦੂਰਾਂ ਲਈ ਲੜਾਈ ਪਹਿਲਾਂ ਵੀ ਲੜੀ ਹੈ ਅਤੇ ਹੁਣ ਵੀ ਲੜਾਂਗੇ। ਅਸੀਂ ਅੰਦਰ ਵੀ ਲੜਾਂਗੇ, ਅਸੀਂ ਬਾਹਰ ਵੀ ਲੜਾਂਗੇ। ਸਰਦਾਰ ਪਰਗਟ ਸਿੰਘ ਜੀ, ਜੇਕਰ ਸਾਨੂੰ ਪ੍ਰਧਾਨ ਮੰਤਰੀ ਦੇ ਬੂਹੇ ਤੱਕ ਵੀ ਜਾਣਾ ਪਿਆ, ਜੇਕਰ ਸਾਨੂੰ ਰਾਸ਼ਟਰਪਤੀ ਦੇ ਬੂਹੇ ਤੱਕ ਵੀ ਜਾਣਾ ਪਿਆ ਤਾਂ ਜਾਵਾਂਗੇ। ਸਾਨੂੰ ਜੇਲ੍ਹਾਂ ਵਿੱਚ ਜਾਣਾ ਪਿਆ ਤਾਂ ਅਸੀਂ ਜੇਲ੍ਹਾਂ ਵਿੱਚ ਵੀ ਜਾਵਾਂਗੇ। ਗਰੀਬ ਲੋਕਾਂ ਦੀ ਰੱਖਿਆ ਕਰਨਾ ਸਾਡਾ ਫਰਜ਼ ਹੈ, ਲੋਕਾਂ ਨੇ ਸਾਨੂੰ ਵੋਟਾਂ ਪਾਈਆਂ ਹਨ। ਜਿਹੜੀ ਇਹ ਸੰਸਥਾ ਅਤੇ ਪਵਿੱਤਰ ਸਦਨ ਹੈ, ਇਸ ਦੇ ਅੰਦਰ ਲੋਕਾਂ ਦੇ ਮੁੱਦੇ ਵਿਚਾਰਨੇ, ਲੋਕਾਂ ਦੇ ਮੁੱਦਿਆਂ ਉੱਤੇ ਆਵਾਜ਼ ਬੁਲੰਦ ਕਰਨ ਲਈ ਇਹ ਸੈਸ਼ਨ ਕੀਤਾ ਜਾ ਰਿਹਾ ਹੈ। ਮੈਂ ਅੱਜ ਇਸ ਸਰਕਾਰੀ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ ਔਰ ਜਿਹੜਾ ਇਹ ਮਨਰੇਗਾ ਦਾ ਕਾਨੂੰਨ ਲੋਕ ਸਭਾ ਵਿੱਚ ਲਿਆਂਦਾ ਗਿਆ ਹੈ, ਮੈਂ ਇਸ ਦੀ ਨਿੰਦਾ ਕਰਦਾ ਹਾਂ। ਇਹ ਮਜ਼ਦੂਰ ਵਿਰੋਧੀ ਹੈ, ਇਹ ਗਰੀਬ ਵਿਰੋਧੀ ਹੈ। ਇਸ ਨੂੰ ਵਾਪਸ ਲੈਣਾ ਚਾਹੀਦਾ ਹੈ। ਜੇਕਰ ਇਸ ਬਿਲ ਨੂੰ ਧਿਆਨ ਨਾਲ ਪੜ੍ਹੀਏ ਤਾਂ ਇਹ ਪਤਾ ਲੱਗਦਾ ਹੈ ਕਿ ਬੀ.ਜੇ.ਪੀ. ਸਹਿਜੇ ਸਹਿਜੇ ਮਨਰੇਗਾ ਸਕੀਮ ਨੂੰ ਖਤਮ ਕਰ ਦੇਵੇਗੀ। ਇਹ ਸਹਿਜੇ ਸਹਿਜੇ ਜਿਵੇਂ ਕਿਸਾਨਾਂ ਨੂੰ ਮਾਰਨਾ ਚਾਹੁੰਦੇ ਹਨ, ਉਵੇਂ ਗਰੀਬਾਂ ਅਤੇ ਮਜ਼ਦੂਰਾਂ ਨੂੰ ਮਾਰਨਾ ਚਾਹੁੰਦੀ ਹੈ। ਸੋ, ਗਰੀਬਾਂ ਨੂੰ ਬਚਾਉਣਾ, ਗਰੀਬਾਂ ਲਈ ਲੜਨਾ ਇਸ ਸਦਨ ਦਾ ਫਰਜ਼ ਹੈ। ਅਸੀਂ ਉਹ ਫਰਜ਼ ਨਿਭਾ ਰਹੇ ਹਾਂ। ਅਸੀਂ ਬੀ.ਜੇ.ਪੀ. ਦੀ ਕੇਂਦਰ ਸਰਕਾਰ ਦੀ ਇਸ ਗੱਲੋਂ ਨਿੰਦਾ ਕਰਦੇ ਹਾਂ ਕਿ ਉਨ੍ਹਾਂ ਨੇ ਗਰੀਬ ਦੇ ਮੂੰਹੋਂ ਬੁਰਕੀ ਖੋਹਣ ਦੀ ਕੋਸ਼ਿਸ਼ ਕੀਤੀ ਹੈ। ਜਿਹੜਾ ਰੁਜ਼ਗਾਰ ਹੈ, ਉਹ ਸਾਡਾ ਸਵੈ-ਮਾਣ ਹੈ। ਜਿਹੜੇ ਬੰਦੇ ਕੋਲ ਰੁਜ਼ਗਾਰ ਨਹੀਂ ਹੈ, ਉਸ ਦੀ ਕੀ ਇੱਜ਼ਤ ਹੈ। ਜਿਹੜਾ ਬੰਦਾ ਭੁੱਖਾ-ਤਿਹਾਇਆ ਹੈ, ਜਿਸ ਦੇ ਕੋਲ ਰੋਜ਼ੀ-ਰੋਟੀ ਨਹੀਂ ਹੈ, ਉਹ ਕੀ ਕਰੇਗਾ? ਇਸ ਤਰ੍ਹਾਂ ਸਾਡੇ ਗਰੀਬ ਲੋਕਾਂ ਦਾ ਰੁਜ਼ਗਾਰ ਖੋਹਿਆ ਜਾ ਰਿਹਾ ਹੈ। ਉਹ ਸਵੈ-ਮਾਣ ਦੇ ਨਾਲ ਆਪਣੀ ਜ਼ਿੰਦਗੀ ਕਿੱਥੇ ਜੀਵੇਗਾ? ਸੋ, ਸਰ ਮੈਂ ਇਹ ਸਮਝਦਾ ਹਾਂ ਕਿ ਇਹ ਮਤਾ ਮਜ਼ਦੂਰ ਵਿਰੋਧੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅਸੀਂ

ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਵਿਰੋਧ ਕਰਦੇ ਹਾਂ। ਕਿਸੇ ਨੂੰ ਇਹ ਬਹੁਤਾ ਮਾਣ ਨਾ ਹੋਵੇ ਕਿ ਇਕੱਲਾ ਉਹੀ ਲੜਨਾ ਜਾਣਦੇ ਹਨ, ਅਸੀਂ ਵੀ ਲੜਾਈਆਂ ਵਿੱਚੋਂ ਆਏ ਹਾਂ। ਅਸੀਂ ਲੋਕਾਂ ਦੀਆਂ ਲੜਾਈਆਂ ਲੜ ਕੇ ਇੱਥੋਂ ਤੱਕ ਪਹੁੰਚੇ ਹਾਂ। ਇਸ ਤੋਂ ਅੱਗੇ ਗਰੀਬ ਲੋਕਾਂ ਲਈ, ਗਰੀਬ ਮਜ਼ਦੂਰਾਂ ਲਈ ਵੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ ਜਾਵਾਂਗੇ। ਆਮ ਆਦਮੀ ਪਾਰਟੀ ਪੂਰੇ ਦੇਸ਼ ਵਿੱਚ ਅਰਵਿੰਦ ਕੇਜਰੀਵਾਲ ਜੀ ਦੀ ਅਗਵਾਈ ਹੇਠ ਇਨ੍ਹਾਂ ਮਜ਼ਦੂਰਾਂ ਲਈ ਲੜਾਈ ਲੜੇਗੀ। ਬੀ.ਜੇ.ਪੀ., ਮੋਦੀ ਜੀ ਅਤੇ ਅਮਿਤ ਸ਼ਾਹ ਜੀ ਕਿਸੇ ਵੀ ਤਰ੍ਹਾਂ, ਕਿਸੇ ਵੀ ਢੰਗ ਨਾਲ ਜ਼ੋਰ ਲਗਾ ਲੈਣ, ਅਸੀਂ ਇਹ ਸਕੀਮ ਨੂੰ ਲਾਗੂ ਨਹੀਂ ਹੋਣ ਦਿਆਂਗੇ ਭਾਵੇਂ ਜੋ ਮਰਜ਼ੀ ਹੋ ਜਾਵੇ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਸਕੀਮ ਨੂੰ ਰੱਦ ਕਰਵਾਵਾਂਗੇ। ਜਿਹੜਾ ਅੱਜ ਵਿਧਾਨ ਸਭਾ ਵਿੱਚ ਸਰਕਾਰੀ ਮਤਾ ਆਇਆ ਹੈ, ਮੈਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰਦਾ ਹਾਂ। ਤੁਸੀਂ ਮੈਨੂੰ ਬੋਲਣ ਲਈ ਟਾਈਮ ਦਿੱਤਾ, ਤੁਹਾਡਾ ਬਹੁਤ ਬਹੁਤ ਧੰਨਵਾਦ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ। ਮਾਣਯੋਗ ਮੈਂਬਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.):** ਧੰਨਵਾਦ ਚੇਅਰਮੈਨ ਸਾਹਿਬ, ਤੁਸੀਂ ਮੈਨੂੰ ਇਸ ਬੜੇ ਇੰਪਾਰਟੈਂਟ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ। ਮੈਂ ਇਸ ਦੀ ਹਮਾਇਤ ਵਿੱਚ ਖੜ੍ਹਾ ਹੋਇਆ ਹਾਂ। ਜੋ ਅੱਜ ਦੇਸ਼ ਦੀ ਬੀ.ਜੇ.ਪੀ. ਸਰਕਾਰ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਡਿਪਟੀ ਸਪੀਕਰ ਸਾਹਿਬ, ਤੁਸੀਂ ਇਹ ਕਲੀਅਰ ਕਰੋਗੇ ਕਿ ਇਹ ਕਿਹੜੀ ਪਾਰਟੀ ਦੇ ਹਨ?

**ਮਾਣਯੋਗ ਡਿਪਟੀ ਸਪੀਕਰ:** ਦੱਸ ਦੇਵਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਥੋੜ੍ਹਾ ਇਹ ਤਾਂ ਦੱਸੋ ਕਿਹੜੀ ਪਾਰਟੀ ਵੱਲੋਂ ਸਮਾਂ ਦੇ ਰਹੇ ਹੋ। ਇਹ ਚੇਅਰਮੈਨ ਤੁਹਾਡੀ ਪਾਰਟੀ ਵੱਲੋਂ ਹਨ, ਐਮ.ਐਲ.ਏ. ਅਕਾਲੀ ਦਲ ਵੱਲੋਂ ਹਨ, ਸਾਨੂੰ ਇਹ ਦੱਸੋ ਕਿ ਇਹ ਕਿਹੜੀ ਜਮਾਤ ਵਿੱਚ ਹਨ?

**ਮਾਣਯੋਗ ਡਿਪਟੀ ਸਪੀਕਰ:** ਪਹਿਲਾਂ ਸੁਣ ਤਾਂ ਲਈਏ ਇਹ ਕੀ ਕਹਿੰਦੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਗੱਲ ਤਾਂ ਮਗਰੋਂ ਸੁਣਨੀ ਹੈ, ਪਹਿਲਾਂ ਸਾਨੂੰ ਤੁਸੀਂ ਇਹ ਦੱਸੋ ਕਿ ਇਨ੍ਹਾਂ ਨੂੰ ਕਿਹੜੀ ਪਾਰਟੀ ਦਾ ਟਾਈਮ ਦੇ ਰਹੇ ਹੋ। ਸਾਨੂੰ ਕਿਰਪਾ ਕਰਕੇ ਦੱਸੋ।

**ਮਾਣਯੋਗ ਡਿਪਟੀ ਸਪੀਕਰ:** ਪਾਰਟੀ ਵੀ ਦੱਸ ਦਿੰਦੇ ਹਾਂ, ਦੱਸ ਦਿੰਦੇ ਹਾਂ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਬੈਠੇ-ਬੈਠੇ)**: ਮੇਰਾ ਟਾਈਮ ਇੱਧਰ ਨਾ ਦੇ ਦੇਵੋ। ਮੈਂ ਅਕਾਲੀ ਦਲ ਦਾ ਮੈਂਬਰ ਹਾਂ, ਮੇਰਾ ਟਾਈਮ ਇੱਧਰ ਨਾ ਦੇ ਦੇਣਾ।

**ਸਰਦਾਰ ਪ੍ਰਤਾਪ ਸਿੰਘ ਬਾਜਵਾ :** ਸਾਨੂੰ ਪਾਰਟੀ ਦਾ ਤਾਂ ਪਤਾ ਹੋਵੇ ਕਿ ਕਿਹੜੀ ਪਾਰਟੀ ਦਾ ਸਮਾਂ ਦੇ ਰਹੇ ਹੋ।

**ਮਾਣਯੋਗ ਡਿਪਟੀ ਸਪੀਕਰ:** ਮੈਂ ਦੱਸ ਦਿੰਦਾ ਹਾਂ। (ਵਿਘਨ) (ਸ਼ੋਰ) ਮੈਂ ਦੱਸ ਦਿੰਦਾ ਹਾਂ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਨ ਵਿਰੋਧੀ ਧਿਰ ਦਾ ਟਾਈਮ ਕੱਟ ਕੇ ਉਸ ਗੁੰਮਨਾਮ ਮੈਂਬਰ ਨੂੰ ਟਾਈਮ ਦੇ ਰਹੇ ਹੋ। ਅਜੇ ਸਾਨੂੰ ਇਹ ਹੀ ਨਹੀਂ ਪਤਾ ਕਿ ਉਨ੍ਹਾਂ ਦੀ ਪਾਰਟੀ ਕਿਹੜੀ ਹੈ?

**ਮਾਣਯੋਗ ਡਿਪਟੀ ਸਪੀਕਰ:** ਗੁੰਮਨਾਮ ਮੈਂਬਰ ਨਹੀਂ ਹਨ, ਮੈਂ ਉਨ੍ਹਾਂ ਦਾ ਨਾਮ ਲਿਆ ਹੈ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ, ਇਹ ਵਿਧਾਨ ਸਭਾ ਦੇ ਮੈਂਬਰ ਹਨ। (ਵਿਘਨ) (ਸ਼ੋਰ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਾਨੂੰ ਪਾਰਟੀ ਤਾਂ ਦੱਸੋ ਕਿਹੜੀ ਪਾਰਟੀ ਦੇ ਮੈਂਬਰ ਹਨ? ਇੱਥੇ ਕਲੀਅਰ ਕਰੋ।

**ਮਾਣਯੋਗ ਡਿਪਟੀ ਸਪੀਕਰ:** ਬਾਜਵਾ ਜੀ, ਜਵਾਬ ਲੈ ਲਵੋ। (ਵਿਘਨ) (ਸ਼ੋਰ) ਮੈਂ ਜਵਾਬ ਦੇ ਰਿਹਾ ਹਾਂ। ਤੁਸੀਂ ਪਹਿਲਾਂ ਆਪ ਗੱਲ ਕੀਤੀ ਕਿ ਅੱਜ ਦਾ ਮੁੱਦਾ ਬੜਾ ਗੰਭੀਰ ਹੈ, ਇਸ ਦਾ ਰਾਜਨੀਤੀਕਰਨ ਨਾ ਕਰੀਏ। ਆਪਾਂ ਮਜ਼ਦੂਰਾਂ ਦੀ ਗੱਲ ਕਰ ਰਹੇ ਹਾਂ ਅਤੇ ਤੁਸੀਂ ਮਜ਼ਦੂਰਾਂ ਦੀ ਗੱਲ ਨਹੀਂ ਹੋਣ ਦੇ ਰਹੇ। ਤੁਸੀਂ ਮਜ਼ਦੂਰਾਂ ਦੀ ਗੱਲ ਕਿਉਂ ਨਹੀਂ ਹੋਣ ਦਿੰਦੇ? ਗਰੀਬ ਬੰਦੇ ਦੀ ਗੱਲ ਕਿਉਂ ਨਹੀਂ ਹੋਣ ਦਿੰਦੇ? (ਵਿਘਨ) (ਸ਼ੋਰ) ਜਿਸ ਗਰੀਬ ਦਾ ਚੁੱਲ੍ਹਾ ਹੀ ਮਗਨਰੇਗਾ ਨਾਲ ਚੱਲ ਰਿਹਾ ਹੈ, ਉਸ ਗਰੀਬ ਦੀ ਉਹ ਗੱਲ ਕਰਨਾ ਚਾਹੁੰਦੇ ਹਨ, ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਪੰਜਾਬ ਦੀ ਵਿਧਾਨ ਸਭਾ ਦੇ ਮੈਂਬਰ ਹਨ, ਦੂਜੀ ਵਾਰ ਬੰਗਾ ਹਲਕੇ ਤੋਂ ਉਹ ਮੈਂਬਰ ਬਣੇ ਹਨ। ਤੁਸੀਂ ਉਨ੍ਹਾਂ ਨੂੰ ਇੱਕ ਗਰੀਬ ਦੇ ਹਿਤ ਦੀ ਗੱਲ ਕਿਉਂ ਨਹੀਂ ਕਰਨ ਦੇ ਰਹੇ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਰ, ਇਹ ਕਿਹੜੀ ਪਾਰਟੀ ਦੇ ਹਨ?

**ਮਾਣਯੋਗ ਡਿਪਟੀ ਸਪੀਕਰ:** ਪਾਰਟੀ ਜ਼ਰੂਰੀ ਹੈ ਕਿ ਗੱਲ ਜ਼ਰੂਰੀ ਹੈ? (ਵਿਘਨ) (ਸ਼ੋਰ) ਪਾਰਟੀ ਜ਼ਰੂਰੀ ਹੈ ਕਿ ਗੱਲ ਜ਼ਰੂਰੀ ਹੈ? ਤੁਸੀਂ ਮੁੱਦਾ ਦੇਖੋ ਕਿਹੜਾ ਹੈ। ਤੁਸੀਂ ਕਿਸੇ ਹੋਰ ਮੁੱਦੇ ਤੇ ਪਾਰਟੀ ਪੁੱਛ ਲੈਣਾ। ਸੁੱਖੀ ਜੀ ਬੋਲੋ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਮੇਨ ਆਪੋਜ਼ੀਸ਼ਨ ਪਾਰਟੀ ਦਾ ਟਾਈਮ ਕੱਟਿਆ ਹੈ।

**ਮਾਣਯੋਗ ਡਿਪਟੀ ਸਪੀਕਰ:** ਨਹੀਂ, ਤੁਹਾਡਾ ਟਾਈਮ ਨਹੀਂ ਕੱਟਿਆ, ਜਿੰਨਾ ਟਾਈਮ ਕਹੋਗੇ, ਤੁਹਾਨੂੰ ਉਨਾ ਟਾਈਮ ਦੇਵਾਂਗੇ। (ਵਿਘਨ) (ਸ਼ੋਰ) ਬਾਜਵਾ ਸਾਹਿਬ, ਤੁਸੀਂ ਮੇਰੀ ਗੱਲ ਦਾ ਜਵਾਬ ਦੇਵੋ, ਪਹਿਲਾਂ ਤਾਂ ਤੁਸੀਂ ਕਹਿੰਦੇ ਸੀ ਕਿ ਸੈਸ਼ਨ ਠੀਕ ਨਹੀਂ ਹੈ, ਜੇ ਹੁਣ ਕੋਈ ਮੈਂਬਰ ਉਸ ਬਾਰੇ ਗੱਲ ਕਰਨਾ ਚਾਹੁੰਦਾ ਹੈ ਤਾਂ ਫਿਰ ਤੁਸੀਂ ਗੱਲ ਕਿਉਂ ਨਹੀਂ ਹੋਣ

ਦੇ ਰਹੇ? ਫਿਰ ਤੁਸੀਂ ਕਹਿੰਦੇ ਹੋ ਕਿ ਰਾਜਨੀਤਿਕ ਗੱਲ ਕਰਦੇ ਹਨ। ਤੁਸੀਂ ਉਨ੍ਹਾਂ ਨੂੰ ਗੱਲ ਕਰਨ ਦੇਵੋ। ਬੋਲੋ ਜੀ ਡਾਕਟਰ ਸਾਹਿਬ, ਬੋਲੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਤੁਸੀਂ ਮੇਨ ਆਪੋਜ਼ੀਸ਼ਨ ਪਾਰਟੀ ਦਾ ਟਾਈਮ ਕੱਟ ਕੇ ਉਨ੍ਹਾਂ ਨੂੰ ਟਾਈਮ ਦੇ ਰਹੇ ਹੋ।

**ਮਾਣਯੋਗ ਡਿਪਟੀ ਸਪੀਕਰ:** ਉਨ੍ਹਾਂ ਨੂੰ ਚੇਅਰ ਟਾਈਮ ਦੇ ਰਹੀ ਹੈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਚੇਅਰ ਭਾਵੇਂ ਜੋ ਮਰਜ਼ੀ ਕਰੇ ਪਰ ਸਾਨੂੰ ਪਹਿਲਾਂ ਕਲੀਅਰ ਕਰੋ ਕਿ ਇਹ ਕਿਹੜੀ ਪਾਰਟੀ ਦੇ ਮੈਂਬਰ ਹਨ।

**ਮਾਣਯੋਗ ਡਿਪਟੀ ਸਪੀਕਰ:** ਸੁੱਖੀ ਜੀ, ਤੁਸੀਂ ਬੋਲੋ। (ਵਿਘਨ) (ਸ਼ੋਰ) ਇਸ ਦਾ ਮਤਲਬ ਇਹ ਸਮਝਿਆ ਜਾਵੇ ਕਿ ਤੁਸੀਂ ਇੱਥੇ ਗਰੀਬਾਂ ਦੀ ਗੱਲ ਨਹੀਂ ਹੋਣ ਦੇਣੀ। (ਵਿਘਨ) (ਸ਼ੋਰ) ਉਨ੍ਹਾਂ ਨੂੰ ਬੋਲਣ ਦੇਵੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਜੇ ਤਾਂ ਇਹ ਅਕਾਲੀ ਦਲ ਵੱਲੋਂ ਬੋਲ ਰਹੇ ਹਨ ਅਤੇ ਇਨ੍ਹਾਂ ਦੀ ਹਮਾਇਤੀ ਪਾਰਟੀ ਬੀ.ਜੇ.ਪੀ. ਹੈ। ਸਾਨੂੰ ਪਤਾ ਤਾਂ ਲੱਗੇ।

**ਮਾਣਯੋਗ ਡਿਪਟੀ ਸਪੀਕਰ:** ਬੈਠੋ, ਬੈਠੋ। ਦੇਖੋ, ਹਾਊਸ ਦਾ ਡੈਕੋਰਮ ਬਣਨ ਦੇਈਏ। ਆਪਾਂ ਗਰੀਬਾਂ ਦੀ ਗੱਲ ਰੋਕਣ ਦਾ ਬਹਾਨਾ ਨਾ ਲੱਭੀਏ। ਹਾਂ ਜੀ, ਅਮਨ ਅਰੋੜਾ ਜੀ। (ਵਿਘਨ) (ਸ਼ੋਰ)

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਬਾਜਵਾ ਸਾਹਿਬ, ਇੱਕ ਮਿੰਟ ਜੀ, ਬਾਜਵਾ ਸਾਹਿਬ, ਮੈਂ ਕਲੀਅਰ ਕਰ ਦਿੰਦਾ ਹਾਂ। ਮੈਂ ਆਮ ਆਦਮੀ ਪਾਰਟੀ ਦਾ ਪੰਜਾਬ ਪ੍ਰਧਾਨ ਹਾਂ, ਮੈਂ ਦੱਸ ਦਿੰਦਾ ਹਾਂ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਕਿਹੜੀ ਪਾਰਟੀ ਦੇ ਹਨ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਜਿਹੜਾ ਮੈਂਬਰਸ਼ਿਪ ਦਾ ਸਟੇਟਸ ਸੰਦੀਪ ਜਾਖੜ ਦਾ ਹੈ, ਉਹ ਹੀ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਦਾ ਹੈ। (ਹਾਸਾ) (ਥੰਪਿੰਗ) ਹੋਰ ਦੱਸੋ ਕੀ ਭਾਲਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਕੀ ਹੈ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਉਹ ਤੁਸੀਂ ਦੱਸੋ, ਪਹਿਲਾਂ ਤੁਸੀਂ ਸੰਦੀਪ ਜਾਖੜ ਦਾ ਸਟੇਟਸ ਦੱਸੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਸਾਡੀ ਪਾਰਟੀ ਵਿੱਚ ਨਹੀਂ ਹੈ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਨਹੀਂ ਹਨ? **

** Expunged as ordered by the Hon'ble Speaker.

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਉਹ ਤੁਹਾਡੇ ਵਿੱਚ ਹਨ, ਮੰਨ ਗਏ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਅੱਜ ਬਾਜਵਾ ਸਾਹਿਬ ਜੀ ਕਾਂਗਰਸ ਵੱਲੋਂ ਘੱਟ ਅਤੇ ਬੀ.ਜੇ.ਪੀ. ਔਰ ਅਕਾਲੀ ਦਲ ਵੱਲੋਂ ਵੱਧ ਬੋਲ ਰਹੇ ਹਨ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ:** ਲੱਗ ਰਿਹਾ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਆਪਸ ਵਿੱਚ ਬਹਿਸ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਡਿਪਟੀ ਸਪੀਕਰ:** ਇੱਕ ਮਿੰਟ ਬੈਠੋ, ਧਾਲੀਵਾਲ ਸਾਹਿਬ, ਬੈਠੋ ਪਲੀਜ਼, ਬੈਠੋ, ਪਲੀਜ਼ ਬੈਠੋ। ਧਾਲੀਵਾਲ ਸਾਹਿਬ ਬੈਠੋ, ਪਲੀਜ਼।

**ਸਰਦਾਰ ਕੁਲਦੀਪ ਸਿੰਘ ਧਾਲੀਵਾਲ:** ਮਾਣਯੋਗ ਡਿਪਟੀ ਸਪੀਕਰ ਸਾਹਿਬ, ਜਦੋਂ ਇੱਕ ਗਰੀਬ ਬੰਦਾ ਬੋਲਣ ਲੱਗਾ ਤਾਂ ਇਹ ਬੋਲਣ ਲੱਗ ਗਏ। (ਵਿਘਨ) (ਸ਼ੋਰ)

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਜਦੋਂ ਵੀ ਕੋਈ ਗਰੀਬ ਘਰ ਵਿੱਚ ਪੈਦਾ ਹੋ ਕੇ ਇਸ ਵਿਧਾਨ ਸਭਾ ਦਾ ਮੈਂਬਰ ਬਣਦਾ ਹੈ, ਉਦੋਂ ਹੀ ਕਾਂਗਰਸ ਪਾਰਟੀ ਨੂੰ ਤਕਲੀਫ ਹੁੰਦੀ ਹੈ। ਇਹ ਗਰੀਬ ਘਰ ਵਿੱਚ ਪੈਦਾ ਹੋ ਕੇ ਡਾਕਟਰ ਬਣ ਕੇ, ਐਮ.ਐਲ.ਏ. ਬਣੇ ਅਤੇ ਅੱਜ ਬੋਲਣ ਦਾ ਮੌਕਾ ਮਿਲ ਰਿਹਾ ਹੈ ਤਾਂ ਬਾਜਵਾ ਸਾਹਿਬ ਨੂੰ ਕਿਉਂ ਤਕਲੀਫ ਹੋ ਰਹੀ ਹੈ? ਤੁਹਾਡੇ ਢਿੱਡੀ ਪੀੜ ਕਿਉਂ ਹੋ ਰਹੀ ਹੈ? ਕੀ ਤੁਸੀਂ ਦਲਿਤ ਵਿਰੋਧੀ ਹੋ? ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ 34 ਪਰਸੈਂਟ ਲੋਕਾਂ ਨੂੰ ਅੱਜ ਪਤਾ ਹੈ ਕਿ ਜਿਹੜੀ ਕਾਂਗਰਸ ਪਾਰਟੀ ਹੈ, ਉਹ ਦਲਿਤ ਵਿਰੋਧੀ ਪਾਰਟੀ ਹੈ। ਉਹ ਪੰਜਾਬ ਦੇ ਗਰੀਬ ਮਜ਼ਦੂਰਾਂ ਦੀ ਵਿਰੋਧੀ ਪਾਰਟੀ ਹੈ, ਉਹ ਡਿਸਕਸ਼ਨ ਨਹੀਂ ਹੋਣ ਦੇਣਾ ਚਾਹੁੰਦੀ। ਉਹ ਗਰੀਬ ਨੂੰ ਬੋਲਣ ਨਹੀਂ ਦੇਣਾ ਚਾਹੁੰਦੀ। ਮੈਂ ਹੈਰਾਨ ਹਾਂ ਕਿ ਇਹ ਕਦੇ ਕਿਸੇ ਨੂੰ ਮੈਟੀਰੀਅਲ ਦੱਸਦੇ ਹਨ ਅਤੇ ਕਦੇ ਕਿਸੇ ਨੂੰ ਕੁਝ ਦੱਸਦੇ ਹਨ। ਇਹ ਪੰਜਾਬ ਦੇ ਦਲਿਤਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ, ਜਿਹੜੀ ਕਿ ਅੱਜ ਕਾਂਗਰਸ ਪਾਰਟੀ ਸਦਨ ਦੇ ਅੰਦਰ ਕਰ ਰਹੀ ਹੈ।

**ਮਾਣਯੋਗ ਡਿਪਟੀ ਸਪੀਕਰ**: ਇੱਕ ਮਿੰਟ ਚੀਮਾ ਜੀ। ਬਾਜਵਾ ਸਾਹਿਬ ਦੱਸੋ, ਤੁਹਾਨੂੰ ਉਨ੍ਹਾਂ ਦੇ ਬੋਲਣ ਤੇ ਦਿੱਕਤ ਹੈ ਜਾਂ ਕੋਈ ਇਤਰਾਜ਼ ਹੈ?

**ਸਰਦਾਰ ਪ੍ਰਤਾਪ ਸਿੰਘ ਬਾਜਵਾ** : ਮੈਨੂੰ ਬਿਲਕੁਲ ਇਤਰਾਜ਼ ਹੈ।

**ਮਾਣਯੋਗ ਡਿਪਟੀ ਸਪੀਕਰ** : ਕਿਉਂ ਇਤਰਾਜ਼ ਹੈ? ਉਹ ਗਰੀਬਾਂ ਦੀ, ਇੱਕ ਮਜ਼ਦੂਰ ਦੀ ਗੱਲ ਕਰਨਾ ਚਾਹੁੰਦੇ ਹਨ, ਕੀ ਇਸ ਗੱਲ ਕਰਕੇ ਤੁਹਾਨੂੰ ਇਤਰਾਜ਼ ਹੈ? ਕੀ ਉਹ ਵਿਧਾਨ ਸਭਾ ਵਿੱਚ ਪਹਿਲੀ ਵਾਰ ਬੋਲਣ ਲੱਗੇ ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਤਰਾਜ਼ ਇਸ ਗੱਲ ਦਾ ਹੈ ਕਿ ਇਹ ਕਿਹੜੀ ਪਾਰਟੀ ਵਿੱਚ ਹਨ। ਇਹ ਅਕਾਲੀ ਦਲ ਪਾਰਟੀ ਵਿੱਚ ਹਨ ਜਾਂ alliance ਵਿੱਚ ਹਨ, ਬੀ.ਜੇ.ਪੀ. ਵਿੱਚ ਹਨ? ਜੇ ਪਾਰਟੀ ਪਤਾ ਹੋਵੇ ਤਾਂ ਫਿਰ ਅਸੀਂ ਗੱਲ ਕਰੀਏ।

**ਮਾਣਯੋਗ ਡਿਪਟੀ ਸਪੀਕਰ**: ਕੀ ਇਹ ਪਹਿਲੀ ਵਾਰ ਬੋਲਣ ਲੱਗੇ ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਸ ਦਾ ਮਤਲਬ ਅਸੀਂ ਸਵਾਲ ਹੀ ਨਾ ਕਰੀਏ?

**ਮਾਣਯੋਗ ਡਿਪਟੀ ਸਪੀਕਰ** : ਨਹੀਂ, ਨਹੀਂ। ਅੱਜ ਜਦੋਂ ਇਹ ਗਰੀਬਾਂ ਦੀ ਗੱਲ ਕਰਨ ਲੱਗੇ ਹਨ ਤਾਂ ਤੁਸੀਂ ਉਨ੍ਹਾਂ ਨੂੰ ਟੋਕ ਰਹੇ ਹੋ? ਕੀ ਉਹ ਵਿਧਾਨ ਸਭਾ ਵਿੱਚ ਪਹਿਲੀ ਵਾਰ ਬੋਲਣ ਲੱਗੇ ਹਨ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਅਸੀਂ ਸਵਾਲ ਪੁੱਛਿਆ ਹੈ, ਸਾਨੂੰ ਪਾਰਟੀ ਸਟੇਟਸ ਤਾਂ ਪਤਾ ਹੋਣਾ ਚਾਹੀਦਾ ਹੈ।

**ਮਾਣਯੋਗ ਡਿਪਟੀ ਸਪੀਕਰ**: ਅੱਜ ਇਹ ਇੱਕ ਮਜ਼ਦੂਰ ਦੀ, ਇੱਕ ਗਰੀਬ ਦੀ ਗੱਲ ਕਰਨਾ ਚਾਹੁੰਦੇ ਹਨ ਔਰ ਤੁਸੀਂ ਉਨ੍ਹਾਂ ਨੂੰ ਰੋਕ ਰਹੇ ਹੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇੱਥੇ ਸਾਰਿਆਂ ਨੇ ਗਰੀਬ ਦੀ ਹੀ ਗੱਲ ਰੱਖਣੀ ਹੈ। ਇੱਥੇ ਸਾਰਿਆਂ ਨੇ ਮਜ਼ਦੂਰ ਦੀ ਹੀ ਗੱਲ ਕਰਨੀ ਹੈ।

**ਮਾਣਯੋਗ ਡਿਪਟੀ ਸਪੀਕਰ**: ਨਹੀਂ, ਤੁਸੀਂ ਉਨ੍ਹਾਂ ਨੂੰ ਗੱਲ ਕਰ ਲੈਣ ਦਿਉ। ਤੁਸੀਂ ਬੋਲੋ ਡਾਕਟਰ ਸਾਹਿਬ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਇਹ ਮਜ਼ਦੂਰ ਲਈ ਐਕਟ ਅਸੀਂ ਲਿਆਂਦਾ ਹੈ।

**ਮਾਣਯੋਗ ਡਿਪਟੀ ਸਪੀਕਰ**: ਮਾਣਯੋਗ ਮੈਂਬਰ ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਤੁਸੀਂ ਗੱਜ ਕੇ ਬੋਲੋ, ਟਕਾ ਕੇ ਬੋਲੋ, ਕੋਈ ਦਿੱਕਤ ਨਹੀਂ ਹੋਵੇਗੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)**: ਸਰ, ਜੋ ਮਗਨਰੇਗਾ ਸਕੀਮ ਸੀ, ਉਸ ਦੇ ਤਹਿਤ ਦੇਸ਼ ਦੇ ਅਤੇ ਪੰਜਾਬ ਦੇ ਲੱਖਾਂ ਹੀ ਲੋਕ ਰੁਜ਼ਗਾਰ ਪ੍ਰਾਪਤ ਕਰਦੇ ਸਨ ਅਤੇ ਉਸ ਨਾਲ ਲੋਕਾਂ ਦੇ ਚੁੱਲ੍ਹੇ ਬਲਦੇ ਸਨ ਅਤੇ ਲੋਕ ਉਸੇ ਹੀ ਮਜ਼ਦੂਰੀ ਵਿੱਚੋਂ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਵੀ ਸਨ। ਮੈਂ ਸਮਝਦਾ ਹਾਂ ਕਿ ਦਲਿਤ ਸਮਾਜ ਦੇ ਵਿੱਚ, ਜਿਹੜੀ ਵੀ ਅਤੇ ਜਿਸ ਤਰ੍ਹਾਂ ਵੀ ਅਸੀਂ ਕਮਾਈ ਕਰਦੇ ਹਾਂ ਜੇਕਰ ਅਸੀਂ ਆਪਣੇ ਬੱਚਿਆਂ ਨੂੰ ਪੜ੍ਹਾ ਗਏ ਤਾਂ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਸਾਨੂੰ ਇਸ ਰੈਜ਼ੋਲਿਊਸ਼ਨ ਦੀ ਲੋੜ ਨਾ ਪਵੇ। ਮੈਂ ਉਸ ਸਕੀਮ ਦੀ ਗੱਲ ਕਰਦਾ ਹਾਂ ਜਿਹੜੀ ਭਾਰਤੀ ਜਨਤਾ ਪਾਰਟੀ ਇਸ ਮਗਨਰੇਗਾ ਸਕੀਮ ਨੂੰ ਖਤਮ ਕਰਕੇ "ਜੀ ਰਾਮ ਜੀ" ਸਕੀਮ ਲੈ ਕੇ ਆਏ ਹਨ। ਇਹ ਇਸ ਸਕੀਮ ਰਾਹੀਂ ਇਕੱਲੇ ਦਲਿਤਾਂ, ਮਜ਼ਦੂਰਾਂ, ਗਰੀਬਾਂ ਨੂੰ ਨਹੀਂ ਮਾਰਨਗੇ, ਬਲਕਿ ਦੇਸ਼ ਦਾ ਫੈਡਰਲ ਸਟਰੱਕਚਰ ਵੀ ਖਰਾਬ ਕਰਨਗੇ ਕਿਉਂਕਿ ਜੋ ਪਹਿਲਾਂ 90:10 ਦੀ ਰੇਸ਼ੋ ਤਹਿਤ ਪੈਸੇ ਆਉਂਦੇ ਸਨ, ਉਹ ਹੁਣ 60:40 ਦੀ ਰੇਸ਼ੋ ਵਿੱਚ ਆਉਣਗੇ। ਇਸ ਨਾਲ ਸਟੇਟ ਵੀ ਮਰਨਗੇ ਅਤੇ ਇਸ ਦੇ ਨਾਲ ਸਟੇਟਾਂ ਦਾ ਅਧਿਕਾਰ ਵੀ ਖੋਹਿਆ ਜਾਵੇਗਾ। ਅੱਜ

ਇਨ੍ਹਾਂ ਨੇ ਮਗਨਰੇਗਾ ਦਾ ਨਾਂ ਜੀ ਰਾਮ ਜੀ ਰੱਖਿਆ ਹੈ, ਜਦੋਂ ਕਾਂਗਰਸ ਨੇ ਅਤੇ ਉਨ੍ਹਾਂ ਦੀ alliance party ਨੇ ਇਸ ਦਾ ਨਾਂ INDIA ਰੱਖ ਲਿਆ ਸੀ ਤਾਂ ਉਸ ਵੇਲੇ ਇਹ ਬਹੁਤ ਚੀਕੇ ਸਨ ਕਿ ਇੰਡੀਆ ਕਿਸ ਤਰ੍ਹਾਂ ਰੱਖ ਸਕਦੇ ਹਨ। ਅੱਜ ਇਨ੍ਹਾਂ ਨੇ ਬਾਬਾ ਸਾਹਿਬ ਅੰਬੇਦਕਰ ਜੀ ਦੁਆਰਾ ਲਿਖਿਆ ਸੰਵਿਧਾਨ, ਜਿਹੜਾ ਦੇਸ਼ ਨੂੰ ਧਰਮ ਨਿਰਪੱਖ ਡਿਕਲੇਅਰ ਕਰਦਾ ਹੈ, ਜਿਹੜਾ ਸਾਨੂੰ ਦੱਸਦਾ ਹੈ ਕਿ ਦੁਨੀਆ ਵਿੱਚ ਭਾਰਤ ਧਰਮ ਨਿਰਪੱਖ ਦੇਸ਼ ਹੈ, ਅੱਜ ਇਹ ਭਗਵਾਨ ਰਾਮ ਜੀ ਦੀ ਸਹਾਇਤਾ ਲੈ ਕੇ ਲੋਕਾਂ ਵਿੱਚ ਜਾਣਾ ਚਾਹੁੰਦੇ ਹਨ ਔਰ ਭਗਵਾਨ ਰਾਮ ਜੀ ਦੀ ਆੜ ਵਿੱਚ ਇਹ ਲੱਖਾਂ ਹੀ ਲੋਕਾਂ ਨੂੰ ਬਰਬਾਦ ਕਰਨਾ ਚਾਹੁੰਦੇ ਹਨ। ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਮੈਂ ਇਕੱਲਾ ਹੀ ਨਹੀਂ ਆਇਆ, ਮੇਰੇ ਹਲਕੇ ਦੇ ਦੋ ਹਜ਼ਾਰ ਲੋਕਾਂ ਨੇ ਇਹ ਫਾਰਮ ਭਰ ਕੇ ਦਿੱਤੇ ਹਨ। ਮੈਂ ਇਨ੍ਹਾਂ ਨੂੰ ਦੱਸ ਰਿਹਾ ਸੀ, ਇਹ ਕਹਿੰਦੇ ਸੀ ਕਿ ਇਹ ਕੀ ਲੈ ਕੇ ਆਏ ਹੋ। ਮੈਂ ਇਨ੍ਹਾਂ ਨੂੰ ਕਿਹਾ ਕਿ ਇਹ ਤੁਹਾਡਾ ਪਿੱਟ ਸਿਆਪਾ ਕਰਨ ਲਈ ਲੈ ਕੇ ਆਇਆ ਹਾਂ। ਲੋਕ ਤੁਹਾਡਾ ਪਿੱਟ ਸਿਆਪਾ ਕਰ ਰਹੇ ਹਨ (ਥੰਪਿੰਗ)। ਅਸ਼ਵਨੀ ਜੀ ਮੈਨੂੰ ਪੁੱਛਦੇ ਸੀ, ਮੈਨੂੰ ਇਹ ਕਹਿੰਦੇ ਕਿ ਇਹ ਤਾਂ ਤੁਸੀਂ ਪੰਚਾਇਤ ਸੈਕਟਰੀਆਂ ਤੋਂ ਭਰਵਾ ਕੇ ਲੈ ਕੇ ਆਏ ਹੋ। ਮੈਂ ਅੱਜ ਵਿਧਾਨ ਸਭਾ ਦੇ ਅੰਦਰ ਅਸ਼ਵਨੀ ਜੀ ਨੂੰ ਚੈਲੰਜ ਕਰਦਾ ਹਾਂ ਕਿ ਜੇਕਰ ਇਹ ਸਾਬਤ ਕਰ ਦੇਣ ਕਿ ਇਹ ਮੇਰੇ ਕਿਸੇ ਸੈਕਟਰੀ ਨੇ ਭਰਵਾਏ ਹਨ ਤਾਂ ਮੈਂ ਸਿਆਸਤ ਛੱਡ ਦੇਵਾਂਗਾ (ਥੰਪਿੰਗ)। ਇਹ ਮੇਰੇ ਵਿਚਾਰ ਨਹੀਂ, ਇਹ ਉਨ੍ਹਾਂ ਲੱਖਾਂ ਲੋਕਾਂ ਦੇ ਵਿਚਾਰ ਹਨ, ਜਿਹੜੇ ਇਸ ਸਕੀਮ ਤੋਂ ਫਾਇਦਾ ਲੈਂਦੇ ਸੀ। ਅੱਜ ਉਨ੍ਹਾਂ ਨੂੰ ਲੱਗਦਾ ਹੈ ਕਿ ਸਾਨੂੰ ਇਸ ਸਕੀਮ ਤੋਂ ਵਾਂਝਾ ਕੀਤਾ ਜਾ ਰਿਹਾ ਹੈ। ਅੱਜ ਮੈਂ, ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਅੱਜ ਸਾਨੂੰ ਸਾਰਿਆਂ ਨੂੰ, ਬੇਸ਼ੱਕ ਅਸੀਂ ਇਸ ਸਕੀਮ ਦੇ ਪੱਖ ਵਿੱਚ ਹਾਂ ਜਾਂ ਵਿਰੁੱਧ ਹਾਂ, ਸਾਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਪੰਜਾਬ ਦੇ ਲੋਕ ਜਾਣਨਗੇ ਕਿ ਦੇਸ਼ ਦੇ ਲੋਕ ਮਗਨਰੇਗਾ ਚਾਹੁੰਦੇ ਹਨ ਜਾਂ "ਜੀ ਰਾਮ ਜੀ" ਚਾਹੁੰਦੇ ਹਨ। ਮੇਰੇ ਤੋਂ ਪਹਿਲਾਂ ਕਾਂਗਰਸ ਪਾਰਟੀ ਦੇ ਮੈਂਬਰ ਇਹ ਗੱਲ ਕਰ ਰਹੇ ਸੀ ਕਿ ਮਨਰੇਗਾ ਕਾਂਗਰਸ ਲੈ ਕੇ ਆਈ ਹੈ। ਡਾਕਟਰ ਮਨਮੋਹਨ ਸਿੰਘ, ਉਸ ਵੇਲੇ ਦੇ ਪ੍ਰਾਈਮ ਮਨਿਸਟਰ ਲੈ ਕੇ ਆਏ ਸਨ। ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ ਕਿ ਉਹ ਇਹ ਸਕੀਮ ਲੈ ਕੇ ਆਏ ਹਨ। ਇਸ ਨਾਲ ਬਹੁਤ ਲੋਕਾਂ ਨੂੰ ਰੁਜ਼ਗਾਰ ਮਿਲਿਆ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ ਪਰ ਉਸ ਪਿੱਛੇ ਜਿਹੜੀ ਮੰਸ਼ਾ ਸੀ, ਉਹ ਕਾਂਗਰਸ ਪਾਰਟੀ ਨੇ ਲਾਗੂ ਨਹੀਂ ਹੋਣ ਦਿੱਤੀ। ਉਹ ਸਰਦਾਰ ਭਗਵੰਤ ਸਿੰਘ ਮਾਨ ਨੇ ਲਾਗੂ ਕੀਤੀ ਹੈ। (ਟਰੇਜ਼ਰੀ ਬੈਂਚਿੰਜ਼ ਵੱਲੋਂ ਥੰਪਿੰਗ) ਇਸ ਦਾ ਕਾਰਨ ਮੈਂ ਦੱਸਾਂਗਾ। ਸਭ ਤੋਂ ਵੱਡੀ ਗੱਲ, ਜਿਸ ਵੇਲੇ ਇਹ ਬਿਲ ਆਇਆ, ਉਸ ਵੇਲੇ ਕਾਂਗਰਸੀਆਂ ਨੇ ਬਿਲ ਫਾੜ ਕੇ ਸੁੱਟਿਆ ਸੀ। ਉਸੇ ਦਾ ਨਤੀਜਾ ਹੈ ਕਿ ਲੋਕ ਛੱਪੜਾਂ ਵਿਚੋਂ ਨਹੀਂ ਨਿਕਲੇ, ਲੋਕ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕੇ, ਉਸ ਕਮਾਈ ਨਾਲ ਆਪਣਾ ਕੋਈ ਇਲਾਜ ਨਹੀਂ ਕਰਵਾ ਸਕੇ ਪਰ ਸਰਦਾਰ ਭਗਵੰਤ ਸਿੰਘ ਮਾਨ ਨੇ ਇਹ ਕੀਤਾ ਹੈ, ਜਦੋਂ ਦੋ ਮਹੀਨਿਆਂ ਵਿੱਚ 600 ਯੂਨਿਟ ਮਾਫ ਕੀਤੇ ਗਏ, ਇਸ ਨਾਲ ਲੋਕਾਂ ਨੂੰ ਬਿਜਲੀ ਦੇ ਬਿਲ ਆਉਣੇ ਬੰਦ ਹੋ ਗਏ। ਜਦੋਂ ਅਸੀਂ ਆਮ ਆਦਮੀ ਕਲੀਨਿਕ ਖੋਲ੍ਹੇ ਤਾਂ ਜਿੱਥੇ ਪਹਿਲਾਂ ਲੋਕ ਹਜ਼ਾਰਾਂ ਰੁਪਏ ਆਪਣੀਆਂ ਦਵਾਈਆਂ ਤੇ ਖਰਚਦੇ ਸੀ, ਇਲਾਜ ਲਈ ਖਰਚਦੇ ਸੀ, ਉਹ ਬੰਦ ਹੋ ਗਏ, ਉਹ ਬਚ ਗਏ। ਜਦੋਂ ਕਦੇ ਉਨ੍ਹਾਂ ਨੂੰ ਕਿਸੇ ਆਪਣੇ ਨੂੰ ਮਿਲਣ ਜਾਣਾ ਪੈਂਦਾ ਸੀ ਤਾਂ ਉਸ ਦਾ ਕਿਰਾਇਆ ਵੀ ਮਾਫ ਹੋ ਗਿਆ। ਤੁਸੀਂ ਜਾਣਦੇ ਹੀ ਹੋ, ਤੁਸੀਂ ਵੀ ਦੁਆਬੇ ਤੋਂ ਆਏ ਹੋ, ਸਾਡੇ ਨਾਨਕੇ ਛੱਕ ਲੈ ਕੇ ਜਾਂਦੇ ਹਨ। ਇਕ ਸਮਾਂ ਸੀ ਜਦੋਂ ਕਾਂਗਰਸ ਦੀਆਂ ਸਰਕਾਰਾਂ ਵੇਲੇ ਮਨਰੇਗਾ ਬਿਲ ਨਹੀਂ ਆਇਆ ਸੀ, ਉਸ ਵੇਲੇ ਨਾਨਕੇ ਛੱਕ ਲੈ ਕੇ ਜਾਂਦੇ ਸੀ ਤਾਂ ਨਾਨਾ-ਨਾਨੀ ਕੋਈ ਹੈਲਪ ਨਹੀਂ ਕਰ ਸਕਦੇ ਸਨ। ਅੱਜ ਉਹ ਟੋਹਰ ਨਾਲ ਕਹਿੰਦੇ ਹਨ ਕਿ ਮੈਂ ਮਨਰੇਗਾ ਨਾਲ ਕੀਤੀ ਆਪਣੀ ਕਮਾਈ ਵਿਚੋਂ ਇਸ ਵਿੱਚ ਪੈਸੇ ਪਾਉਣੇ ਹਨ। ਇਹ ਬਹੁਤ ਵੱਡੀ ਗੱਲ ਹੈ।

ਮੈਂ ਜਦੋਂ ਪ੍ਰੈਕਟਿਸ ਕਰਦਾ ਸੀ ਅਤੇ ਕੋਈ ਮਰੀਜ਼ ਟਾਈਮ ਤੇ ਨਹੀਂ ਆਉਂਦਾ ਸੀ ਤਾਂ ਮੈਂ ਉਸ ਨੂੰ ਪੁੱਛਣਾ ਕਿ ਤੂੰ ਪਹਿਲਾਂ ਕਿਉਂ ਨਹੀਂ ਆਇਆ? ਉਸ ਨੇ ਕਹਿਣਾ ਕਿ ਮੇਰੇ ਕੋਲ ਪੈਸੇ ਹੀ ਨਹੀਂ ਸੀ। ਅੱਜ ਕੋਈ ਮਰੀਜ਼ ਇਸ ਤਰ੍ਹਾਂ ਨਹੀਂ ਕਹਿੰਦਾ ਕਿ ਮੇਰੇ ਕੋਲ ਪੈਸੇ ਨਹੀਂ ਹਨ। ਉਸ ਕੋਲ ਪੈਸੇ ਬਚੇ ਹੋਏ ਰਹਿੰਦੇ ਹਨ, ਇਸ ਦਾ ਕਾਰਨ ਉਸ ਦੇ ਖਰਚੇ ਬਚ ਗਏ ਹਨ। ਨਾ ਉਸ ਨੂੰ ਬਸ ਦਾ ਕਿਰਾਇਆ, ਨਾ ਬਿਜਲੀ ਦਾ ਕਿਰਾਇਆ, ਨਾ ਐਜੂਕੇਸ਼ਨ ਦਾ ਕੁਝ ਦੇਣਾ ਪੈਂਦਾ ਹੈ ਕਿਉਂਕਿ ਸਰਦਾਰ ਭਗਵੰਤ ਸਿੰਘ ਮਾਨ ਸਾਹਿਬ ਨੇ ਪਿੰਡਾਂ ਦੇ ਬੱਚਿਆਂ ਨੂੰ ਫਰੀ ਐਜੂਕੇਸ਼ਨ ਦਿੱਤੀ। ਮੈਂ ਇਸ ਪੁਆਇੰਟ ਤੇ ਬੋਲਾਂਗਾ ਕਿ ਜਦੋਂ ਕਾਂਗਰਸ ਪਾਰਟੀ ਦੀ ਸਰਕਾਰ ਸੀ, ਪੋਸਟ ਮੈਟ੍ਰਿਕ ਸਕਾਲਰਸ਼ਿਪ ਪਹਿਲਾਂ ਤਿੰਨ ਲੱਖ ਹੁੰਦੀ ਸੀ, ਜੋ ਬਾਅਦ ਵਿੱਚ ਡੇਢ ਲੱਖ ਰਹਿ ਗਈ। ਇਹ ਇਸ ਕਰਕੇ ਨਹੀਂ ਰਹਿ ਗਈ ਸੀ ਕਿ ਬੱਚੇ ਨਹੀਂ ਸੀ ਬਲਕਿ ਇਸ ਕਰਕੇ ਰਹਿ ਗਈ ਸੀ ਕਿਉਂਕਿ ਇਨ੍ਹਾਂ ਦਾ ਇਕ ਮੰਤਰੀ ਸਾਧੂ ਸਿੰਘ ਧਰਮਸੋਤ, 64 ਕਰੋੜ ਰੁਪਿਆ ਪੋਸਟ ਮੈਟ੍ਰਿਕ ਸਕਾਲਰਸ਼ਿਪ ਦਾ ਖਾ ਗਿਆ ਸੀ। (ਟਰੇਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਅੱਜ ਸਾਡੀ ਭੈਣ (ਡਾਕਟਰ ਬਲਜੀਤ ਕੌਰ, ਸਮਾਜਿਕ ਨਿਆਂ ਅਧਿਕਾਰਤਾ ਅਤੇ ਘੱਟ ਗਿਣਤੀਆਂ ਮੰਤਰੀ) ਬੈਠੀ ਹੈ। ਅੱਜ ਅਸੀਂ ਫੇਰ ਮਸਾਂ ਤਿੰਨ ਲੱਖ ਤੇ ਪਹੁੰਚੇ ਹਾਂ, ਇਸ ਨੂੰ 5 ਲੱਖ ਤੱਕ ਲੈ ਕੇ ਜਾਵਾਂਗੇ ਕਿਉਂਕਿ ਇਹ ਸਰਦਾਰ ਭਗਵੰਤ ਸਿੰਘ ਮਾਨ ਦੀ ਸੋਚ ਹੈ। ਸਰ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਨੂੰ ਇਸ ਸਕੀਮ ਖਿਲਾਫ ਸਾਰਿਆਂ ਨੂੰ ਇਕੱਠੇ ਹੋ ਕੇ ਸੈਂਟਰ ਦੀ ਮੋਦੀ ਸਰਕਾਰ ਖਿਲਾਫ਼ ਲੜਾਈ ਲੜਨੀ ਚਾਹੀਦੀ ਹੈ ਕਿਉਂਕਿ ਸਾਡੇ ਬੱਚੇ, ਜਿਨ੍ਹਾਂ ਨੇ ਆਉਣ ਵਾਲੇ ਸਮੇਂ ਵਿੱਚ ਆਸ ਲਗਾਈ ਹੈ ਕਿ ਕਿਸੇ ਨੇ ਡਾਕਟਰ ਬਣਨਾ ਹੈ, ਕਿਸੇ ਨੇ ਇੰਜੀਨੀਅਰ ਬਣਨਾ ਹੈ, ਕਿਸੇ ਨੇ ਨਰਸ ਬਣਨਾ ਹੈ, ਉਹ ਅੱਗੇ ਵੱਧ ਸਕਣਗੇ। ਜਿਨ੍ਹਾਂ ਦੇ ਮਾਪੇ ਮਜ਼ਦੂਰੀ ਕਰਦੇ ਹਨ, ਉਹ ਵੀ ਦੇਖ ਸਕਣ, ਜਦੋਂ ਉਨ੍ਹਾਂ ਦੇ ਬੱਚੇ ਡੀ.ਸੀ., ਐਸ.ਐਸ.ਪੀ. ਲੱਗਣ। ਸੋ, ਮੈਂ ਸਮਝਦਾ ਹਾਂ ਕਿ ਮਨਰੇਗਾ ਸਕੀਮ ਬੰਦ ਨਹੀਂ ਹੋਣੀ ਚਾਹੀਦੀ। ਸਾਨੂੰ ਸੈਂਟਰ ਸਰਕਾਰ ਨੂੰ ਇਸ ਬਾਰੇ ਕਹਿਣਾ ਚਾਹੀਦਾ ਹੈ। ਖਾਸ ਕਰਕੇ ਮੈਂ ਇੱਕ ਹੋਰ ਬੇਨਤੀ ਕਰਨੀ ਹੈ। ਪਿਛਲੇ ਦਿਨੀਂ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਨੇ ਕਾਰਪੋਰੇਸ਼ਨਾਂ ਦਾ ਕਰਜ਼ਾ ਮਾਫ ਕੀਤਾ ਸੀ ਪਰ ਅਜੇ ਵੀ ਇਕ ਗੱਲ ਪਿੰਡਾਂ ਵਿੱਚ ਰੜਕਦੀ ਹੈ ਕਿ ਸਾਡੀਆਂ ਸੁਸਾਇਟੀਆਂ ਦੇ ਥੋੜ੍ਹੇ-ਬਹੁਤ ਕਰਜ਼ੇ ਹਨ, 50-60 ਕਰੋੜ ਰੁਪਿਆ ਹੋਵੇਗਾ, ਉਹ ਵੀ ਮਾਫ ਕਰ ਦਿਓ। ਲੋਕ ਤੁਹਾਡੇ ਗੁਣਗਾਨ ਕਰਨਗੇ। ਜਦੋਂ ਤੁਸੀਂ ਨਰੇਗਾ ਲਈ ਉਨ੍ਹਾਂ ਵਾਸਤੇ ਲੜਨਾ ਚਾਹੁੰਦੇ ਹੋ, ਉਨ੍ਹਾਂ ਦੇ ਬੱਚਿਆਂ ਦੀ ਜ਼ਿੰਦਗੀ ਬਣਾਉਣਾ ਚਾਹੁੰਦੇ ਹੋ ਤਾਂ ਇਹ ਵੀ ਥੋੜ੍ਹਾ-ਬਹੁਤਾ ਕਰਜ਼ਾ ਉਨ੍ਹਾਂ ਦੇ ਸਿਰ ਤੋਂ ਲਾਹ ਦਿਓ। ਅੰਤ ਵਿੱਚ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜੀ "ਜੀ ਰਾਮ ਜੀ" ਖਿਲਾਫ਼ ਸਾਡੀ ਲੜਾਈ ਹੈ, ਉਹ ਸਾਡੀ ਵਿਧਾਨ ਸਭਾ ਤੱਕ ਨਾ ਰਹਿ ਜਾਵੇ, ਇਸ ਲੜਾਈ ਨੂੰ ਅਸੀਂ ਪਿੰਡ ਪਿੰਡ ਲੈ ਕੇ ਜਾਈਏ। ਜੇਕਰ ਅੱਜ ਮੈਨੂੰ ਦੋ ਹਜ਼ਾਰ ਲੋਕ ਫਾਰਮ ਭਰ ਕੇ ਦੇ ਕੇ ਗਏ ਹਨ, ਇਸ ਦਾ ਮਤਲਬ ਪਤਾ ਨਹੀਂ ਕਿੰਨੇ ਕੁ ਲੋਕ ਇਸ ਗੱਲ ਨੂੰ ਉਡੀਕਦੇ ਹਨ ਕਿ ਸਾਨੂੰ ਆ ਕੇ ਦੱਸੋ, ਸਾਡੀ ਬਾਂਹ ਫੜੋ। ਸਾਨੂੰ ਉਨ੍ਹਾਂ ਲੋਕਾਂ ਦੀ ਬਾਂਹ ਫੜਨ ਦੀ ਲੋੜ ਹੈ ਤਾਂ ਕਿ ਬੀ.ਜੇ.ਪੀ. ਨੂੰ ਸਬਕ ਸਿਖਾਇਆ ਜਾ ਸਕੇ। ਕਿਸਾਨਾਂ ਖਿਲਾਫ ਜੋ ਉਨ੍ਹਾਂ ਨੇ ਤਿੰਨ ਕਾਲੇ ਕਾਨੂੰਨ ਲਿਆਂਦੇ ਸਨ, ਉਨ੍ਹਾਂ ਦਾ ਜੋ ਹਸ਼ਰ ਹੋਇਆ, ਇਸ ਸਕੀਮ ਨੂੰ ਵੀ ਉਨ੍ਹਾਂ ਕਾਨੂੰਨਾਂ ਵਾਲੇ ਹਾਲਾਤ ਵਿੱਚ ਲੈ ਕੇ ਜਾਵਾਂਗੇ, ਉਸੇ ਹਸ਼ਰ ਵਿੱਚ ਪਹੁੰਚਾਵਾਂਗੇ ਤਾਂ ਜੋ ਅੱਗੇ ਵਾਸਤੇ ਇਹ ਅਜਿਹੀ ਗਲਤੀ ਨਾ ਕਰ ਸਕਣ। ਤੁਹਾਡਾ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** : ਬਹੁਤ ਬਹੁਤ ਧੰਨਵਾਦ। ਐਮ. ਐਲ. ਏ. ਸਾਹਿਬ ਨੇ ਜਿੱਥੇ ਆਪਣੀ ਗੱਲ ਰੱਖੀ ਹੈ, ਉਥੇ ਹੀ ਗਰੀਬਾਂ-ਮਜ਼ਦੂਰਾਂ ਦੇ ਕਰਜ਼ੇ ਮਾਫੀ ਦੀ ਗੱਲ ਕੀਤੀ ਹੈ। ਮੈਂ ਵੀ ਇਸ ਗੱਲ ਵਾਸਤੇ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਅਤੇ ਫਾਈਨਾਂਸ ਮਨਿਸਟਰ ਸਾਹਿਬ ਦਾ, ਮੰਤਰੀ ਸਾਹਿਬ ਦਾ ਬਹੁਤ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ

ਲੋਕਾਂ ਦੀ ਬਾਂਹ ਫੜੀ ਹੈ। ਜਿਹੜੀ ਇਨ੍ਹਾਂ ਨੇ ਸੁਸਾਇਟੀ ਦੇ ਕਰਜ਼ੇ ਮਾਫ ਕਰਨ ਦੀ ਗੱਲ ਕੀਤੀ ਹੈ, ਜਿਹੜੇ ਸਾਡੇ ਪਿੰਡਾਂ ਵਿੱਚ ਬੇਜ਼ਮੀਨੇ ਲੋਕ ਹਨ, ਉਨ੍ਹਾਂ ਦਾ ਦਸ ਹਜ਼ਾਰ, ਵੀਹ ਹਜ਼ਾਰ ਰੁਪਏ ਦਾ ਕਰਜ਼ਾ ਕਾਫ਼ੀ ਸਮੇਂ ਤੋਂ ਹੈ ਅਤੇ ਜਿਹੜੀਆਂ ongoing funds Societies ਹਨ, ਉਨ੍ਹਾਂ ਬਾਰੇ ਮੈਂ ਵੀ ਰਿਕੁਐਸਟ ਕਰਾਂਗਾ ਕਿ ਉਨ੍ਹਾਂ ਦੇ ਕਰਜ਼ਾ ਮਾਫੀ ਦੇ ਮਾਮਲੇ ਉੱਤੇ ਜ਼ਰੂਰ ਧਿਆਨ ਦਿੱਤਾ ਜਾਵੇ। ਮੈਂ ਹੁਣ ਬੇਨਤੀ ਕਰਾਂਗਾ ਕਿ ਮਾਣਯੋਗ ਮੈਂਬਰ ਸ਼੍ਰੀਮਤੀ ਅਰੁਨਾ ਚੌਧਰੀ, ਐਮ.ਐਲ.ਏ. ਸਾਹਿਬ ਆਪਣੀ ਗੱਲ ਰੱਖਣਗੇ।

**ਸ਼੍ਰੀਮਤੀ ਅਰੁਨਾ ਚੌਧਰੀ (ਦੀਨਾਨਗਰ, ਐਸ.ਸੀ.):** ਥੈਂਕ ਯੂ ਸਰ, ਡਿਪਟੀ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਮੈਂ ਇਹ ਗੱਲ ਕਹਾਂਗੀ ਕਿ ਪਿਛਲੇ 11 ਸਾਲ ਤੋਂ, ਜਦੋਂ ਦੀ ਕੇਂਦਰ ਵਿੱਚ ਬੀ.ਜੇ.ਪੀ. ਦੀ ਸਰਕਾਰ ਆਈ ਹੈ, ਜਿਹੜੀਆਂ ਪਬਲਿਕ ਵੈਲਫੇਅਰ ਦੀਆਂ ਸਕੀਮਾਂ ਹਨ, ਉਨ੍ਹਾਂ ਦੇ ਨਾਮ ਬਦਲਣ ਦੀ ਕੋਸ਼ਿਸ਼ ਲਗਾਤਾਰ ਚੱਲ ਰਹੀ ਹੈ। ਮੇਰੇ ਕੋਲ ਇਹ ਕਾਗਜ਼ ਹੈ, ਇੱਕ ਲਿਸਟ ਹੈ, ਜਿਸ ਦੇ ਵਿੱਚੋਂ ਮੈਂ ਇੱਕ-ਦੋ ਸਕੀਮਾਂ ਦੇ ਨਾਮ ਜ਼ਰੂਰ ਲਵਾਂਗੀ। ਬੇਸਿਕ ਸੇਵਿੰਗ ਬੈਂਕ ਡਿਪੋਜ਼ਿਟਸ ਅਕਾਊਂਟ, ਇਹ ਸਕੀਮ ਸਾਲ 2005 ਵਿੱਚ ਆਈ ਸੀ, ਇਸ ਦਾ ਨਾਮ ਬਦਲ ਕੇ ਜਨ ਧਨ ਯੋਜਨਾ ਕਰ ਦਿੱਤਾ ਗਿਆ। ਦੂਸਰੀ ਸਕੀਮ, ਨੈਸ਼ਨਲ ਗਰਲ ਚਾਈਲਡ ਡੇਅ ਪ੍ਰੋਗਰਾਮ, ਸਾਲ 2008 ਵਿੱਚ ਕਾਂਗਰਸ ਸਰਕਾਰ ਨੇ ਇਹ ਸਕੀਮ ਸ਼ੁਰੂ ਕੀਤੀ ਸੀ, ਇਸਨੂੰ ਬੇਟੀ ਬਚਾਉ, ਬੇਟੀ ਪੜ੍ਹਾਉ ਯੋਜਨਾ ਕਰ ਦਿੱਤਾ। ਅੱਗੇ ਜਵਾਹਰ ਲਾਲ ਨਹਿਰੂ ਨੈਸ਼ਨਲ ਅਰਬਨ ਰਿਨਿਊਅਲ ਮਿਸ਼ਨ, ਅਮਰੁਤ; ਸਵਾਵਲੰਬਨ ਯੋਜਨਾ, ਅੱਟਲ ਪੈਨਸ਼ਨ ਯੋਜਨਾ, ਕੰਪਰੀਹੈਨਸਿਵ ਕਰਾਪ ਇੰਸ਼ੋਰੈਂਸ ਸਕੀਮ ਦਾ ਨਾਮ ਬਦਲ ਕੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਕੀਤਾ ਗਿਆ। ਸੋ, ਇਸ ਤਰ੍ਹਾਂ ਦੀਆਂ ਮੇਰੇ ਕੋਲ ਬਹੁਤ ਸਾਰੀਆਂ ਉਦਾਹਰਨਾਂ ਹਨ। ਫਿਲਹਾਲ ਮੇਰੇ ਕੋਲ ਜਿਹੜੀਆਂ 23 ਸਕੀਮਾਂ ਦਾ ਨਾਮ ਬਦਲਿਆ ਗਿਆ ਹੈ, ਸਿਰਫ ਉਨ੍ਹਾਂ ਦੀ ਲਿਸਟ ਹੈ।

ਡਿਪਟੀ ਸਪੀਕਰ ਸਾਹਿਬ, ਇਹ ਇੱਕ ਵਿਜ਼ਨ ਸੀ, ਜਦੋਂ ਸਾਲ 2005 ਵਿੱਚ ਡਾਕਟਰ ਮਨਮੋਹਨ ਸਿੰਘ ਜੀ ਨੇ ਇਹ ਮਗਨਰੇਗਾ ਸਕੀਮ ਸ਼ੁਰੂ ਕੀਤੀ ਸੀ ਤਾਂ ਕੰਮ ਮੰਗਣ ਦਾ ਹੱਕ ਵੀ ਦਿੱਤਾ ਅਤੇ ਕੰਮ ਕਰਨ ਦਾ ਹੱਕ ਵੀ ਸਾਨੂੰ ਮਿਲਿਆ। ਗਲ਼ੀਆਂ, ਨਾਲ਼ੀਆਂ ਅਤੇ ਪਾਰਕ ਆਦਿ ਸਬੰਧੀ ਸਾਰੇ ਕੰਮ ਪਿੰਡ ਲੈਵਲ ਤੇ ਹੀ ਹੋ ਜਾਂਦੇ ਸੀ ਅਤੇ ਪਿੰਡ ਦੇ ਹੀ ਮਜ਼ਦੂਰਾਂ ਨੂੰ ਇਹ ਕੰਮ ਮਿਲਦਾ ਸੀ। ਇਹ ਨਾਨ ਐਸ.ਸੀ. ਅਤੇ ਐਸ.ਸੀ. ਔਰਤਾਂ ਵਾਸਤੇ ਔਰ ਜਿਹੜਾ ਵੀ ਇਹ ਕੰਮ ਕਰਨਾ ਚਾਹੁੰਦਾ ਸੀ, ਉਸ ਨੂੰ ਇਹ ਕੰਮ ਮਿਲਦਾ ਸੀ, ਜਿਸ ਨਾਲ ਉਨ੍ਹਾਂ ਦੇ ਘਰਾਂ ਨੂੰ ਰੋਜ਼ੀ-ਰੋਟੀ ਮਿਲਦੀ ਸੀ ਔਰ ਹੱਕ ਦੀ ਰੋਟੀ ਮਿਲਦੀ ਸੀ। ਉਹ ਸਿਰ ਚੁੱਕ ਕੇ ਕੰਮ ਕਰਕੇ ਆਪਣੀ ਕਮਾਈ ਵਿੱਚੋਂ ਰੋਟੀ ਚਲਾਉਂਦੇ ਸੀ। ਪਹਿਲੀ ਨਜ਼ਰ ਵਿੱਚ ਇਹ ਲੱਗਦਾ ਹੈ ਕਿ ਹੁਣ 100 ਦਿਨਾਂ ਦੀ ਬਜਾਏ 125 ਦਿਨਾਂ ਦਾ ਕੰਮ ਕੇਂਦਰ ਦੀ ਸਰਕਾਰ ਨੇ ਕਰ ਦਿੱਤਾ ਹੈ ਪਰ ਇਸ ਦੇ ਪਿੱਛੇ ਛੁਪਿਆ ਹੋਇਆ ਇੱਕ ਬੜਾ ਵੱਡਾ ਮਜ਼ਾਕ ਹੈ। ਸਭ ਤੋਂ ਵੱਡੀ ਗੱਲ ਹੈ ਕਿ ਪਹਿਲਾਂ ਤਾਂ ਪਿੰਡਾਂ ਵਿੱਚ ਪੰਚਾਇਤੀ ਰਾਜ ਸਿਸਟਮ ਨੂੰ ਸਟਰੌਂਗ ਕਰਨ ਵਾਸਤੇ ਇਹ ਕਾਨੂੰਨ ਬਣਿਆ ਸੀ ਤੇ ਪਿੰਡ ਦੇ ਲੈਵਲ ਤੇ ਹੀ ਆਪਸ ਵਿੱਚ ਪੰਚਾਇਤ ਪੱਧਰ ਤੇ ਫੈਸਲਾ ਹੋ ਜਾਂਦਾ ਸੀ। ਲੇਕਿਨ ਹੁਣ ਨਵੀਂ ਗੱਲ ਇਹ ਹੈ ਕਿ ਜਿਹੜਾ ਪ੍ਰੋਜੈਕਟ ਕੇਂਦਰ ਦੀ ਸਰਕਾਰ ਅਪਰੂਵ ਕਰੇਗੀ, ਉਹੀ ਬਣੇਗਾ। ਸੋ, ਤੁਸੀਂ ਦੱਸੋ ਕਿ ਸਾਡੀਆਂ 29 ਸਟੇਟਾਂ ਹਨ ਤੇ ਪੰਜਾਬ ਦੇ, ਉੱਤਰਾਖੰਡ ਦੇ ਜਾਂ ਸਾਊਥ ਦੇ ਕਿਹੜੇ ਪਿੰਡ ਵਿੱਚ ਕਿਹੜੇ ਘਰ ਨੂੰ ਕੰਮ ਚਾਹੀਦਾ ਹੈ, ਕੀ ਇਹ ਗੱਲ ਕੇਂਦਰ ਦੀ ਸਰਕਾਰ ਤੈਅ ਕਰੇਗੀ? ਸੋ, ਇਸ ਤਰ੍ਹਾਂ ਦੇ ਕੰਮ ਦਿੱਲੀ ਦੀ ਕੇਂਦਰ ਸਰਕਾਰ ਨੇ ਸ਼ੁਰੂ ਕੀਤੇ ਹਨ। ਇੰਡੀਆ ਦਾ ਜਿਹੜਾ ਫੈਡਰਲ ਸਟਰੱਕਚਰ ਹੈ, ਇਹ ਉਸ ਉੱਤੇ ਬਹੁਤ ਵੱਡੀ ਚੋਟ ਹੈ ਕਿਉਂਕਿ ਜਿਹੜਾ ਸੂਬਿਆਂ ਦਾ ਅਧਿਕਾਰ ਹੈ, ਉਹ ਵੀ ਖੋਹ ਲਿਆ ਗਿਆ ਹੈ। ਇਸ ਦੇ ਨਾਲ ਹੀ ਜਿਹੜਾ ਕਾਨੂੰਨ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਦਿੱਤਾ ਸੀ, ਜਿਹੜੇ

ਕਿ ਸੰਵਿਧਾਨ ਨਿਰਮਾਤਾ ਸੀ, ਉਹ ਵੀ ਸਾਡੇ ਤੋਂ ਖੋਹ ਲਿਆ ਗਿਆ ਹੈ ਕਿਉਂਕਿ ਇਨ੍ਹਾਂ ਨੂੰ ਪਤਾ ਹੈ ਕਿ ਜਿੱਥੇ ਪੈਸਾ ਖਰਚਣ ਦੀ 90:10 ਦੀ ਰੇਸ਼ੋ ਸੀ ਤੇ ਸੂਬੇ ਦੀਆਂ ਸਰਕਾਰਾਂ 10 ਪਰਸੈਂਟ ਹਿੱਸਾ ਪਾਉਂਦੀਆਂ ਸੀ ਅਤੇ 90 ਪਰਸੈਂਟ ਸੈਂਟਰ ਦੀ ਸਰਕਾਰ ਗਰਾਂਟਸ ਦਿੰਦੀ ਸੀ। ਹੁਣ ਕੇਂਦਰ ਸਰਕਾਰ ਨੇ 60:40 ਦੀ ਰੇਸ਼ੋ ਕਰ ਦਿੱਤੀ ਹੈ, ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਸੂਬਿਆਂ ਦੀਆਂ ਸਰਕਾਰਾਂ 40 ਪਰਸੈਂਟ ਅਫੋਰਡ ਨਹੀਂ ਕਰ ਸਕਦੀਆਂ। ਸੋ, ਇਸ ਦਾ ਮਤਲਬ ਹੈ ਕਿ ਹੌਲ਼ੀ ਹੌਲ਼ੀ ਇਹ ਸਕੀਮ ਖਤਮ ਕਰਨ ਦੀ ਉਨ੍ਹਾਂ ਦੀ ਮੰਸ਼ਾ ਹੈ। ਜਿਹੜਾ ਇਹ 40 ਪਰਸੈਂਟ ਪੈਸਾ ਹੈ, ਇਹ ਸੂਬਿਆਂ ਦੀਆਂ ਸਰਕਾਰਾਂ ਕਦੇ ਵੀ ਨਹੀਂ ਦੇ ਸਕਦੀਆਂ। ਸੂਬਿਆਂ ਦੀਆਂ ਸਰਕਾਰਾਂ ਤਾਂ 10 ਪਰਸੈਂਟ ਨਹੀਂ ਦੇ ਸਕਦੀਆਂ, ਫਿਰ 40 ਪਰਸੈਂਟ ਇਨ੍ਹਾਂ ਕੋਲੋਂ ਕਿੱਥੋਂ ਦਿੱਤੇ ਜਾਣਗੇ? ਸੋ, ਇਸ ਕਰਕੇ ਇਸ ਸਕੀਮ ਰਾਹੀਂ ਫਿਸਕਲ ਬਰਡਨ ਭਾਵ ਆਰਥਿਕ ਬੋਝ ਸਟੇਟਾਂ ਉੱਤੇ ਪਾਇਆ ਗਿਆ ਹੈ। ਜੀ ਰਾਮ ਜੀ ਸਕੀਮ ਨਾਮ ਤੋਂ ਸਾਨੂੰ ਕੋਈ ਇਤਰਾਜ਼ ਨਹੀਂ ਹੈ, ਲੇਕਿਨ ਇਸ ਨਾਮ ਦੇ ਪਿੱਛੇ ਛੁਪ ਕੇ ਮਜ਼ਦੂਰਾਂ ਉੱਤੇ ਹਮਲਾ ਕਰਨਾ ਔਰ ਮਜ਼ਦੂਰਾਂ ਦੀ ਰੋਜ਼ੀ-ਰੋਟੀ ਖੋਹਣਾ ਸਹੀ ਨਹੀਂ ਹੈ। ਸ੍ਰੀ ਰਾਮ ਚੰਦਰ ਜੀ ਤਾਂ ਸਭ ਦੇ ਹਨ, ਅਸੀਂ ਸਭ ਮੰਨਦੇ ਹਾਂ, ਉਹ ਭਗਵਾਨ ਹਨ, ਪ੍ਰਮਾਤਮਾ ਹਨ, ਮੈਂ ਕੇਂਦਰ ਸਰਕਾਰ ਨੂੰ ਕਹਿਣਾ ਚਾਹੁੰਦੀ ਹਾਂ ਕਿ ਉਨ੍ਹਾਂ ਦੀ ਆੜ ਵਿੱਚ ਤੁਸੀਂ ਗਰੀਬਾਂ ਦੀ ਰੋਟੀ, ਮਜ਼ਦੂਰਾਂ ਦੀ ਰੋਟੀ ਨਾ ਖੋਹਵੋ।

ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜੇਕਰ ਪੰਜਾਬ ਸਰਕਾਰ ਦੀ ਗੱਲ ਕਰੀਏ ਤਾਂ ਸਾਡੀ ਸਟੇਟ ਤਾਂ ਪਹਿਲਾਂ ਹੀ ਚਾਰ ਲੱਖ ਕਰੋੜ ਰੁਪਏ ਦੇ ਕਰਜ਼ੇ ਦੇ ਬੋਝ ਹੇਠ ਦਬੀ ਹੋਈ ਹੈ। ਇੱਥੋਂ 40 ਫੀਸਦੀ ਦੀ ਰੇਸ਼ੋ ਕਿੱਥੋਂ ਜਾਵੇਗੀ? ਇਸ ਦਾ ਮਤਲਬ ਹੈ ਕਿ ਸਾਡੀ ਸਟੇਟ ਵਿਚ ਤਾਂ ਕੰਮ ਹੋਣਾ ਹੀ ਨਹੀਂ ਹੈ। ਪੇਂਡੂ ਮਜ਼ਦੂਰ ਨੂੰ ਤਾਂ ਮਾਰ ਕੇ ਰੱਖ ਦਿੱਤਾ ਹੈ। ਪੰਜਾਬ ਸਰਕਾਰ ਦੇ ਵਿਚ ਵੀ ਮਗਨਰੇਗਾ ਅਧੀਨ ਜਸਟਿਸ ਨਹੀਂ ਹੋ ਰਿਹਾ ਕਿਉਂਕਿ ਐਵਰੇਜ ਕੇਵਲ 38 ਦਿਨਾਂ ਦੀ ਹੈ। ਪੰਜਾਬ ਦਾ ਪਿਛਲੇ ਚਾਰ ਸਾਲਾਂ ਦਾ ਰਿਕਾਰਡ ਹੈ ਤੇ ਕੇਵਲ 38 ਦਿਨਾਂ ਦੀ ਐਵਰੇਜ ਹੈ ਜਦ ਕਿ ਮਗਨਰੇਗਾ ਅਧੀਨ 100 ਦਿਨਾਂ ਦਾ ਕੰਮ ਮਿਲ ਸਕਦਾ ਸੀ। ਇਸ ਸਾਲ ਦੀ ਤਾਂ ਕੇਵਲ 26 ਦਿਨਾਂ ਦੀ ਐਵਰੇਜ ਹੈ। ਸੋ, ਅਸੀਂ ਵੀ ਲੋਕਾਂ ਨੂੰ ਜਵਾਬਦੇਹ ਹਾਂ। ਅਸੀਂ ਵੀ ਲੋਕਾਂ ਨਾਲ ਕੋਈ ਨਿਆਂ ਨਹੀਂ ਕੀਤਾ। ਸੋ, ਹੌਲੀ ਹੌਲੀ ਕੇਂਦਰ ਸਰਕਾਰ ਆਰ.ਟੀ.ਆਈ., ਮਗਨਰੇਗਾ ਅਤੇ ਹੋਰ ਵੀ ਸਾਡੇ ਜਿਹੜੇ ਕਾਨੂੰਨ ਡਾਕਟਰ ਮਨਮੋਹਨ ਸਿੰਘ ਜੀ ਆਪਣੀ ਸੋਚ ਨਾਲ ਲੈ ਕੇ ਆਏ ਸੀ, ਉਹ ਇਨ੍ਹਾਂ ਨੂੰ ਡਿਲਿਊਟ ਕਰਦੇ ਜਾ ਰਹੇ ਹਨ। ਮੈਨੂੰ ਲੱਗਦਾ ਹੈ ਕਿ ਕਿਤੇ ਅਸੀਂ ਡਿਕਟੇਟਰਸ਼ਿਪ ਵੱਲ ਤਾਂ ਨਹੀਂ ਜਾ ਰਹੇ ਹਾਂ। ਇਹ ਇਕ ਭਿਆਨਕ ਗੱਲ ਹੈ। ਜਿੰਨੀਆਂ ਵੀ ਵੈਲਫੇਅਰ ਸਕੀਮਜ਼ ਹਨ, ਉਹ ਇਨ੍ਹਾਂ ਨੂੰ ਸੈਂਟਰੇਲਾਈਜ਼ ਕਰਨ ਵੱਲ ਤੁਰੇ ਹੋਏ ਹਨ ਅਤੇ ਸੂਬੇ ਦੀਆਂ ਸਰਕਾਰਾਂ ਦੇ ਹੱਕਾਂ ਤੇ ਬੜਾ ਵੱਡਾ ਡਾਕਾ ਪੈ ਰਿਹਾ ਹੈ। ਸੋ, ਅਸੀਂ ਸਾਰੇ ਇਸ ਮੁੱਦੇ ਤੇ ਇਕੱਠੇ ਹਾਂ ਅਤੇ ਕਾਂਗਰਸ ਪਾਰਟੀ ਇਸ ਤੇ ਪਹਿਰਾ ਦੇਵੇਗੀ ਤੇ ਅਸੀਂ ਸਿਰਫ਼ ਇੱਥੇ ਹੀ ਨਹੀਂ ਬਲਕਿ ਜਿੱਥੇ ਵੀ ਸਾਨੂੰ ਇਹ ਲੜਾਈ ਲੜਨੀ ਪਵੇਗੀ, ਚਾਹੇ ਦਿੱਲੀ ਦੇ ਦਰਬਾਰ ਜਾਣਾ ਪਵੇ, ਉਨ੍ਹਾਂ ਦੇ ਬੂਹੇ ਅੱਗੇ ਧਰਨਾ ਦੇਣਾ ਪਵੇ, ਅਸੀਂ ਧਰਨਾ ਦਿਆਂਗੇ। ਅਸੀਂ ਤੁਹਾਡੇ ਨਾਲ ਹਾਂ। ਤੁਹਾਡੇ ਸਾਹਮਣੇ ਸਾਰੀ ਕਲੈਰਿਟੀ ਹੋ ਜਾਵੇਗੀ ਕਿ ਕੌਣ ਤੁਹਾਡਾ ਸਾਥ ਦਿੰਦਾ ਹੈ ਕੌਣ ਨਹੀਂ। ਸੋ, ਇਹ ਸਾਰਿਆਂ ਵਾਸਤੇ, ਦਲਿਤਾਂ ਵਾਸਤੇ, ਔਰਤਾਂ ਵਾਸਤੇ, ਆਮ ਲੋਕਾਂ ਵਾਸਤੇ, ਜਨਰਲ ਵਰਗ ਦੇ ਗਰੀਬ ਲੋਕਾਂ ਵਾਸਤੇ ਬਹੁਤ ਵਧੀਆ ਸਕੀਮ ਹੈ। ਸਾਨੂੰ ਇਸ ਨੂੰ ਕੰਟੀਨਿਊ ਕਰਨਾ ਚਾਹੀਦਾ ਹੈ। ਅਸੀਂ ਇਸ ਪਿੱਛੇ ਡੱਟ ਕੇ ਖੜ੍ਹੇ ਹਾਂ। ਬਹੁਤ ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਧੰਨਵਾਦ, ਮਾਣਯੋਗ ਡਿਪਟੀ ਸਪੀਕਰ ਸਾਹਿਬ ਕਿ ਤੁਸੀਂ ਪੰਜਾਬ ਦੇ ਮਜ਼ਦੂਰਾਂ ਦੇ ਹੱਕ ਵਿੱਚ ਗੱਲ ਕਰਨ ਦਾ ਮੌਕਾ ਦਿੱਤਾ ਹੈ, ਦੇਸ਼ ਦੇ ਮਜ਼ਦੂਰਾਂ ਦੀ ਗੱਲ ਕਰਨ ਦਾ ਮੌਕਾ ਦਿੱਤਾ ਹੈ। ਇੱਕ ਚਿੱਠੀ ਮੈਨੂੰ ਮੇਰੀ ਭੈਣ ਨੇ ਭੇਜੀ ਹੈ। ਬਹੁਤ ਸਾਰੀਆਂ ਚਿੱਠੀਆਂ ਸਾਰੇ ਐਮ.ਐਲ.ਏ. ਸਾਹਿਬਾਨ ਨੂੰ ਪੰਜਾਬ ਦੇ ਮਜ਼ਦੂਰਾਂ ਨੇ ਭੇਜੀਆਂ ਹਨ। ਜਿਹੜੀ ਚਿੱਠੀ ਮੇਰੇ ਕੋਲ ਆਈ ਹੈ, ਜੋ ਕਿ ਪ੍ਰਧਾਨ ਮੰਤਰੀ ਜੀ ਦੇ ਨਾਮ ਹੈ, ਮੈਂ ਉਸ ਨੂੰ ਇੱਕ ਵਾਰ ਪੜ੍ਹਨਾ ਚਾਹੁੰਦਾ ਹਾਂ ਤਾਂ ਕਿ ਪੰਜਾਬ ਦੇ ਲੋਕਾਂ ਨੂੰ ਪਤਾ ਲੱਗ ਸਕੇ ਕਿ ਕਿਸ ਤਰ੍ਹਾਂ ਸਾਡੀਆਂ ਭੈਣਾਂ ਦੇ ਚੁੱਲ੍ਹਿਆਂ ਦੀ ਅੱਗ ਬੁੱਝੇਗੀ, ਕਿਸ ਤਰ੍ਹਾਂ ਸਾਡੇ ਬੱਚਿਆਂ ਦੀ ਪੜ੍ਹਾਈ ਖਤਮ ਹੋ ਜਾਵੇਗੀ, ਕਿਸ ਤਰ੍ਹਾਂ ਸਾਡੇ ਗਰੀਬ ਪਰਿਵਾਰ ਰੋਜ਼ੀ-ਰੋਟੀ ਤੋਂ ਵਾਂਝੇ ਹੋ ਜਾਣਗੇ। ਮੈਂ ਇਹ ਚਿੱਠੀ ਪੜ੍ਹਦਾ ਹਾਂ "ਮੈਂ ਇਕ ਆਮ ਮਗਨਰੇਗਾ ਮਜ਼ਦੂਰ ਹਾਂ, ਮੇਰੇ ਘਰ ਦੀ ਰੋਟੀ, ਮੇਰੇ ਬੱਚਿਆਂ ਦੀ ਪੜ੍ਹਾਈ ਅਤੇ ਮੇਰੇ ਮਾਤਾ ਪਿਤਾ ਦੀ ਦਵਾਈ ਇਸੀ ਮਜ਼ਦੂਰੀ ਨਾਲ ਚੱਲਦੀ ਹੈ। ਅੱਜ ਅਸੀਂ ਬਹੁਤ ਡਰ ਵਿਚ ਹਾਂ ਕਿਉਂਕਿ ਮਗਨਰੇਗਾ ਦੇ ਨਿਯਮ ਬਦਲੇ ਜਾ ਰਹੇ ਹਨ। ਹੁਣ ਹਰ ਪਿੰਡ ਵਿਚ ਆਪਣੇ ਆਪ ਕੰਮ ਨਹੀਂ ਮਿਲੇਗਾ। ਕਿਸੇ ਪਿੰਡ ਵਿਚ ਕੰਮ ਉਦੋਂ ਹੀ ਚੱਲੇਗਾ ਜਦੋਂ ਕੇਂਦਰ ਸਰਕਾਰ ਨੋਟਿਸ ਜਾਰੀ ਕਰਕੇ ਕਹੇਗੀ ਕਿ ਇੱਥੇ ਮਗਨਰੇਗਾ ਦਾ ਕੰਮ ਹੋਵੇਗਾ। ਜੇਕਰ ਸਾਡੇ ਪਿੰਡ ਦਾ ਨਾਮ ਉਸ ਸੂਚੀ ਵਿਚ ਨਹੀਂ ਆਇਆ ਤਾਂ ਅਸੀਂ ਚਾਹੁੰਦੇ ਹੋਏ ਵੀ ਕੰਮ ਨਹੀਂ ਕਰ ਸਕਾਂਗੇ। ਹਾਜ਼ਰੀ ਵੀ ਹੁਣ ਮੋਬਾਇਲ ਅਤੇ ਮਸ਼ੀਨ ਰਾਹੀਂ ਹੋਵੇਗੀ। ਅਸੀਂ ਮੋਬਾਇਲ ਚਲਾਉਣ ਵਾਲੇ ਲੋਕ ਨਹੀਂ ਸਗੋਂ ਮਿੱਟੀ ਚੁੱਕਣ ਵਾਲੇ ਲੋਕ ਹਾਂ। ਜੇਕਰ ਨੈਟਵਰਕ ਨਹੀਂ ਆਇਆ ਤਾਂ ਮਿਹਨਤ ਕਰਨ ਦੇ ਬਾਵਜੂਦ ਵੀ ਮਜ਼ਦੂਰੀ ਨਹੀਂ ਮਿਲੇਗੀ। ਪਹਿਲਾਂ ਵੀ ਕਈ ਵਾਰ ਮਜ਼ਦੂਰੀ ਸਮੇਂ ਸਿਰ ਨਹੀਂ ਮਿਲਦੀ ਸੀ ਪਰ ਹੁਣ ਨਵੇਂ ਨਿਯਮ ਨਾਲ ਮਜ਼ਦੂਰੀ ਹੋਰ ਦੇਰੀ ਨਾਲ ਮਿਲੇਗੀ। ਇਨ੍ਹਾਂ ਬਦਲਾਵਾਂ ਦਾ ਮਤਲਬ ਇਹ ਹੈ ਕਿ ਪਿੰਡਾਂ ਵਿਚ ਕੰਮ ਘੱਟ ਹੋ ਜਾਵੇਗਾ ਅਤੇ ਸਾਨੂੰ ਮਜਬੂਰੀ ਵੱਸ ਬਾਹਰ ਜਾਣਾ ਪਵੇਗਾ। ਪ੍ਰਧਾਨ ਮੰਤਰੀ ਜੀ, ਅਸੀਂ ਕੋਈ ਅਹਿਸਾਨ ਨਹੀਂ ਮੰਗਦੇ, ਅਸੀਂ ਸਿਰਫ਼ ਇਹ ਚਾਹੁੰਦੇ ਹਾਂ ਕਿ ਕੰਮ ਮੰਗਣ ਦਾ ਹੱਕ ਬਣਿਆ ਰਹੇ ਅਤੇ ਮਿਹਨਤ ਦੀ ਮਜ਼ਦੂਰੀ ਸਮੇਂ ਸਿਰ ਮਿਲਦੀ ਰਹੇ।" ਇਹ ਸਾਡੀ ਭੈਣ ਚਰਨਜੀਤ ਕੌਰ ਨੇ ਚਿੱਠੀ ਲਿਖੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਸ ਦੀ ਕਾਪੀ ਤੁਹਾਡੇ ਦਫ਼ਤਰ ਵੀ ਪਹੁੰਚਾ ਦਿੱਤੀ ਹੈ ਅਤੇ ਮੈਂ ਇਹ ਚਿੱਠੀ ਵਿਧਾਨ ਸਭਾ ਵਿਚ ਵੀ ਰੱਖਣਾ ਚਾਹਾਂਗਾ। ਕਹਿਣ ਦਾ ਭਾਵ ਹੈ ਕਿ ਇਕੱਲੇ ਪੰਜਾਬ ਦੇ ਨਹੀਂ ਬਲਕਿ ਪੂਰੇ ਦੇਸ਼ ਦੇ ਗਰੀਬ ਲੋਕਾਂ ਦੇ ਹੱਕਾਂ ਤੇ ਡਾਕਾ ਮਾਰਿਆ ਗਿਆ ਹੈ। ਕਹਿਣ ਨੂੰ ਤਾਂ ਮਜ਼ਦੂਰ ਦੀਆਂ ਕੈਟਾਗਰੀਆਂ ਬਹੁਤ ਹਨ ਪਰ ਜ਼ਿਆਦਾਤਰ ਮਜ਼ਦੂਰ ਦਲਿਤ ਪਰਿਵਾਰਾਂ ਵਿੱਚੋਂ ਆਉਂਦੇ ਹਨ। ਉਹ ਗਰੀਬ ਪਰਿਵਾਰਾਂ ਵਿੱਚੋਂ ਆਉਂਦੇ ਹਨ। ਉਨ੍ਹਾਂ ਦੀ ਰੋਜ਼ੀ-ਰੋਟੀ ਮਗਨਰੇਗਾ ਦੇ ਰਾਹੀਂ ਚੱਲਦੀ ਸੀ। ਇਸ ਦੇ ਵਿੱਚ ਵੱਡੇ ਬਦਲਾਅ ਕਰਕੇ ਮੈਂ ਸਮਝਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੇ ਮਜ਼ਦੂਰ ਦੇ ਪੇਟ ਤੇ ਹਮਲਾ ਕੀਤਾ ਹੈ। ਦੇਸ਼ ਦੇ ਮਜ਼ਦੂਰ ਨੂੰ ਬੰਧੂਆ ਮਜ਼ਦੂਰ ਬਣਾਉਣ ਦਾ ਯਤਨ ਕੀਤਾ ਹੈ। ਦੇਸ਼ ਦੇ ਮਜ਼ਦੂਰ ਨੂੰ ਗੁਲਾਮ ਬਣਾਉਣ ਦਾ ਯਤਨ ਕੀਤਾ ਹੈ ਕਿਉਂਕਿ ਇਹ ਭਾਰਤੀ ਜਨਤਾ ਪਾਰਟੀ ਦੀ ਸੋਚ ਹੈ, ਉਨ੍ਹਾਂ ਦੀ ਸੋਚ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ ਸੋਚ ਦੇ ਉਲਟ ਹੈ। ਤੁਹਾਨੂੰ ਸਾਰਿਆਂ ਨੂੰ ਯਾਦ ਹੀ ਹੋਣਾ, ਸਾਲ 2024 ਦੀਆਂ ਇਲੈਕਸ਼ਨਾਂ ਦੌਰਾਨ ਦੇਸ਼ ਦੀ ਪਾਰਲੀਮੈਂਟ ਦੇ ਅੰਦਰ ਇੱਕ ਬਹੁਤ ਵੱਡਾ ਨਾਅਰਾ ਲੱਗਿਆ ਸੀ ਕਿ "ਅਬ ਕੀ ਬਾਰ ਭਾਰਤੀ ਜਨਤਾ ਪਾਰਟੀ 400 ਪਾਰ"। ਇਹ ਨਾਅਰਾ ਕਿਉਂ ਲਗਾਇਆ ਸੀ ਕਿਉਂਕਿ ਦੋ ਤਿਹਾਈ ਮੈਜਾਰਿਟੀ ਜਦੋਂ ਪਾਰਲੀਮੈਂਟ ਵਿੱਚ ਆਏਗੀ ਤਾਂ ਜਿਹੜਾ ਸੰਵਿਧਾਨ ਬਾਬਾ ਭੀਮ ਰਾਓ ਅੰਬੇਦਕਰ ਜੀ ਨੇ ਲਿਖਿਆ ਸੀ, ਉਸ ਸੰਵਿਧਾਨ ਨੂੰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਦਲੇਗੀ। ਲੇਕਿਨ ਅੱਜ ਉਸ ਦੇ ਪਰਿਣਾਮ ਅਤੇ ਸਬੂਤ ਸਾਹਮਣੇ ਆਉਣ ਲੱਗੇ ਹਨ। ਇਸ ਸਕੀਮ ਦਾ ਨਾਂ ਬਦਲ ਕੇ ਸ੍ਰੀ ਰਾਮ ਜੀ ਦੇ ਨਾਂ ਤੇ ਰੱਖ ਦਿੱਤਾ। ਸ੍ਰੀ ਰਾਮ ਜੀ ਦਾ ਪੂਰੀ ਦੁਨੀਆ ਦੇ ਵਿੱਚ ਸਤਿਕਾਰ ਹੈ। ਸਾਰੇ ਲੋਕ ਸਤਿਕਾਰ ਕਰਦੇ ਹਨ। ਇਹ ਭਾਰਤੀ ਇਤਿਹਾਸ ਦੇ ਅੰਦਰ ਪਹਿਲੀ ਵਾਰ ਹੋ ਰਿਹਾ ਹੈ

ਕਿ ਜਦੋਂ ਤੋਂ ਸੰਵਿਧਾਨ ਲਾਗੂ ਹੋਇਆ ਹੈ ਤਾਂ ਕਿਸੇ ਸਕੀਮ ਦਾ ਨਾਮ ਧਰਮ ਦੇ ਨਾਂ ਤੇ ਰੱਖਿਆ ਗਿਆ ਹੋਵੇ। ਅੱਜ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਬੁਰੀ ਤਰ੍ਹਾਂ ਘਬਰਾ ਤੇ ਡਰ ਚੁੱਕੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਸੱਤਾ ਉਨ੍ਹਾਂ ਦੇ ਹੱਥਾਂ ਵਿੱਚੋਂ ਚਲੀ ਜਾਵੇਗੀ। ਕਦੇ ਕਿਤੇ ਐਸ.ਆਈ.ਆਰ. ਕਰਵਾ ਰਹੇ ਹਨ, ਕਿਤੇ ਵੋਟ ਚੋਰੀ ਕਰ ਰਹੇ ਹਨ, ਕਿਤੇ ਮਜ਼ਦੂਰਾਂ ਦੇ ਹੱਕਾਂ ਦੀ ਚੋਰੀ ਕਰ ਰਹੇ ਹਨ, ਅੱਜ ਪੂਰੀ ਭਾਰਤੀ ਜਨਤਾ ਪਾਰਟੀ ਚੋਰੀ ਕਰਨ ਤੇ ਉਤਰੀ ਹੋਈ ਹੈ। ਹੁਣ ਗਰੀਬਾਂ ਦੇ ਅਧਿਕਾਰਾਂ ਦੀ ਚੋਰੀ ਕੀਤੀ ਜਾ ਰਹੀ ਹੈ ਕਿਉਂਕਿ ਮਗਨਰੇਗਾ ਦਾ ਜਿਹੜਾ ਕਾਨੂੰਨ ਹੈ ਉਹ ਇੱਕ ਕਾਨੂੰਨੀ ਗਾਰੰਟੀ ਸੀ। ਉਸ ਗਾਰੰਟੀ ਨੂੰ ਤੋੜ ਕੇ, ਖਤਮ ਕਰਕੇ ਕੇਂਦਰ ਸਰਕਾਰ ਨੇ ਸਾਰੀ ਸਕੀਮ ਆਪਣੇ ਹੱਥ ਵਿੱਚ ਲੈ ਲਈ। ਬਿਲਕੁਲ, ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਨ੍ਹਾਂ ਨੇ ਬਹੁਤ ਵੱਡਾ ਹਮਲਾ ਕੀਤਾ ਹੈ। Co-operative Federalism ਤੇ ਬਹੁਤ ਵੱਡਾ ਹਮਲਾ ਕੀਤਾ ਹੈ। ਸਟੇਟਾਂ ਨੂੰ 60:40 ਦੀ ਰੇਸ਼ੋ ਨਾਲ ਸ਼ਾਮਲ ਕਰ ਲਿਆ ਹੈ। ਇਹ ਚਾਹੁੰਦੇ ਹਨ ਕਿ ਸਟੇਟਾਂ ਦੀ ਆਰਥਿਕ ਹਾਲਤ ਨੂੰ ਤੋੜਿਆ ਜਾਵੇ, ਸਟੇਟਾਂ ਦੇ federalism ਨੂੰ ਤੋੜਿਆ ਜਾਵੇ। Co-operative Federalism ਨੂੰ ਤਬਾਹ ਕਰਨ ਵੱਲ ਭਾਰਤੀ ਜਨਤਾ ਪਾਰਟੀ ਵਧੀ ਹੋਈ ਹੈ ਅਤੇ ਲਗਾਤਾਰ ਹਰੇਕ ਚੀਜ਼ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਹਰ ਸਕੀਮ ਦਾ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਹੌਲੀ ਹੌਲੀ ਸਟੇਟਾਂ ਦੇ ਅਧਿਕਾਰ ਖੋਹੇ ਜਾ ਰਹੇ ਹਨ। ਸਟੇਟਾਂ ਨੂੰ ਆਪਣੇ ਰਹਿਮੋ-ਕਰਮ ਤੇ ਛੱਡਿਆ ਜਾ ਰਿਹਾ ਹੈ। ਸਟੇਟਾਂ ਦੇ ਲੋਕਾਂ ਨੂੰ ਮਰਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਅੱਜ ਸਟੇਟਾਂ ਦੀ ਇਕਾਨਮੀ ਦੇ ਹਾਲਤ ਇਸ ਤਰ੍ਹਾਂ ਦੇ ਕਿਉਂ ਪੈਦਾ ਹੋਏ ਹਨ। ਇਹ ਇਸ ਲਈ ਹੋਏ ਹਨ ਕਿਉਂਕਿ ਸਾਰੀਆਂ ਸਕੀਮਾਂ ਇੱਕ ਇੱਕ ਕਰਕੇ ਬੰਦ ਹੋ ਰਹੀਆਂ ਹਨ। ਮੈਂ ਕੁਝ ਚੀਜ਼ਾਂ ਜਿਹੜੀਆਂ ਸਾਨੂੰ ਸੰਵਿਧਾਨ ਸਿਖਾਉਂਦਾ ਹੈ, ਉਸ ਤੇ ਵੀ ਚਰਚਾ ਕਰਨੀ ਚਾਹਾਂਗਾ। ਜਦੋਂ ਬਾਬਾ ਭੀਮ ਰਾਓ ਅੰਬੇਦਕਰ ਜੀ ਨੇ ਸੰਵਿਧਾਨ ਬਣਾਇਆ, ਸਾਡੇ ਰਹਿਬਰ ਜੀ ਨੇ ਸੰਵਿਧਾਨ ਬਣਾਇਆ ਅਤੇ Preamble ਲਿਖੀ ਤਾਂ ਸਾਡੇ ਬਹੁਤ ਸਾਰੇ ਸਾਥੀਆਂ ਨੂੰ ਪਤਾ ਹੈ ਕਿ ਦੇਸ਼ ਦੀ ਸਰਬ ਉੱਚ-ਅਦਾਲਤ ਨੇ ਬਹੁਤ ਸਾਰੇ different cases ਦੇ ਅੰਦਰ ਕਿਹਾ ਹੈ ਕਿ ਤੁਸੀਂ Preamble ਨੂੰ ਚੇਂਜ ਨਹੀਂ ਕਰ ਸਕਦੇ, ਯਾਨੀ ਕਿ ਤੁਸੀਂ ਸੰਵਿਧਾਨ ਦੀ ਆਤਮਾ ਨੂੰ ਚੇਂਜ ਨਹੀਂ ਕਰ ਸਕਦੇ। ਉਹ ਆਤਮਾ ਕੀ ਹੈ ਉਹ ਵੀ ਮੈਂ ਪੜ੍ਹ ਕੇ ਸੁਣਾਵਾਂਗਾ। ਇਹ ਬਹੁਤ ਸਾਰੇ ਕੇਸਿਜ਼ ਹਨ। 1973 ਵਿੱਚ Kesavananda Bharti case ਹੋਇਆ, ਉਸ ਤੋਂ ਬਾਅਦ S.R. Bommai case ਹੋਇਆ, Indira Gandhi versus Raj Narain Case ਹੋਇਆ, ਇਸ ਤਰ੍ਹਾਂ ਦੇ ਬਹੁਤ ਸਾਰੇ cases ਹੋਏ ਹਨ, ਜਿਨ੍ਹਾਂ ਵਿੱਚ ਆਨਰੇਬਲ ਸੁਪਰੀਮ ਕੋਰਟ ਨੇ ਇੱਕੋ ਗੱਲ ਕਹੀ ਕਿ ਦੇਸ਼ ਦੇ ਸੰਵਿਧਾਨ ਦੀ ਆਤਮਾ ਨੂੰ ਬਦਲਿਆ ਨਹੀਂ ਜਾ ਸਕਦਾ। ਸੰਵਿਧਾਨ ਦੀ ਆਤਮਾ ਕੀ ਕਹਿੰਦੀ ਹੈ, ਮੈਂ ਉਸ ਆਤਮਾ ਤੇ ਆਉਂਦਾ ਹਾਂ "ਪ੍ਰਭੂਸੱਤਾ ਸੰਪੰਨ" ਯਾਨੀ ਕਿ Sovereignty ਕੀ ਹੈ, ਅਸੀਂ ਆਪਣੇ ਆਪ ਵਿੱਚ ਮੁਕੰਮਲ ਹਾਂ, ਕੋਈ ਸਾਡੇ ਤੇ ਹਾਵੀ ਨਹੀਂ ਹੋ ਸਕਦਾ। ਪ੍ਰਭੂਸੱਤਾ ਸੰਪੰਨ ਦਾ ਮਤਲਬ ਹੈ ਸਮਾਜਵਾਦੀ/ Socialism. ਸਮਾਜ ਵਿੱਚ ਸਮਾਨਤਾ ਅਤੇ ਨਿਰਪੱਖਤਾ ਦਾ ਉਦੇਸ਼ ਹੈ। ਧਰਮ ਨਿਰਪੱਖ, ਮਤਲਬ ਸਾਰੇ ਧਰਮਾਂ ਦਾ ਸਤਿਕਾਰ। ਦੇਸ਼ ਦਾ ਕੋਈ ਅਧਿਕਾਰਤ ਰਾਜ ਧਰਮ ਨਹੀਂ ਹੋਵੇਗਾ। ਅਸੀਂ ਸਾਰੇ ਜਣੇ ਸੈਕੂਲਰ ਹਾਂ। ਲੋਕਤੰਤਰੀ, democracy, ਸ਼ਕਤੀ ਲੋਕਾਂ ਕੋਲ ਹੈ ਅਤੇ ਚੁਣੇ ਹੋਏ ਪ੍ਰਤੀਨਿਧ ਫ਼ੈਸਲਾ ਲੈਣਗੇ। ਇਸੇ ਤਰ੍ਹਾਂ ਹੀ ਗਣਤੰਤਰ, Republic ਹੈ, ਮੁੱਖੀ ਰਾਸ਼ਟਰਪਤੀ ਹੋਵੇਗਾ, ਕੋਈ ਰਾਜਾ ਨਹੀਂ ਹੋਵੇਗਾ। ਜੋ ਭੀਮ ਰਾਉ ਅੰਬੇਦਕਰ ਜੀ ਦਾ ਸੁਪਨਾ ਸੀ ਕਿ ਦੇਸ਼ ਇੱਕਜੁੱਟ ਰਹੇ, ਇੱਕਮੁੱਠ ਰਹੇ, ਇੱਥੇ ਵੱਖ ਵੱਖ ਧਰਮਾਂ ਦੇ, ਵੱਖ ਵੱਖ ਨਸਲਾਂ ਦੇ, ਵੱਖ ਵੱਖ ਜਾਤਾਂ ਦੇ, ਵੱਖ ਵੱਖ ਕਬੀਲਿਆਂ ਦੇ ਲੋਕ ਵੱਸਦੇ ਹਨ, ਭਾਰਤੀ ਜਨਤਾ ਪਾਰਟੀ ਉਸ ਨੂੰ ਤਬਾਹ ਕਰਨ ਤੇ ਤੁਲੀ ਹੋਈ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਇੱਕ ਸੋਚੀ ਸਮਝੀ ਸਾਜ਼ਿਸ਼ ਅਧੀਨ ਦੇਸ਼ ਦੇ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੇ ਹਨ। ਉਹ ਇੱਕ ਇੱਕ ਕਰਕੇ ਧਾਰਾ ਤੋੜ ਰਹੇ ਹਨ। ਅੱਜ ਦੇਸ਼ ਭਰ ਅੰਦਰ ਆਮ ਆਦਮੀ ਪਾਰਟੀ ਬੜੀ ਤੇਜ਼ੀ ਨਾਲ ਫੈਲ ਰਹੀ

ਹੈ। ਚਾਹੇ ਅੱਜ ਗੁਜਰਾਤ ਦੀ ਗੱਲ ਕਰ ਲਈਏ, ਉਥੇ ਮੈਂ ਵੀ ਗਿਆ ਹਾਂ, ਸਰਦਾਰ ਭਗਵੰਤ ਸਿੰਘ ਮਾਨ ਵੀ ਗਏ ਹਨ। ਜਦੋਂ ਤੋਂ ਦੇਸ਼ ਵਿੱਚ ਸਾਡੀ ਪਾਰਟੀ ਬਣੀ ਹੈ, ਅਸੀਂ ਇੱਕ ਗੱਲ ਤੇ ਹੀ ਆਏ ਹਾਂ ਕਿ ਸਾਰਿਆਂ ਨੂੰ ਪੜ੍ਹਨ ਦਾ ਅਧਿਕਾਰ ਮਿਲੇ ਅਤੇ ਸਭ ਨੂੰ ਰੁਜ਼ਗਾਰ ਦਾ ਅਧਿਕਾਰ ਮਿਲੇ, ਸਭ ਨੂੰ ਅੱਛੀਆਂ ਮੈਡੀਕਲ ਸਹੂਲਤਾਂ ਮਿਲਣ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਵੀ ਕਿਹਾ ਸੀ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ। ਉਸੇ ਸਿਧਾਂਤ ਤੇ ਚੱਲਦੇ ਹੋਏ ਅੱਜ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਹੈ। ਪੁਰਾਣੀਆਂ ਸਰਕਾਰਾਂ ਜਿਹੜੀਆਂ ਇਸ ਸੀਟ ਤੇ ਬੈਠਦੀਆਂ ਰਹੀਆਂ ਹਨ ਅਤੇ ਅੱਜ ਆਪੋਜ਼ੀਸ਼ਨ ਵਿੱਚ ਹਨ, ਉਹ ਕਿਸ ਦੀ ਫੋਟੋ ਲਗਾਉਂਦੀਆਂ ਸਨ? ਆਪਣੇ ਮੁੱਖ ਮੰਤਰੀ ਦੀ ਫੋਟੋ ਲਗਾਉਂਦੀਆਂ ਸਨ। ਅੱਜ ਅਸੀਂ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਦੀ ਫੋਟੋ ਲਗਾਈ ਹੈ, ਸ਼ਹੀਦ-ਏ-ਆਜ਼ਮ, ਸਰਦਾਰ ਭਗਤ ਸਿੰਘ ਦੀ ਫੋਟੋ ਲਗਾਈ ਹੈ। ਅਸੀਂ ਉਨ੍ਹਾਂ ਦੀ ਫੋਟੋ ਕਿਉਂ ਲਗਾਈ ਹੈ? ਕਿਉਂਕਿ ਅਸੀਂ ਦੇਸ਼ ਵਿੱਚ ਸੰਵਿਧਾਨ ਦੀ ਅਸਲੀ ਸਪਿਰਿਟ ਨੂੰ ਇੰਨ-ਬਿੰਨ ਲਾਗੂ ਕਰਨਾ ਚਾਹੁੰਦੇ ਹਾਂ। ਅੱਜ ਪੰਜਾਬ ਵਿੱਚ ਗਰੀਬਾਂ ਦੇ ਬੱਚੇ ਪੜ੍ਹ ਰਹੇ ਹਨ। ਇਸ ਦਾ ਰਿਜ਼ਲਟ ਸਾਹਮਣੇ ਆ ਰਿਹਾ ਹੈ ਕਿ ਕਿਸ ਤਰ੍ਹਾਂ ਗਰੀਬਾਂ ਦੇ ਬੱਚੇ ਤਰੱਕੀ ਕਰ ਰਹੇ ਹਨ। ਸਪੀਕਰ ਸਾਹਿਬ, ਐਜੂਕੇਸ਼ਨ ਬਾਰੇ ਗੱਲ ਕਰਨੀ ਬਹੁਤ ਜ਼ਰੂਰੀ ਹੈ। ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਤਿੰਨ ਸਾਲਾਂ ਵਿੱਚ ਐਜੂਕੇਸ਼ਨ ਦੀ ਤਸਵੀਰ ਬਦਲੀ ਹੈ। ਜੇ.ਈ.ਈ. ਦਾ ਇਮਤਿਹਾਨ ਹੋਇਆ ਤਾਂ ਪੰਜਾਬ ਦੇ ਸਰਕਾਰੀ ਸਕੂਲਾਂ ਦੇ 267 ਬੱਚਿਆਂ ਨੇ ਪਾਸ ਕੀਤਾ ਹੈ। ਅੱਗੇ ਜਾ ਕੇ ਫਿਰ ਕੰਪੀਟੀਸ਼ਨ ਹੁੰਦਾ ਹੈ। 235 ਬੱਚਿਆਂ ਨੂੰ ਐਡਮਿਸ਼ਨ ਮਿਲੀ ਹੈ। ਇਸੇ ਤਰ੍ਹਾਂ ਹੀ ਪੰਜਾਬ ਦੇ ਬੱਚਿਆਂ ਨੂੰ ਆਈ.ਆਈ.ਟੀ. ਵਿੱਚ ਐਡਮਿਸ਼ਨ ਮਿਲੀ, ਨੀਟ ਵਿੱਚ ਐਡਮਿਸ਼ਨ ਮਿਲੀ। ਜਿਹੜਾ ਨੀਟ ਦਾ ਇਮਤਿਹਾਨ ਹੈ, ਉਸ ਵਿੱਚ ਵੀ 847 ਬੱਚਿਆਂ ਨੇ ਕੁਆਲੀਫਾਈ ਕੀਤਾ ਹੈ, ਜਿਸ ਵਿੱਚੋਂ 560 ਬੱਚਿਆਂ ਨੂੰ ਐਡਮਿਸ਼ਨ ਮਿਲੀ ਹੈ। ਸਪੀਕਰ ਸਾਹਿਬ, ਇਹ ਗਰੀਬ ਘਰਾਂ ਦੇ ਬੱਚੇ ਹਨ। ਇਸ ਤੋਂ ਪਹਿਲਾਂ ਬਾਰੇ ਆਪੋਜ਼ੀਸ਼ਨ ਵਾਲੇ ਦਿਖਾ ਦੇਣ, ਇਨ੍ਹਾਂ ਦੇ ਬਹੁਤ ਸਾਰੇ ਸਤਿਕਾਰਯੋਗ ਸੱਜਣ ਪਹਿਲਾਂ ਕੈਬਨਿਟ ਦੇ ਵਜ਼ੀਰ ਰਹੇ ਹਨ, ਇਹ ਆਪਣਾ ਡਾਟਾ ਦੇ ਦੇਣ ਕਿ ਇਨ੍ਹਾਂ ਦੇ ਸਮੇਂ ਕਿੰਨੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਪੜ੍ਹ ਕੇ ਐਮ.ਬੀ.ਬੀ.ਐਸ. ਵਿੱਚ ਦਾਖਲਾ ਮਿਲਿਆ ਹੋਵੇ? ਕਿਸੇ ਨੂੰ ਆਈ.ਆਈ.ਟੀ. ਵਿੱਚ ਦਾਖਲਾ ਮਿਲਿਆ ਹੋਵੇ? ਇਹ ਤਾਂ ਹੀ ਸੰਭਵ ਹੋ ਸਕਿਆ ਹੈ ਜੇਕਰ ਅੱਜ ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਸਕੂਲ ਆਫ ਐਮੀਨੈਂਸ ਦੀ ਸਥਾਪਨਾ ਕੀਤੀ ਹੈ। ਸਾਰੇ ਪੈਰਾਮੀਟਰ ਇਸ ਕਰਕੇ ਹੀ ਬਦਲ ਰਹੇ ਹਨ। ਮੈਂ ਇੱਕ ਗੱਲ ਕਰਨੀ ਬਹੁਤ ਜ਼ਰੂਰੀ ਸਮਝਾਂਗਾ। ਬਾਜਵਾ ਸਾਹਿਬ ਹੱਸ ਰਹੇ ਹਨ, ਮੈਂ ਬਾਜਵਾ ਸਾਹਿਬ ਦੀ ਪਿਛਲੀ ਸੀਟ ਤੇ ਬੈਠਾ ਹੁੰਦਾ ਸੀ। ਉਸ ਸਮੇਂ ਫੂਲਕਾ ਸਾਹਿਬ ਲੀਡਰ ਆਫ ਦਿ ਆਪੋਜ਼ੀਸ਼ਨ ਹੁੰਦੇ ਸਨ। ਇੱਥੇ ਇਸੇ ਵਿਧਾਨ ਸਭਾ ਵਿੱਚ ਸਪੀਕਰ ਸਾਹਿਬ ਕੋਲ ਇੱਕ ਬਿਲ ਆਇਆ। ਬਿਲ ਕੀ ਸੀ? ਤੁਸੀਂ ਸਾਰੇ ਜਾਣਦੇ ਹੋ, ਰਾਣਾ ਜੀ ਤੁਹਾਨੂੰ ਵੀ ਯਾਦ ਹੋਵੇਗਾ। ਬਿਲ ਦਾ ਨਾਂ ਸੀ Advocates Engagement Act, 2017. ਮੈਨੂੰ ਯਾਦ ਹੈ, ਕਿਉਂਕਿ ਪਹਿਲੇ ਦਿਨ ਹੀ ਬਿਲ ਆ ਗਿਆ ਸੀ, ਪਹਿਲਾ ਹੀ ਸੈਸ਼ਨ ਸੀ ਤੇ ਤਜਰਬਾ ਕੋਈ ਨਹੀਂ ਸੀ। ਮੈਂ ਪਹਿਲੀ ਵਾਰ ਉਠ ਕੇ ਸਪੀਕਰ ਸਾਹਿਬ ਨੂੰ ਕਿਹਾ, ਰਾਣਾ ਕੇ.ਪੀ. ਜੀ ਸਪੀਕਰ ਸਨ। ਮੈਂ ਕਿਹਾ ਕਿ ਸਪੀਕਰ ਸਾਹਿਬ, ਇਸ ਵਿੱਚ ਰਿਜ਼ਰਵੇਸ਼ਨ ਦੀ ਵਿਵਸਥਾ ਨਹੀਂ ਹੈ। ਇਸ ਵਿੱਚ ਰਿਜ਼ਰਵੇਸ਼ਨ ਦੀ ਵਿਵਸਥਾ ਕੀਤੀ ਜਾਵੇ ਤਾਂ ਸਪੀਕਰ ਸਾਹਿਬ ਕਹਿੰਦੇ, ਤੁਹਾਡੀ ਗੱਲ ਆ ਗਈ ਹੈ, ਬੈਠ ਜਾਉ। ਇਸ ਵਿੱਚ ਰਿਜ਼ਰਵੇਸ਼ਨ ਨਹੀਂ ਹੁੰਦੀ, ਇਸ ਵਿੱਚ ਤਾਂ ਵੱਡੇ ਵੱਡੇ ਘਰਾਂ ਦੇ ਲੋਕ ਲੱਗਦੇ ਹਨ। ਤੁਸੀਂ ਕਹਿੰਦੇ ਹੋ ਕਿ ਦਲਿਤ ਨੇ ਐਲ.ਐਲ.ਬੀ. ਕਰ ਲਈ, ਪਰ ਅਸੀਂ ਇੱਥੇ ਨਹੀਂ ਵੜਨ ਦਿੰਦੇ ਹਾਂ। ਉਸ ਸਮੇਂ ਕਾਂਗਰਸ ਪਾਰਟੀ ਵਿੱਚ ਇਸ ਤਰ੍ਹਾਂ ਦੇ ਹਾਲਾਤ ਸਨ। ਤੁਸੀਂ ਪੁੱਛ ਲਉ, ਰਿਕਾਰਡ ਕਢਵਾ ਕੇ ਦੇਖ ਲਉ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** : ਉਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਉ। (ਵਿਘਨ) (ਸ਼ੋਰ) ਗੱਲ ਪੂਰੀ ਹੋਣ ਲੈਣ ਦਿਉ।

**ਵਿੱਤ ਮੰਤਰੀ**: ਮੈਨੂੰ ਗੱਲ ਪੂਰੀ ਕਰ ਲੈਣ ਦਿਉ। ਮੈਂ ਤੁਹਾਨੂੰ ਬੋਲਣ ਦਾ ਵੀ ਮੌਕਾ ਦਿਆਂਗਾ। ਮੈਂ ਤੁਹਾਡੀ ਹਰ ਗੱਲ ਦਾ ਜਵਾਬ ਦੇਵਾਂਗਾ। ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਉ। (ਵਿਘਨ) (ਸ਼ੋਰ)

**ਮਾਣਯੋਗ ਡਿਪਟੀ ਸਪੀਕਰ**: ਬਾਜਵਾ ਸਾਹਿਬ, ਗੱਲ ਪੂਰੀ ਹੋ ਲੈਣ ਦਿਉ।

**ਵਿੱਤ ਮੰਤਰੀ**: ਮੈਂ 2017 ਦੇ ਐਡਵੋਕੇਟ ਇਨਗੇਜਮੈਂਟਸ ਐਕਟ ਦੀ ਗੱਲ ਕਰ ਰਿਹਾ ਹਾਂ। (ਸ਼ੋਰ) Please sit down.

**ਮਾਣਯੋਗ ਡਿਪਟੀ ਸਪੀਕਰ**: ਬਾਜਵਾ ਸਾਹਿਬ, ਗਰੀਬਾਂ ਦੀ ਗੱਲ ਹੋ ਲੈਣ ਦਿਉ। (ਵਿਘਨ) (ਸ਼ੋਰ)

**ਵਿੱਤ ਮੰਤਰੀ**: ਤੁਸੀਂ ਥੋੜ੍ਹਾ ਹਾਜ਼ਮਾ ਰੱਖਿਆ ਕਰੋ। (ਸ਼ੋਰ) ਬਹਿ ਜਾਇਆ ਕਰੋ। ਦਸ ਮਿੰਟ ਬਹਿ ਜਾਇਆ ਕਰੋ। ਤੁਸੀਂ ਇੰਨੇ ਦਲਿਤ ਵਿਰੋਧੀ ਕਿਉਂ ਹੋ? ਤੁਹਾਨੂੰ ਦਲਿਤਾਂ ਤੋਂ ਇੰਨਾ ਸੇਕ ਕਿਉਂ ਲਗਦਾ ਹੈ? ਤੁਸੀਂ ਗਰੀਬਾਂ ਤੋਂ ਕਿਉਂ ਡਰਦੇ ਹੋ? ਤੁਸੀਂ ਗਰੀਬ ਲੋਕਾਂ ਤੋਂ ਕਿਉਂ ਡਰਦੇ ਹੋ?

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ**: ਇਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਓ, ਜਦੋਂ ਉਨ੍ਹਾਂ ਦੀ ਗੱਲ ਪੂਰੀ ਹੋ ਗਈ ਤਾਂ ਤੁਹਾਨੂੰ ਮੌਕਾ ਮਿਲੇਗਾ, ਵਿੱਚ ਇੰਟਰੱਪਟ ਨਾ ਕਰੀਏ।

**ਵਿੱਤ ਮੰਤਰੀ**: ਤੁਸੀਂ ਡਰਪੋਕ ਕਿਉਂ ਹੋ? ਤੁਸੀਂ ਕਿਉਂ ਦਲਿਤਾਂ ਦਾ ਵਿਰੋਧ ਕਰਦੇ ਹੋ? ਜਦੋਂ ਵੀ ਕੋਈ ਦਲਿਤ ਬੋਲਦਾ ਹੈ ਤਾਂ ਤੁਸੀਂ ਉਸ ਦਾ ਵਿਰੋਧ ਕਰਦੇ ਹੋ। ਜਦੋਂ ਵੀ ਕੋਈ ਦਲਿਤਾਂ ਦਾ ਨੁਮਾਇੰਦਾ ਬੋਲਦਾ ਹੈ ਤਾਂ ਤੁਸੀਂ ਵਿਰੋਧ ਕਰਦੇ ਹੋ। ਜਦੋਂ ਕੋਈ ਦਲਿਤ ਮੰਤਰੀ ਬੋਲਦਾ ਹੈ ਤਾਂ ਇੰਟਰੱਪਟ ਕਰਦੇ ਹੋ, ਤੁਸੀਂ ਉਸੇ ਸਮੇਂ ਵਿਰੋਧ ਕਰਦੇ ਹੋ। ਡਿਪਟੀ ਸਪੀਕਰ ਸਾਹਿਬ, ਅਸੀਂ 2022 ਵਿੱਚ ਉਸੇ ਐਕਟ ਦੇ ਅੰਦਰ ਪਹਿਲੀ ਅਮੈਂਡਮੈਂਟ ਲਿਆਂਦੀ ਤੇ 25 ਫੀਸਦੀ ਰਿਜ਼ਰਵੇਸ਼ਨ ਕੀਤੀ ਤੇ ਅੱਜ 58 ਪੋਸਟਾਂ ਉਤੇ ਗਰੀਬ ਘਰਾਂ ਦੇ ਬੱਚੇ ਹਾਈ ਕੋਰਟ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। (ਵਿਘਨ)

**ਮਾਣਯੋਗ ਡਿਪਟੀ ਸਪੀਕਰ** : ਗੱਲ ਪੂਰੀ ਹੋ ਲੈਣ ਦਿਓ।

**ਵਿੱਤ ਮੰਤਰੀ** : ਅੱਜ ਹਾਈ ਕੋਰਟ ਵਿੱਚ 58 ਪੋਸਟਾਂ ਤੇ ਗਰੀਬ ਘਰਾਂ ਦੇ ਬੱਚੇ ਸੇਵਾਵਾਂ ਨਿਭਾ ਰਹੇ ਹਨ। ਤੁਸੀਂ ਪੁੱਛ ਲਓ। ਚਾਹੇ ਉਹ ਸੰਗਰੂਰ ਦੇ ਇੱਕ ਮਜ਼ਦੂਰ ਦੀ ਕੁੜੀ ਹੋਵੇ, ਚਾਹੇ ਉਹ ਜਲੰਧਰ ਦੇ ਇੱਕ ਮਜ਼ਦੂਰ ਦੀ ਕੁੜੀ ਹੋਵੇ। ਦੋਨਾਂ ਦਾ ਪਤਾ ਕਰ ਲਓ, ਇਨ੍ਹਾਂ ਦੋਨਾਂ ਦੇ ਪਿਤਾ ਸਫਾਈ ਦਾ ਕੰਮ ਕਰਦੇ ਸਨ ਤੇ ਅੱਜ ਅਸੀਂ ਉਨ੍ਹਾਂ ਦੇ ਬੱਚਿਆਂ ਨੂੰ ਹਾਈ ਕੋਰਟ ਦੇ ਅੰਦਰ ਲਗਾਇਆ ਹੈ। ਅੱਜ ਅਸੀਂ ਇਨ੍ਹਾਂ ਨੂੰ ਮਾਣ-ਸਨਮਾਨ ਦਿੱਤਾ ਹੈ ਤਾਂ ਕਿ ਆਉਣ ਵਾਲੇ ਸਮੇਂ

ਵਿੱਚ ਇਹ ਲੋਕ ਹਾਈ ਕੋਰਟ ਦੇ ਜੱਜ ਬਣ ਸਕਣ। ਦੇਸ਼ ਭਰ ਵਿੱਚ 25 ਹਾਈ ਕੋਰਟ ਹਨ। ਸ਼ਾਇਦ ਮੈਂ ਗਲਤ ਵੀ ਹੋ ਸਕਦਾ ਹਾਂ। ਬਲਵਿੰਦਰ ਜੀ ਤੁਸੀਂ ਪੜ੍ਹਿਆ ਹੋਵੇਗਾ।

**ਮਾਣਯੋਗ ਡਿਪਟੀ ਸਪੀਕਰ**: ਚੇਅਰ ਨੂੰ ਐਡਰੈੱਸ ਕਰੋ ਜੀ।

**ਵਿੱਤ ਮੰਤਰੀ**: ਦੇਸ਼ ਭਰ ਵਿੱਚ 25 ਹਾਈ ਕੋਰਟ ਹਨ ਪਰ ਇਕੱਲਾ ਪੰਜਾਬ ਹੈ, ਇਕੱਲੀ ਆਮ ਆਦਮੀ ਪਾਰਟੀ ਦੀ ਸਰਕਾਰ ਤੇ ਇਕੱਲੇ ਸਰਦਾਰ ਭਗਵੰਤ ਸਿੰਘ ਮਾਨ ਨੇ ਪਹਿਲੀ ਵਾਰ ਪੰਜਾਬ ਦੀ ਹਾਈ ਕੋਰਟ ਦੇ ਅੰਦਰ ਰਿਜ਼ਰਵੇਸ਼ਨ ਲਾਗੂ ਕੀਤੀ ਹੈ। (ਥੰਪਿੰਗ) ਮੈਂ ਸਾਡੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਇਹੀ ਬਦਲਾਵ ਹੈ। ਤੁਸੀਂ ਕਹਿੰਦੇ ਹੋ ਕਿ ਕੀ ਬਦਲਾਵ ਆਇਆ ਹੈ, ਪੂਰੇ ਦੇਸ਼ ਭਰ ਵਿੱਚ ਤੁਹਾਡੀਆਂ ਸਰਕਾਰਾਂ ਹਨ, ਤੁਸੀਂ ਉਨ੍ਹਾਂ ਨੂੰ ਰਿਕੁਐਸਟ ਕਰ ਲਓ, ਤੁਹਾਡੀ ਹਿਮਾਚਲ ਪ੍ਰਦੇਸ਼ ਵਿੱਚ ਸਰਕਾਰ ਹੈ, ਕਰਨਾਟਕਾ ਵਿੱਚ ਸਰਕਾਰ ਹੈ, ਤੁਸੀਂ ਉਨ੍ਹਾਂ ਨੂੰ ਬੇਨਤੀ ਕਰ ਲਓ, ਉਨ੍ਹਾਂ ਨੂੰ ਰੈਜ਼ੋਲਿਊਸ਼ਨ ਪਾ ਕੇ ਭੇਜ ਦਿਓ ਕਿ ਇਹ ਅਡਾਪਟ ਕਰ ਲਓ ਤੇ ਇੱਥੇ ਰਿਜ਼ਰਵੇਸ਼ਨ ਲਾਗੂ ਕਰ ਦਿਓ। ਤੁਹਾਡੇ ਵਿੱਚ ਹਿੰਮਤ ਨਹੀਂ ਹੈ ਕਿਉਂਕਿ ਤੁਹਾਡੀ ਮਾਨਸਿਕਤਾ ਦਲਿਤ ਵਿਰੋਧੀ ਹੈ। ਪੰਜਾਬ ਦੀ ਇਹ ਹਿਸਟਰੀ ਹੈ ਕਿ ਅੱਜ ਤੱਕ ਕਦੇ ਵੀ ਟਰੇਜ਼ਰੀ ਬੈਂਚ ਉਤੇ, ਸਰਕਾਰੀ ਬੈਂਚ ਉਤੇ ਛੇ ਦਲਿਤ ਮੰਤਰੀ ਨਹੀਂ ਬੈਠੇ ਸਨ। ਇਹ ਪਹਿਲੀ ਵਾਰ ਹੈ ਕਿ ਅੱਜ ਇਸ ਕਤਾਰ ਵਿੱਚ ਛੇ ਦਲਿਤ ਮੰਤਰੀ ਬੈਠੇ ਹਨ। (ਥੰਪਿੰਗ) ਇਹ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਪੰਜਾਬ ਦਾ ਫਾਈਨਾਂਸ ਮਨਿਸਟਰ ਇੱਕ ਮਜ਼ਦੂਰ ਦੇ ਘਰ ਵਿੱਚ ਪੈਦਾ ਹੋ ਕੇ, ਇੱਕ ਦਲਿਤ ਦੇ ਘਰ ਵਿੱਚ ਪੈਦਾ ਹੋ ਕੇ ਇਸ ਕੁਰਸੀ ਤੇ ਬੈਠਾ ਹੈ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸ਼੍ਰੀ ਸੁਖਵਿੰਦਰ ਸਿੰਘ ਕੋਟਲੀ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** : ਇਨ੍ਹਾਂ ਨੂੰ ਬੋਲਣ ਦਿਓ, ਗੱਲ ਬੋਲਣ ਦਿਓ। ਚੀਮਾ ਜੀ, ਤੁਸੀਂ ਚੇਅਰ ਨੂੰ ਐਡਰੈੱਸ ਕਰੋ ਤੇ ਆਪਣੀ ਗੱਲ ਪੂਰੀ ਕਰੋ। (ਵਿਘਨ) ਉਨ੍ਹਾਂ ਦੀ ਗੱਲ ਪੂਰੀ ਹੋਣ ਦਿਓ। ਬਾਜਵਾ ਜੀ, ਤੁਸੀਂ ਦੋ ਮਿੰਟ ਰੁਕ ਜਾਓ।

**ਵਿੱਤ ਮੰਤਰੀ** : ਸੋ, ਮੇਰਾ ਕਹਿਣ ਦਾ ਭਾਵ ਹੈ ਕਿ ਸਾਡੀ ਸਰਕਾਰ ਲਗਾਤਾਰ ਗਰੀਬਾਂ ਦੇ ਹੱਕ ਵਿੱਚ ਲੱਗੀ ਹੋਈ ਹੈ ਔਰ ਦੂਜੇ ਪਾਸੇ ਉਹ ਲੋਕ ਹਨ, ਭਾਰਤੀ ਜਨਤਾ ਪਾਰਟੀ ਹੈ ਜਿਹੜੀ ਲਗਾਤਾਰ ਦੇਸ਼ ਦੇ ਮਜ਼ਦੂਰਾਂ ਤੇ ਹਮਲਾ ਕਰ ਰਹੀ ਹੈ, ਦੇਸ਼ ਦੇ ਗਰੀਬਾਂ ਤੇ ਹਮਲਾ ਕਰ ਰਹੀ ਹੈ ਲੇਕਿਨ ਸਾਡੇ ਰਨਿੰਗ ਕੁਮੈਂਟਰੀ ਵਾਲੇ ਸਾਥੀ ਅੱਜ ਬੀ.ਜੇ.ਪੀ. ਦਾ ਸਾਥ ਦੇ ਰਹੇ ਹਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਹ ਬੀ.ਜੇ.ਪੀ. ਦਾ ਸਾਥ ਕਿਉਂ ਦੇ ਰਹੇ ਹਨ? ਅੱਜ ਪੰਜਾਬ ਦੇ ਅੰਦਰ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ 56 ਹਜ਼ਾਰ ਨੌਕਰੀਆਂ ਪੰਜਾਬ ਦੇ ਨੌਜਵਾਨਾਂ ਨੂੰ ਮਿਲੀਆਂ ਹਨ, ਜਿਸ ਵਿੱਚੋਂ ਲਗਭਗ 15 ਹਜ਼ਾਰ ਨੌਕਰੀਆਂ ਗਰੀਬ ਘਰਾਂ ਦੇ ਬੱਚਿਆਂ ਨੂੰ ਮਿਲੀਆਂ ਹਨ। ਪਿੱਛੇ ਜਿਹੇ ਬਰੇਟੇ ਤੋਂ ਇੱਕ ਬੱਚੀ ਮੇਰੇ ਕੋਲ ਆਈ ਸੀ, ਭਾਵੇਂ ਜਾ ਕੇ ਪੁੱਛ ਲੈਣਾ, ਉਸ ਦਾ ਇਕੱਲੀ ਦਾ ਐਪੁਆਇੰਟਮੈਂਟ ਲੈਟਰ ਰਹਿ ਗਿਆ ਸੀ। ਪਹਿਲਾਂ ਉਹ ਲੇਟ ਹੋ ਗਈ ਹੋਣੀ ਤੇ ਜਦੋਂ ਉਹ ਲੈਟਰ ਲੈਣ ਲਈ ਮੇਰੇ ਕੋਲ ਆਈ ਤਾਂ ਮੈਂ ਉਸ ਨੂੰ ਪੁੱਛਿਆ ਕਿ ਤੇਰੇ ਪਿਤਾ ਜੀ ਕੀ ਕਰਦੇ ਹਨ ਤਾਂ ਉਹ ਕਹਿੰਦੀ ਕਿ ਮੇਰੇ ਪਿਤਾ ਜੀ ਪੱਲੇਦਾਰ ਹਨ, ਮੈਂ ਕਿਹਾ ਕਿ ਮਾਤਾ ਕੀ ਕਰਦੀ ਹੈ ਤਾਂ ਕਹਿੰਦੀ ਕਿ ਮੇਰੀ ਮਾਤਾ ਨਰੇਗਾ ਦੀ ਮਜ਼ਦੂਰੀ ਕਰਦੀ ਹੈ। ਮਾਂ ਨੇ ਨਰੇਗਾ ਦੀ ਮਜ਼ਦੂਰੀ ਕੀਤੀ,

ਬਾਪ ਨੇ ਪੱਲੇਦਾਰੀ ਕੀਤੀ ਲੇਕਿਨ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਟਰਾਂਸਪੇਰੈਂਸੀ ਨਾਲ ਮੈਰਿਟ ਦੇ ਆਧਾਰ ਤੇ 56 ਹਜ਼ਾਰ ਨੌਕਰੀਆਂ ਪੰਜਾਬ ਵਿੱਚ ਨੌਜਵਾਨ ਮੁੰਡੇ ਕੁੜੀਆਂ ਨੂੰ ਦਿੱਤੀਆਂ ਹਨ, ਜਿਨ੍ਹਾਂ ਵਿੱਚੋਂ 15 ਹਜ਼ਾਰ ਨੌਕਰੀਆਂ ਦਲਿਤ ਵਰਗ ਦੇ ਹਿੱਸੇ ਵਿੱਚ ਆਉਂਦੀਆਂ ਹਨ। ਆਪੋਜ਼ੀਸ਼ਨ ਸਾਈਡ ਤੋਂ ਮੇਰੇ ਭਰਾ ਨੇ ਗੱਲ ਕੀਤੀ ਸੀ ਕਿ ਪੰਜਾਬ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸ਼ਡਿਊਲਡ ਕਾਸਟ ਫਾਈਨਾਂਸ਼ੀਅਲ ਕਾਰਪੋਰੇਸ਼ਨ ਵਿੱਚ ਲਗਭਗ ਪੰਜ ਹਜ਼ਾਰ ਦੇ ਕਰੀਬ ਗਰੀਬ ਪਰਿਵਾਰਾਂ ਦਾ ਟੋਟਲ ਕਰਜ਼ਾ ਮਾਫ ਕੀਤਾ ਗਿਆ ਹੈ। ਇਸੇ ਤਰ੍ਹਾਂ ਐਸ.ਸੀ./ਐਸ.ਟੀ. ਸਬ-ਪਲਾਨ ਤਹਿਤ 2025-26 ਦੇ ਬਜਟ ਵਿੱਚ 14 ਹਜ਼ਾਰ ਕਰੋੜ ਰੁਪਿਆ ਰੱਖਿਆ ਗਿਆ ਹੈ ਕਿਉਂਕਿ ਸਾਡੀ ਸਰਕਾਰ ਤਾਂ ਲਗਾਤਾਰ ਗਰੀਬਾਂ ਦੇ ਨਾਲ ਹੈ ਅਤੇ ਗਰੀਬਾਂ ਦੇ ਹੱਕ ਵਿੱਚ ਖੜ੍ਹੀ ਹੈ ਪਰ ਦੂਜੇ ਪਾਸੇ ਸੈਂਟਰ ਸਰਕਾਰ ਲਗਾਤਾਰ ਮਜ਼ਦੂਰਾਂ ਉਤੇ ਹਮਲਾ ਕਰ ਰਹੀ ਹੈ, ਲਗਾਤਾਰ ਗਰੀਬਾਂ ਤੇ ਹਮਲਾ ਕਰ ਰਹੀ ਹੈ, ਲਗਾਤਾਰ ਦਲਿਤਾਂ ਤੇ ਹਮਲਾ ਕਰ ਰਹੀ ਹੈ। ਸਾਡੇ ਗੁਰੂ ਸਾਹਿਬਾਨ ਗੁਰੂ ਰਵਿਦਾਸ ਜੀ ਨੇ ਕਿਹਾ ਸੀ-

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।।
ਛੋਟੇ ਬੜੇ ਸਭ ਸਮ ਬਸੈ, ਰਵਿਦਾਸ ਰਹੇ ਪ੍ਰਸੰਨ।।

ਸਾਡੀ ਸਰਕਾਰ ਤਾਂ ਸਮਾਜ ਦੀ ਭਲਾਈ ਲਈ ਕੰਮ ਕਰ ਰਹੀ ਹੈ ਕਿ ਸਾਰੇ ਬਰਾਬਰ ਹੋਣ, ਸਾਰੇ ਇਕੱਠੇ ਹੋ ਕੇ ਚੱਲਣ ਪਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਸਾਰੀਆਂ ਵਿਚਾਰਧਾਰਾਵਾਂ ਨੂੰ ਤੋੜਨ ਦਾ ਯਤਨ ਕਰ ਰਹੀ ਹੈ। ਦੇਸ਼ ਵਿੱਚ ਲਗਾਤਾਰ ਦਲਿਤਾਂ ਤੇ ਹਮਲੇ ਹੋ ਰਹੇ ਹਨ, ਸੰਵਿਧਾਨ ਤੇ ਹਮਲੇ ਹੋ ਰਹੇ ਹਨ, ਗੁਰੂ ਸਾਹਿਬਾਨਾਂ ਤੇ ਹਮਲੇ ਹੋ ਰਹੇ ਹਨ, ਇਹ ਭਾਰਤੀ ਜਨਤਾ ਪਾਰਟੀ ਦਾ ਕਿਰਦਾਰ ਹੈ ਕਿਉਂਕਿ ਭਾਰਤੀ ਜਨਤਾ ਪਾਰਟੀ ਦਿਲ ਤੋਂ ਦੇਸ਼ ਦੇ ਮਜ਼ਦੂਰਾਂ ਨੂੰ ਨਫਰਤ ਕਰਦੀ ਹੈ। ਅੱਜ ਪੰਜਾਬ ਦੀ 34 ਫੀਸਦੀ ਦਲਿਤ ਵਸੋਂ ਸਮਝ ਚੁੱਕੀ ਹੈ ਕਿ ਭਾਰਤੀ ਜਨਤਾ ਪਾਰਟੀ ਉਨ੍ਹਾਂ ਦੀ ਦੁਸ਼ਮਣ ਜਮਾਤ ਹੈ। ਜਿਨ੍ਹਾਂ ਨੇ ਉਨ੍ਹਾਂ ਦਾ ਢਿੱਡ ਕੱਟਿਆ ਅਤੇ ਉਨ੍ਹਾਂ ਦੇ ਮੂੰਹ ਵਿੱਚੋਂ ਰੋਟੀ ਖੋਹੀ ਹੈ, ਉਹ ਕੌਣ ਹੈ? ਉਹ ਭਾਰਤੀ ਜਨਤਾ ਪਾਰਟੀ ਹੈ। ਅੱਜ ਸਾਰਾ ਦੇਸ਼ ਜਾਣ ਚੁੱਕਿਆ ਹੈ। ਮੈਂ ਸਮਝਦਾ ਹਾਂ ਕਿ ਅੱਜ ਦੇਸ਼ ਦੇ ਮਜ਼ਦੂਰ ਲਾਮਬੰਦ ਹੋ ਰਹੇ ਹਨ। ਆਮ ਆਦਮੀ ਪਾਰਟੀ ਬਿਲਕੁਲ ਦੇਸ਼ ਦੇ ਮਜ਼ਦੂਰਾਂ ਦੇ ਹੱਕ ਵਿੱਚ ਖੜ੍ਹੀ ਹੈ ਅਤੇ ਅਸੀਂ ਬਿਲਕੁਲ ਡੱਟ ਕੇ ਇਹ ਲੜਾਈ ਲੜਾਂਗੇ। ਆਪੋਜ਼ੀਸ਼ਨ ਧਿਰ ਵੱਲੋਂ ਉੱਥੇ ਜਾਣ ਦੀ ਗੱਲ ਆਈ ਸੀ, ਅਸੀਂ ਬਿਲਕੁਲ ਸਾਰਾ ਪ੍ਰੋਗਰਾਮ ਉਲੀਕਿਆ ਹੋਇਆ ਹੈ। ਬਹੁਤ ਜਲਦੀ ਵੱਡੇ ਵੱਡੇ ਅੰਦੋਲਨ ਸ਼ੁਰੂ ਹੋ ਰਹੇ ਹਨ, ਆਮ ਆਦਮੀ ਪਾਰਟੀ ਉਸ ਅੰਦੋਲਨ ਦਾ ਹਿੱਸਾ ਹੈ। ਅਸੀਂ ਬਹੁਤ ਵੱਡੇ ਪੱਧਰ ਤੇ ਲੜਾਈ ਲੜਾਂਗੇ। ਹਰ ਪਿੰਡ ਵਿੱਚ ਅੰਦੋਲਨ ਸ਼ੁਰੂ ਹੋ ਚੁੱਕਿਆ ਹੈ। ਜਿਹੜੇ ਸਾਡੇ ਕੋਲ ਪ੍ਰਧਾਨ ਮੰਤਰੀ ਸਾਹਿਬ ਦੇ ਨਾਮ ਤੇ ਚਿੱਠੀਆਂ ਹਨ, ਜਿਹੜੀਆਂ ਮੈਂ ਤੁਹਾਨੂੰ ਸੌਂਪਣੀਆਂ ਹਨ। ਇਹ ਚਿੱਠੀਆਂ ਭਰ ਭਰ ਕੇ ਲੋਕ ਭੇਜ ਰਹੇ ਹਨ। ਇਹ ਸਾਡੀਆਂ ਮਾਂਵਾਂ ਦੇ ਅੰਗੂਠੇ ਅਤੇ ਦਸਤਖਤ ਹਨ। ਮੈਂ ਤਾਂ ਵੇਖ ਰਿਹਾ ਹਾਂ ਕਿ ਜ਼ਿਆਦਾਤਰ ਅੰਗੂਠੇ ਹਨ, ਇੱਥੋਂ ਪਤਾ ਲੱਗਦਾ ਹੈ ਕਿ ਸਾਡੇ ਗਰੀਬ ਵਰਗ ਉੱਤੇ ਭਾਰਤੀ ਜਨਤਾ ਪਾਰਟੀ ਨੇ ਬਹੁਤ ਵੱਡਾ ਹਮਲਾ ਬੋਲਿਆ ਹੈ। ਸੋ, ਜਿਹੜਾ ਮਤਾ ਅੱਜ ਮੇਰੇ ਕੈਬਨਿਟ ਦੇ ਕੁਲੀਗ ਸੌਂਦ ਸਾਹਿਬ ਲੈ ਕੇ ਆਏ ਹਨ, ਮੈਂ ਉਸ ਦਾ ਜਿੱਥੇ ਸਮਰਥਨ ਕਰਦਾ ਹਾਂ, ਉੱਥੇ ਅਸੀਂ ਭਾਰਤੀ ਜਨਤਾ ਪਾਰਟੀ ਦੀ ਕਰੜੀ ਨਿੰਦਾ ਕਰਦੇ ਹਾਂ ਕਿ ਅੱਜ ਉਹ ਕਾਰਪੋਰੇਟ ਘਰਾਣਿਆਂ ਦੇ ਹੱਥ ਵਿੱਚ ਵਿਕ ਚੁੱਕੀ ਹੈ। ਅੱਜ ਉਹ ਵੱਡੇ ਵੱਡੇ ਅਡਾਨੀਆਂ ਦੇ ਹੱਥ ਵਿੱਚ ਵਿਕ ਚੁੱਕੀ ਹੈ। ਮੈਂ ਸਮਝਦਾ ਹਾਂ ਕਿ ਭਾਰਤੀ ਜਨਤਾ ਪਾਰਟੀ ਵੱਡੇ ਵੱਡੇ ਕਾਰਪੋਰੇਟ ਘਰਾਣਿਆਂ ਨੇ ਖਰੀਦ ਲਈ ਹੈ। ਕਾਰਪੋਰੇਟ ਘਰਾਣੇ ਜਿਸ ਤਰ੍ਹਾਂ ਚਾਹੁੰਦੇ ਹਨ, ਉਸ ਤਰ੍ਹਾਂ ਦੀਆਂ ਸਕੀਮਾਂ ਆਉਂਦੀਆਂ ਹਨ ਕਿ ਕਿਵੇਂ ਦਲਿਤਾਂ ਤੇ ਹਮਲਾ ਕਰਨਾ ਹੈ, ਕਿਵੇਂ ਛੋਟੇ ਕਾਰੋਬਾਰੀ ਨੂੰ ਖਾਣਾ ਹੈ, ਕਿਵੇਂ ਕਿਸਾਨ ਨੂੰ ਮਾਰਨਾ ਹੈ। ਇਹ

ਸਕੀਮਾਂ ਅੱਜ ਕਾਰਪੋਰੇਟ ਘਰਾਣੇ ਘੜ ਘੜ ਕੇ ਭਾਰਤੀ ਜਨਤਾ ਪਾਰਟੀ ਨੂੰ ਦੇ ਰਹੇ ਹਨ। ਮੈਂ ਆਸ ਕਰਾਂਗਾ ਕਿ ਇਹ ਇਨ੍ਹਾਂ ਸਾਰੀਆਂ ਗੱਲਾਂ ਦਾ ਜਵਾਬ ਦੇ ਕੇ ਜਾਣਗੇ, ਉਨ੍ਹਾਂ ਦੇ ਸਾਥੀ ਅੱਜ ਬੈਠੇ ਹਨ, ਨਹੀਂ ਤਾਂ ਚਲੇ ਜਾਂਦੇ ਹਨ। (ਵਿਘਨ) (ਸ਼ੋਰ) ਮੈਂ ਸੁਣਾਂਗਾ, ਚਿੰਤਾ ਨਾ ਕਰੋ। ਸੁਣਾਂਗਾ ਔਰ ਤੁਸੀਂ ਮੇਰਾ ਜਵਾਬ ਵੀ ਸੁਣ ਕੇ ਜਾਇਓ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਵਿੱਤ ਮੰਤਰੀ**: ਹੈਂ? ਮੈਂ ਤਾਂ ਅਜੇ ਦਸ ਮਿੰਟ ਬੋਲਣਾ ਹੈ, ਚਿੰਤਾ ਨਾ ਕਰਿਓ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਤੁਸੀਂ ਜਿੰਨੇ ਮਰਜ਼ੀ ਮਿੰਟ ਬੋਲ ਲਵੋ। ਤੁਸੀਂ ਪੁਆਇੰਟ ਰੇਜ਼ ਕੀਤਾ ਹੈ ਕਿ ਉਨ੍ਹਾਂ ਦੇ ਸਾਥੀ ਬੈਠੇ ਹਨ, ਇਹ ਜਵਾਬ ਦੇ ਕੇ ਜਾਣ। ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ ਜੀ।

**ਵਿੱਤ ਮੰਤਰੀ**: ਤੁਸੀਂ ਭੱਜਣ ਦੇ ਮਾਹਿਰ ਹੋ। ਹਮੇਸ਼ਾ ਹੀ ਭੱਜ ਜਾਂਦੇ ਹੋ। (ਵਿਘਨ) (ਸ਼ੋਰ) ਜਨਾਬ ਪਿਛਲੀ ਵਾਰ ਜਿੰਨੇ ਵੀ ਸੈਸ਼ਨ ਹੋਏ ਹਨ, ਤੁਸੀਂ ਭੱਜ ਜਾਂਦੇ ਹੋ।

**ਮਾਣਯੋਗ ਡਿਪਟੀ ਸਪੀਕਰ**: ਚੀਮਾ ਸਾਹਿਬ, ਚੇਅਰ ਨੂੰ ਐਡਰੈਸ ਕਰੋ।

**ਵਿੱਤ ਮੰਤਰੀ**: ਤੁਹਾਡੀ ਪੈਰਵਾਈ ਤਾਂ ਹੋਰ ਲੋਕ ਕਰਦੇ ਹਨ, ਤੁਸੀਂ ਚਲੇ ਜਾਂਦੇ ਹੋ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਕੋਈ ਗੱਲ ਨਹੀਂ।

**ਵਿੱਤ ਮੰਤਰੀ**: ਤੁਹਾਡੀ ਪੈਰਵਾਈ ਕਰਨ ਲਈ ਤੁਸੀਂ ਹੋਰ ਬੰਦੇ ਰੱਖੇ ਹਨ। (ਵਿਘਨ) (ਸ਼ੋਰ) ਤੁਸੀਂ ਹੋਰ ਬੰਦੇ ਰੱਖੇ ਹਨ। ਅਸੀਂ ਤੁਹਾਡੀ ਮਾਨਸਿਕਤਾ ਨੂੰ ਜਾਣਦੇ ਹਾਂ, ਸਾਰਾ ਦੇਸ਼ ਜਾਣਦਾ ਹੈ। (ਵਿਘਨ) (ਸ਼ੋਰ) ਚਲੋ ਇਵੇਂ ਕਰੋ, ਤੁਸੀਂ ਬੋਲੋ, ਮੈਂ ਰੁਕਦਾ ਹਾਂ। ਬੋਲੋ, ਬੋਲੋ, ਡਿਪਟੀ ਸਪੀਕਰ ਸਾਹਿਬ ਇਵੇਂ ਕਰੋ, ਇਨ੍ਹਾਂ ਨੂੰ ਬੁਲਾਓ। ਫਿਰ ਮੈਂ ਇਨ੍ਹਾਂ ਨੂੰ ਜਵਾਬ ਦਿੰਦਾ ਹਾਂ। (ਵਿਘਨ) (ਸ਼ੋਰ) ਮੈਂ ਕਿਹਾ ਤੁਸੀਂ ਬੋਲੋ, ਮੈਂ ਖੜ੍ਹਾ ਹਾਂ। ਮੈਂ ਤਾਂ ਕਹਿੰਦਾ ਹਾਂ ਕਿ ਤੁਸੀਂ ਹੁਣੇ ਬੋਲੋ।

*1.53 ਵਜੇ ਬਾਅਦ ਦੁਪਹਿਰ।) (ਇਸ *ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈਸ ਕੀਤਾ ਜਾਵੇ। ਮੰਤਰੀ ਜੀ, ਤੁਸੀਂ ਆਪਣੀ ਗੱਲ ਕੰਟੀਨਿਊ ਕਰੋ।

**ਵਿੱਤ ਮੰਤਰੀ**: ਮੈਂ ਤਾਂ ਇਹੀ ਗੱਲ ਕਰ ਰਿਹਾ ਹਾਂ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਇੱਕ ਮਿੰਟ ਮੰਤਰੀ ਜੀ। ਅਸ਼ਵਨੀ ਜੀ, ਤੁਹਾਨੂੰ ਬੋਲਣ ਦਾ ਮੌਕਾ ਦਿੱਤਾ ਜਾਵੇਗਾ। ਕ੍ਰਿਪਾ ਕਰਕੇ ਜਿਹੜੇ ਮਾਣਯੋਗ ਮੈਂਬਰ ਬੋਲ ਰਹੇ ਹਨ, ਉਨ੍ਹਾਂ ਨੂੰ ਬੋਲਣ ਦਿਉ।

**ਵਿੱਤ ਮੰਤਰੀ**: ਸਪੀਕਰ ਸਾਹਿਬ, ਮੈਂ ਤਾਂ ਇਹੀ ਗੱਲ ਕਰ ਰਿਹਾ ਸੀ। ਮੇਰੀ ਗੱਲ ਬਸ ਪੂਰੀ ਹੋਣ ਵਾਲੀ ਹੈ, ਮੈਂ ਆਪਣੇ ਵਿਚਾਰ ਵਿਧਾਨ ਸਭਾ ਵਿੱਚ ਰੱਖ ਚੁੱਕਿਆ ਹਾਂ। ਮੈਂ ਤਾਂ ਇਹੀ ਗੱਲ ਕਰ ਰਿਹਾ ਸੀ ਕਿ ਕਿਸ ਤਰ੍ਹਾਂ ਇਹ ਕਾਨੂੰਨ ਪੰਜਾਬ ਦੇ ਨਹੀਂ ਬਲਕਿ ਪੂਰੇ ਦੇਸ਼ ਦੇ ਗਰੀਬ ਲੋਕਾਂ ਦੇ ਖਿਲਾਫ ਹੈ, ਪੰਜਾਬ ਦੇ ਦਲਿਤ ਲੋਕਾਂ ਦੇ ਖਿਲਾਫ ਹੈ ਕਿਉਂਕਿ ਇਸ ਵਿੱਚ ਜ਼ਿਆਦਾਤਰ ਬਹੁਤ ਛੋਟਾ ਕਿਸਾਨ ਆਉਂਦਾ ਹੈ ਜਾਂ ਦਲਿਤ ਮਜ਼ਦੂਰ ਆਉਂਦਾ ਹੈ ਜਿਨ੍ਹਾਂ ਦੀ ਪੈਰਵੀ ਭਾਰਤੀ ਜਨਤਾ ਪਾਰਟੀ ਕਰਦੀ ਹੈ, ਪਰ ਮੈਨੂੰ ਲੱਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ ਕੋਈ ਵੀ ਅਜਿਹਾ ਮੈਂਬਰ ਨਹੀਂ ਹੋਣਾ, ਉਨ੍ਹਾਂ ਵਿੱਚੋਂ ਇੱਕ ਵੀ ਮੈਂਬਰ ਨਹੀਂ ਕਰਦਾ ਕਿਉਂਕਿ ਭਾਰਤੀ ਜਨਤਾ ਪਾਰਟੀ ਸਿਰਫ ਔਰ ਸਿਰਫ ਕਾਰਪੋਰੇਟ ਹਾਊਸਿਜ਼ ਦੀ ਤਰਜਮਾਨੀ ਕਰਦੀ ਹੈ। ਜਿਹੜੀਆਂ ਉਹ ਸਕੀਮਾਂ ਲੈ ਕੇ ਆਉਂਦੇ ਹਨ, ਉਹੀ ਸਕੀਮਾਂ ਲਾਗੂ ਹੁੰਦੀਆਂ ਹਨ। ਇਹ ਭਾਰਤ ਦੇ ਸੰਵਿਧਾਨ ਵਿੱਚ ਪਹਿਲੀ ਵਾਰ ਹੋਇਆ ਹੈ ਕਿ ਸ੍ਰੀ ਰਾਮ ਜੀ, ਜਿਹੜੇ ਸਾਡੇ ਸਭ ਦੇ ਸਤਿਕਾਰਯੋਗ ਹਨ, ਉਨ੍ਹਾਂ ਦੇ ਪਿੱਛੇ ਲੁਕ ਕੇ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੇ ਮਜ਼ਦੂਰਾਂ ਤੇ ਹਮਲਾ ਬੋਲਿਆ ਹੈ। ਜਿਵੇਂ ਕਿ ਪਹਿਲਾਂ ਅਕਾਲੀ ਦਲ ਦੀ ਜਮਾਤ ਚਲੀ ਗਈ, ਉਹ ਵੀ ਇਹੀ ਕੁਝ ਕਰਦੇ ਹੁੰਦੇ ਸੀ ਤਾਂ ਹੀ ਲੋਕਾਂ ਨੇ ਉਨ੍ਹਾਂ ਦੀ ਜਮਾਤ ਸਾਫ ਕਰ ਦਿੱਤੀ। ਸ਼ਾਇਦ ਹੁਣ ਤਾਂ ਇੱਕ ਵੀ ਮੈਂਬਰ ਨਹੀਂ ਹੈ। ਅੱਜ ਆਏ ਹੀ ਨਹੀਂ ਹਨ। ਭੈਣ ਜੀ ਵੀ ਨਹੀਂ ਆਏ। ਇਆਲੀ ਸਾਹਿਬ, ਜੇਕਰ ਮੈਂ ਗਲਤ ਹੋਵਾਂ ਤਾਂ ਮੈਨੂੰ ਦੱਸ ਦਿਓ। ਇਸੇ ਤਰ੍ਹਾਂ ਉਹ ਕਰਦੇ ਹੁੰਦੇ ਸੀ, ਧਰਮ ਦੇ ਨਾਮ ਦੇ ਥੱਲੇ ਕੀ ਕਰਦੇ ਸੀ? ਅੱਜ ਉਹੀ ਕੰਮ, ਉਸੇ ਤਰੀਕੇ ਦਾ ਸਿਸਟਮ ਭਾਰਤੀ ਜਨਤਾ ਪਾਰਟੀ ਨੇ ਫੜਿਆ ਹੈ। ਸ੍ਰੀ ਰਾਮ ਜੀ ਸਾਡੇ ਲਈ ਬਹੁਤ ਪਵਿੱਤਰ ਹਨ। ਪਲੀਜ਼, ਉਨ੍ਹਾਂ ਦਾ ਨਾਮ ਯੂਜ਼ ਨਾ ਕਰੋ, ਉਨ੍ਹਾਂ ਨੂੰ ਨਾ ਵਰਤੋ ਕਿਉਂਕਿ ਜਦੋਂ ਨਾਅਰੇ ਲੱਗਣਗੇ, ਜਦੋਂ ਸਕੀਮ ਵਿੱਚ ਕੋਈ ਗਲਤੀ ਕਰ ਲਈ ਜਾਂ ਪ੍ਰੋਟੈਸਟ ਹੋਇਆ ਕਰਨਗੇ ਤਾਂ ਜੀ ਰਾਮ ਜੀ ਮੁਰਦਾਬਾਦ ਹੋਇਆ ਕਰੇਗਾ। ਫਿਰ ਉਹ ਬੇਅਦਬੀ ਹੋਇਆ ਕਰੇਗੀ। ਫਿਰ ਉਸ ਬੇਅਦਬੀ ਦੀ ਹਿੱਸੇਦਾਰ ਭਾਰਤੀ ਜਨਤਾ ਪਾਰਟੀ ਹੋਵੇਗੀ। ਜੇਕਰ ਕੱਲ੍ਹ ਨੂੰ ਇਸ ਤਰ੍ਹਾਂ ਦਾ ਕੋਈ ਨਾਅਰਾ ਲੱਗਦਾ ਹੈ ਤਾਂ ਸਪੀਕਰ ਸਾਹਿਬ, ਮੈਂ ਵਿਧਾਨ ਸਭਾ ਦੇ ਫਲੋਰ ਤੇ ਨੋਟ ਕਰਵਾਉਣਾ ਚਾਹੁੰਦਾ ਹਾਂ ਤਾਂ ਉਸ ਦੀ ਜ਼ਿੰਮੇਵਾਰ ਭਾਰਤੀ ਜਨਤਾ ਪਾਰਟੀ ਹੋਵੇਗੀ, ਕਿਉਂਕਿ ਇਸ ਸਕੀਮ ਦੇ ਅੰਦਰ ਮੈਂ ਪੜ੍ਹ ਰਿਹਾ ਸੀ ਅਤੇ ਸ਼ਿਵ ਰਾਜ ਚੌਹਾਨ ਜੀ ਬੋਲ ਰਹੇ ਸਨ ਕਿ ਘਪਲੇ ਹੋ ਗਏ। ਘਪਲੇ ਕਿੱਥੇ ਹੋਏ ਹਨ? ਸਭ ਤੋਂ ਵੱਡੇ ਘਪਲੇ ਮੱਧ ਪ੍ਰਦੇਸ਼ ਦੇ ਅੰਦਰ ਹੋਏ ਹਨ। ਸਭ ਤੋਂ ਵੱਡੇ ਘਪਲੇ ਗੁਜਰਾਤ ਦੇ ਅੰਦਰ ਹੋਏ ਹਨ। 71 ਕਰੋੜ ਦਾ ਘਪਲਾ ਹੋਇਆ ਹੈ। 255 ਕਰੋੜ ਦਾ ਘਪਲਾ ਹੋਇਆ ਹੈ। 250 ਕਰੋੜ ਦਾ ਘਪਲਾ ਹੋਇਆ ਹੈ ਅਤੇ 300 ਕਰੋੜ ਦਾ ਵੀ ਘਪਲਾ ਹੋਇਆ ਹੈ। ਇਹ ਘਪਲੇ ਕਿਸ ਨੇ ਕੀਤੇ ਹਨ? ਇਹ ਘਪਲੇ ਭਾਰਤੀ ਜਨਤਾ ਪਾਰਟੀ ਦੇ ਲੋਕਾਂ ਨੇ ਕੀਤੇ ਹਨ। ਇਹ ਕਹਿ ਰਹੇ ਹਨ ਕਿ ਅਸੀਂ ਸਕੀਮ ਤਾਂ ਬਦਲ ਰਹੇ ਹਾਂ। ਕੀ ਗੁਜਰਾਤ ਦੇ ਕਿਸੇ ਮੰਤਰੀ ਦੇ ਖਿਲਾਫ ਕੋਈ ਕਾਰਵਾਈ ਕੀਤੀ ਗਈ ਹੈ? ਕਿਸੇ ਤੇ ਕੋਈ ਕਾਰਵਾਈ ਨਹੀਂ ਹੋਈ। ਕਿਸੇ ਮੱਧ ਪ੍ਰਦੇਸ਼ ਦੇ ਮੰਤਰੀ ਦੇ ਖਿਲਾਫ ਕੋਈ ਕਾਰਵਾਈ ਕੀਤੀ ਹੈ? ਕਿਸੇ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਦੇ ਖਿਲਾਫ ਕਾਰਵਾਈ ਇਸ ਲਈ ਨਹੀਂ ਹੋਈ ਕਿਉਂਕਿ ਉਹ ਇਨ੍ਹਾਂ ਦੇ ਆਪਣੇ ਬੰਦੇ ਸਨ। ਉਸ ਦੀ ਆੜ ਵਿੱਚ ਪਹਿਲਾਂ ਘਪਲੇ ਕਰ ਲਏ ਅਤੇ ਉਸੇ ਆੜ ਵਿੱਚ ਇਸ ਸਕੀਮ ਦਾ ਨਾਮ ਬਦਲ ਕੇ ਸ੍ਰੀ ਰਾਮ ਜੀ ਦੇ ਪਿੱਛੇ ਲੁਕ ਕੇ ਭਾਰਤੀ ਜਨਤਾ ਪਾਰਟੀ ਨੇ ਦੇਸ਼ ਦੇ ਹਜ਼ਾਰਾਂ-ਕਰੋੜਾਂ ਮਜ਼ਦੂਰਾਂ ਤੇ ਹਮਲਾ ਬੋਲਿਆ ਹੈ। ਸੋ, ਭਾਰਤੀ ਜਨਤਾ ਪਾਰਟੀ ਜਿਹੜੀ ਸਕੀਮ ਲੈ ਕੇ ਆਈ ਹੈ, ਮੈਂ ਇਸ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦਾ ਹਾਂ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਕਿ ਇਹ ਮਤਾ ਪਾਸ ਹੋਵੇ। ਦੂਜੇ ਪਾਸੇ, ਸਾਰੇ ਲੋਕਾਂ ਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਅੱਜ ਦੇਸ਼ ਦੀ ਹੁਕਮਰਾਨ ਸਰਕਾਰ ਕਿਸ ਤਰ੍ਹਾਂ ਫੈਡਰਲ ਸਟਰੱਕਚਰ ਤੇ ਹਮਲਾ ਬੋਲ ਰਹੀ ਹੈ। ਇੱਕ ਇੱਕ ਕਰਕੇ One Nation One Election ਫਾਰਮੂਲਾ, One Nation One Tax, S.I.R ਇਹ ਸਾਰੀਆਂ ਸਕੀਮਾਂ ਚਲਾ ਰਹੇ ਹਨ। ਆਪੋਜ਼ੀਸ਼ਨ ਵਾਲੇ ਪਤਾ ਨਹੀਂ ਮੇਰੇ ਨਾਲ

ਸਹਿਮਤ ਹੋਣਗੇ ਜਾਂ ਨਹੀਂ, ਇਹ ਸਾਰੀਆਂ ਸਕੀਮਾਂ ਇਸ ਗੱਲ ਵੱਲ ਵੱਧ ਰਹੀਆਂ ਹਨ ਕਿ ਸੂਬਿਆਂ ਦੇ ਸਾਰੇ ਅਧਿਕਾਰ ਖਤਮ ਕੀਤੇ ਜਾਣਗੇ। ਸੂਬਿਆਂ ਦੀ ਆਟੋਨਮੀ ਨੂੰ ਖਤਮ ਕੀਤਾ ਜਾਵੇਗਾ। ਸੂਬਿਆਂ ਦੀ ਇਕਾਨਮੀ ਨੂੰ ਖਤਮ ਕੀਤਾ ਜਾਵੇਗਾ। ਸੂਬਿਆਂ ਨੂੰ ਬਰਬਾਦ ਕਿਵੇਂ ਕਰਨਾ ਹੈ, ਸੂਬਿਆਂ ਨੂੰ ਬੰਧੂਆਂ ਮਜ਼ਦੂਰ ਕਿਵੇਂ ਬਣਾਉਣਾ ਹੈ, ਖੇਤੀ ਤੇ ਕਿਵੇਂ ਕਾਰਪੋਰੇਟ ਦਾ ਕਬਜ਼ਾ ਕਰਵਾਉਣਾ ਹੈ, ਮਜ਼ਦੂਰਾਂ ਨੂੰ ਕਿਵੇਂ ਗੁਲਾਮ ਬਣਾਉਣਾ ਹੈ। ਹਜ਼ਾਰਾਂ ਸਾਲ ਪਹਿਲਾਂ ਗੁਲਾਮੀ ਦੀ ਪ੍ਰਥਾ ਹੁੰਦੀ ਸੀ ਤਾਂ ਹੀ ਮੈਂ ਗੁਰੂ ਰਵਿਦਾਸ ਜੀ ਦਾ ਸ਼ਬਦ ਪੜ੍ਹਿਆ ਸੀ-

ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੈ ਸਭਨ ਕੋ ਅੰਨ।।
ਛੋਟੇ ਬੜੇ ਸਭ ਸਮ ਬਸੈ, ਰਵਿਦਾਸ ਰਹੇ ਪ੍ਰਸੰਨ।।

ਮੈਂ ਇਸੇ ਲਈ ਕਿਹਾ ਸੀ ਕਿ 15ਵੀਂ ਸਦੀ ਵਿੱਚ ਕੀ ਹੁੰਦਾ ਸੀ, ਉਸ ਸਮੇਂ ਵੀ ਗੁਰੂ ਰਵਿਦਾਸ ਜੀ ਨੇ ਮੈਸੇਜ ਦਿੱਤਾ ਸੀ। ਅੱਜ ਵੀ ਮੈਂ ਸਮਝਦਾ ਹਾਂ ਕਿ 21ਵੀਂ ਸਦੀ ਵਿੱਚ ਆ ਕੇ ਉਹ ਹਾਲਾਤ ਬਣ ਗਏ। ਠੀਕ ਹੈ, ਤੁਹਾਨੂੰ ਮੈਜਾਰਿਟੀ ਮਿਲ ਗਈ। ਇਸ ਦਾ ਇਹ ਮਤਲਬ ਤਾਂ ਨਹੀਂ ਕਿ ਤੁਸੀਂ ਗਰੀਬ ਲੋਕਾਂ ਨੂੰ ਮਾਰੋਗੇ। ਇਸ ਦਾ ਇਹ ਮਤਲਬ ਤਾਂ ਨਹੀਂ ਕਿ ਤੁਹਾਨੂੰ ਲਾਇਸੰਸ ਮਿਲ ਗਿਆ ਕਿ ਤੁਸੀਂ ਗਰੀਬ ਲੋਕਾਂ ਨੂੰ ਮਾਰ ਕੇ ਉਨ੍ਹਾਂ ਤੇ ਰਾਜ ਕਰੋਗੇ, ਉਨ੍ਹਾਂ ਦੇ ਹੱਕ ਖੋਹ ਲਓਗੇ। ਇਸ ਕਰਕੇ ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਇਸ ਮਤੇ ਦੇ ਹੱਕ ਵਿੱਚ ਹਾਂ। ਇਹ ਜਿੰਨੇ ਵੀ ਲੈਟਰ ਸਪੀਕਰ ਸਾਹਿਬ, ਤੁਹਾਡੇ ਕੋਲ ਆ ਗਏ ਹਨ, ਮੇਰੀ ਤੁਹਾਨੂੰ ਦਰਖਾਸਤ ਹੈ, ਮੇਰੀ ਤੁਹਾਨੂੰ ਬੇਨਤੀ ਹੈ ਕਿ ਸਾਰੇ ਲੈਟਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਪਹੁੰਚਾ ਦਿਓ। ਸ਼ਾਇਦ ਉਨ੍ਹਾਂ ਕੋਲ ਸਮਾਂ ਹੋਵੇ, ਉਹ ਇਹ ਲੈਟਰ ਪੜ੍ਹ ਲੈਣ। ਉਹ ਸਾਡੀਆਂ ਭੈਣਾਂ, ਸਾਡੀਆਂ ਮਾਵਾਂ ਦੇ ਹੱਥ ਦੇਖ ਲੈਣ, ਓਨ੍ਹਾਂ ਦੇ ਅੰਗੂਠੇ ਦੇਖ ਲੈਣ ਕਿ ਉਨ੍ਹਾਂ ਨੇ ਕਿਵੇਂ ਅੰਗੂਠੇ ਲਗਾਏ ਹਨ, ਕਿਵੇਂ ਉਨ੍ਹਾਂ ਨੇ ਆਪਣੀ ਵਿਥਿਆ ਗਾਥਾ ਦੱਸੀ ਹੈ ਕਿ ਅਸੀਂ ਬਰਬਾਦ ਹੋ ਜਾਵਾਂਗੇ, ਸਾਡੇ ਚੁੱਲ੍ਹਿਆਂ ਦੀ ਅੱਗ ਬੁਝ ਜਾਵੇਗੀ। ਅਸੀਂ ਰੋਟੀ ਕਿਵੇਂ ਖਾਵਾਂਗੇ? ਅਸੀਂ ਮਰ ਜਾਵਾਂਗੇ। ਸਾਡੇ ਬੱਚੇ ਕਿਵੇਂ ਪੜ੍ਹਨਗੇ। ਉਨ੍ਹਾਂ ਨੇ ਸਾਰੀ ਗਾਥਾ ਆਪਣੇ ਲੈਟਰਾਂ ਵਿੱਚ ਲਿਖੀ ਹੈ। ਜਿਹੜੇ ਸਾਰੇ ਲੈਟਰ ਐਮ.ਐਲ.ਏ. ਸਾਹਿਬਾਨ ਨੇ ਦਿੱਤੇ ਹਨ, ਉਹ ਸਾਰੇ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਪੁੱਜਦਾ ਕਰ ਦਿਓ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ:** ਦੇਖੋ, ਜਿਹੜੇ ਤੁਸੀਂ ਕੇਂਦਰ ਦੀ ਮੋਦੀ ਸਰਕਾਰ ਦੀ ਸਕੀਮ ਵਿਰੁੱਧ ਗਰੀਬ ਲੋਕਾਂ ਦੇ ਸਾਈਨ ਕੀਤੇ ਹੋਏ ਲੈਟਰ ਲੈ ਕੇ ਆਏ ਹੋ, ਮਨਰੇਗਾ ਦੀ ਸਕੀਮ ਨੂੰ ਖਤਮ ਕਰਨ ਦੇ ਵਿਰੁੱਧ ਜਿਹੜੇ ਲੈਟਰ ਹਨ, ਉਹ ਮੈਂ ਆਪਣੇ ਆਫਿਸ ਨੂੰ ਡਾਇਰੈਕਟ ਕਰਦਾ ਹਾਂ ਕਿ ਤੁਹਾਡੇ ਕੋਲੋਂ ਉਹ ਲੈਟਰ ਲੈ ਲੈਣ। ਤੁਸੀਂ ਉਨ੍ਹਾਂ ਨੂੰ ਉਹ ਲੈਟਰ ਦੇ ਦਿਓ। ਪ੍ਰਿੰਸੀਪਲ ਬੁੱਧ ਰਾਮ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ : (ਬੈਠੇ-ਬੈਠੇ)** ਸਪੀਕਰ ਸਾਹਿਬ, ਸਾਨੂੰ ਟਾਈਮ ਨਹੀਂ ਦਿੱਤਾ ਜੀ।

**ਮਾਣਯੋਗ ਸਪੀਕਰ** : ਤੁਹਾਨੂੰ ਵੀ ਦੇ ਦਿਆਂਗੇ ਜੀ। ਟਾਈਮ ਦੇ ਦਿਆਂਗੇ।

**ਪ੍ਰਿੰਸੀਪਲ ਬੁੱਧ ਰਾਮ (ਬੁਢਲਾਡਾ, ਐਸ.ਸੀ.):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਅਹਿਮ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਤਾਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਕਿ ਕੇਂਦਰ ਦੀ ਬੀ.ਜੇ.ਪੀ. ਸਰਕਾਰ ਨੇ ਜੋ ਵੱਡੀ ਇਤਿਹਾਸਕ ਭੁੱਲ ਕੀਤੀ ਹੈ, ਉਸ ਖਿਲਾਫ ਜੋ ਨਿੰਦਾ ਪ੍ਰਸਤਾਵ, ਨਿੰਦਾ ਮਤਾ

ਲਿਆਂਦਾ ਗਿਆ ਹੈ, ਮੈਂ ਇਸ ਦੇ ਹੱਕ ਵਿੱਚ ਹਾਂ। ਮਿਤੀ 30 ਜਨਵਰੀ, 1948 ਨੂੰ ਜਦੋਂ ਨੱਥੂ ਰਾਮ ਗੌਡਸੇ ਨੇ ਮਹਾਤਮਾ ਗਾਂਧੀ ਨੂੰ ਗੋਲੀ ਮਾਰੀ ਸੀ, ਉਦੋਂ ਉਨ੍ਹਾਂ ਨੇ ਕਿਹਾ ਸੀ, "ਹੇ ਰਾਮ" ਅਤੇ ਉਸ ਤੋਂ ਬਾਅਦ ਫਿਜ਼ੀਕਲੀ ਤੌਰ ਤੇ ਕਤਲ ਕੀਤਾ ਗਿਆ ਪਰੰਤੂ ਉਨ੍ਹਾਂ ਦੇ ਨਾਮ ਤੇ ਰੱਖੀ ਗਈ ਮਗਨਰੇਗਾ ਸਕੀਮ ਨੂੰ ਇਨ ਸਪਿਰਿਟ ਖਤਮ ਕਰ ਦਿੱਤਾ ਹੈ। ਇਹ ਮਹਾਂ ਪਾਪ ਹੋਇਆ ਹੈ, ਇਤਿਹਾਸਕ ਭੁੱਲ ਹੋਈ ਹੈ। ਸੋ, ਅੱਜ ਇਸ ਕਾਨੂੰਨ ਦੇ ਪਾਸ ਹੋਣ ਤੋਂ ਬਾਅਦ ਮਗਨਰੇਗਾ ਵਰਕਰਾਂ ਅਤੇ ਮਜ਼ਦੂਰਾਂ ਨੂੰ ਇਸ ਦੀ ਅਸਲੀ ਹਕੀਕਤ ਪਤਾ ਲੱਗੀ ਹੈ ਤਾਂ ਉਹ ਸੜਕਾਂ ਤੇ ਉੱਤਰ ਰਹੇ ਹਨ ਕਿਉਂਕਿ ਉਨ੍ਹਾਂ ਦੇ ਪੇਟ ਵਿੱਚ ਵੀ ਛੁਰਾ ਮਾਰਿਆ ਹੈ ਅਤੇ ਉਨ੍ਹਾਂ ਦੀ ਪਿੱਠ ਵਿੱਚ ਵੀ ਛੁਰਾ ਮਾਰਿਆ ਹੈ। ਸੋ, ਇਸ ਕਰਕੇ ਸਪੀਕਰ ਸਾਹਿਬ ਮੈਨੂੰ ਇਹ ਸਮਝ ਨਹੀਂ ਆਉਂਦਾ ਕਿ ਇਸ ਸਕੀਮ ਨੂੰ ਲਿਆਉਣ ਪਿੱਛੇ ਉਨ੍ਹਾਂ ਦਾ ਕੀ ਮਕਸਦ ਸੀ, ਕੀ ਮੰਸ਼ਾ ਸੀ? ਚੀਮਾ ਸਾਹਿਬ ਨੇ ਜਿਵੇਂ ਦੱਸਿਆ ਹੈ ਕਿ ਉਨ੍ਹਾਂ ਦੀ ਇੱਕੋ ਮੰਸ਼ਾ ਹੈ ਕਿ ਜਿਹੜੇ ਸਾਡੇ ਆਮ ਨਰੇਗਾ ਮਜ਼ਦੂਰ ਹਨ, ਜਿਸ ਵਿੱਚ ਸਾਡੇ ਦਲਿਤ ਭਾਈਚਾਰੇ ਦੇ ਲੋਕ ਆਉਂਦੇ ਹਨ, ਪੱਛੜੇ ਭਾਈਚਾਰੇ ਦੇ ਲੋਕ ਆਉਂਦੇ ਹਨ, ਆਮ ਆਦਮੀ ਆਉਂਦਾ ਹੈ, ਉਨ੍ਹਾਂ ਦਾ ਰੁਜ਼ਗਾਰ ਖੋਹਣਾ ਚਾਹੁੰਦੇ ਹਨ। ਪਹਿਲਾਂ ਰੁਜ਼ਗਾਰ ਦੀ ਗਾਰੰਟੀ ਹੁੰਦੀ ਸੀ ਕਿ ਉਨ੍ਹਾਂ ਨੂੰ 15 ਦਿਨਾਂ ਦਾ ਰੁਜ਼ਗਾਰ ਦੇਣਾ ਹੀ ਪਵੇਗਾ। ਉਸ ਗਾਰੰਟੀ ਮੁਤਾਬਿਕ ਦਿੱਤੇ ਰੁਜ਼ਗਾਰ ਦਾ ਬਜਟ ਅਲਾਟ ਕਰਨਾ ਪੈਂਦਾ ਸੀ ਪਰੰਤੂ ਇਨ੍ਹਾਂ ਨੇ ਗਾਰੰਟੀ ਦੀ ਜਗ੍ਹਾ ਇੱਕ ਮਿਸ਼ਨ ਬਣਾ ਦਿੱਤਾ ਹੈ ਕਿ ਜਿੰਨਾ ਬਜਟ ਅਲਾਟ ਹੋਵੇਗਾ, ਉਸ ਮੁਤਾਬਿਕ ਕੰਮ ਮਿਲੇਗਾ। ਜਿਸ ਕਰਕੇ ਅਨੇਕਾਂ ਪਿੰਡਾਂ ਵਿੱਚ ਹਜ਼ਾਰਾਂ ਦੇ ਕਰੀਬ ਮਨਰੇਗਾ ਵਰਕਰ ਕੰਮ ਤੋਂ ਵਾਂਝੇ ਰਹਿ ਜਾਣਗੇ। ਦੇਖੋ, ਵੱਡੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਦਾ ਵਿਦਰੋਹ ਦਲਿਤਾਂ ਵਿੱਚ ਪੈਦਾ ਹੋ ਰਿਹਾ ਹੈ, ਗਰੀਬਾਂ ਵਿੱਚ ਵਿਦਰੋਹ ਪੈਦਾ ਹੋ ਰਿਹਾ ਹੈ, ਉਸ ਨੂੰ ਸਹਿਣਾ ਔਖਾ ਹੋ ਜਾਵੇਗਾ ਕਿਉਂਕਿ ਜਿਸ ਤਰ੍ਹਾਂ ਉਨ੍ਹਾਂ ਦੇ ਘਰਾਂ ਵਿੱਚ ਦੀਵੇ ਬੁਝ ਰਹੇ ਹਨ, ਜਿਹੜਾ ਉਨ੍ਹਾਂ ਨੂੰ ਰੁਜ਼ਗਾਰ ਮਿਲਿਆ ਹੋਇਆ ਸੀ, ਜਿਹੜਾ ਉਨ੍ਹਾਂ ਨੂੰ ਸੈਲਫ ਇੰਪਲਾਇਮੈਂਟ ਦਾ ਅਧਿਕਾਰ ਮਿਲਿਆ ਹੋਇਆ ਸੀ, ਉਨ੍ਹਾਂ ਤੋਂ ਅੱਜ ਖੋਹਿਆ ਜਾ ਰਿਹਾ ਹੈ। ਅੱਜ ਸਾਡੀਆਂ ਭੈਣਾਂ ਮਗਨਰੇਗਾ ਵਰਕਰ ਬੈਠੀਆਂ ਹਨ। (ਗੈਲਰੀ ਵਿੱਚ ਬੈਠੀਆਂ ਨਰੇਗਾ ਵਰਕਰਾਂ ਵੱਲ ਇਸ਼ਾਰਾ ਕਰਦੇ ਹੋਏ) ਜਦੋਂ ਇਹ ਕੰਮ ਕਰਦੀਆਂ ਸਨ ਤਾਂ ਇਨ੍ਹਾਂ ਕੋਲ ਪੈਸਾ ਆਉਂਦਾ ਸੀ। ਉਹ ਆਪਣੀਆਂ ਰਿਸ਼ਤੇਦਾਰੀਆਂ ਵਿੱਚ ਜਾਂਦੀਆਂ ਸਨ ਤਾਂ ਆਪਣਾ ਮਾਣ ਸਨਮਾਨ ਬਹਾਲ ਰੱਖਦੀਆਂ ਸਨ ਕਿਉਂਕਿ ਇਹ ਇਨ੍ਹਾਂ ਦਾ ਹੱਕ ਸੀ, ਇਹ ਇਨ੍ਹਾਂ ਦਾ ਕੰਮ ਸੀ। ਕੰਮ ਨਾਲ ਕਿਸੇ ਨੂੰ ਕੋਈ ਨਫਰਤ ਨਹੀਂ ਹੁੰਦੀ। ਸੋ, ਇਸ ਕਰਕੇ ਬੀ.ਜੇ.ਪੀ. ਦੀ ਸਰਕਾਰ ਨੇ ਮਜ਼ਦੂਰਾਂ ਦਾ ਹੱਕ ਖੋਹਿਆ ਹੈ। ਵਾਕਿਆ ਹੀ ਇਹ ਬਹੁਤ ਮਾੜੀ ਗੱਲ ਹੋਈ ਹੈ। ਇਹ ਬਹੁਤ ਨਿੰਦਾ ਕਰਨ ਵਾਲੀ ਗੱਲ ਹੋਈ ਹੈ। ਇਸ ਨਾਲ ਮਜ਼ਦੂਰਾਂ ਦਾ, ਗਰੀਬਾਂ ਦਾ ਵਿਦਰੋਹ ਵੱਡੀ ਪੱਧਰ ਤੇ ਉੱਠੇਗਾ, ਜਿਹੜਾ ਕਿ ਬਿਲਕੁਲ ਵੀ ਸੰਭਾਲਿਆ ਨਹੀਂ ਜਾਵੇਗਾ। ਮੈਂ ਤੁਹਾਨੂੰ 207 ਸਾਲ ਪਹਿਲਾਂ ਦੀ, ਦਲਿਤਾਂ ਦੇ ਵਿਦਰੋਹ ਦੀ ਘਟਨਾ ਦੱਸਦਾ ਹਾਂ। ਮਿਤੀ 1 ਜਨਵਰੀ, 1818 ਈ. ਨੂੰ ਭੀਮਾ ਕੋਰੇਗਾਓਂ ਦੀ ਇੱਕ ਲੜਾਈ ਹੋਈ ਸੀ, ਉਸ ਲੜਾਈ ਵਿੱਚ 500 ਦਲਿਤਾਂ ਦੀ ਫੌਜ ਨੇ, ਮਹਾਰ ਰੈਜੀਮੈਂਟ ਨੇ 5000 ਪੇਸ਼ਵਾਵਾਂ ਦੀ ਫੌਜ ਨੂੰ ਹਰਾ ਕੇ ਰੱਖ ਦਿੱਤਾ ਸੀ। ਇਸ ਪਿੱਛੇ ਕਾਰਨ ਕੀ ਸੀ? ਬਾਬਾ ਸਾਹਿਬ ਅੰਬੇਦਕਰ ਵੀ ਇੱਕ ਮਹਾਰ ਸਨ। ਇਸ ਪਿੱਛੇ ਵੱਡਾ ਕਾਰਨ ਕੀ ਸੀ ਕਿ ਪੇਸ਼ਵਾ ਦੇ ਜਿਹੜਾ ਬਾਲਾਜੀ ਰਾਓ ਪੇਸ਼ਵਾ ਸਨ, ਉਸ ਦੇ ਰਾਜ ਵਿੱਚ ਆਪਾਂ ਜਿਹੜੀ ਗੱਲ ਕਰਦੇ ਹਾਂ ਕਿ ਦਲਿਤਾਂ ਦੇ ਚਿਹਰੇ ਤੇ, ਮੂੰਹ ਉੱਤੇ ਕੁੱਜੇ ਬੰਨ੍ਹੇ ਹੁੰਦੇ ਸਨ, ਪਿੱਛੋਂ ਝਾਫੇ ਬੰਨ੍ਹੇ ਹੁੰਦੇ ਸਨ ਕਿ ਉਸ ਦੀ ਪੈੜ ਖਤਮ ਹੋ ਜਾਵੇ। ਉਸ ਵਕਤ ਪੂਨੇ ਦੀਆਂ ਸੜਕਾਂ ਦੇ ਇਹ ਕੁਝ ਹੁੰਦਾ ਸੀ। ਪਿੰਡਾਂ ਵਿੱਚ ਦਲਿਤਾਂ ਨੂੰ ਚੰਗੇ ਕੱਪੜੇ ਪਾਉਣ ਦੀ ਮਨਾਹੀ ਸੀ, ਜੁੱਤੀ ਪਾਉਣ ਦੀ ਮਨਾਹੀ ਸੀ, ਉਨ੍ਹਾਂ ਨੂੰ ਡਾਂਗ ਰੱਖਣ ਦੀ ਵੀ ਮਨਾਹੀ ਸੀ, ਕੋਈ ਇੱਕ ਗਿੱਠ ਦਾ ਡੱਕਾ ਵੀ ਕੋਲ ਨਹੀਂ ਰੱਖ ਸਕਦਾ ਸੀ। ਉਹ ਚੰਗੇ ਭਾਂਡੇ ਵਿੱਚ ਰੋਟੀ ਨਹੀਂ ਖਾ ਸਕਦੇ ਸਨ, ਉਹ ਮਿੱਟੀ ਦੇ ਕੁੱਜੇ ਵਿੱਚ ਹੀ ਰੋਟੀ ਖਾ ਸਕਦੇ ਸੀ। ਇੰਨਾ ਜ਼ੁਲਮ ਦਲਿਤਾਂ ਤੇ ਹੋ ਰਹੇ ਸੀ, ਜਿਨ੍ਹਾਂ ਕਰਕੇ ਦਲਿਤਾਂ ਵਿੱਚ ਰੋਹ ਸੀ, ਪੀੜ ਸੀ। ਜਦੋਂ ਅੰਗਰੇਜ਼ਾਂ ਦੇ ਰਾਜ ਵਿੱਚ,

ਦਲਿਤਾਂ ਦੇ ਹੱਥਾਂ ਵਿੱਚ ਮਹਾਰ ਰੈਜੀਮੈਂਟ ਦੇ ਹੱਥਾਂ ਵਿੱਚ ਬੰਦੂਕਾਂ ਆ ਗਈਆਂ ਤਾਂ 500 ਦਲਿਤਾਂ ਨੇ ਬਾਲਾਜੀ ਪੇਸ਼ਵਾ ਰਾਜ ਦੀ ਮਿੱਟੀ ਪਲੀਤ ਕਰ ਦਿੱਤੀ ਅਤੇ ਉਨ੍ਹਾਂ ਦਾ ਰਾਜ ਖਤਮ ਕਰ ਦਿੱਤਾ। ਇਹ ਰੋਹ ਜਦੋਂ ਜਨਤਾ ਵਿੱਚ ਜਾਗਦਾ ਹੈ ਤਾਂ ਉਹ ਨੇਸਤੋ ਨਾਬੂਦ ਕਰ ਦਿੰਦਾ ਹੈ। ਸੋ, ਮੈਂ ਅੱਜ ਭਾਜਪਾ ਨੂੰ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਉਨ੍ਹਾਂ ਨੇ ਦਲਿਤਾਂ ਪ੍ਰਤੀ ਬਹੁਤ ਵੱਡਾ ਅਪਰਾਧ ਕੀਤਾ ਹੈ, ਦਲਿਤਾਂ ਦਾ ਤੁਸੀਂ ਬਹੁਤ ਵੱਡਾ ਨੁਕਸਾਨ ਕਰ ਰਹੇ ਹੋ। ਅੱਜ ਬਾਬਾ ਸਾਹਿਬ ਅੰਬੇਦਕਰ ਨੇ ਦਲਿਤਾਂ ਨੂੰ ਵੋਟ ਦਾ ਅਧਿਕਾਰ ਦੇ ਕੇ ਇੱਕ ਬਹੁਤ ਵੱਡਾ ਬੰਬ ਦਿੱਤਾ ਹੈ। ਇਹ ਜਿਹੜਾ ਬੰਬ ਦਿੱਤਾ ਹੈ, ਉਸ ਨੂੰ ਵਰਤ ਕੇ ਇਹ 2027 ਵਿੱਚ ਨੇਸਤੋ ਨਾਬੂਤ ਕਰਨਗੇ।

ਸੋ, ਇਸ ਕਰਕੇ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਨਰੇਗਾ ਵਿੱਚ 12 ਕਰੋੜ ਮਜ਼ਦੂਰ ਕੰਮ ਕਰਦੇ ਹਨ। ਉਨ੍ਹਾਂ ਨੂੰ ਨਰੇਗਾ ਦਾ ਸਹਾਰਾ ਸੀ। ਉਨ੍ਹਾਂ ਲੋਕਾਂ ਦੀ ਆਮਦਨ ਵੀ ਵਧੀ ਔਰ ਗੁਰਬਤ ਵਿੱਚ ਵੀ ਕਮੀ ਆਈ ਸੀ। ਗੁਰਬਤ ਵਿੱਚ 26% ਕਮੀ ਆਈ ਸੀ ਪਰੰਤੂ ਮੈਂ ਦੇਖਦਾ ਹਾਂ ਕਿ ਜਿਹੜਾ ਸਾਡਾ ਪੰਜਾਬ ਹੈ, ਉਹ ਖੇਤੀਬਾੜੀ ਉੱਤੇ ਨਿਰਭਰ ਹੈ, ਇੱਥੇ ਜ਼ਿਆਦਾਤਰ ਖੇਤੀਬਾੜੀ ਹੀ ਹੁੰਦੀ ਹੈ। ਖੇਤੀਬਾੜੀ ਤੋਂ ਇਲਾਵਾ ਪਿੰਡਾਂ ਦੇ ਮਜ਼ਦੂਰਾਂ ਕੋਲ ਹੋਰ ਕੋਈ ਕੰਮ ਨਹੀਂ ਹੁੰਦਾ। ਜਦੋਂ ਨਰੇਗਾ ਆਇਆ ਤਾਂ ਖੇਤੀਬਾੜੀ ਤੋਂ ਬਿਨਾਂ ਹੋਰ ਸਾਧਨ ਪੈਦਾ ਕੀਤੇ ਗਏ। ਭਾਵੇਂ ਕੁਝ ਘਾਟਾਂ ਹੋ ਸਕਦੀਆਂ ਹਨ ਪਰ ਫਿਰ ਵੀ ਨਰੇਗਾ ਦਾ ਕੰਮ ਪੇਂਡੂਆਂ ਦੇ ਵਿਕਾਸ ਲਈ ਲਾਭਦਾਇਕ ਸਿੱਧ ਹੁੰਦਾ ਰਿਹਾ। ਹੁਣ ਜਿਸ ਤਰ੍ਹਾਂ ਦੀ ਇਨ੍ਹਾਂ ਨੇ ਵਿਵਸਥਾ ਕੀਤੀ ਹੈ, ਨਰੇਗਾ ਦੀ ਧਾਰਾ 10 ਵਿੱਚ ਇੱਕ ਕਾਨੂੰਨ ਸੀ ਕਿ ਕੇਂਦਰੀ ਰੁਜ਼ਗਾਰ ਗਰੰਟੀ ਕੌਂਸਲ ਬਣਾਈ ਜਾਵੇਗੀ ਜੋ ਇਹ ਸੁਨਿਸ਼ਚਿਤ ਕਰ ਸਕੇ ਕਿ ਮਗਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦਾ ਪੈਸਾ ਮਿਲੇਗਾ ਪਰੰਤੂ ਹੁਣ G-RAM-G ਵਿੱਚ ਉਹ ਗਰੰਟੀ ਕੌਂਸਲ ਖਤਮ ਕਰ ਦਿੱਤੀ ਗਈ ਹੈ। ਇਹ ਕਹਿੰਦੇ ਹਨ ਕਿ ਅਸੀਂ 125 ਦਿਨ ਦਾ ਰੁਜ਼ਗਾਰ ਦੇਵਾਂਗੇ, ਇਹ ਦਲਿਤਾਂ ਨਾਲ, ਮਜ਼ਦੂਰਾਂ ਨਾਲ ਕਿੰਨਾ ਵੱਡਾ ਫਰਾਡ ਕਰ ਰਹੇ ਹਨ, ਧੋਖਾ ਕਰ ਰਹੇ ਹਨ। ਪਹਿਲਾਂ 365 ਦਿਨਾਂ ਵਿੱਚ 100 ਦਿਨ ਦਾ ਰੁਜ਼ਗਾਰ ਹੁੰਦਾ ਸੀ, ਉਹ 100 ਦਿਨ ਵੀ ਕਿਤੇ ਪੂਰਾ ਨਹੀਂ ਹੋਇਆ। ਐਵਰੇਜ 42 ਦਿਨ ਦੀ ਸੀ ਔਰ ਨਰੇਗਾ ਦਾ ਸਭ ਤੋਂ ਸਫਲ ਪ੍ਰਯੋਗ ਕੇਰਲਾ ਵਿੱਚ ਕੀਤਾ ਗਿਆ ਸੀ ਅਤੇ ਉੱਥੇ ਵੀ ਉਹ 48 ਦਿਨ ਹੀ ਚੱਲਿਆ ਸੀ ਤਾਂ ਹੁਣ G-RAM-G Act ਅਨੁਸਾਰ 365 ਦੀ ਥਾਂ ਤੇ 305 ਦਿਨਾਂ ਵਿੱਚੋਂ 125 ਦਿਨ ਦਾ ਰੁਜ਼ਗਾਰ ਦੇਣ ਦੀ ਗਾਰੰਟੀ ਹੈ, ਇਹ ਗਾਰੰਟੀ ਕਿਵੇਂ ਪੂਰੀ ਹੋ ਸਕਦੀ ਹੈ? ਇਸ ਕਰਕੇ ਇਹ ਇੱਕ ਲੁਭਾਉਣਾ ਨਾਅਰਾ ਹੈ, ਜਿਸ ਨੂੰ ਲੋਕ ਚੰਗੀ ਤਰ੍ਹਾਂ ਪਹਿਚਾਣ ਚੁੱਕੇ ਹਨ। ਅਗਲੀ ਜਿਹੜੀ ਵੱਡੀ ਗੱਲ ਹੈ, ਜਿਵੇਂ ਚੀਮਾ ਸਾਹਿਬ ਨੇ ਕਿਹਾ ਹੈ ਕਿ ਫੈਡਰੇਲਿਜ਼ਮ ਦੇ ਤੌਰ ਤੇ ਧੋਖਾ ਦੇ ਰਹੇ ਹਨ, ਫੈਡਰੇਲਿਜ਼ਮ ਖਤਮ ਕਰ ਰਹੇ ਹਨ। ਪਹਿਲਾਂ ਕੇਂਦਰ ਸਰਕਾਰ 90% ਹਿੱਸਾ ਦਿੰਦੀ ਸੀ ਅਤੇ 10% ਹਿੱਸਾ ਸਟੇਟ ਦਿੰਦੇ ਸਨ। ਜਦੋਂ 2005 ਵਿੱਚ ਇਹ ਸਕੀਮ ਲਾਗੂ ਕੀਤੀ ਸੀ ਤਾਂ ਸਾਲ 2012-13 ਵਿੱਚ ਪਾਰਲੀਮੈਂਟ ਦੇ ਵਿੱਚ ਬੀ.ਜੇ.ਪੀ. ਦੇ ਐਮ.ਪੀ. ਇਹ ਕਹਿੰਦੇ ਹੁੰਦੇ ਸਨ ਕਿ 10% ਹਿੱਸਾ ਵੀ ਸਟੇਟ ਕਿਉਂ ਦੇਵੇ? 100 ਦਾ 100% ਹਿੱਸਾ ਕੇਂਦਰ ਸਰਕਾਰ ਨੂੰ ਦੇਣਾ ਚਾਹੀਦਾ ਹੈ ਪਰੰਤੂ ਅੱਜ ਜਦੋਂ ਕੇਂਦਰ ਵਿੱਚ ਬੀ.ਜੇ.ਪੀ. ਦੀ ਸਰਕਾਰ ਆ ਗਈ ਤਾਂ ਉਹ 60% ਹਿੱਸਾ ਕਰ ਦਿੱਤਾ। ਬੋਲ ਬਾਣੀ ਵਿੱਚ ਕਿੰਨਾ ਫਰਕ ਹੈ, ਸਿਧਾਂਤਾਂ ਵਿੱਚ ਕਿੰਨਾ ਫਰਕ ਹੈ? ਸਾਰਾ ਜੀ.ਐਸ.ਟੀ. ਲਗਾ ਕੇ ਰਾਜਾਂ ਦਾ ਟੈਕਸ ਆਪ ਖਾ ਜਾਂਦੇ ਹਨ ਅਤੇ ਉਸ ਤੋਂ ਪਿੱਛੋਂ ਸਾਡੇ ਪੱਲੇ ਕੀ ਰਹਿ ਗਿਆ? ਅੱਜ ਸਾਰੀਆਂ ਸਟੇਟਾਂ ਇੰਨਾ ਜ਼ਿਆਦਾ ਕਰਜ਼ੇ ਦੇ ਭਾਰ ਹੇਠਾਂ ਆ ਗਈਆਂ ਹਨ। ਇਹ ਪੰਜਾਬ ਦੇ ਆਰ.ਡੀ.ਐਫ. ਦਾ ਅੱਠ ਹਜ਼ਾਰ ਕਰੋੜ ਰੁਪਿਆ ਦੱਬੀ ਬੈਠੇ ਹਨ। ਇਨ੍ਹਾਂ ਨੂੰ ਪੁੱਛੋ, ਅਸ਼ਵਨੀ ਜੀ ਬੈਠੇ ਹਨ, ਇਹ ਜਵਾਬ ਦੇਣਗੇ ਕਿ ਸਾਡਾ ਅੱਠ ਹਜ਼ਾਰ ਕਰੋੜ ਰੁਪਿਆ ਕਦੋਂ ਦੇਣਗੇ? ਇਨ੍ਹਾਂ ਨੇ ਕਦੇ ਕੋਈ ਗੱਲ ਕਹੀ ਹੈ? ਹੈਲਥ ਸਿਸਟਮ ਦਾ, ਐਜੂਕੇਸ਼ਨ ਸਿਸਟਮ ਦਾ ਕਰੋੜਾਂ ਰੁਪਿਆ ਤੁਸੀਂ ਦੱਬੀ ਬੈਠੇ ਹੋ ਔਰ ਉਲਟੇ ਪਾਸੇ ਤੁਸੀਂ ਕਹਿੰਦੇ ਹੋ ਕਿ

ਤੁਸੀਂ ਕਰਜ਼ਾ ਲੈਂਦੇ ਹੋ। ਟੈਕਸ ਤੁਸੀਂ ਲੈ ਗਏ ਤਾਂ ਸਾਡੇ ਪੱਲੇ ਕੀ ਰਹਿ ਗਿਆ? ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਤੋਂ ਬਿਨਾਂ ਤਾਮਿਲਨਾਡੂ ਸਿਰ 8.34 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਯੂ.ਪੀ. ਦਾ 7.80 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਮਹਾਰਾਸ਼ਟਰ ਵਿੱਚ 7.22 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਪੱਛਮੀ ਬੰਗਾਲ ਵਿੱਚ 6.98 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਕਰਨਾਟਕਾ ਵਿੱਚ 5.97 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਰਾਜਸਥਾਨ ਵਿੱਚ 5.62 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਗੁਜਰਾਤ ਵਿੱਚ 4.63 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਕੇਰਲਾ ਵਿੱਚ 4.29 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਮੱਧ ਪ੍ਰਦੇਸ਼ ਵਿੱਚ 4.18 ਲੱਖ ਕਰੋੜ ਰੁਪਏ ਦਾ ਕਰਜ਼ਾ ਹੈ। ਇੰਨੇ ਵੱਡੇ ਕਰਜ਼ੇ ਪਹਿਲਾਂ ਹੀ ਸਟੇਟਾਂ ਦੇ ਸਿਰ ਤੇ ਹਨ ਜਦੋਂ ਮਗਨਰੇਗਾ ਦੇ ਵਿੱਚ ਤੁਸੀਂ ਸਟੇਟਾਂ ਨੂੰ 40% ਪਾਉਣ ਲਈ ਕਹੋਗੇ ਤਾਂ ਸਟੇਟਾਂ ਇਹ ਪੈਸਾ ਕਿੱਥੋਂ ਲਿਆਉਣਗੀਆਂ? ਇਹ ਬਹੁਤ ਵੱਡਾ ਧੋਖਾ ਹੈ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਕਨਕਲੂਡ ਕਰੋ ਜੀ।

**ਪ੍ਰਿੰਸੀਪਲ ਬੁੱਧ ਰਾਮ** : ਜੀ.ਐਸ.ਟੀ. ਰਾਹੀਂ ਸਾਰਾ ਪੈਸਾ ਕੇਂਦਰ ਸਰਕਾਰ ਨੇ ਸਾਂਭ ਲਿਆ ਅਤੇ ਪਿੱਛੇ ਸਾਡੇ ਪੱਲੇ ਕੁਝ ਨਹੀਂ ਰਹਿ ਗਿਆ। ਇਹ ਚਾਹੁੰਦੇ ਹਨ ਕਿ ਇਨ੍ਹਾਂ ਦੇ ਕੀਤੇ ਹੋਏ ਕਾਲੇ ਕਾਰਨਾਮਿਆਂ ਕਰਕੇ ਮਜ਼ਦੂਰ, ਸਟੇਟਾਂ ਦੇ ਮਗਰ ਪੈ ਜਾਣ ਪਰ ਅੱਜ ਇਹ ਗੱਲ ਸਾਰੇ ਸਮਝ ਚੁੱਕੇ ਹਨ ਅਤੇ ਹੁਣ ਵੱਡੀ ਪੱਧਰ ਤੇ ਇਨ੍ਹਾਂ ਦੇ ਖਿਲਾਫ ਅੰਦੋਲਨ ਹੋਵੇਗਾ। ਇਸ ਗੱਲ ਦਾ ਜਵਾਬ ਤੁਹਾਨੂੰ ਵੋਟ ਬੈਂਕ ਦਾ ਬੰਬ ਜੋ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਦਿੱਤਾ ਹੈ, ਉਹ ਬੰਬ ਚਲਾ ਕੇ ਲੋਕ ਤੁਹਾਨੂੰ ਸਬਕ ਸਿਖਾਉਣਗੇ। ਇੰਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦੀ ਹਾਂ ਔਰ ਇਸ ਮਤੇ ਦੀ ਪ੍ਰੋੜਤਾ ਕਰਦਾ ਹਾਂ ਅਤੇ ਭਾਰਤ ਸਰਕਾਰ ਵੱਲੋਂ ਲਿਆਂਦੇ G-RAM-G ਐਕਟ ਦੀ ਇੱਕ ਵਾਰੀ ਫਿਰ ਨਿੰਦਾ ਕਰਦਾ ਹਾਂ ਕਿ ਇਸ ਨੂੰ ਤੁਰੰਤ ਵਾਪਸ ਲੈ ਕੇ ਪੁਰਾਣੀ ਮਗਨਰੇਗਾ ਸਕੀਮ ਨੂੰ ਹੀ ਚਾਲੂ ਕੀਤਾ ਜਾਵੇ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)**: ਬਹੁਤ-ਬਹੁਤ ਧੰਨਵਾਦ, ਸਪੀਕਰ ਸਾਹਿਬ। ਅੱਜ ਮਗਨਰੇਗਾ ਸਕੀਮ ਬਾਰੇ ਬੜੀ ਅਹਿਮ ਚਰਚਾ ਹੋਈ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਮਜ਼ਦੂਰਾਂ ਦਾ, ਬੇਸਹਾਰਿਆਂ ਦਾ ਗੁਜ਼ਾਰਾ ਮਗਨਰੇਗਾ ਨਾਲ ਹੀ ਹੁੰਦਾ ਹੈ। ਸੈਂਟਰਲ ਗੌਰਮਿੰਟ ਜੋ ਮਗਨਰੇਗਾ ਸਕੀਮ ਨੂੰ ਬੰਦ ਕਰਨ ਜਾ ਰਹੀ ਹੈ, ਇਹ ਇੱਕ ਬਹੁਤ ਕੋਝੀ ਸਾਜਿਸ਼ ਹੈ ਕਿਉਂਕਿ ਮਜ਼ਦੂਰਾਂ ਦਾ ਚੁੱਲ੍ਹਾ ਮਗਨਰੇਗਾ ਸਕੀਮ ਕਰਕੇ ਹੀ ਚੱਲਦਾ ਹੈ। ਸਪੀਕਰ ਸਾਹਿਬ, ਮੇਰੇ ਕੋਲ ਜੀ.ਆਰ.ਐਸ. ਭਾਵ ਮਗਨਰੇਗਾ ਸੈਕਟਰੀ ਵਫਦ ਦੇ ਰੂਪ ਵਿੱਚ ਆਏ ਸਨ ਅਤੇ ਮੈਮੋਰੰਡਮ ਦੇ ਕੇ ਗਏ ਹਨ। ਉਹ ਤਕਰੀਬਨ ਦਸ-ਦਸ, ਪੰਦਰਾਂ-ਪੰਦਰਾਂ ਸਾਲਾਂ ਤੋਂ ਮਗਨਰੇਗਾ ਵਿੱਚ ਬਤੌਰ ਸੈਕਟਰੀ ਕੰਮ ਕਰਦੇ ਸੀ ਪਰ ਮਗਨਰੇਗਾ ਖਤਮ ਹੋਣ ਦੇ ਨਾਲ ਉਨ੍ਹਾਂ ਦੀ ਨੌਕਰੀ ਵੀ ਬਹੁਤ ਖਤਰੇ ਵਿੱਚ ਆ ਗਈ ਹੈ। ਉਨ੍ਹਾਂ ਨੇ ਵੀ ਮੰਗ ਰੱਖੀ ਸੀ ਕਿ ਮਗਨਰੇਗਾ ਸੈਕਟਰੀ ਨੂੰ ਪੰਚਾਇਤੀ ਵਿਭਾਗ ਵਿੱਚ ਮਰਜ ਕੀਤਾ ਜਾਵੇ ਤੇ ਆਪਾਂ ਨੂੰ ਵੀ ਇਸ ਦੀ ਜ਼ਰੂਰਤ ਹੈ। ਜੇਕਰ ਇਨ੍ਹਾਂ ਨੂੰ ਪੰਚਾਇਤੀ ਵਿਭਾਗ ਵਿੱਚ ਮਰਜ ਕੀਤਾ ਜਾਂਦਾ ਹੈ ਤਾਂ ਆਪਾਂ ਨੂੰ ਹੋਰ ਵੀ ਮੁਲਾਜ਼ਮ ਪੰਚਾਇਤਾਂ ਲਈ ਮਿਲ ਜਾਣਗੇ। ਸੋ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਕੇਂਦਰ ਸਰਕਾਰ ਦੀ ਨਿੰਦਾ ਕਰਦਾ ਹਾਂ ਜੋ ਮਗਨਰੇਗਾ ਨੂੰ ਬੰਦ ਕਰਨ ਜਾ ਰਹੀ ਹੈ। ਮੈਂ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ

ਜੀ ਦਾ ਧੰਨਵਾਦ ਕਰਦਾ ਹਾਂ, ਸ਼ਲਾਘਾ ਕਰਦਾ ਹਾਂ ਕਿ ਉਨ੍ਹਾਂ ਨੇ ਇਸ ਸਬੰਧੀ ਸਪੈਸ਼ਲ ਸੈਸ਼ਨ ਬੁਲਾਇਆ। ਤੁਹਾਡਾ ਸਾਰਿਆਂ ਦਾ ਧੰਨਵਾਦ ਤੇ ਸਪੀਕਰ ਸਾਹਿਬ, ਜਿਹੜਾ ਤੁਸੀਂ ਮੈਨੂੰ ਬਿਨਾਂ ਪੁੱਛੇ, ਬਿਨਾਂ ਦੱਸੇ ਸਮਾਂ ਦਿੱਤਾ, ਉਸ ਵਾਸਤੇ ਤੁਹਾਡਾ ਉਚੇਚੇ ਤੌਰ ਤੇ ਧੰਨਵਾਦ।

**ਮਾਣਯੋਗ ਸਪੀਕਰ**: ਧੰਨਵਾਦ, ਮਿਹਰਬਾਨੀ। ਸਰਦਾਰ ਲਾਭ ਸਿੰਘ ਉਗੋਕੇ। ਮਨਵਿੰਦਰ ਸਿੰਘ ਗਿਆਸਪੁਰਾ ਸਾਹਿਬ। ਸੁਖਵਿੰਦਰ ਸਿੰਘ ਕੋਟਲੀ ਜੀ।

(**ਇੱਕ ਅਵਾਜ਼**: ਹੋ ਗਿਆ ਜੀ।)

**ਮਾਣਯੋਗ ਸਪੀਕਰ**: ਹੋ ਗਿਆ ਜੀ? ਕੋਟਲੀ ਸਾਹਿਬ ਰਹਿ ਗਏ ਹਨ, ਮਹਾਰਾਜ, ਤੁਸੀਂ ਇਸ ਤਰ੍ਹਾਂ ਕਿਉਂ ਕਰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ ਬੈਠੇ)**: ਖਹਿਰਾ ਸਾਹਿਬ ਵੀ ਰਹਿ ਗਏ ਹਨ।

**ਮਾਣਯੋਗ ਸਪੀਕਰ**: ਰਹਿ ਤਾਂ ਗਏ ਹਨ, ਉਨ੍ਹਾਂ ਨੂੰ ਬੋਲਣ ਦਾ ਮੌਕਾ ਦੇ ਦਿਆਂਗੇ ਪਰ ਤੁਸੀਂ ਵੀਹ ਮਿੰਟ ਪਹਿਲਾਂ ਹੀ ਲੈ ਚੁੱਕੇ ਹੋ। ਤੁਹਾਡੇ ਸਿਰਫ 16 ਮਿੰਟ ਸੀ। ਹੁਣ ਕੋਟਲੀ ਸਾਹਿਬ ਨੂੰ ਬੋਲਣ ਦਿਓ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਾਡੇ ਵੱਲੋਂ, ਲੀਡਰ ਆਫ ਆਪੋਜ਼ੀਸ਼ਨ ਵੱਲੋਂ ਜਿਹੜੀ ਲਿਸਟ ਗਈ ਸੀ, ਉਨ੍ਹਾਂ ਵਿੱਚੋਂ ਕਿਸੇ ਬੰਦੇ ਨੂੰ ਬੋਲਣ ਦਾ ਮੌਕਾ ਨਹੀਂ ਦਿੱਤਾ।

**ਮਾਣਯੋਗ ਸਪੀਕਰ**: ਦੇਖੋ ਸਰ, ਸ੍ਰੀਮਤੀ ਅਰੁਨਾ ਚੌਧਰੀ ਜੀ ਬੋਲ ਚੁੱਕੇ ਹਨ, ਸਰਦਾਰ ਪਰਗਟ ਸਿੰਘ ਜੀ ਬੋਲ ਚੁੱਕੇ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਰ, ਇਨ੍ਹਾਂ ਨੂੰ ਰੈਗੂਲਰ ਟਾਈਮ ਨਹੀਂ ਦਿੱਤਾ ਗਿਆ ਸੀ।

**ਮਾਣਯੋਗ ਸਪੀਕਰ**: ਰੈਗੂਲਰ ਟਾਈਮ ਦਿੱਤਾ ਸੀ। ਮੈਂ ਰੈਗੂਲਰ ਟਾਈਮ ਦਿੱਤਾ ਹੈ। ਸਰਦਾਰ ਸੁਖਵਿੰਦਰ ਸਿੰਘ ਕੋਟਲੀ ਜੀ ਹੁਣ ਬੋਲ ਰਹੇ ਹਨ ਲੇਕਿਨ ਮੈਂ ਇਹ ਸਮਾਂ ਉਨ੍ਹਾਂ ਨੂੰ ਤੁਹਾਡੇ ਸਮੇਂ ਤੋਂ ਵੱਧ ਦਿੱਤਾ ਹੈ, ਉਸ ਸਮੇਂ ਵਿੱਚ ਬੋਲ ਰਹੇ ਹਨ। Let him complete.

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਖਹਿਰਾ ਸਾਹਿਬ ਨੂੰ ਸਮਾਂ ਦੇ ਦਿਓ।

**ਮਾਣਯੋਗ ਸਪੀਕਰ**: ਇਹ ਤਾਂ ਹੁਣ ਮੈਂ ਦੇਖਣਾ ਹੈ ਜੀ, let him complete.

**ਸ੍ਰੀ ਸੁਖਵਿੰਦਰ ਸਿੰਘ ਕੋਟਲੀ (ਆਦਮਪੁਰ, ਐਸ.ਸੀ.)**: ਧੰਨਵਾਦ, ਸਪੀਕਰ ਸਾਹਿਬ। ਅੱਜ ਪੰਜਾਬ ਸਰਕਾਰ ਵੱਲੋਂ ਇੱਕ ਬਹੁਤ ਹੀ ਅਹਿਮ ਮੁੱਦੇ ਉੱਤੇ ਚਰਚਾ ਕਰਵਾਈ ਜਾ ਰਹੀ ਹੈ। ਜਿਹੜਾ ਮਤਾ ਮਾਣਯੋਗ ਪੰਚਾਇਤ ਮੰਤਰੀ ਜੀ ਨੇ ਪੇਸ਼ ਕੀਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਦੇਸ਼ ਦੇ ਅੰਦਰ ਮਜ਼ਦੂਰਾਂ ਦਾ, ਗਰੀਬਾਂ ਦਾ, ਦਲਿਤਾਂ ਦਾ ਅਤੇ ਹੋਰ ਆਰਥਿਕ ਪੱਖ ਤੋਂ ਕਮਜ਼ੋਰ ਲੋਕਾਂ ਦੇ ਗਲਾ ਘੁਟਣ ਦਾ ਪ੍ਰੋਗਰਾਮ ਬਣਾਇਆ ਹੈ। ਜਿਹੜੀ ਦੇਸ਼ ਦੀ ਸਰਕਾਰ

ਹੈ, ਉਹ ਅਜਿਹੇ ਕਾਨੂੰਨ ਬਣਾ ਕੇ ਗਰੀਬਾਂ ਨੂੰ, ਮਜ਼ਦੂਰਾਂ ਨੂੰ ਜ਼ਿੰਦਗੀ ਤੋਂ ਵਾਂਝਾ ਕਰ ਰਹੀ ਹੈ ਕਿ ਉਹ ਕੰਮ ਨਾ ਕਰ ਸਕਣ। ਉਹ ਮੰਗ ਕੇ ਖਾਣ ਲਈ ਮਜਬੂਰ ਹੋ ਜਾਣ ਅਤੇ ਅੰਤ ਵਿੱਚ ਆਪਣੇ ਸਵਾਸ ਗਵਾ ਬੈਠਣ। ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਦੀ ਪੂਰੇ ਦੇਸ਼ ਦੇ ਅੰਦਰ ਕਾਂਗਰਸ ਪਾਰਟੀ ਵੱਲੋਂ ਔਰ ਆਮ ਲੋਕਾਂ ਵੱਲੋਂ ਘੋਰ ਨਿੰਦਾ ਕੀਤੀ ਜਾ ਰਹੀ ਹੈ। ਅੱਜ ਇਸ ਅਹਿਮ ਮੁੱਦੇ ਦੇ ਉੱਤੇ ਚਰਚਾ ਕਰਵਾਉਣ ਲਈ ਮੈਂ ਧੰਨਵਾਦ ਕਰਨਾ ਚਾਹੁੰਦਾ ਹਾਂ। ਇਸ ਦੇ ਨਾਲ ਹੀ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਦੇਸ਼ ਦੇ ਅੰਦਰ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਇਹੋ ਜਿਹੀਆਂ ਸਕੀਮਾਂ, ਕਾਨੂੰਨ ਬਣਾਉਂਦੀ ਹੈ ਜਿਸ ਨਾਲ ਸਾਡੇ ਰਾਜਾਂ ਦੇ ਅਧਿਕਾਰਾਂ ਤੇ, ਸੰਘੀ ਢਾਂਚਿਆਂ ਦੇ ਉੱਤੇ ਇੱਕ ਬਹੁਤ ਵੱਡਾ ਹਮਲਾ ਕੀਤਾ ਜਾ ਰਿਹਾ ਹੈ ਕਿ ਸਟੇਟਾਂ ਨੂੰ ਖਾਸ ਤੌਰ ਤੇ ਪੰਜਾਬ ਅਤੇ ਗੈਰ ਭਾਜਪਾ ਸਰਕਾਰ ਦੇ ਸੂਬਿਆਂ ਨੂੰ ਆਰਥਿਕ ਤੌਰ ਦੇ ਉੱਤੇ ਇੰਨਾ ਕਮਜ਼ੋਰ ਕਰ ਦਿੱਤਾ ਜਾਵੇ ਕਿ ਇੱਥੋਂ ਦੇ ਲੋਕ ਉੱਠ ਨਾ ਸਕਣ। ਪਹਿਲਾਂ ਖੇਤੀ ਕਾਨੂੰਨਾਂ ਦੇ ਰੂਪ ਵਿੱਚ ਅਤੇ ਹੁਣ ਮਗਨਰੇਗਾ ਦੇ ਰੂਪ ਵਿੱਚ ਇਸ ਨੂੰ ਖਤਮ ਕਰਕੇ ਇਹ ਕਿਹਾ ਜਾ ਰਿਹਾ ਹੈ ਕਿ ਮਗਨਰੇਗਾ ਲਈ ਜੋ ਰਾਜਾਂ ਵੱਲੋਂ ਪਹਿਲਾਂ 10 ਪਰਸੈਂਟ ਹਿੱਸਾ ਪਾਇਆ ਜਾਂਦਾ ਸੀ, ਉਹ ਹੁਣ 40 ਪਰਸੈਂਟ ਹਿੱਸਾ ਪਾਉਣਾ ਪਵੇਗਾ। ਇਸ ਦਾ ਮਤਲਬ ਇਹ ਹੈ ਕਿ ਪੰਜਾਬ ਦੇ ਅੰਦਰ ਮਗਨਰੇਗਾ ਸਕੀਮ ਨੂੰ ਬਿਲਕੁਲ ਮੁਕੰਮਲ ਤੌਰ ਤੇ ਖਤਮ ਕਰਨ ਦੀ ਯੋਜਨਾ ਕੇਂਦਰ ਸਰਕਾਰ ਦੀ ਭਾਰਤੀ ਜਨਤਾ ਪਾਰਟੀ ਨੇ ਬਣਾਈ ਹੈ। ਮੈਂ ਇਸ ਦੀ ਘੋਰ ਨਿੰਦਾ ਕਰਦਾ ਹਾਂ। ਦੂਜਾ, ਇਹ ਕਿਹਾ ਜਾ ਰਿਹਾ ਹੈ ਕਿ ਜਦੋਂ ਕੰਮ ਨਹੀਂ ਹੋਵੇਗਾ ਤਾਂ ਉਨ੍ਹਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਵੇਗਾ। ਮਾਣਯੋਗ ਪ੍ਰਿੰਸੀਪਲ ਬੁੱਧ ਰਾਮ ਜੀ ਬੈਠੇ ਹਨ। ਅਸੀਂ ਪੰਜਾਬ ਦੀਆਂ ਵਿਧਾਨ ਸਭਾ ਕਮੇਟੀਆਂ ਵਿੱਚ ਕੰਮ ਕਰ ਰਹੇ ਹਾਂ। ਨਰੇਗਾ ਅਤੇ ਹੋਰ ਮੁੱਦਿਆਂ ਤੇ ਪੰਜਾਬ ਦੀ ਵਿਧਾਨ ਸਭਾ ਵਿੱਚ ਅੱਠ ਰਿਪੋਰਟਾਂ ਨੂੰ ਪੇਸ਼ ਕੀਤਾ ਗਿਆ ਸੀ, ਮੈਂ ਇਸ ਵਾਸਤੇ ਮਾਣਯੋਗ ਚੇਅਰਮੈਨ, ਪ੍ਰਿੰਸੀਪਲ ਬੁੱਧ ਰਾਮ ਜੀ ਨੂੰ ਵਧਾਈ ਵੀ ਦਿੰਦਾ ਹਾਂ ਕਿ ਅਸੀਂ ਉਨ੍ਹਾਂ ਰਿਪੋਰਟਾਂ ਵਿੱਚ ਨਰੇਗਾ ਦਾ ਵੀ ਜ਼ਿਕਰ ਕੀਤਾ ਸੀ ਕਿ ਤੁਸੀਂ ਤਾਂ ਸਾਨੂੰ ਪਹਿਲਾਂ ਹੀ ਪੈਸਾ ਨਹੀਂ ਦੇ ਰਹੇ, ਫੇਰ ਬੇਰੁਜ਼ਗਾਰੀ ਭੱਤਾ ਕਿੱਥੋਂ ਦੇਣਾ ਹੈ? ਮਾਣਯੋਗ ਚੀਮਾ ਸਾਹਿਬ, ਫਾਈਨਾਂਸ ਮਨਿਸਟਰ ਬੈਠੇ ਹਨ, ਇਹ ਵੀ ਕਿਹਾ ਜਾ ਰਿਹਾ ਹੈ ਕਿ ਉਹ ਬੇਰੁਜ਼ਗਾਰੀ ਭੱਤਾ ਵੀ ਰਾਜ ਸਰਕਾਰ ਦੇਵੇਗੀ। ਸਾਡੇ ਕੋਲ ਤਾਂ ਪਹਿਲਾਂ ਹੀ ਅਜਿਹੀਆਂ ਸੰਭਾਵਨਾਵਾਂ ਨਹੀਂ ਹਨ ਕਿ ਅਸੀਂ ਪੈਸਾ ਕੱਢ ਕੇ ਨਰੇਗਾ ਵਿੱਚ ਖਰਚ ਕਰ ਸਕੀਏ। ਹੁਣ 365 ਦਿਨਾਂ ਅੰਦਰ 125 ਦਿਨਾਂ ਦਾ ਹੋਰ ਵਾਧਾ ਕਰ ਦਿੱਤਾ ਹੈ ਜਦਕਿ ਪਹਿਲਾਂ 100 ਦਿਨਾਂ ਲਈ ਹੁੰਦਾ ਸੀ, ਪੰਜਾਬ ਦੇ ਅੰਦਰ ਤਾਂ ਪਹਿਲਾਂ ਹੀ ਐਵਰੇਜ 42% ਹੀ ਪੂਰਾ ਨਹੀਂ ਹੋ ਸਕਿਆ। ਮਾਣਯੋਗ ਸਪੀਕਰ ਸਾਹਿਬ, ਕਹਿਣ ਦਾ ਮਤਲਬ ਹੈ ਕਿ ਅਸੀਂ ਇਸ ਮਤੇ ਨਾਲ ਬਿਲਕੁਲ ਸਹਿਮਤ ਹਾਂ। ਚੀਮਾ ਸਾਹਿਬ, ਜਿਹੜੀ ਗੱਲ ਅੱਜ ਹਾਊਸ ਵਿੱਚ ਆਈ ਹੈ, ਤੁਸੀਂ ਅੱਜ ਤੱਕ ਜਿੰਨੇ ਵੀ ਮੁੱਦੇ ਲੈ ਕੇ ਆਏ ਹੋ, ਰੈਜ਼ੋਲਿਊਸ਼ਨ ਲੈ ਕੇ ਆਏ ਹੋ, ਮਾਣਯੋਗ ਬਾਜਵਾ ਸਾਹਿਬ, ਸਾਡੇ ਆਪੋਜ਼ੀਸ਼ਨ ਦੇ ਲੀਡਰ ਸਾਹਿਬ ਬੈਠੇ ਹਨ, ਆਪੋਜ਼ੀਸ਼ਨ ਨੇ ਹਮੇਸ਼ਾ ਬੋਲਦਿਆਂ ਹੋਇਆਂ ਉਸ ਦਾ ਡੱਟ ਕੇ ਸਾਥ ਦਿੱਤਾ ਹੈ। ਮੈਂ ਹੁਣ ਵੀ ਬੇਨਤੀ ਕਰ ਰਿਹਾ ਹਾਂ ਕਿ ਜਿਹੜਾ ਵੀ ਕੋਈ ਪ੍ਰੋਗਰਾਮ, ਕੇਂਦਰ ਸਰਕਾਰ, ਭਾਰਤੀ ਜਨਤਾ ਪਾਰਟੀ, ਮੋਦੀ ਨੂੰ ਜੜ੍ਹੋਂ ਉਖੇੜਨ ਲਈ ਨਰੇਗਾ ਅਤੇ ਪੰਜਾਬ ਨੂੰ ਬਚਾਉਣ ਲਈ ਤੁਸੀਂ ਉਲੀਕੋਗੇ, ਅਸੀਂ ਪੰਜਾਬ ਨਾਲ, ਤੁਹਾਡੇ ਨਾਲ ਬਿਲਕੁਲ ਡੱਟ ਕੇ ਖੜ੍ਹੇ ਹਾਂ। ਅਸੀਂ ਇਸ ਮਤੇ ਨਾਲ ਸਹਿਮਤ ਹਾਂ। ਚੀਮਾ ਸਾਹਿਬ ਅਤੇ ਮਾਣਯੋਗ ਅਮਨ ਅਰੋੜਾ ਜੀ ਵੀ ਬੈਠੇ ਹਨ, ਮੇਰੀ ਇੱਕ ਹੋਰ ਬੇਨਤੀ ਹੈ ਕਿ ਇਸ ਮਤੇ ਦੇ ਪਾਸ ਹੋਣ ਤੋਂ ਬਾਅਦ, ਅੱਜ ਤੱਕ ਜਿੰਨੇ ਵੀ ਮਤੇ ਪਾਸ ਕਰਕੇ ਭੇਜੇ ਗਏ ਹਨ, ਸਾਨੂੰ ਉਨ੍ਹਾਂ ਨੂੰ ਵੀ ਕਦੇ ਟੇਕ-ਅੱਪ ਕਰਨਾ ਚਾਹੀਦਾ ਹੈ ਕਿ ਗਵਰਨਰ ਹਾਊਸ ਤੋਂ ਬਾਹਰ ਉਹ ਕਿਉਂ ਨਹੀਂ ਜਾ ਰਹੇ? ਕਿਸੇ ਨਾ ਕਿਸੇ ਪੱਖ ਤੇ, ਆਪੋਜ਼ੀਸ਼ਨ ਨੂੰ ਨਾਲ ਲੈ ਕੇ ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਗਲ਼ ਤਾਂ ਪੈਣਾ ਹੀ ਚਾਹੀਦਾ ਹੈ ਕਿ ਤੁਸੀਂ ਦੱਸੋ ਕਿ ਸਾਡੀ ਪੰਜਾਬ ਵਿਧਾਨ ਸਭਾ ਦੁਆਰਾ ਪਾਸ ਕੀਤੇ ਮਤਿਆਂ ਪ੍ਰਤੀ ਤੁਸੀਂ ਗੰਭੀਰ ਕਿਉਂ ਨਹੀਂ ਹੋ? ਇਸ ਦਾ

ਮਤਲਬ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਸੰਘੀ ਢਾਂਚੇ ਅਤੇ ਪੰਜਾਬ ਨੂੰ ਬਰਬਾਦ ਕਰਨਾ ਚਾਹੁੰਦੀ ਹੈ। ਪੰਜਾਬੀ ਲੋਕ ਇੱਕ ਹਨ ਅਤੇ ਇਕਜੁੱਟਤਾ ਨਾਲ ਅਸੀਂ ਭਾਰਤੀ ਜਨਤਾ ਪਾਰਟੀ ਦਾ ਮੁਕਾਬਲਾ ਕਰਾਂਗੇ।

ਮਾਣਯੋਗ ਚੀਮਾ ਸਾਹਿਬ ਜੀ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਸਬੰਧੀ ਅਤੇ ਉਨ੍ਹਾਂ ਦੇ ਸਲੋਕਾਂ ਦਾ ਜ਼ਿਕਰ ਕੀਤਾ ਹੈ। ਚੀਮਾ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਗੁਰੂ ਤੇਗ਼ ਬਹਾਦਰ ਪਾਤਸ਼ਾਹੀ ਦੇ ਸ਼ਹੀਦੀ ਸ਼ਤਾਬਦੀ ਵਰ੍ਹੇ ਮਨਾਏ ਗਏ ਹਨ, ਅਸੀਂ ਉਸ ਨਾਲ ਬਿਲਕੁਲ ਸਹਿਮਤ ਹਾਂ। ਸੀ.ਐਮ. ਸਾਹਿਬ ਬੈਠੇ ਹਨ, ਬਹੁਤ ਧੰਨਵਾਦ। ਉਸ ਤੋਂ ਪਹਿਲਾਂ ਵੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ 550 ਪ੍ਰਕਾਸ਼ ਦਿਹਾੜਾ ਵੀ ਮਨਾਇਆ ਗਿਆ ਸੀ। ਹੁਣ 1 ਫਰਵਰੀ ਨੂੰ ਗੁਰੂ ਰਵਿਦਾਸ ਮਹਾਰਾਜ ਜੀ ਦਾ 550 ਸਾਲਾਂ ਜਨਮ ਦਿਨ ਸ਼ਤਾਬਦੀ ਸ਼ੁਰੂ ਹੋ ਰਿਹਾ ਹੈ।

(**ਕੁਝ ਅਵਾਜ਼ਾਂ** : 650 ਸਾਲ ਹਨ ਜੀ।)

**ਸ੍ਰੀ ਸੁਖਵਿੰਦਰ ਸਿੰਘ ਕੋਟਲੀ** : ਮਾਫ ਕਰਨਾ ਜੀ, 650 ਸਾਲਾ ਸ਼ਤਾਬਦੀ ਸ਼ੁਰੂ ਹੋ ਰਹੀ ਹੈ ਅਤੇ ਇਸ ਵਾਸਤੇ ਪੰਜਾਬ ਸਰਕਾਰ ਉਹ ਸ਼ਤਾਬਦੀ ਵਰ੍ਹਾ ਉਸ ਦਿਨ ਅਨਾਊਂਸ ਕਰੇ।

**Mr. Speaker** : Thank you.

**ਸ੍ਰੀ ਸੁਖਵਿੰਦਰ ਸਿੰਘ ਕੋਟਲੀ** : ਇਸ ਵਾਸਤੇ ਅਸੀਂ ਜ਼ਰੂਰ ਧੰਨਵਾਦ ਕਰਾਂਗੇ ਅਤੇ ਇਸ ਨਾਲ ਸਰਕਾਰ ਦੀ ਸ਼ਲਾਘਾ ਹੋਵੇਗੀ ਕਿ ਗੁਰੂ ਰਵਿਦਾਸ ਮਹਾਰਾਜ ਜੀ ਦੀ ਫਿਲਾਸਫੀ, ਜੋ ਕਿ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਹੈ, ਉਨ੍ਹਾਂ ਦੇ ਸਿਧਾਂਤ ਪੂਰੀ ਦੁਨੀਆ ਵਿੱਚ ਜਾਣ। ਮਾਣਯੋਗ ਮੁੱਖ ਮੰਤਰੀ ਸਾਹਿਬ ਬੈਠੇ ਹਨ, ਮੈਂ ਉਨ੍ਹਾਂ ਨੂੰ ਵੀ ਬੇਨਤੀ ਕਰਾਂਗਾ।

**Mr. Speaker** : Thank you.

**ਸ੍ਰੀ ਸੁਖਵਿੰਦਰ ਸਿੰਘ ਕੋਟਲੀ** : ਸ੍ਰੀ ਅਨੰਦਪੁਰ ਸਾਹਿਬ ਅੰਦਰ ਦੁਨੀਆ ਨੇ ਦੇਖਿਆ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਨ੍ਹਾਂ ਨੂੰ ਉਸ ਸ਼ਹਾਦਤ ਬਾਰੇ ਨਹੀਂ ਵੀ ਪਤਾ ਸੀ, ਉਨ੍ਹਾਂ ਨੂੰ ਇਸ ਬਾਰੇ ਪਤਾ ਲਗਿਆ ਅਤੇ ਇਸ ਦਾ ਕਿੰਨਾ ਪ੍ਰਭਾਵ ਸਾਡੇ ਦੁਆਬੇ ਅੰਦਰ ਪਿਆ। ਯਕੀਨ ਕਰਿਓ, ਅੱਗੇ ਇਸ ਦਾ ਪ੍ਰਭਾਵ ਸਾਡੇ ਦੁਆਬੇ ਵਿੱਚ ਬਹੁਤ ਘੱਟ ਸੀ ਕਿਉਂਕਿ ਸੋਸ਼ਲ ਮੀਡੀਆ ਆ ਗਿਆ ਹੈ ਅਤੇ ਹੋਰ ਬਹੁਤ ਕੁਝ ਆ ਗਿਆ ਹੈ, ਇਸ ਨਾਲ ਹਰ ਘਰ, ਹਰ ਪਿੰਡ ਅੰਦਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕੀਤਾ ਗਿਆ, ਜੋ ਕਿ ਸਾਡੀ ਜ਼ਿੰਦਗੀ ਲਈ ਇਕ ਪ੍ਰੇਰਣਾ ਸਰੋਤ ਰਹੇਗਾ। ਗੁਰੂ ਰਵਿਦਾਸ ਜੀ ਦੇ 650 ਸਾਲਾ ਸ਼ਤਾਬਦੀ ਦਿਵਸ ਨੂੰ ਵੀ ਸਰਕਾਰ ਮਨਾਏ, ਅਸੀਂ ਇਸ ਵਾਸਤੇ ਧੰਨਵਾਦੀ ਹੋਵਾਂਗੇ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਅਤੇ ਫਾਈਨਾਂਸ ਮਨਿਸਟਰ ਸਾਹਿਬ, ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ** : ਤੁਸੀਂ ਠੀਕ ਕਿਹਾ ਹੈ ਕਿ ਸਾਡਾ ਫੈਡਰਲ ਸਟਰੱਕਚਰ, ਸਾਡਾ ਸੰਘੀ ਢਾਂਚਾ ਸਾਡੇ ਦੇਸ਼ ਦੀ ਤਾਕਤ ਹੈ ਅਤੇ ਇਹ ਕੇਂਦਰ ਸਰਕਾਰ ਵੱਲੋਂ ਦੇਸ਼ ਦੇ ਸੰਘੀ ਢਾਂਚੇ ਤੇ ਸਿੱਧਾ ਵਾਰ ਤਾਂ ਹੈ ਹੀ ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਗਰੀਬਾਂ ਦੀ, ਦਲਿਤਾਂ ਦੀ ਅਤੇ ਛੋਟੇ ਕਿਸਾਨ, ਜਿਹੜੇ ਨਰੇਗਾ ਤੋਂ ਆਪਣਾ ਚੁੱਲ੍ਹਾ ਤਪਾਉਂਦੇ ਸੀ, ਉਨ੍ਹਾਂ ਦੀ ਸੰਘੀ ਵੀ ਫੜ ਲਈ ਹੈ। ਮੋਦੀ ਸਾਹਿਬ ਨੂੰ ਇਸ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ। ਮੇਰਾ ਆਪਣਾ ਵੀ ਇਹੀ ਵਿਚਾਰ ਹੈ।

______

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਮੈਨੂੰ ਇਸ ਪਵਿੱਤਰ ਸਦਨ ਨੂੰ ਇਹ ਦੱਸਣ ਵਿੱਚ ਮਾਣ ਮਹਿਸੂਸ ਹੋ ਰਿਹਾ ਹੈ ਕਿ ਕੋਟਕਪੂਰਾ ਦੀ ਪ੍ਰਸਿੱਧ ਪੰਜਾਬੀ ਜੁੱਤੀ ਨੂੰ ਬਣਾਉਣ ਵਾਲਿਆਂ ਨੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਲਾਂਜ ਵਿੱਚ ਇਕ ਪ੍ਰਦਰਸ਼ਨੀ ਆਯੋਜਿਤ ਕੀਤੀ ਹੈ। ਸਾਰੀ ਦੁਨੀਆ ਵਿੱਚ ਕੋਟਕਪੂਰਾ ਦੀ ਇਹ ਪੰਜਾਬੀ ਜੁੱਤੀ ਜਾਂਦੀ ਹੈ। ਮੈਂ ਸਾਰੇ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਇਸ ਪ੍ਰਦਰਸ਼ਨੀ ਵਿੱਚ ਜ਼ਰੂਰ ਵਿਜ਼ਿਟ ਕਰਨ ਤਾਂ ਜੋ ਆਪਾਂ ਇਸ ਹਸਤ ਕਲਾ ਨੂੰ ਅੱਗੇ ਲੈ ਕੇ ਚੱਲੀਏ। ਪੀੜ੍ਹੀਆਂ ਤੋਂ ਇਹ ਕੰਮ ਕਰਦੇ ਆਉਂਦੇ ਹਨ, ਕਿਸੇ ਤਰ੍ਹਾਂ ਦੀ ਕੋਈ ਅਣਦੇਖੀ ਹੋ ਗਈ, ਜਿਸ ਕਾਰਨ ਉਨ੍ਹਾਂ ਦੇ ਬੱਚੇ ਇਹ ਕੰਮ ਕਰਕੇ ਰਾਜ਼ੀ ਨਹੀਂ ਸਨ ਲੇਕਿਨ ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਸਰਕਾਰ ਉਨ੍ਹਾਂ ਦੀ ਸਹਾਇਤਾ ਕਰ ਰਹੀ ਹੈ। ਉਨ੍ਹਾਂ ਵਾਸਤੇ ਜੁੱਤੀ ਕਲੱਸਟਰ ਵੀ ਕੋਟਕਪੂਰਾ ਵਿੱਚ ਬਣਾਇਆ ਗਿਆ ਹੈ। ਅੱਜ ਉਹ ਇੱਥੇ ਵਿਜ਼ਿਟ ਕਰਨ ਆਏ ਹਨ, ਮੈਂ ਉਨ੍ਹਾਂ ਸਾਰਿਆਂ ਨੂੰ ਜੀ ਆਇਆਂ ਵੀ ਕਹਿੰਦਾ ਹਾਂ ਅਤੇ ਤੁਸੀਂ ਸਾਰੇ ਉਥੇ ਵਿਜ਼ਿਟ ਵੀ ਕਰਿਓ। ਮੁੱਖ ਮੰਤਰੀ ਸਾਹਿਬ ਦੀ ਅਗਵਾਈ ਵਿੱਚ ਸਰਕਾਰ ਉਨ੍ਹਾਂ ਦੀ ਸਹਾਇਤਾ ਕਰ ਰਹੀ ਹੈ। ਉਨ੍ਹਾਂ ਵਾਸਤੇ ਕੋਟਕਪੂਰੇ ਵਿੱਚ ਇੱਕ ਜੁੱਤੀ ਕਲੱਸਟਰ ਵੀ ਬਣਾਇਆ ਗਿਆ ਹੈ। ਸੋ, ਉਹ ਅੱਜ ਇੱਥੇ ਵਿਜ਼ਿਟ ਕਰਨ ਆਏ ਹਨ। ਮੈਂ ਉਨ੍ਹਾਂ ਸਾਰਿਆਂ ਨੂੰ 'ਜੀ ਆਇਆਂ' ਵੀ ਕਹਿੰਦਾ ਹਾਂ ਅਤੇ ਤੁਸੀਂ ਸਾਰੇ ਉੱਥੇ ਵਿਜ਼ਿਟ ਵੀ ਕਰਨਾ।

------

## OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005 *(Resumption)*

**ਸ਼੍ਰੀ ਅਮੋਲਕ ਸਿੰਘ (ਜੈਤੋ, ਐਸ.ਸੀ.)** : ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਇਕੱਲੀ 60:40 ਰੇਸ਼ੋ ਦੀ ਗੱਲ ਨਹੀਂ ਹੈ, ਇਸ ਦੇ ਨਾਲ ਫੈਡਰਲ ਸਟਰੱਕਚਰ ਉੱਤੇ ਚੋਟ ਤਾਂ ਹੈ ਹੀ ਪਰ ਇਸ ਬਿਲ ਨੂੰ ਪੜ੍ਹਨ ਤੇ ਪਤਾ ਲੱਗਦਾ ਹੈ ਕਿ ਇਸ ਵਿੱਚ ਕਲਾਜ਼ਾਂ ਹਨ, ਜਿਵੇਂ ਕਿ 4(5) ਅਤੇ 4(6), ਉਨ੍ਹਾਂ ਵਿੱਚ ਸਾਫ਼ ਤੌਰ ਤੇ ਲਿਖਿਆ ਹੋਇਆ ਹੈ ਕਿ ਇਸ ਵਾਸਤੇ ਬਜਟ ਸੈਂਟਰ ਸਰਕਾਰ ਤੈਅ ਕਰੇਗੀ। ਪਹਿਲਾਂ ਕੀ ਹੁੰਦਾ ਸੀ ਕਿ ਪੰਜਾਬ ਸਰਕਾਰ ਵੱਲੋਂ ਜਾਂ ਜਿਹੜਾ ਅਸੀਂ ਕੰਮ ਕਰਨਾ ਹੁੰਦਾ ਸੀ, ਉਸ ਤਹਿਤ ਪੈਸਾ ਮੰਗ ਲਿਆ ਜਾਂਦਾ ਸੀ। ਪ੍ਰੰਤੂ ਹੁਣ ਬਜਟ ਦਾ ਜਿੰਨਾ ਪੈਸਾ ਆਵੇਗਾ, ਉਸੇ ਹਿਸਾਬ ਨਾਲ ਹੀ ਸਾਨੂੰ ਕੰਮ ਕਰਨਾ ਪਵੇਗਾ। ਸੋ, ਇਹ ਕੋਝੀਆਂ ਸਾਜਿਸ਼ਾਂ ਹਨ, ਕੇਂਦਰ ਸਰਕਾਰ ਵਾਲੇ ਚਾਹੁੰਦੇ ਹਨ ਕਿ ਮਗਨਰੇਗਾ ਸਕੀਮ ਪੂਰਨ ਰੂਪ ਵਿੱਚ ਬੰਦ ਹੋ ਜਾਵੇ ਤਾਂ ਕਿ ਗਰੀਬ ਮਜ਼ਦੂਰ ਤੇ ਦਲਿਤ ਪਰਿਵਾਰਾਂ ਦੀ ਰੋਜ਼ੀ-ਰੋਟੀ ਬੰਦ ਹੋ ਜਾਵੇ। ਉਸੇ ਤਹਿਤ ਹੀ ਇਹ ਸਕੀਮਾਂ ਬਣਾਈਆਂ ਗਈਆਂ ਹਨ। ਇਸ ਦੇ ਨਾਲ ਨਾਲ, ਇਹ ਇਕੱਲੇ 60:40 ਰੇਸ਼ੋ ਦੀ ਗੱਲ ਨਹੀਂ ਹੈ, ਇਸ ਵਿੱਚ ਰੇਟ ਵੀ ਸੈਂਟਰ ਸਰਕਾਰ ਵੱਲੋਂ ਹੀ ਤੈਅ ਕੀਤੇ ਜਾਣਗੇ। ਉਦਾਹਰਣ ਵਜੋਂ, ਜੇ ਇੱਕ ਟਾਈਲ ਦਾ ਰੇਟ 12-13 ਰੁਪਏ ਤੈਅ ਕੀਤਾ ਜਾਂਦਾ ਹੈ ਤਾਂ ਸੈਂਟਰ ਵਾਲੇ ਉਸ ਨੂੰ 10 ਰੁਪਏ ਰੇਟ ਤੈਅ ਕਰਕੇ ਭੇਜ ਦੇਣਗੇ। ਜਿਹੜੇ ਉਪਰਲੇ 2-3 ਰੁਪਏ ਹਨ, ਉਹ 60:40 ਦੇ ਹਿਸਾਬ ਨਾਲ ਪੈਸਾ ਪਾਉਣ ਤੋਂ ਬਾਅਦ ਵੀ ਸੂਬੇ ਦੀ ਸਰਕਾਰ ਨੂੰ ਦੇਣੇ ਪੈਣਗੇ। ਸੋ, ਕੁੱਲ ਮਿਲਾ ਕੇ ਇਹ ਚਾਹੁੰਦੇ ਹਨ ਕਿ ਇਹ ਸਕੀਮ ਨਾ ਚੱਲੇ। ਫਿਰ ਦਿਹਾੜੀਆਂ ਬੇਸ਼ੱਕ

100 ਤੋਂ 125 ਕਰ ਦਿਉ ਜਾਂ 200 ਕਰ ਦਿਉ, ਪਰ ਜੇ ਸਕੀਮ ਹੀ ਨਹੀਂ ਚੱਲੇਗੀ ਤਾਂ ਉਸ ਸਕੀਮ ਦਾ ਕਿਸੇ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਜੇ ਇਹੋ ਜਿਹੀ ਸਕੀਮ ਹੋਵੇ, ਜਿਸ ਦਾ ਕਿਸੇ ਨੂੰ ਫਾਇਦਾ ਨਾ ਹੁੰਦਾ ਹੋਵੇ, ਗਰੀਬ ਪਰਿਵਾਰਾਂ ਦੇ ਚੁੱਲ੍ਹੇ ਬੁਝਦੇ ਹੋਣ, ਗਰੀਬ ਮਜ਼ਦੂਰ ਪਰਿਵਾਰਾਂ ਦੀਆਂ ਜੋ ਰੋਟੀਆਂ ਖੁੰਝਦੀਆਂ ਹੋਣ ਤਾਂ ਮੈਨੂੰ ਲੱਗਦਾ ਹੈ ਕਿ ਉਹ ਸਕੀਮ ਕਿਸੇ ਦੇ ਭਲੇ ਦੀ ਨਹੀਂ ਹੁੰਦੀ। ਸੋ, ਜਿਹੜੀ ਸਕੀਮ ਸੈਂਟਰ ਸਰਕਾਰ ਵੱਲੋਂ ਹੁਣ ਲਿਆਂਦੀ ਗਈ ਹੈ, ਮੈਂ ਉਸ ਦੀ ਵਿਰੋਧਤਾ ਕਰਦਾ ਹਾਂ ਅਤੇ ਪੰਜਾਬ ਵਿਧਾਨ ਸਭਾ ਵਿੱਚ ਲਿਆਂਦੇ ਗਏ ਮਤੇ ਦੀ ਹਮਾਇਤ ਕਰਦਾ ਹਾਂ। ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ।

**ਮਾਣਯੋਗ ਸਪੀਕਰ:** ਧੰਨਵਾਦ ਜੀ। ਸਰਦਾਰ ਕੁਲਵੰਤ ਸਿੰਘ ਪੰਡੋਰੀ ਜੀ।

**ਸਰਦਾਰ ਕੁਲਵੰਤ ਸਿੰਘ ਪੰਡੋਰੀ (ਮਹਿਲ ਕਲਾਂ, ਐਸ.ਸੀ.):** ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮਗਨਰੇਗਾ ਸਕੀਮ ਦੇ ਤਹਿਤ ਸਾਡੇ ਗਰੀਬ ਪਰਿਵਾਰਾਂ ਦੀ ਬਹੁਤ ਵੱਡੀ ਗਿਣਤੀ ਹੈ, ਜਿਨ੍ਹਾਂ ਦੀ ਇਸ ਨਾਲ ਆਰਥਿਕਤਾ ਜੁੜੀ ਹੋਈ ਹੈ। ਮੈਂ ਇਹ ਸਮਝਦਾ ਹਾਂ ਕਿ ਮਗਨਰੇਗਾ ਸਕੀਮ ਦੇ ਕਰਕੇ ਪੰਜਾਬ ਵਿੱਚ ਬਹੁਤ ਵੱਡੇ ਫਾਇਦੇ ਵੀ ਹੋਏ ਹਨ। ਪਿੰਡਾਂ ਦੀ ਸਾਫ ਸਫਾਈ ਮਗਨਰੇਗਾ ਸਕੀਮ ਅਧੀਨ ਹੀ ਚਲਦੀ ਹੈ। ਮੈਂ ਸਮਝਦਾ ਹਾਂ ਕਿ ਐਤਕੀਂ ਪੰਜਾਬ ਦੇ ਵਿੱਚ ਸਾਰੀਆਂ ਸੜਕਾਂ ਦੇ ਉੱਪਰ ਪੌਦੇ ਲਗਾਏ ਗਏ ਹਨ, ਸਾਰੇ ਕੱਚੇ ਰਸਤਿਆਂ ਉੱਪਰ ਦਰੱਖਤ ਲਗਾਉਣ ਵਿੱਚ ਅਤੇ ਵਾਤਾਵਰਣ ਨੂੰ ਬਚਾਉਣ ਵਿੱਚ ਜਿੰਨਾ ਮਗਨਰੇਗਾ ਸਕੀਮ ਨੇ ਯੋਗਦਾਨ ਪਾਇਆ ਹੈ, ਉਹ ਹੋਰ ਕਿਸੇ ਸਕੀਮ ਨੇ ਨਹੀਂ ਪਾਇਆ। ਅੱਜਕੱਲ੍ਹ ਹਰੇਕ ਸੜਕ ਉੱਤੇ ਅਤੇ ਰਸਤਿਆਂ ਉੱਪਰ ਦਰੱਖਤਾਂ ਦੀ ਸੇਵਾ ਸੰਭਾਲ ਕਰਨ ਵਿੱਚ ਮਗਨਰੇਗਾ ਦਾ ਬਹੁਤ ਵੱਡਾ ਯੋਗਦਾਨ ਹੈ। ਇਸ ਕਰਕੇ ਕੇਂਦਰ ਸਰਕਾਰ ਵੱਲੋਂ ਇਹ ਜੀ-ਰਾਮ-ਜੀ ਸਕੀਮ ਲਿਆ ਕੇ, ਉਨ੍ਹਾਂ ਦਾ ਦਲਿਤ ਵਿਰੋਧੀ ਚਿਹਰਾ ਨੰਗਾ ਹੋਇਆ ਹੈ। ਆਪਾਂ ਸਾਰਿਆਂ ਨੂੰ ਇਹ ਪਤਾ ਹੈ ਕਿ ਉਨ੍ਹਾਂ ਦੁਆਰਾ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਜੀ.ਐਸ.ਟੀ. ਵਰਗੇ ਤਰਜੀਮੇ ਲਿਆ ਕੇ ਸਟੇਟਾਂ ਦੀ ਆਮਦਨ ਪਹਿਲਾਂ ਹੀ ਬਹੁਤ ਘਟਾ ਦਿੱਤੀ ਗਈ ਹੈ। ਇਸ ਨਵੀਂ ਸਕੀਮ ਤਹਿਤ ਜਿਹੜਾ 60:40 ਦਾ ਬਜਟ ਕੀਤਾ ਗਿਆ ਹੈ, ਇਹ ਸਟੇਟਾਂ ਦੀਆਂ ਸਰਕਾਰਾਂ ਸਹਿਣ ਹੀ ਨਹੀਂ ਕਰ ਸਕਦੀਆਂ। ਕੇਂਦਰ ਸਰਕਾਰ ਨੂੰ ਪਤਾ ਹੈ ਕਿ ਇਹ ਸਕੀਮ ਆਪੇ ਹੀ ਕਿਤੇ ਨਾ ਕਿਤੇ ਡੁੱਬ ਜਾਵੇਗੀ, ਇਸ ਮਨਸ਼ਾ ਦੇ ਨਾਲ ਉਹ ਇਹ ਬਿਲ ਲਿਆ ਰਹੇ ਹਨ। ਜਿਵੇਂ ਕਿ ਪਹਿਲਾਂ ਤੋਂ ਹੀ ਆਰ.ਐਸ.ਐਸ. ਅਤੇ ਬੀ.ਜੇ.ਪੀ. ਦਾ ਖਾਸਾ ਦਲਿਤ ਵਿਰੋਧੀ ਰਵੱਈਆ ਰਿਹਾ ਹੈ। ਹੁਣ ਉਨ੍ਹਾਂ ਦੁਆਰਾ ਐਸ.ਸੀ. ਭਾਈਚਾਰੇ ਉੱਪਰ ਹਰ ਤਰ੍ਹਾਂ ਦਾ ਬਹੁਤ ਵੱਡਾ ਹਮਲਾ ਵਿੱਢਿਆ ਹੋਇਆ ਹੈ। ਇਹ ਸਿਰਫ ਲੋਕਾਂ ਦੀ ਆਰਥਿਕਤਾ ਦਾ ਮਸਲਾ ਹੀ ਨਹੀਂ ਹੈ, ਸਗੋਂ ਇਹ ਫੈਡਰਲ ਢਾਂਚੇ ਉੱਤੇ ਵੀ ਬਹੁਤ ਵੱਡਾ ਹਮਲਾ ਕੀਤਾ ਗਿਆ ਹੈ। ਬੀ.ਜੇ.ਪੀ. ਅਤੇ ਆਰ.ਐਸ.ਐਸ. ਹਮੇਸ਼ਾ ਤੋਂ ਹੀ ਕਿਸਾਨ ਵਿਰੋਧੀ ਅਤੇ ਮਜ਼ਦੂਰ ਵਿਰੋਧੀ ਰਹੇ ਹਨ। ਆਪਾਂ ਪਹਿਲਾਂ ਹੀ ਕਿਸਾਨੀ ਵਿਰੋਧੀ ਕਾਨੂੰਨਾਂ ਖਿਲਾਫ ਲੜ ਕੇ ਹਟੇ ਹਾਂ। ਕਿਸਾਨਾਂ ਨੇ ਉੱਥੇ ਸੜਕਾਂ ਉੱਤੇ ਬੈਠ ਕੇ ਬੜੀ ਵੱਡੀ ਜਿੱਤ ਪ੍ਰਾਪਤ ਕੀਤੀ ਹੈ, ਹੁਣ ਫਿਰ ਤੋਂ ਗਰੀਬ ਭਾਈਚਾਰੇ ਦੇ ਲੋਕਾਂ ਉੱਪਰ ਇਸ ਸਕੀਮ ਵਿੱਚ ਬਦਲਾਅ ਕਰਕੇ ਉਨ੍ਹਾਂ ਉੱਤੇ ਹਮਲਾ ਵਿੱਢਿਆ ਜਾ ਰਿਹਾ ਹੈ। ਬੀ.ਜੇ.ਪੀ. ਅਤੇ ਕੇਂਦਰ ਸਰਕਾਰ ਦਾ ਰਵੱਈਆ ਹਮੇਸ਼ਾ ਹੀ ਮੁੱਖ ਤੌਰ ਤੇ ਪੰਜਾਬ ਵਿਰੋਧੀ ਰਿਹਾ ਹੈ। ਜਿਵੇਂ ਖੇਤੀ ਦੇ ਬਿਲਾਂ ਰਾਹੀਂ, ਬੀ.ਬੀ.ਐਮ.ਬੀ. ਉੱਤੇ ਆਪਣਾ ਕੰਟਰੋਲ ਵਧਾ ਕੇ ਪੰਜਾਬ ਦੇ ਪਾਣੀ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਹੈ ਅਤੇ ਹੁਣ ਪੰਜਾਬ ਯੂਨੀਵਰਸਿਟੀ ਨੂੰ ਖੋਹਣ ਵਾਸਤੇ ਸੈਨੇਟ ਭੰਗ ਕੀਤੀ ਗਈ ਹੈ।

ਸਾਡੇ ਨੌਜਵਾਨਾਂ ਨੇ ਕਿੰਨੀ ਲੜਾਈ ਲੜ ਕੇ ਉਸ ਨੂੰ ਬਚਾਇਆ ਹੈ। ਬੀ.ਜੇ.ਪੀ. ਸਾਡੇ ਤੇ, ਗਰੀਬਾਂ ਤੇ ਹਰ ਤਰ੍ਹਾਂ ਹਮਲਾ ਕਰ ਰਹੀ ਹੈ। ਅਸੀਂ ਇਸ ਕਾਨੂੰਨ ਦਾ ਬਿਲਕੁਲ ਵਿਰੋਧ ਕਰਦੇ ਹਾਂ ਅਤੇ ਸਾਡੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਇਹ ਵਿਸ਼ੇਸ਼ ਸੈਸ਼ਨ ਬੁਲਾ ਕੇ ਗਰੀਬਾਂ ਦੇ ਜ਼ਖਮਾਂ ਤੇ ਮੱਲ੍ਹਮ ਲਗਾਉਣ ਦਾ ਕੰਮ ਕੀਤਾ ਹੈ। ਲੱਖਾਂ ਦੀ ਤਾਦਾਦ ਵਿਚ ਪਿੰਡਾਂ ਵਿਚੋਂ ਫਾਰਮ ਭਰ ਕੇ ਤੁਹਾਡੇ ਕੋਲ ਪਹੁੰਚੇ ਹਨ। ਤੁਹਾਨੂੰ ਬੇਨਤੀ ਹੈ ਕਿ ਉਹ ਜ਼ਰੂਰ ਕੇਂਦਰ ਸਰਕਾਰ ਤੱਕ, ਰਾਸ਼ਟਰਪਤੀ ਜੀ ਜਾਂ ਦੇਸ਼ ਦੇ ਪ੍ਰਧਾਨ ਮੰਤਰੀ ਜੀ ਤੱਕ ਪਹੁੰਚਦੇ ਕੀਤੇ ਜਾਣ। ਬਹੁਤ ਬਹੁਤ ਧੰਨਵਾਦ ਜੀ।

(ਇਸ ਸਮੇਂ ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਇਜਾਜ਼ਤ ਮੰਗ ਰਹੇ ਸਨ।)

---

**RULING BY THE HON'BLE SPEAKER FOR FORWARDING LETTERS OF 10 LAKH POOR FAMILIES FROM PUNJAB TO THE CENTRAL GOVERNMENT**

**ਮਾਣਯੋਗ ਸਪੀਕਰ**: ਧੰਨਵਾਦ ਜੀ। ਕੇਂਦਰ ਸਰਕਾਰ ਨੂੰ ਬੇਨਤੀ ਕਰਨ ਵਾਸਤੇ 10 ਲੱਖ ਦੇ ਕਰੀਬ ਗਰੀਬ ਪਰਿਵਾਰਾਂ ਦੀਆਂ ਚਿੱਠੀਆਂ, ਜਿਨ੍ਹਾਂ ਦੇ ਪੇਟ ਤੇ ਸਿੱਧੀ ਲੱਤ ਵੱਜੀ ਹੈ ਅਤੇ ਪਿੱਠ ਤੇ ਛੁਰਾ ਵੱਜਿਆ ਹੈ, ਦੀਆਂ ਸਾਰੀਆਂ ਚਿੱਠੀਆਂ ਨੂੰ ਜ਼ਰੂਰ ਕੇਂਦਰ ਸਰਕਾਰ, ਪ੍ਰਧਾਨ ਮੰਤਰੀ ਜੀ ਨੂੰ ਭੇਜੀਆਂ ਜਾਣਗੀਆਂ। ਜਿਹੜੇ ਵੀ ਮਾਣਯੋਗ ਮੈਂਬਰ ਸਾਹਿਬਾਨ ਸਾਡੀਆਂ ਮਗਨਰੇਗਾ ਦੀਆਂ ਬੀਬੀਆਂ ਅਤੇ ਕਾਮਿਆਂ ਦੇ ਇਹ ਲੈਟਰਜ਼ ਲੈ ਕੇ ਆਏ ਹਨ, ਉਹ ਸਾਰੇ ਪੱਤਰ ਉਨ੍ਹਾਂ ਦੇ ਦਫਤਰ ਵਿੱਚ ਜਮ੍ਹਾਂ ਕਰਵਾ ਦਿੱਤੇ ਜਾਣ।

ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ ਪਰ ਉਸ ਤੋਂ ਪਹਿਲਾਂ ਮੈਂ ਥੋੜ੍ਹੀ ਜਿਹੀ ਗੱਲ ਕਰਨਾ ਚਾਹੁੰਦਾ ਹਾਂ; ਸਾਰੇ ਹੀ ਮਾਣਯੋਗ ਮੈਂਬਰ ਮੇਰੇ ਲਈ ਬਹੁਤ ਹੀ ਸਤਿਕਾਰਤ ਹਨ, ਮੈਂ ਸਾਰਿਆਂ ਨੂੰ ਬਹੁਤ ਪਿਆਰ ਕਰਦਾ ਹਾਂ, ਬਹੁਤ ਮਾਣ ਸਨਮਾਨ ਕਰਦਾ ਹਾਂ। ਮੈਂ ਇਕ ਬੇਨਤੀ ਕਰਦਾ ਹਾਂ ਕਿ ਜਦੋਂ ਕੋਈ ਮਾਣਯੋਗ ਮੈਂਬਰ ਖੜ੍ਹਾ ਹੋ ਕੇ ਬੋਲ ਰਿਹਾ ਹੁੰਦਾ ਹੈ ਤਾਂ ਚੇਅਰ ਅਤੇ ਮਾਣਯੋਗ ਮੈਂਬਰ ਦੇ ਵਿਚਕਾਰੋਂ ਨਹੀਂ ਲੰਘਣਾ। ਜੇਕਰ ਤੁਸੀਂ ਲੰਘੋਗੇ ਤਾਂ ਉਸ ਨਾਲ ਤੁਹਾਡੀ ਮੈਂਬਰਸ਼ਿਪ ਵੀ ਜਾ ਸਕਦੀ ਹੈ। ਸੋ, ਕ੍ਰਿਪਾ ਕਰਕੇ ਇਸ ਦਾ ਧਿਆਨ ਰੱਖੋ।

---

**OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005 *(RESUMPTION)***

**ਮਾਣਯੋਗ ਸਪੀਕਰ** : ਜੀ, ਮੰਤਰੀ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਮਾਣਯੋਗ ਸਪੀਕਰ ਸਾਹਿਬ, ਅੱਜ "ਦਿ ਟ੍ਰਿਬਿਊਨ" ਅਖਬਾਰ ਦੇ ਵਿੱਚ ਇੱਕ ਖ਼ਬਰ ਪ੍ਰਕਾਸ਼ਿਤ ਹੋਈ ਹੈ, ਇਹ ਬੜੀ ਸੀਰੀਅਸ ਖ਼ਬਰ ਹੈ ਕਿ ਬੀਤੇ ਕੱਲ੍ਹ ਸੋਮਵਾਰ ਨੂੰ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਆਨ ਰੂਰਲ ਡਿਵੈਲਪਮੈਂਟ ਦੀ ਮੀਟਿੰਗ ਹੋਈ ਹੈ ਅਤੇ ਇਸ ਕਮੇਟੀ ਦੇ ਚੇਅਰਪਰਸਨ ਕਾਂਗਰਸ ਪਾਰਟੀ ਦੇ ਲੀਡਰ ਹਨ, ਜਿਨ੍ਹਾਂ ਦਾ ਨਾਮ ਹੈ ਸਪਤਾਗਿਰੀ ਉਲਾਕਾ ਜੀ। ਇਹ ਮੋਸਟ ਪਾਵਰਫੁੱਲ ਕਮੇਟੀ ਹੈ, ਜਿਵੇਂ ਵਿਧਾਨ ਸਭਾ ਦੀਆਂ ਕਮੇਟੀਆਂ ਹੁੰਦੀਆਂ ਹਨ, ਇੰਝ ਹੀ ਪਾਰਲੀਮੈਂਟ ਦੀਆਂ ਕਮੇਟੀਆਂ ਹੁੰਦੀਆਂ ਹਨ। ਸਪੀਕਰ ਸਾਹਿਬ, ਖ਼ਬਰ ਪ੍ਰਕਾਸ਼ਿਤ ਹੋਈ ਹੈ ਕਿ ਇਸ ਕਮੇਟੀ ਦੀ ਮੀਟਿੰਗ ਵਿਚ No Member opposed the VG-RAM-G Act during the meeting. ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲਣ ਲੱਗ ਪਏ।)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਇਕ ਮਿੰਟ ਮੈਨੂੰ ਬੋਲ ਲੈਣ ਦਿਓ ਜੀ। ਮੈਨੂੰ ਇਹ ਦੱਸੋ ਕਿ ਜੇਕਰ ਪਾਰਲੀਮੈਂਟ ਦੀ ਕਮੇਟੀ ਦਾ ਚੇਅਰਮੈਨ ਕਾਂਗਰਸ ਪਾਰਟੀ ਦਾ ਹੋਣ ਦੇ ਨਾਤੇ ਉੱਥੇ ਇਸ ਕਾਨੂੰਨ ਦਾ ਵਿਰੋਧ ਨਹੀਂ ਕਰ ਰਿਹਾ ਤਾਂ ਇਹ ਕਿਹੜੇ ਮੂੰਹ ਨਾਲ ਕਹਿ ਰਹੇ ਹਨ ਕਿ ਅਸੀਂ ਇਸ ਕਾਨੂੰਨ ਦੇ ਵਿਰੋਧ ਵਿਚ ਹਾਂ। ਇਹ ਤਾਂ ਪੈਰ-ਪੈਰ ਤੇ ਝੂਠ ਬੋਲੀ ਜਾਂਦੇ ਹਨ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਪਰਗਟ ਸਿੰਘ ਪੋਆਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਲਗਾਤਾਰ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ**: ਉਨ੍ਹਾਂ ਨੂੰ ਕੰਪਲੀਟ ਕਰ ਲੈਣ ਦਿਓ ਜੀ, let him complete. ਤੁਸੀਂ ਜਵਾਬ ਦੇ ਦਿਓ। ਉਨ੍ਹਾਂ ਨੂੰ ਗੱਲ ਕਰ ਲੈਣ ਦਿਓ ਜੀ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਮੈਂ ਨਹੀਂ ਕਹਿੰਦਾ, ਇਹ ਅਖ਼ਬਾਰ ਦੀ ਖ਼ਬਰ ਹੈ। ਸਪੀਕਰ ਸਾਹਿਬ, ਬਸ ਐਨੀ ਹੀ ਗੱਲ ਸੀ। ਬਹੁਤ ਬਹੁਤ ਧੰਨਵਾਦ।

**ਮਾਣਯੋਗ ਸਪੀਕਰ**: ਬਾਜਵਾ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ, ਗੱਲ ਇਸ ਤਰ੍ਹਾਂ ਹੈ ਕਿ ਇਹ ਕਾਨੂੰਨ ਅਸੀਂ ਹੀ ਲੈ ਕੇ ਆਏ ਸੀ। ਇਸ ਮੁੱਦੇ ਤੇ ਅਸੀਂ ਪਾਰਲੀਮੈਂਟ ਨਹੀਂ ਚੱਲਣ ਦਿੱਤੀ, ਸਾਰੇ ਹਿੰਦੁਸਤਾਨ ਵਿਚ ਇਸ ਦੀ ਵਿਰੋਧਤਾ ਸ਼ੁਰੂ ਹੋ ਰਹੀ ਹੈ, ਪੰਜਾਬ ਵਿਚ ਵਿਰੋਧਤਾ ਸ਼ੁਰੂ ਹੋ ਰਹੀ ਹੈ। ਇਹ ਪਤਾ ਨਹੀਂ ਕਿੱਥੋਂ ਖ਼ਬਰ ਲੈ ਕੇ ਆਏ ਹਨ। ਥੋੜ੍ਹਾ ਜਿਹਾ ਸੀਰੀਅਸ ਹੋ ਜਾਵੋ।

(ਇਸ ਸਮੇਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਅਤੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਆਪਸ ਵਿਚ ਬਹਿਸ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਚਲੋ ਠੀਕ ਹੈ ਜੀ, ਤੁਹਾਡੀ ਗੱਲ ਆ ਗਈ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: (ਦਿਹਾਤੀ ਵਿਕਾਸ ਤੇ ਪੰਚਾਇਤ ਮੰਤਰੀ ਨੂੰ ਸੰਬੋਧਨ ਕਰਦੇ ਹੋਏ) ਅਖ਼ਬਾਰਾਂ ਹੀ ਤੁਹਾਡੀਆਂ ਹਨ। ਇਹ ਕਿਹੜਾ ਕੋਈ ਪਹਿਲੀ ਵਾਰ ਖ਼ਬਰ ਲੱਗੀ ਹੈ।

**ਮਾਣਯੋਗ ਸਪੀਕਰ**: ਇਸ ਤਰ੍ਹਾਂ ਨਹੀਂ ਹੋ ਸਕਦਾ। ਇਹ ਅਖ਼ਬਾਰ ਦੀ ਖ਼ਬਰ ਹੈ। ਚਲੋ, ਤੁਸੀਂ ਬਾਅਦ ਵਿਚ ਦੱਸ ਦੇਣਾ ਜੀ। ਹਾਂ ਜੀ, ਸ਼੍ਰੀ ਅਮਨ ਅਰੋੜਾ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ਼੍ਰੀ ਅਮਨ ਅਰੋੜਾ)**: ਸਪੀਕਰ ਸਾਹਿਬ, ਜੇਕਰ ਇਹ ਕਹਿੰਦੇ ਹਨ ਕਿ ਅਖ਼ਬਾਰ ਸਾਡੀ ਹੈ ਤਾਂ ਸਟੈਂਡਿੰਗ ਕਮੇਟੀ ਤੁਹਾਡੀ ਹੈ, ਜਿਸ ਨੇ ਇਸ ਕਾਨੂੰਨ ਦੀ ਸਪੋਰਟ ਕੀਤੀ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਸਰਦਾਰ ਰੁਪਿੰਦਰ ਸਿੰਘ ਹੈਪੀ ਜੀ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਇਸ ਅਹਿਮ ਮੁੱਦੇ ਤੇ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮਗਨਰੇਗਾ ਦੀ ਗੱਲ ਹੋ ਰਹੀ ਹੈ। ਮੈਂ ਸ਼ੁਰੂ ਵਿਚ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਜਿਹੜੀ ਕੇਂਦਰ ਦੀ ਬੀ.ਜੇ.ਪੀ. ਸਰਕਾਰ ਹੈ, ਉਹ ਮਗਨਰੇਗਾ ਨੂੰ ਖਤਮ ਕਰਨ ਤੇ ਲੱਗੀ ਹੋਈ ਹੈ। ਇਹ ਜਿਹੜੀ ਮਗਨਰੇਗਾ ਹੈ, ਇਹ ਸਾਡੇ ਗਰੀਬਾਂ, ਦਲਿਤਾਂ ਅਤੇ ਆਮ ਲੋਕਾਂ ਲਈ ਇੱਕ ਸਵੈ-ਮਾਣ ਵਜੋਂ ਕੰਮ ਕਰਦੀ ਹੈ ਕਿਉਂਕਿ ਇਥੋਂ ਕਮਾਇਆ ਹੋਇਆ ਪੈਸਾ ਉਸ ਦੀ ਰੋਜ਼ੀ-ਰੋਟੀ ਤੇ ਕੰਮ ਆਉਂਦਾ ਹੈ। ਗਰੀਬ ਲੋਕਾਂ ਦਾ ਚੁੱਲ੍ਹਾ ਇਸ ਨਾਲ ਚੱਲਦਾ ਹੈ। ਤੁਸੀਂ ਦੇਖਿਆ ਹੋਵੇਗਾ, ਆਮ ਗਰੀਬ ਪਰਿਵਾਰਾਂ ਵਿੱਚ ਇਨਕਮ ਦੇ ਸਾਧਨ ਬਹੁਤ ਘੱਟ ਹਨ। ਬੀਬੀਆਂ ਭੈਣਾਂ ਅਤੇ ਬਜ਼ੁਰਗ ਵੀ ਮਗਨਰੇਗਾ ਵਿਚ ਕੰਮ ਕਰਦੇ ਹਨ। ਤੁਸੀਂ ਦੇਖਿਆ ਹੋਣਾ 70-70 ਸਾਲ ਦੇ ਬਜ਼ੁਰਗ ਵੀ ਕੰਮ ਕਰਦੇ ਹਨ। ਉਹ ਇਸੇ ਮਜ਼ਦੂਰੀ ਨਾਲ ਆਪਣੇ ਘਰ ਦਾ ਚੁੱਲ੍ਹਾ ਚੌਕਾ ਚਲਾਉਂਦੇ ਹਨ। ਇਸ ਦੇ ਨਾਲ ਨਾਲ ਬੱਚਿਆਂ ਦੀ ਸਿੱਖਿਆ ਤੇ ਵੀ ਬੁਰਾ ਪ੍ਰਭਾਵ ਪਵੇਗਾ ਕਿਉਂਕਿ ਬਹੁਤ ਸਾਰੀਆਂ ਸਹੂਲਤਾਂ ਇਸ ਪੈਸੇ ਨਾਲ ਲੋਕ ਆਪਣੇ ਬੱਚਿਆਂ ਨੂੰ ਦਿੰਦੇ ਹਨ। ਸੋ, ਸਾਨੂੰ ਉਸ ਦਾ ਵੀ ਧਿਆਨ ਰੱਖਣਾ ਪੈਣਾ ਹੈ। ਇਸ ਸਕੀਮ ਤੇ ਗਰੀਬ ਲੋਕਾਂ ਦਾ ਜੀਵਨ ਪੱਧਰ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਸਾਡੇ ਪਿੰਡਾਂ ਦੇ ਵਿੱਚ ਛੋਟੇ ਛੋਟੇ ਕੰਮ ਹੁੰਦੇ ਹਨ। ਲੋਕਾਂ ਦੀਆਂ ਘਰਾਂ ਦੀਆਂ ਜ਼ਰੂਰਤਾਂ ਵੀ ਬੜੀਆਂ ਛੋਟੀਆਂ ਛੋਟੀਆਂ ਹਨ। ਸਾਡੀਆਂ ਬੀਬੀਆਂ ਭੈਣਾਂ ਆਪਣਾ ਸੈਲਫ-ਹੈਲਪ ਗਰੁੱਪ ਚਲਾਉਂਦੀਆਂ ਹਨ ਅਤੇ ਲੋਨ ਲੈਂਦੀਆਂ ਹਨ। ਜੇਕਰ ਕਦੇ ਕੰਮ ਨਹੀਂ ਚੱਲਦਾ ਤਾਂ ਉਹ ਮਗਨਰੇਗਾ ਵਿੱਚ ਕੰਮ ਕਰਕੇ ਆਪਣੀਆਂ ਕਿਸ਼ਤਾਂ ਭਰਦੀਆਂ ਹਨ। ਇਸ ਤਰ੍ਹਾਂ ਦਾ ਸਾਰਾ ਕੰਮ ਠੱਪ ਹੋ ਜਾਵੇਗਾ। ਲੋਕਾਂ ਦੇ ਉੱਤੇ ਬੋਝ ਪੈ ਜਾਵੇਗਾ। ਉਸ ਦਾ ਖਮਿਆਜ਼ਾ ਵੀ ਸਾਨੂੰ ਭੁਗਤਣਾ ਪਵੇਗਾ। ਬਹੁਤ ਸਾਰੇ ਘਰਾਂ ਦੇ ਵਿੱਚ ਦਵਾਈ ਬੂਟੀ ਇਸ ਨਾਲ ਚੱਲਦੀ ਹੈ। ਜਦੋਂ ਕਦੇ ਕੋਈ ਧੀ-ਧਿਆਣੀ ਆਪਣੇ ਘਰ ਆ ਜਾਂਦੀ ਹੈ ਤਾਂ ਉਸ ਦੀ ਬੀਬੀ 100-50 ਰੁਪਏ ਉਸ ਦੇ ਹੱਥ ਤੇ ਧਰ ਦਿੰਦੀ ਹੈ, ਉਹ ਵੀ ਤਾਂ ਜੇਕਰ ਉਸ ਕੋਲ ਪੈਸੇ ਹੋਣਗੇ। ਸਾਡੇ ਤਿਉਹਾਰਾਂ ਉਤੇ ਵੀ ਜਿਹੜਾ ਖਰਚਾ ਹੁੰਦਾ ਹੈ, ਉਹ ਵੀ ਤਾਂ ਹੀ ਕੀਤਾ ਜਾਂਦਾ ਹੈ। ਸਾਡੇ ਪਿੰਡਾਂ ਵਿੱਚ 10-15 ਦਿਨਾਂ ਲਈ ਜੇਕਰ ਮਗਨਰੇਗਾ ਸਕੀਮ ਨਹੀਂ ਚੱਲਦੀ ਤਾਂ ਸਾਡੇ ਪਿੰਡਾਂ ਵਿੱਚ ਜਾਣ ਤੇ ਸਾਡੇ ਬਾਪੂ ਸਾਨੂੰ ਕਹਿੰਦੇ ਹਨ ਕਿ ਸਾਡੇ ਮਗਨਰੇਗਾ ਦੇ ਪੈਸੇ ਨਹੀਂ ਆਏ ਸਾਡੀ ਕਾਹਦੀ ਦੀਵਾਲੀ, ਸਾਡਾ ਕਾਹਦਾ ਦੁਸਹਿਰਾ। ਸੋ, ਇਸ ਕਰਕੇ ਸਾਡੀ ਇਕਾਨਮੀ ਇਸ ਤੇ ਬਹੁਤ ਨਿਰਭਰ ਕਰਦੀ ਹੈ। ਜੇ ਇਸ ਸਕੀਮ ਤੋਂ ਪੈਸਾ ਆਉਂਦਾ ਹੈ ਤਾਂ ਕਈ ਲੋਕਾਂ ਦਾ ਘਰ ਚੱਲਦਾ ਹੈ। ਇੱਕ ਗੱਲ ਮੈਂ ਹੋਰ ਦੱਸ ਦੇਣਾ ਚਾਹੁੰਦਾ ਹਾਂ ਕਿ ਕਈ

ਵਾਰ ਲੋਕ ਸ਼ਿਕਾਇਤਾਂ ਕਰਦੇ ਹਨ ਕਿ ਮਗਨਰੇਗਾ ਸਕੀਮ ਕੰਮ ਨਹੀਂ ਕਰਦੀ, ਇਹ ਵੀ ਕਿਹਾ ਜਾਂਦਾ ਹੈ ਕਿ ਮਗਨਰੇਗਾ ਤਾਂ ਬੱਸ ਇਵੇਂ ਹੀ ਚੱਲਦੀ ਹੈ। ਜੇ, ਸਪੀਕਰ ਸਾਹਿਬ, ਮਗਨਰੇਗਾ ਸਕੀਮ ਨਾ ਹੋਵੇ ਤਾਂ ਸਾਡੇ ਜਿਹੜੇ ਪਿੰਡਾਂ ਦੇ ਆਮ ਲੋਕ ਹਨ ਉਹ ਆਪਣੇ ਘਰ ਦੇ ਬਾਹਰ ਤੋਂ ਘਾਹ ਦਾ ਬੂਝਾ ਵੀ ਆਪ ਨਹੀਂ ਪੁੱਟਦੇ। ਅਸੀਂ ਚਾਹੁੰਦੇ ਹਾਂ ਕਿ ਮਗਨਰੇਗਾ ਵਾਲੇ ਹੀ ਸਫਾਈ ਕਰੇ। ਮਗਨਰੇਗਾ ਹੀ ਇੱਕ ਐਸੀ ਆਰਮੀ ਹੈ ਜਿਸ ਨੇ ਸਾਡੇ ਪਿੰਡ ਸਾਫ-ਸੁਥਰੇ ਰੱਖੇ ਹੋਏ ਹਨ। ਸੋ, ਮੈਂ ਇਹ ਚਾਹਾਂਗਾ ਕਿ ਸਾਨੂੰ ਮਾਣ-ਸਨਮਾਨ ਦੇ ਲਈ ਕੰਮ ਜ਼ਰੂਰ ਕਰਨਾ ਚਾਹੀਦਾ ਹੈ। ਚਾਹੇ ਅੱਤ ਦੀ ਗਰਮੀ ਹੋਵੇ, ਚਾਹੇ ਅੱਤ ਦੀ ਸਰਦੀ ਹੋਵੇ, ਉਨ੍ਹਾਂ ਲੋਕਾਂ ਨੇ ਕੰਮ ਕਰਨਾ ਹੀ ਕਰਨਾ ਹੈ, ਉਨ੍ਹਾਂ ਨੇ ਕੰਮ ਤੇ ਜਾਣਾ ਹੀ ਜਾਣਾ ਹੈ, ਕੰਮ ਕਰਨਾ ਹੀ ਪੈਣਾ ਹੈ। ਜਦੋਂ ਇੱਕ ਸਰਦਾ ਪੁੱਜਦਾ ਪਰਿਵਾਰ ਆਪਣੀ ਘਰਦੀ ਨੂੰ ਘਰੋਂ ਬਾਹਰ ਨਹੀਂ ਕੱਢਦਾ ਉਦੋਂ ਸਾਡੀਆਂ ਬੀਬੀਆਂ ਭੈਣਾਂ ਮਾਵਾਂ ਵਿਚਾਰੀਆਂ ਤੱਪਦੀ ਧੁੱਪ ਵਿੱਚ ਕੰਮ ਕਰਦੀਆਂ ਹਨ। ਮਗਨਰੇਗਾ ਦਾ ਇਹ ਬੜਾ ਔਖਾ ਕੰਮ ਕੀਤਾ ਜਾਂਦਾ ਹੈ, ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਜੋ ਕਿਸੇ ਅੱਗੇ ਹੱਥ ਨਾ ਅੱਡਣਾ ਪਵੇ। ਪਹਿਲਾਂ ਇਹ ਹੁੰਦਾ ਸੀ ਕਿ ਜੇਕਰ ਕਿਸੇ ਨੇ ਦਵਾਈ ਬੂਟੀ ਲਈ ਪੈਸੇ ਲੈਣੇ ਹਨ ਜਾਂ ਥੋੜ੍ਹੀ ਬਹੁਤੀ 100-50 ਰੁਪਏ ਦੀ ਲੋੜ ਹੈ ਤਾਂ ਕਿਸੇ ਦੇ ਘਰ ਜਾ ਕੇ ਉਸ ਨੂੰ ਪੈਸੇ ਮੰਗਣੇ ਪੈਂਦੇ ਸੀ। ਪਰ ਹੁਣ ਇਸ ਤਰ੍ਹਾਂ ਦੀ ਗੱਲ ਨਹੀਂ ਹੈ। ਜਿਹੜਾ ਮਗਨਰੇਗਾ ਤੋਂ ਪੈਸਾ ਆਉਂਦਾ ਹੈ, ਉਸ ਦੇ ਨਾਲ ਗਰੀਬ ਲੋਕ ਕੁਝ ਪੈਸੇ ਜੋੜ ਵੀ ਲੈਂਦੇ ਹਨ। ਆਪਣੀ ਧੀ-ਧਿਆਣੀ ਲਈ ਵੀ ਪੈਸੇ ਜੋੜ ਲੈਂਦੇ ਹਨ, ਕੁਝ ਦਾਜ-ਦਹੇਜ ਲਈ ਵੀ ਜੋੜ ਲੈਂਦੇ ਹਨ, ਗਰੀਬ ਡੰਗਰ ਵੱਛਾ ਵੀ ਲੈ ਲੈਂਦਾ ਹੈ। ਉਨ੍ਹਾਂ ਦੀਆਂ ਬਹੁਤ ਸਾਰੀਆਂ ਜ਼ਰੂਰਤਾਂ ਮਗਨਰੇਗਾ ਤੋਂ ਪੂਰੀਆਂ ਹੁੰਦੀਆਂ ਹਨ। ਇਸ ਦੇ ਨਾਲ ਨਾਲ ਮੈਂ ਇੱਕ ਗੱਲ ਹੋਰ ਦੱਸਣੀ ਚਾਹਾਂਗਾ ਕਿ ਜਦੋਂ ਅਸੀਂ ਪਿੰਡਾਂ ਦੇ ਵਿੱਚ ਜਾਂਦੇ ਹਾਂ ਤਾਂ ਦੇਖਦੇ ਹਾਂ ਕਿ ਜਿਹੜੇ ਪਿੰਡਾਂ ਦੇ ਲੋਕ ਇਸ ਸਕੀਮ ਤੇ ਪੂਰੀ ਤਰ੍ਹਾਂ ਨਿਰਭਰ ਹਨ, ਉੱਥੇ ਅੱਜ ਉਨ੍ਹਾਂ ਵੱਲੋਂ ਵਿਰੋਧ ਸ਼ੁਰੂ ਹੋ ਗਿਆ ਹੈ। ਸੁੱਖੀ ਜੀ ਵੀ ਦੱਸਦੇ ਸੀ, ਚੀਮਾ ਜੀ ਵੀ ਦੱਸ ਰਹੇ ਸੀ ਕਿ ਜਿਹੜੇ ਫਾਰਮ ਪਿੰਡਾਂ ਤੋਂ ਭਰ ਕੇ ਆਏ ਹਨ, ਇਹ ਇੱਕ ਵਿਰੋਧ ਹੈ। ਮੈਂ ਇਸ ਸਦਨ ਦੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਇੱਕ ਵਿਰੋਧ ਹੀ ਬਣਿਆ ਰਹੇ ਤਾਂ ਠੀਕ ਹੈ, ਵਿਰੋਧ ਦੇ ਹੁੰਦੇ ਤਾਂ ਇਹ ਸਹੀ ਹੋ ਜਾਵੇਗਾ ਪਰ ਇਹ ਕਿਤੇ ਵਿਦਰੋਹ ਨਾ ਬਣ ਜਾਵੇ, ਅੰਦੋਲਨ ਨਾ ਬਣ ਜਾਵੇ, ਮੇਰੀ ਬੀ.ਜੇ.ਪੀ. ਦੀ ਸਰਕਾਰ ਨੂੰ ਸਖਤ ਹਦਾਇਤ ਹੈ ਕਿ ਪੰਜਾਬ ਦੇ ਲੋਕ ਜੇਕਰ ਇਕੱਠੇ ਹੋ ਗਏ ਤਾਂ ਇਸ ਦਾ ਖਮਿਆਜ਼ਾ ਬੀ.ਜੇ.ਪੀ. ਨੂੰ ਭੁਗਤਣਾ ਪਵੇਗਾ ਕਿਉਂਕਿ ਪਿੰਡਾਂ ਦੇ ਵਿੱਚ ਜਾ ਕੇ ਇਨ੍ਹਾਂ ਨੇ ਬੋਲਣਾ ਸ਼ੁਰੂ ਕੀਤਾ ਸੀ ਕਿ ਇਹ ਸਾਰਾ ਕੁਝ ਕੇਂਦਰ ਸਰਕਾਰ ਵੱਲੋਂ ਦਿੱਤਾ ਜਾ ਰਿਹਾ ਹੈ ਉਹੀ ਲੋਕ ਅੱਜ ਘੇਰਨ ਨੂੰ ਤਿਆਰ ਬੈਠੇ ਹਨ ਕਿ ਸਾਡੇ ਪਿੰਡਾਂ ਦੇ ਵਿੱਚ ਤੁਸੀਂ ਆਉ, ਅਸੀਂ ਤੁਹਾਨੂੰ ਘੇਰਾਂਗੇ। ਵੋਟਾਂ ਤਾਂ ਬਾਅਦ ਦੀ ਗੱਲ ਹੈ, ਇਨ੍ਹਾਂ ਨੂੰ ਪਿੰਡਾਂ ਦੇ ਵਿੱਚ ਵੜਨਾ ਮੁਸ਼ਕਲ ਹੋ ਜਾਵੇਗਾ। ਜਿਵੇਂ ਕਿਸਾਨੀ ਅੰਦੋਲਨ ਸਫਲ ਹੋਇਆ ਸੀ, ਕਿਸਾਨੀ ਅੰਦੋਲਨ ਵਿੱਚ ਲੋਕਾਂ ਨੇ ਸਾਥ ਦਿੱਤਾ ਸੀ, ਉਵੇਂ ਹੀ ਅੱਜ ਇਹ ਅੰਦੋਲਨ ਸ਼ੁਰੂ ਹੋਵੇਗਾ। ਮੈਂ ਇਸ ਸਦਨ ਦੇ ਰਾਹੀਂ ਇਹ ਬੇਨਤੀ ਕਰਨੀ ਚਾਹਾਂਗਾ ਕਿ ਅਸੀਂ ਸਾਰੇ ਮਗਨਰੇਗਾ ਮਜ਼ਦੂਰਾਂ ਦੇ ਨਾਲ ਹਾਂ। ਪੰਜਾਬ ਦਾ ਜਿੰਨਾ ਵੀ ਮਗਨਰੇਗਾ ਮਜ਼ਦੂਰ ਹੈ, ਗਰੀਬ ਹੈ, ਜਿੰਨਾ ਵੀ ਦਲਿਤ ਭਾਈਚਾਰਾ ਹੈ, ਸਾਰਿਆਂ ਦੇ ਨਾਲ ਅਸੀਂ ਡੱਟ ਕੇ ਖੜ੍ਹੇ ਹਾਂ। ਸਾਨੂੰ ਕਿਸੇ ਵੀ ਤਰ੍ਹਾਂ ਦਾ ਕੋਈ ਅੰਦੋਲਨ ਜਾਂ ਪ੍ਰੋਟੈਸਟ ਕਰਨਾ ਪਿਆ ਤਾਂ ਅਸੀਂ ਉਨ੍ਹਾਂ ਦੇ ਨਾਲ ਹਮੇਸ਼ਾ ਖੜ੍ਹੇ ਰਹਾਂਗੇ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਧੰਨਵਾਦ, ਸਪੀਕਰ ਸਾਹਿਬ, ਤੁਸੀਂ ਅੱਜ ਮੈਨੂੰ ਜੋ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਸਕੀਮ ਦਾ ਨਾਮ ਬਦਲਿਆ ਗਿਆ ਅਤੇ ਇਸ ਵਿੱਚ ਜੋ ਤਬਦੀਲੀਆਂ ਲਿਆਂਦੀਆਂ ਗਈਆਂ ਹਨ, ਉਸ ਦੇ ਵਿਰੋਧ ਦੇ ਵਿੱਚ ਜੋ ਮਤਾ ਪੰਜਾਬ ਸਰਕਾਰ ਵੱਲੋਂ ਲਿਆਂਦਾ ਗਿਆ, ਉਸ ਦੇ ਸਬੰਧ ਵਿੱਚ ਬੋਲਣ ਦਾ ਮੌਕਾ

ਦਿੱਤਾ ਹੈ। ਸੋ, ਮੈਂ ਇਸ ਮਤੇ ਦੇ ਹੱਕ ਦੇ ਵਿੱਚ ਅਤੇ ਜੋ ਕੇਂਦਰ ਦੀ ਬੀ.ਜੇ.ਪੀ. ਦੀ ਸਰਕਾਰ ਵੱਲੋਂ ਇਹ ਕਾਨੂੰਨ ਲਿਆਂਦਾ ਗਿਆ ਉਸ ਦੇ ਵਿਰੋਧ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ। ਮਗਨਰੇਗਾ ਸਕੀਮ ਦਾ ਐਕਟ, 2005 ਵਿੱਚ ਪਾਸ ਹੋਇਆ ਸੀ, ਨੈਸ਼ਨਲ ਰੂਰਲ ਰੋਜ਼ਗਾਰ ਗਾਰੰਟੀ ਐਕਟ। ਉਸ ਤੋਂ ਬਾਅਦ 2008-09 ਵਿੱਚ ਇਹ ਸਕੀਮ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਲਾਗੂ ਹੋਈ ਸੀ ਅਤੇ 2009 ਵਿੱਚ ਇਸ ਦਾ ਨਾਂ ਮਗਨਰੇਗਾ, ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੋਜ਼ਗਾਰ ਗਾਰੰਟੀ ਐਕਟ ਰੱਖਿਆ ਗਿਆ ਸੀ। ਸੋ, ਜਿਹੜੀ ਇਹ ਸਕੀਮ ਸੀ, ਇਸ ਵਿੱਚ ਹਰੇਕ ਨਰੇਗਾ ਵਰਕਰ ਨੂੰ 100 ਦਿਨ ਦਾ ਰੋਜ਼ਗਾਰ ਮਿਲਣਾ ਸੀ। ਇਸ ਦੇ ਨਾਲ ਹੀ ਜਿਹੜਾ ਲੇਬਰ ਕੰਪੋਨੈਂਟ ਸੀ, ਉਹ 60% ਸੀ ਅਤੇ ਮੈਟੀਰੀਅਲ 40% ਸੀ। ਜਿੰਨਾ ਵੀ ਕੰਮ ਮਗਨਰੇਗਾ ਵਿੱਚ ਲੇਬਰ ਕਰੇਗੀ, ਉਸ ਦਾ 40% ਮੈਟੀਰੀਅਲ ਦੇ ਰੂਪ ਵਿੱਚ ਉਸ ਪਿੰਡ ਨੂੰ ਮਿਲੇਗਾ। ਸੋ, ਇਸ ਸਕੀਮ ਤਹਿਤ ਮਗਨਰੇਗਾ ਵਰਕਰਾਂ ਵੱਲੋਂ ਬੜੀ ਮਿਹਨਤ ਕੀਤੀ ਗਈ। ਇਹ ਸਾਰੇ ਹੀ ਵਰਕਰ ਮਿਹਨਤਕਸ਼ ਲੋਕ ਸਨ। ਉਹ ਲੋਕ ਸੀਜ਼ਨ ਦੌਰਾਨ ਆਪਣੇ ਖੇਤਾਂ ਵਿੱਚ ਕੰਮ ਕਰਦੇ ਸਨ, ਚਾਹੇ ਆਲੂ ਦਾ ਸੀਜ਼ਨ ਹੋਵੇ, ਕਣਕ ਦਾ ਸੀਜ਼ਨ ਹੋਵੇ, ਝੋਨੇ ਦਾ ਸੀਜ਼ਨ ਹੋਵੇ ਜਾਂ ਮੱਕੀ ਦਾ ਹੋਵੇ ਪਰ ਜਦੋਂ ਆਫ ਸੀਜ਼ਨ ਹੁੰਦਾ ਸੀ ਤਾਂ ਮਗਨਰੇਗਾ ਰੁਜ਼ਗਾਰ ਦਾ ਇੱਕ ਵਧੀਆ ਤਰੀਕਾ ਸੀ ਜਿਸ ਨਾਲ ਉਨ੍ਹਾਂ ਦੀ ਆਰਥਿਕ ਹਾਲਤ ਵਿੱਚ ਬੜਾ ਵੱਡਾ ਸੁਧਾਰ ਹੋਇਆ ਹੈ। ਚਾਹੇ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਹੋਵੇ, ਰੋਜ਼ਮਰਾ ਜ਼ਿੰਦਗੀ ਦੀਆਂ ਲੋੜਾਂ ਸਨ, ਮਗਨਰੇਗਾ ਵਰਕਰਾਂ ਨੇ ਇਸ ਰਾਹੀਂ ਆਪਣੀਆਂ ਲੋੜਾਂ ਪੂਰੀਆਂ ਕੀਤੀਆਂ ਹਨ। ਇਸ ਵਿੱਚ ਤਕਰੀਬਨ 65% ਔਰਤਾਂ ਕੰਮ ਕਰ ਰਹੀਆਂ ਸਨ, ਬਾਕੀ ਮਰਦ ਕੰਮ ਕਰਦੇ ਸਨ। ਨਰੇਗਾ ਵਰਕਰਾਂ ਵੱਲੋਂ ਸੜਕਾਂ ਨਾਲ ਬਰਮ ਬਣਾਉਣ ਦਾ ਕੰਮ ਕੀਤਾ ਗਿਆ, ਪਲਾਂਟੇਸ਼ਨ ਦਾ ਕੰਮ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ ਹੈ, ਵਾਟਰ ਬਾਡੀਜ਼, ਚਾਹੇ ਨਹਿਰਾਂ ਹਨ, ਸੂਏ ਹਨ, ਖਾਲੇ ਹਨ, ਇਨ੍ਹਾਂ ਦੀ ਸਫਾਈ ਵੀ ਇਨ੍ਹਾਂ ਵੱਲੋਂ ਕੀਤੀ ਜਾਂਦੀ ਸੀ। ਪਿੰਡਾਂ ਦੀ ਸਾਫ ਸਫਾਈ ਵਿੱਚ ਵੀ ਇਨ੍ਹਾਂ ਦਾ ਬੜਾ ਵੱਡਾ ਯੋਗਦਾਨ ਰਿਹਾ ਹੈ। ਜੇ ਮੈਂ ਆਪਣੇ ਹਲਕੇ ਦੀ ਗੱਲ ਕਰਾਂ ਤਾਂ ਮੇਰੇ ਹਲਕੇ ਵਿੱਚ ਸਾਲ 2014-2016 ਤੋਂ ਲੈ ਕੇ ਇਨ੍ਹਾਂ ਵਰਕਰਾਂ ਵੱਲੋਂ ਇੱਕ ਬਹੁਤ ਹੀ ਵਿਲੱਖਣ ਕਾਰਜ ਕੀਤਾ ਗਿਆ ਸੀ। ਜਿਹੜੇ 70 ਪਿੰਡਾਂ ਵਿੱਚ ਖੇਡ ਪਾਰਕ ਬਣੇ ਹਨ, ਉਨ੍ਹਾਂ ਵਿੱਚ ਜਿੰਨਾ ਵੀ ਲੇਬਰ ਕੰਪੋਨੈਂਟ ਸੀ, ਉਹ ਸਾਰਾ ਮਗਨਰੇਗਾ ਵਰਕਰਾਂ ਵੱਲੋਂ ਕੀਤਾ ਗਿਆ ਹੈ। ਉਦੋਂ ਦਿਹਾੜੀ 160 ਰੁਪਏ ਹੁੰਦੀ ਸੀ ਜਿਹੜੀ ਕਿ ਹੁਣ 346 ਰੁਪਏ ਹੈ। ਉਸ ਸਮੇਂ 9 ਕਰੋੜ ਰੁਪਏ ਦਾ ਕੰਮ ਸਾਡੀਆਂ ਮਾਤਾਵਾਂ, ਬਜ਼ੁਰਗਾਂ, ਭੈਣਾਂ ਨੇ ਕੀਤਾ, ਮਿਹਨਤ ਨਾਲ ਗਰਾਊਂਡ ਤਿਆਰ ਕੀਤੇ। ਉਸ ਵਿੱਚ ਲੇਬਰ ਕੰਪੋਨੈਂਟ ਦੇ ਨਾਲ ਨਾਲ ਸਾਢੇ 3 ਤੋਂ 4 ਕਰੋੜ ਰੁਪਿਆ ਮੈਟੀਰੀਅਲ ਕੰਪੋਨੈਂਟ ਦਾ ਮਿਲਿਆ ਹੈ। ਮਤਲਬ ਕਿ 13 ਕਰੋੜ ਰੁਪਏ ਦਾ ਇਹ ਵਿਲੱਖਣ ਪ੍ਰਾਜੈਕਟ ਬਣਿਆ ਹੈ, ਜਿਸ ਵਿੱਚ ਮਗਨਰੇਗਾ ਵਰਕਰਾਂ ਦਾ ਬੜਾ ਵੱਡਾ ਯੋਗਦਾਨ ਸੀ, ਜਿਸ ਤੇ ਉਨ੍ਹਾਂ ਨੂੰ ਮਾਣ ਵੀ ਹੈ। ਮਗਨਰੇਗਾ ਵਰਕਰ ਮਾਣ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੇ ਇੱਕ ਪਿੰਡ ਲਈ ਇੰਨਾ ਵਧੀਆ ਪ੍ਰਾਜੈਕਟ ਤਿਆਰ ਕੀਤਾ ਹੈ ਜਿੱਥੇ ਬੱਚੇ ਖੇਡਦੇ ਹਨ, ਫੁੱਟਬਾਲ ਗਰਾਊਂਡ ਬਣੇ ਹਨ, ਕ੍ਰਿਕਟ ਗਰਾਊਂਡ ਬਣੇ ਹਨ, ਹਾਕੀ ਦੇ ਗਰਾਊਂਡ ਬਣੇ ਹਨ, ਵਾਲੀਬਾਲ ਦੇ ਗਰਾਊਂਡ ਬਣੇ ਹਨ, ਸੈਰ ਲਈ ਫੁੱਟਪਾਥ ਬਣੇ ਹਨ, ਬੱਚਿਆਂ ਦੇ ਝੂਲੇ ਲੱਗੇ ਹਨ, ਪਾਰਕਾਂ ਵਿੱਚ ਜਿੱਥੇ ਕਿ ਰੌਣਕਾਂ ਲੱਗਦੀਆਂ ਹਨ। ਉਥੇ ਸਵੇਰੇ ਬਜ਼ੁਰਗ ਸੈਰ ਕਰਦੇ ਹਨ, ਬੱਚੇ ਝੂਲੇ ਲੈਂਦੇ ਹਨ, ਸੋ, ਇਸ ਤਰ੍ਹਾਂ ਦਾ ਮਾਹੌਲ ਇਨ੍ਹਾਂ ਨਰੇਗਾ ਵਰਕਰਾਂ ਕਰਕੇ ਹੀ ਬਣਿਆ ਹੈ। ਇਨ੍ਹਾਂ ਕਰਕੇ ਹੀ ਮੈਂ ਤਿੰਨ ਵਾਰ ਐਮ.ਐਲ.ਏ. ਬਣਿਆ ਹਾਂ। ਮੈਂ ਪਹਿਲੀ ਵਾਰ ਐਮ.ਐਲ.ਏ. ਸੀ ਜਦੋਂ ਇਹ ਕੰਮ ਹੋਏ ਸਨ। ਉਸ ਤੋਂ ਬਾਅਦ ਜਿਹੋ ਜਿਹੇ ਵੀ ਹਾਲਾਤ ਰਹੇ, ਜ਼ਿਮਨੀ ਚੋਣ ਸੀ ਜਾਂ ਉਸ ਤੋਂ ਬਾਅਦ ਵੀ ਮੈਨੂੰ ਮਾਲਵੇ ਵਿੱਚੋਂ ਇੱਕ ਸੀਟ ਮਿਲਦੀ ਰਹੀ ਹੈ, ਇਸ ਦਾ ਰੀਜ਼ਨ ਇਹ ਸੀ ਕਿ ਇਹ ਕਾਰਜ ਸਾਡੇ ਵਰਕਰਾਂ ਨੇ ਮਿਹਨਤ ਨਾਲ, ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਕੀਤਾ ਹੈ। ਉਨ੍ਹਾਂ ਨੇ ਪੈਸਾ ਵੀ ਕਮਾਇਆ ਹੈ ਅਤੇ ਪਿੰਡਾਂ ਲਈ ਇੰਨਾ ਵਧੀਆ ਕਾਰਜ ਵੀ ਕੀਤਾ ਹੈ। ਇਸ ਕਰਕੇ

ਉਨ੍ਹਾਂ ਨੂੰ ਵੀ ਮਾਣ ਮਹਿਸੂਸ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਗਰਾਊਂਡਾਂ ਤੋਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਖਿਡਾਰੀ ਪੈਦਾ ਹੋ ਰਹੇ ਹਨ। ਅੱਜ ਉਨ੍ਹਾਂ ਗਰਾਊਂਡਾਂ ਵਿੱਚ ਅਕੈਡਮੀਆਂ ਚੱਲ ਰਹੀਆਂ ਹਨ। ਸੋ, ਇਸ ਗੱਲ ਦਾ ਸਾਰਾ ਮਾਣ ਨਰੇਗਾ ਵਰਕਰਾਂ ਨੂੰ ਜਾਂਦਾ ਹੈ। ਜਿਹੜਾ ਕੇਂਦਰ ਨੇ ਸਟੇਟਾਂ ਲਈ ਹੁਣ ਸ਼ੇਅਰ 40% ਕਰ ਦਿੱਤਾ ਗਿਆ ਹੈ, ਪਹਿਲਾਂ ਸਟੇਟ ਲਈ 10% ਦੇਣਾ ਵੀ ਬੜਾ ਔਖਾ ਸੀ ਜਿਸ ਕਾਰਨ ਕਈ ਵਾਰ ਕੰਮ ਵੀ ਰੁਕ ਜਾਂਦੇ ਸਨ ਕਿਉਂਕਿ ਸਟੇਟ ਕੋਲ ਆਮਦਨ ਦੇ ਸਾਧਨ ਨਹੀਂ ਹੁੰਦੇ ਹਨ। ਹੁਣ ਜਿਹੜਾ ਇਨ੍ਹਾਂ ਨੇ ਸਟੇਟ ਦਾ 40% ਸ਼ੇਅਰ ਕਰ ਦਿੱਤਾ ਹੈ, ਮੈਂ ਸਮਝ ਗਿਆ ਹਾਂ ਕਿ ਇਹ ਇਸ ਸਕੀਮ ਨੂੰ ਮੁਕੰਮਲ ਤੌਰ ਤੇ ਬੰਦ ਕਰਨ ਜਾ ਰਹੇ ਹਨ। (ਘੰਟੀ) ਬੱਸ, ਇੱਕ ਮਿੰਟ ਦੇ ਦਿਉ ਜੀ। ਇਹ ਮਜ਼ਦੂਰਾਂ ਨਾਲ ਸ਼ਰੇਆਮ ਧੱਕਾ ਹੈ। ਇਸ ਦੇ ਨਾਲ ਹੀ ਜਿਹੜੇ ਮਗਨਰੇਗਾ ਵਿੱਚ ਮੁਲਾਜ਼ਮ ਭਰਤੀ ਹੋਏ ਸਨ, ਉਹ ਬੜੇ ਪਾਰਦਰਸ਼ੀ ਢੰਗ ਨਾਲ ਭਰਤੀ ਹੋਏ ਸਨ, ਸਾਰੇ ਮਾਪਦੰਡ ਅਪਣਾਏ ਗਏ ਸਨ, ਜਿਸ ਵਿੱਚ ਜੀ.ਆਰ.ਐਸ., ਏ.ਪੀ.ਓ., ਟੀ.ਏ., ਸੀ.ਏ., ਜੇ.ਈ. ਹਨ, ਇਹ ਮਗਨਰੇਗਾ ਵਿੱਚ 17 ਸਾਲਾਂ ਤੋਂ ਕੰਮ ਕਰ ਰਹੇ ਹਨ। ਉਹ ਅੱਜ ਤੱਕ ਪੱਕੇ ਨਹੀਂ ਹੋਏ ਹਨ। ਸਰਕਾਰ ਨੇ ਉਨ੍ਹਾਂ ਨੂੰ ਵਾਅਦਾ ਕੀਤਾ ਸੀ ਕਿ ਪੱਕੇ ਕਰਾਂਗੇ। ਮੇਰੀ ਬੇਨਤੀ ਹੈ ਕਿ ਜੇਕਰ ਹੁਣ ਸਕੀਮ ਬੰਦ ਹੁੰਦੀ ਹੈ ਤਾਂ ਉਨ੍ਹਾਂ ਨੂੰ ਪੰਚਾਇਤੀ ਰਾਜ ਵਿੱਚ ਮਰਜ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਪੱਕੇ ਕੀਤਾ ਜਾਵੇ। ਇਹ ਸਾਰੇ ਹੀ ਮੁਲਾਜ਼ਮਾਂ ਦੇ ਭਵਿੱਖ ਦਾ ਮਸਲਾ ਹੈ।

ਇਸ ਦੇ ਨਾਲ ਹੀ ਮੈਂ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਾਡੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਨਹੀਂ ਮਿਲਿਆ ਹੈ, ਇਹ ਸਾਰਿਆਂ ਦੀ ਮੰਗ ਹੈ। ਇਸ ਦੇ ਨਾਲ ਹੀ ਪੁਰਾਣੀ ਪੈਨਸ਼ਨ ਸਕੀਮ ਵੀ ਮੁਲਾਜ਼ਮਾਂ ਦੀ ਮੰਗ ਹੈ।

ਸਪੀਕਰ ਸਾਹਿਬ, ਸੀ.ਐਮ. ਸਾਹਿਬ ਬੈਠੇ ਹਨ, ਮੈਂ ਤੁਹਾਡੇ ਰਾਹੀਂ ਉਨ੍ਹਾਂ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਲੁਧਿਆਣਾ ਕਾਰਪੋਰੇਸ਼ਨ ਵੱਲੋਂ 110 ਪਿੰਡਾਂ ਦੀ ਹੱਦ ਵਧਾਈ ਜਾ ਰਹੀ ਹੈ। ਮੇਰੀ ਬੇਨਤੀ ਹੈ ਕਿ ਪਹਿਲਾਂ ਵੀ ਜਦੋਂ ਲੈਂਡ ਪੂਲਿੰਗ ਸਕੀਮ ਆਈ ਸੀ ਤਾਂ ਬੜਾ ਵਿਰੋਧ ਹੋਇਆ ਸੀ। ਇਸ ਵਿੱਚ ਗੱਲ ਇਹ ਹੈ ਕਿ ਜਿਹੜੇ ਪਿੰਡਾਂ ਦਾ ਸ਼ਹਿਰੀਕਰਨ ਹੋ ਚੁੱਕਾ ਹੈ, ਉਹ ਪਿੰਡ ਕਾਰਪੋਰੇਸ਼ਨ ਦੀ ਹੱਦ ਵਿੱਚ ਲਿਆਉਣੇ ਚਾਹੀਦੇ ਹਨ ਅਤੇ ਜਿਹੜੇ ਪਿੰਡ ਦੂਰ ਹਨ ਉਨ੍ਹਾਂ ਨੂੰ ਸ਼ਾਮਲ ਕਰਨ ਦੀ ਹਾਲੇ ਲੋੜ ਨਹੀਂ ਹੈ। ਜੋ ਪਿੰਡ ਨਹੀਂ ਚਾਹੁੰਦੇ ਹਨ, ਪੰਚਾਇਤਾਂ ਉਨ੍ਹਾਂ ਦਾ ਵਿਰੋਧ ਕਰ ਰਹੀਆਂ ਹਨ, ਆਮ ਇਜਲਾਸ ਵਿੱਚ ਮਤੇ ਪੈ ਰਹੇ ਹਨ ਕਿ ਉਨ੍ਹਾਂ ਨੂੰ ਕਾਰਪੋਰੇਸ਼ਨ ਵਿੱਚ ਸ਼ਾਮਲ ਨਾ ਕੀਤਾ ਜਾਵੇ। ਇਸ ਲਈ ਮੇਰੀ ਬੇਨਤੀ ਹੈ ਕਿ ਇਸ ਤੇ ਦੁਬਾਰਾ ਵਿਚਾਰ ਕੀਤਾ ਜਾਵੇ ਅਤੇ ਪਿੰਡਾਂ ਦੀ ਸਹਿਮਤੀ ਨਾਲ ਹੀ ਸ਼ਾਮਲ ਕੀਤਾ ਜਾਵੇ। ਮੇਰਾ ਪਿੰਡ ਇਆਲੀ ਖੁਰਦ ਹੈ, ਅਸੀਂ ਚਾਹੁੰਦੇ ਹਾਂ ਕਿ ਸਾਡਾ ਪਿੰਡ ਕਾਰਪੋਰੇਸ਼ਨ ਵਿੱਚ ਆ ਜਾਵੇ ਤੇ ਇਹ ਅੱਜ ਤੋਂ ਦਸ ਸਾਲ ਪਹਿਲਾਂ ਆ ਜਾਣਾ ਚਾਹੀਦਾ ਸੀ ਲੇਕਿਨ ਦੂਰ ਦੇ ਪਿੰਡਾਂ ਦੇ ਲੋਕ ਨਹੀਂ ਚਾਹੁੰਦੇ ਹਨ ਤੇ ਪੰਚਾਇਤਾਂ ਵੀ ਨਹੀਂ ਚਾਹੁੰਦੀਆਂ ਹਨ। ਉਨ੍ਹਾਂ ਦਾ ਜੋ ਸੱਭਿਆਚਾਰ, ਕਲਚਰ ਹੈ, ਪੰਚਾਇਤਾਂ ਜੋ ਚਾਹੁੰਦੀਆਂ ਹਨ, ਉਸੇ ਤਰ੍ਹਾਂ ਕੀਤਾ ਜਾਵੇ ਤੇ ਉਨ੍ਹਾਂ ਪਿੰਡਾਂ ਨੂੰ ਖਤਮ ਨਾ ਕੀਤਾ ਜਾਵੇ ਤੇ ਜਿਹੜੇ ਪਿੰਡਾਂ ਦਾ ਸ਼ਹਿਰੀਕਰਨ ਹੋ ਗਿਆ ਹੈ, ਉਨ੍ਹਾਂ ਨੂੰ ਹੀ ਕਾਰਪੋਰੇਸ਼ਨ ਵਿੱਚ ਸ਼ਾਮਿਲ ਕੀਤਾ ਜਾਵੇ। ਧੰਨਵਾਦ, ਸਪੀਕਰ ਸਾਹਿਬ, ਜੋ ਤੁਸੀਂ ਮੈਨੂੰ ਇਸ ਬੜੇ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ। ਸਾਨੂੰ ਡੱਟ ਕੇ ਮਜ਼ਦੂਰਾਂ ਦੇ ਹੱਕ ਵਿੱਚ ਲੜਾਈ ਲੜਨੀ ਚਾਹੀਦੀ ਹੈ, ਜਿਸ ਤਰ੍ਹਾਂ ਪਹਿਲਾਂ ਕਿਸਾਨੀ ਦੀ ਲੜਾਈ ਲੜੀ ਗਈ ਸੀ। ਅਸੀਂ ਡੱਟ ਕੇ ਖੜ੍ਹੇ ਹਾਂ। ਚਾਹੇ ਦਿੱਲੀ ਜਾ ਕੇ ਸਰਕਾਰ ਧਰਨਾ ਦੇਣਾ ਚਾਹੁੰਦੀ ਹੈ ਤਾਂ ਅਸੀਂ ਹਰ ਤਰ੍ਹਾਂ ਦਾ ਸਹਿਯੋਗ ਇਨ੍ਹਾਂ ਮਜ਼ਦੂਰਾਂ ਲਈ ਦਿਆਂਗੇ ਤੇ ਹਰ ਲੜਾਈ ਵਿੱਚ ਸਾਥ ਦਿਆਂਗੇ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।

**ਮਾਣਯੋਗ ਸਪੀਕਰ**: ਧੰਨਵਾਦ। ਮੈਂ ਇੱਕ ਚੀਜ਼ ਆਨ ਰਿਕਾਰਡ ਲਿਆਉਣਾ ਚਾਹੁੰਦਾ ਹਾਂ ਕਿ ਇਹ ਮਗਨਰੇਗਾ ਸਕੀਮ ਛੋਟੇ ਕਿਸਾਨ ਵਾਸਤੇ ਵੀ ਸੀ, ਗਰੀਬ ਵਾਸਤੇ ਵੀ ਸੀ ਤੇ ਇਹ ਅੱਜ ਦਾ ਬਹੁਤ ਇੰਪਾਰਟੈਂਟ ਮੁੱਦਾ ਹੈ। ਇਸ ਲਈ ਮੈਂ ਸਾਰੇ ਮਾਣਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਕੇਂਦਰ ਸਰਕਾਰ ਨੇ ਕਿਸ ਤਰ੍ਹਾਂ ਗਰੀਬਾਂ ਦੇ ਹੱਕਾਂ ਤੇ ਡਾਕਾ ਮਾਰਿਆ ਹੈ, ਉਨ੍ਹਾਂ ਦਾ ਰੁਜ਼ਗਾਰ ਖੋਹਣ ਦਾ ਕੰਮ ਕੀਤਾ ਹੈ, ਇਸ ਨੂੰ ਉਸੇ ਤੇ ਕੇਂਦਰਿਤ ਰੱਖਿਆ ਜਾਵੇ। ਵੈਸੇ ਤਾਂ ਬਹੁਤ ਸਾਰੇ ਮੁੱਦੇ ਹਨ ਤੇ ਜਿਹੜੀ ਤੁਸੀਂ ਇੱਥੇ ਗੱਲ ਕਰਦੇ ਹੋ, ਉਹ ਸਾਰੀ ਹੀ ਬਹੁਤ ਇੰਪਾਰਟੈਂਟ ਗੱਲ ਹੁੰਦੀ ਹੈ। ਹਾਂ ਜੀ, ਉਗੋਕੇ ਜੀ।

**ਸਰਦਾਰ ਲਾਭ ਸਿੰਘ ਉਗੋਕੇ (ਭਦੌੜ, ਐਸ.ਸੀ.)**: ਬਹੁਤ ਬਹੁਤ ਸ਼ੁਕਰੀਆ ਮਾਣਯੋਗ ਸਪੀਕਰ ਸਾਹਿਬ। ਮੈਂ ਸਭ ਤੋਂ ਪਹਿਲਾਂ ਤਾਂ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿਉਂਕਿ ਉਨ੍ਹਾਂ ਨੇ ਹਮੇਸ਼ਾ ਸੰਤ ਰਾਮ ਉਦਾਸੀ ਦੀਆਂ ਸਤਰਾਂ ਵਿੱਚ ਕਿਹਾ ਹੈ ਕਿ ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ, ਉਹ ਉਨ੍ਹਾਂ ਨੇ ਕੇਵਲ ਸ਼ਬਦਾਂ ਵਿੱਚ ਨਹੀਂ ਕਿਹਾ ਹੈ ਬਲਕਿ ਉਨ੍ਹਾਂ ਨੂੰ ਸਾਬਿਤ ਵੀ ਕੀਤਾ ਹੈ। ਚਾਹੇ ਉਹ ਪੰਜਾਬ ਵਿੱਚ ਸਾਡੇ ਲਾਅ ਅਫਸਰਾਂ ਦੀ ਗੱਲ ਸੀ ਤੇ ਚਾਹੇ ਪੰਜਾਬ ਦੀ ਵਜ਼ਾਰਤ ਦੀ ਗੱਲ ਕਰ ਲਈਏ। ਪੰਜਾਬ ਦੀ ਵਜ਼ਾਰਤ ਵਿੱਚ ਇਸ ਵਕਤ ਸਭ ਤੋਂ ਵੱਧ ਦਲਿਤ ਭਾਈਚਾਰੇ ਦੇ ਮਨਿਸਟਰ ਹਨ ਤੇ ਉਨ੍ਹਾਂ ਨੂੰ ਵੱਡਾ ਮਾਣ ਦਿੱਤਾ ਗਿਆ ਹੈ। ਅੱਜ ਅਸੀਂ ਬੜੇ ਅਹਿਮ ਮੁੱਦੇ ਤੇ ਗੱਲਬਾਤ ਕਰਨ ਲਈ ਇਸ ਵਿਸ਼ੇਸ਼ ਸੈਸ਼ਨ ਵਿੱਚ ਪਹੁੰਚੇ ਹਾਂ ਕਿਉਂਕਿ ਸਾਡੇ ਪਿੰਡਾਂ ਦੇ ਖਾਸ ਕਰਕੇ ਬਜ਼ੁਰਗ ਅਵਸਥਾ ਵੱਲ ਜਾ ਰਹੇ ਜ਼ਿਆਦਾਤਰ ਲੋਕ ਮਗਨਰੇਗਾ ਸਕੀਮ ਅਧੀਨ ਕੰਮ ਕਰਦੇ ਹਨ ਤੇ ਉਨ੍ਹਾਂ ਦੀ ਰੋਜ਼ੀ-ਰੋਟੀ ਖੋਹਣ ਲਈ ਕੇਂਦਰ ਦੀ ਭਾਜਪਾ ਸਰਕਾਰ ਨੇ ਇਹ ਕਾਨੂੰਨ ਲਿਆਂਦਾ ਹੈ, ਇਹ ਬੇਹੱਦ ਮਾੜੀ ਗੱਲ ਹੈ ਤੇ ਇਹ ਬਹੁਤ ਵੱਡਾ ਹਮਲਾ ਸਾਡੇ ਪੰਜਾਬ ਦੇ ਗਰੀਬ ਲੋਕਾਂ ਤੇ ਕੀਤਾ ਗਿਆ ਹੈ, ਚਾਹੇ ਉਸ ਵਿੱਚ ਛੋਟੇ ਕਿਸਾਨ ਹਨ, ਚਾਹੇ ਜ਼ਿਆਦਾਤਰ ਮੈਜਾਰਿਟੀ ਉਸ ਵਿੱਚ ਦਲਿਤ ਲੋਕਾਂ ਦੀ, ਸਾਡੇ ਐਸ.ਸੀ. ਗਰੀਬ ਪਰਿਵਾਰਾਂ ਦੀ ਹੈ। ਕੇਂਦਰ ਸਰਕਾਰ ਸਾਨੂੰ ਖਤਮ ਕਰਨ ਲਈ ਇਹ ਕਾਨੂੰਨ ਲੈ ਕੇ ਆਈ ਹੈ। ਸੋ, ਅੱਜ ਪੰਜਾਬ ਵਿਧਾਨ ਸਭਾ ਵਿੱਚ ਅਸੀਂ ਡੱਟ ਕੇ ਉਸ ਕਾਨੂੰਨ ਦਾ ਵਿਰੋਧ ਕਰਦੇ ਹਾਂ ਔਰ ਜਿਹੜਾ ਮਤਾ ਸਾਡੇ ਮਾਣਯੋਗ ਮੰਤਰੀ ਸਾਹਿਬ ਨੇ ਪੇਸ਼ ਕੀਤਾ ਹੈ ਅਸੀਂ ਉਸ ਦੇ ਪੱਖ ਵਿੱਚ ਬੋਲ ਰਹੇ ਹਾਂ ਕਿਉਂਕਿ ਇਹ ਮਗਨਰੇਗਾ ਪੰਜਾਬ ਦੇ ਲੋੜਵੰਦ ਲੋਕਾਂ ਦੀ ਸਾਹ-ਰੱਗ ਹੈ ਤੇ ਅੱਜ ਉਹ ਸਾਹ-ਰੱਗ ਨੂੰ ਕੇਂਦਰ ਸਰਕਾਰ ਕੱਟਣ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਨਾਲ ਕੇਂਦਰ ਦੀ ਭਾਜਪਾ ਸਰਕਾਰ ਹਰ ਵੇਲੇ ਧੱਕੇ ਕਰਦੀ ਹੈ। ਵੈਸੇ ਤਾਂ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ ਇੱਕ ਬਾਰਡਰ ਸਟੇਟ ਹੈ ਤੇ ਪੰਜਾਬ ਦੇ ਲੋਕਾਂ ਨੂੰ ਵੱਧ ਤੋਂ ਵੱਧ ਹੱਕ ਦੇਣੇ ਚਾਹੀਦੇ ਹਨ ਔਰ ਸਾਡੇ ਮੁੱਖ ਮੰਤਰੀ ਸਾਹਿਬ ਦੇ ਹੱਥ ਹੋਰ ਮਜ਼ਬੂਤ ਕਰਨੇ ਚਾਹੀਦੇ ਹਨ ਕਿਉਂਕਿ ਸਾਡਾ ਗੁਆਂਢੀ ਮੁਲਕ ਸਾਡਾ ਦੁਸ਼ਮਣ ਮੁਲਕ ਲੱਗਦਾ ਹੈ ਪਰ ਕੇਂਦਰ ਸਰਕਾਰ ਦੀ ਨਜ਼ਰ ਹਮੇਸ਼ਾ ਇਸ ਸਟੇਟ ਨੂੰ ਖਤਮ ਕਰਨ ਤੇ ਲੱਗੀ ਰਹਿੰਦੀ ਹੈ। ਚਾਹੇ ਪਹਿਲਾਂ ਕਿਸਾਨਾਂ ਨੇ ਵੱਡਾ ਅੰਦੋਲਨ ਕਰਿਆ ਤੇ ਅੱਜ ਉਹ ਬੇਸ਼ੱਕ ਮਗਨਰੇਗਾ ਨੂੰ ਖਤਮ ਕਰਕੇ ਸਾਡੇ ਦਲਿਤ ਪਰਿਵਾਰ, ਸਾਡੇ ਮਜ਼ਦੂਰ ਪਰਿਵਾਰਾਂ ਦੇ ਚੁੱਲ੍ਹਿਆਂ ਦੀ ਅੱਗ ਨੂੰ ਕੇਂਦਰ ਦੀ ਭਾਜਪਾ ਸਰਕਾਰ ਠੰਢਾ ਕਰਨਾ ਚਾਹੁੰਦੀ ਹੈ। ਪੰਜਾਬ ਦੇ ਲੋਕ ਇਸ ਨੂੰ ਕਦੇ ਬਰਦਾਸ਼ਤ ਨਹੀਂ ਕਰਨਗੇ ਕਿਉਂਕਿ ਜੇ ਮੈਂ ਹਲਕਾ ਭਦੌੜ ਦੇ ਪਿੰਡਾਂ ਦੀ ਗੱਲ ਕਰਾਂ ਤਾਂ ਕਸਬਾ ਸਹਿਣਾ ਵਿੱਚ ਘੱਟੋ-ਘੱਟ 2500 ਕਾਰਡ ਬਣੇ ਹੋਏ ਹਨ ਤੇ 2500 ਲੋਕ ਮਗਨਰੇਗਾ ਨਾਲ ਜੁੜੇ ਹੋਏ ਹਨ, ਮੌੜ ਪਿੰਡ ਦੇ 2200 ਲੋਕ ਸਿੱਧੇ ਮਗਨਰੇਗਾ ਨਾਲ ਜੁੜੇ ਹੋਏ ਹਨ, ਪੱਖੋ ਕਲਾਂ ਵਿੱਚ 1800 ਲੋਕ ਸਿੱਧੇ ਮਗਨਰੇਗਾ ਨਾਲ ਜੁੜੇ ਹਨ ਤੇ ਢਿੱਲਵਾਂ ਵਿੱਚ 2300 ਮਗਨਰੇਗਾ ਦੇ ਕਾਰਡ ਬਣੇ ਹੋਏ ਹਨ। ਉਹ ਸਿੱਧਾ ਹੀ ਸਾਡੇ ਗਰੀਬ ਅਤੇ ਲੋੜਵੰਦ ਲੋਕਾਂ ਦੇ ਰੁਜ਼ਗਾਰ ਨੂੰ ਕੇਂਦਰ ਸਰਕਾਰ ਖਤਮ ਕਰਨਾ ਚਾਹੁੰਦੀ ਹੈ। ਸਾਡੀ

ਪੰਜਾਬ ਦੀ ਸਰਕਾਰ, ਸਾਡੇ ਮੁੱਖ ਮੰਤਰੀ ਸਾਹਿਬ ਔਰ ਪੰਜਾਬ ਦੇ ਲੋਕ ਕਦੇ ਇਸ ਚੀਜ਼ ਨੂੰ ਬਰਦਾਸ਼ਤ ਨਹੀਂ ਕਰਨਗੇ ਕਿ ਕੇਂਦਰ ਸਰਕਾਰ ਇਸ ਤਰ੍ਹਾਂ ਆ ਕੇ ਸਾਡੇ ਲੋਕਾਂ ਦੀ ਸੰਘੀ ਘੁੱਟੇ ਔਰ ਜਿਹੜੇ ਅੱਜ ਲੱਖਾਂ ਫਾਰਮ ਵਿਧਾਨ ਸਭਾ ਹਲਕਿਆਂ ਵਿੱਚੋਂ ਭਰ ਕੇ ਆਏ ਹਨ, ਇਹ ਕੇਂਦਰ ਦੀ ਭਾਜਪਾ ਸਰਕਾਰ ਨੂੰ ਸਿੱਧੀ ਸਿੱਧੀ ਚਿਤਾਵਨੀ ਹੈ ਕਿ ਪੰਜਾਬ ਦੇ ਲੋਕ ਤੁਹਾਨੂੰ ਬਰਦਾਸ਼ਤ ਨਹੀਂ ਕਰਨਗੇ, ਤੁਹਾਨੂੰ ਪਿੰਡਾਂ ਦੇ ਲੋਕ ਵੜ੍ਹਨ ਨਹੀਂ ਦੇਣਗੇ। ਜਿਹੜਾ ਸਾਡੇ ਲੋਕਾਂ ਦਾ ਤੁਸੀਂ ਹੱਕ ਮਾਰ ਰਹੇ ਹੋ, ਤੁਸੀਂ ਇਸ ਕਾਨੂੰਨ ਨੂੰ ਵਾਪਸ ਲਵੋ ਅਤੇ ਸਾਨੂੰ ਵੱਧ ਤੋਂ ਵੱਧ ਮਗਨਰੇਗਾ ਅਧੀਨ ਕੰਮ ਦਿੱਤਾ ਜਾਵੇ ਤਾਂ ਕਿ ਪੰਜਾਬ ਦੇ ਲੋਕ ਖੁਸ਼ੀ ਨਾਲ ਆਪਣਾ ਜੀਵਨ ਨਿਰਬਾਹ ਕਰ ਸਕਣ।

**ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ (ਪਾਇਲ, ਐਸ.ਸੀ.):** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ ਕਿ ਅੱਜ ਤੁਸੀਂ ਮੈਨੂੰ ਬਹੁਤ ਹੀ ਅਹਿਮ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਮਾਣਯੋਗ ਮੰਤਰੀ ਸੌਂਦ ਸਾਹਿਬ ਮਤਾ ਲੈ ਕੇ ਆਏ ਹਨ ਕਿ ਕਿਸ ਤਰੀਕੇ ਨਾਲ ਕੇਂਦਰ ਸਰਕਾਰ, ਭਾਜਪਾ ਦੀ ਸਰਕਾਰ ਮਗਨਰੇਗਾ ਨੂੰ ਮਾਰ ਰਹੀ ਹੈ। ਹਾਂ, ਮੈਂ ਫਿਰ ਕਹਿ ਰਿਹਾ ਹਾਂ ਕਿ ਜੋ ਕੇਂਦਰ ਸਰਕਾਰ ਨੇ ਮਗਨਰੇਗਾ ਦਾ ਕਤਲ ਕੀਤਾ ਹੈ, ਉਹ ਇੱਕ ਸੋਚੀ ਸਮਝੀ ਸਾਜ਼ਿਸ਼ ਅਧੀਨ ਕੀਤਾ ਹੈ। ਮਗਨਰੇਗਾ ਗਰੀਬਾਂ ਦਾ ਕੰਮ ਸੀ, ਮਜ਼ਦੂਰ ਦੀ ਦਿਹਾੜੀ ਸੀ, ਦਲਿਤ ਦੇ ਘਰ ਦੀ ਆਖਰੀ ਢਾਲ ਮਗਨਰੇਗਾ ਸੀ ਕਿਉਂਕਿ ਮਗਨਰੇਗਾ ਦੇ ਨਾਲ ਉਨ੍ਹਾਂ ਦੇ ਘਰ ਦਾ ਚੁੱਲ੍ਹਾ ਚਲਦਾ ਸੀ, ਮਗਨਰੇਗਾ ਦੇ ਨਾਲ ਬੱਚਿਆਂ ਦੀ ਫੀਸ ਜਾਂਦੀ ਸੀ, ਮਗਨਰੇਗਾ ਦੇ ਨਾਲ ਪਰਿਵਾਰ ਦਾ ਕੋਈ ਕੰਮ ਧੰਦਾ ਚੱਲਦਾ ਸੀ, ਮਗਨਰੇਗਾ ਦੇ ਨਾਲ ਸਾਡੀਆਂ ਮਾਤਾਵਾਂ ਦੀ ਦਵਾਈ ਬੂਟੀ ਚੱਲਦੀ ਸੀ। ਇਹ ਭਾਜਪਾ ਨੇ ਉਸ ਢਾਲ ਨੂੰ ਤੋੜ ਦਿੱਤਾ ਹੈ ਅਤੇ ਅੱਜ ਭਾਜਪਾ ਨੇ ਮਗਨਰੇਗਾ ਮਜ਼ਦੂਰਾਂ ਦੇ ਢਿੱਡ ਵਿੱਚ ਲੱਤ ਮਾਰੀ ਹੈ। ਅੱਜ ਤੱਕ ਕਦੇ ਕਿਸੇ ਬੰਦੇ ਨੇ ਢਿੱਡ ਵਿੱਚ ਲੱਤ ਨਹੀਂ ਮਾਰੀ ਪਰ ਭਾਜਪਾ ਨੇ ਗਰੀਬਾਂ, ਦਲਿਤਾਂ ਅਤੇ ਬਹੁਤ ਹੀ ਪੱਛੜੇ ਛੋਟੇ ਕਿਸਾਨਾਂ ਦੇ ਢਿੱਡ ਵਿੱਚ ਲੱਤ ਮਾਰ ਕੇ ਮਜ਼ਦੂਰ ਦੀ ਰੋਜ਼ੀ-ਰੋਟੀ ਖੋਹ ਲਈ ਹੈ। ਅੱਜ ਦਲਿਤ ਪਰਿਵਾਰਾਂ ਨੂੰ ਭੁੱਖ ਦੇ ਮੂੰਹ ਵਿੱਚ ਭਾਜਪਾ ਸਰਕਾਰ ਨੇ ਧੱਕ ਦਿੱਤਾ ਹੈ, ਇਸ ਨੂੰ ਸਰਕਾਰੀ ਵਿਨਾਸ਼ ਵੀ ਕਿਹਾ ਜਾ ਸਕਦਾ ਹੈ ਜੋ ਸਾਡੇ ਬੂਹਿਆਂ ਅੱਗੇ ਖੜ੍ਹਾ ਕਰਕੇ ਰੱਖ ਦਿੱਤਾ ਹੈ। ਭਾਜਪਾ ਦੀ ਇੱਕੋ ਇੱਕ ਨੀਤੀ ਹੈ ਕਿ ਅਮੀਰ ਹੋਰ ਅਮੀਰ, ਗਰੀਬ ਹੋਰ ਗਰੀਬ ਅਤੇ ਜਿਹੜਾ ਛੋਟਾ ਕਿਸਾਨ ਅਤੇ ਦਲਿਤ ਹੈ, ਉਹ ਸਭ ਤੋਂ ਗਰੀਬ ਹੁੰਦਾ ਜਾਵੇ, ਇਹ ਭਾਜਪਾ ਦੀ ਨੀਤੀ ਹੈ। ਇੱਕ ਪਾਸੇ ਗਰੀਬ ਦਾ ਹੱਕ ਖੋਹਣ ਵਾਲੇ ਅਤੇ ਦੂਜੇ ਪਾਸੇ ਗਰੀਬ ਦਾ ਹੱਕ ਦੇਣ ਵਾਲੇ ਔਰ ਅੱਜ ਇਹ ਗੱਲ ਵੀ ਕਰਨੀ ਬਣਦੀ ਹੈ ਕਿ ਅਕਾਲੀ ਦਲ ਅਤੇ ਇਨ੍ਹਾਂ ਦੇ ਨਾਲ ਜਿੰਨੇ ਵੀ ਛੋਟੇ ਮੋਟੇ ਆਪਣੇ ਆਪ ਨੂੰ ਅਕਾਲੀ ਦਲ ਕਹਿੰਦੇ ਹਨ, ਅੱਜ ਉਨ੍ਹਾਂ ਦੇ ਮੂੰਹ ਕਿਉਂ ਸਿਊਤੇ ਗਏ ਹਨ, ਉਹ ਭਾਜਪਾ ਦੇ ਖਿਲਾਫ ਇੱਕ ਵੀ ਸ਼ਬਦ ਕਿਉਂ ਨਹੀਂ ਬੋਲ ਰਹੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਆਉਣ ਵਾਲੀਆਂ ਚੋਣਾਂ ਦੇ ਵਿੱਚ ਹੋ ਸਕਦਾ ਹੈ ਕਿ ਸਾਡਾ ਦਾਅ ਲੱਗ ਜਾਵੇ, ਭਾਜਪਾ ਦੇ ਨਾਲ ਜਿਹੜੀ ਸਾਡੀ ਪਹਿਲਾਂ ਵੀ ਸਾਂਝ ਪਿਆਲੀ ਸੀ, ਜਿਹੜਾ ਸਾਡਾ ਪਤੀ ਪਤਨੀ ਵਾਲਾ ਰਿਸ਼ਤਾ ਸੀ, ਸ਼ਾਇਦ ਉਹ ਰਿਸ਼ਤਾ ਸਾਡਾ ਫਿਰ ਕਾਇਮ ਹੋ ਜਾਵੇ ਅਤੇ ਇਸ ਲਈ ਇਨ੍ਹਾਂ ਦੇ ਮੂੰਹ ਸਿਊਂਤੇ ਗਏ ਹਨ। ਸੋ, ਅੱਜ ਪੂਰਾ ਦੇਸ਼ ਦੇਖ ਰਿਹਾ ਹੈ ਕਿ ਇੱਕ ਪਾਸੇ ਢਿੱਡ ਤੇ ਲੱਤ ਮਾਰਨ ਵਾਲੇ ਅਤੇ ਦੂਜੇ ਸਿਰ ਉੱਤੇ ਹੱਥ ਰੱਖਣ ਵਾਲੇ ਹਨ। ਸਿਰ ਉੱਤੇ ਹੱਥ ਰੱਖਣ ਵਾਲੇ ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਹਨ। ਤੁਸੀਂ ਅੱਜ ਦੇਖੋ ਸਾਡੇ ਪੰਜਾਬ ਦੇ ਵਿੱਚ ਸਭ ਤੋਂ ਵੱਧ ਦਲਿਤ ਮੰਤਰੀ ਹਨ। ਅੱਜ ਤੱਕ ਸਾਡੇ ਬੰਦਿਆਂ ਨੂੰ ਇਸ ਤਰ੍ਹਾਂ ਨਹੀਂ ਦੇਖਿਆ ਗਿਆ ਕਿ ਇਹ ਵੀ ਕੋਈ ਚੰਗਾ ਕੰਮ ਕਰ ਸਕਦੇ ਹਨ। ਮੈਂ ਸਾਡੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਦੀ ਸਿਫਤ ਕਰਨੀ ਚਾਹੁੰਦਾ ਹਾਂ ਜਿਨ੍ਹਾਂ ਨੇ ਵਿੱਤ ਮੰਤਰੀ ਰਹਿੰਦਿਆਂ ਇੱਕ ਅਜਿਹਾ ਕੰਮ ਕੀਤਾ ਕਿ ਜਿਹੜਾ ਸਾਨੂੰ ਕਰਜ਼ੇ ਦੇ ਭਾਰ ਥੱਲੇ ਸਾਡਾ ਪੰਜਾਬ ਦੇ ਕੇ ਗਏ ਸੀ, ਅੱਜ ਮਾਣਯੋਗ ਚੀਮਾ ਸਾਹਿਬ ਹੌਲੀ

ਹੌਲੀ ਕਰਜ਼ਾ ਵੀ ਲਾਹ ਰਹੇ ਹਨ ਅਤੇ ਲੋਕਾਂ ਨੂੰ ਸਹੂਲਤਾਂ ਵੀ ਦੇ ਰਹੇ ਹਨ। ਬਿਜਲੀ ਮੁਫਤ ਦੇ ਰਹੇ ਹਨ, ਖੇਤਾਂ ਦਾ ਪਾਣੀ ਦੇਖੋ ਕਿਵੇਂ ਪਿੰਡਾਂ ਵਿੱਚ ਲੱਗ ਰਿਹਾ ਹੈ, ਕਿਸ ਤਰੀਕੇ ਨਾਲ ਸਾਡੇ ਮੁਹੱਲਾ ਕਲੀਨਿਕ ਬਣ ਰਹੇ ਹਨ, ਅੱਜ ਸਾਡੇ ਦਲਿਤਾਂ ਦੇ ਬੱਚੇ ਪੜ੍ਹ ਕੇ ਡਾਕਟਰ ਬਣ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਪਿਛਲੇ ਪੰਜ ਸਾਲ ਕਾਂਗਰਸ ਦੀ ਸਰਕਾਰ ਵਿੱਚ ਕਿਸੇ ਇੱਕ ਵੀ ਬੱਚੇ ਨੇ ਸਰਕਾਰੀ ਸਕੂਲ ਵਿੱਚੋਂ ਪੜ੍ਹ ਕੇ ਜੇਕਰ NEET ਦਾ ਐਗਜ਼ਾਮ ਕਲੀਅਰ ਕੀਤਾ ਹੋਵੇ ਤਾਂ ਕਾਂਗਰਸ ਵਾਲੇ ਉਸ ਬੱਚੇ ਦਾ ਨਾਮ ਲੈ ਕੇ ਆ ਸਕਦੇ ਹਨ। ਅਸੀਂ ਇਨ੍ਹਾਂ ਨੂੰ ਸਨਮਾਨਿਤ ਕਰਾਂਗੇ ਪਰ ਇਸ ਸਾਲ 550 ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਪੜ੍ਹੇ ਬੱਚਿਆਂ ਨੇ NEET ਦਾ ਐਗਜ਼ਾਮ ਕਲੀਅਰ ਕੀਤਾ ਹੈ। ਇਹ ਦਲਿਤਾਂ ਦੇ ਹੱਕ ਵਿੱਚ ਖੜ੍ਹਨ ਵਾਲੀ ਗੱਲ ਹੁੰਦੀ ਹੈ। ਮੈਂ ਫਿਰ ਕਹਿ ਰਿਹਾ ਹਾਂ ਕਿ ਇੱਕ ਪਾਸੇ ਪੇਟ ਤੇ ਲੱਤ ਮਾਰਨ ਵਾਲੇ ਭਾਜਪਾ ਵਾਲੇ ਅਤੇ ਦੂਜੇ ਪਾਸੇ ਸਿਰ ਤੇ ਹੱਥ ਰੱਖਣ ਵਾਲੇ ਹਨ। ਪੰਜਾਬ ਸਭ ਦੇਖ ਰਿਹਾ ਹੈ। ਪੰਜਾਬੀ ਸਭ ਇਹ ਚੀਜ਼ਾਂ ਯਾਦ ਰੱਖਣਗੇ ਅਤੇ ਪੰਜਾਬੀ ਕਿਸੇ ਨੂੰ ਮੁਆਫ ਨਹੀਂ ਕਰਨਗੇ। ਮੈਂ ਭਾਜਪਾ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜੇ ਗਰੀਬ ਲੋਕਾਂ ਨੇ ਆਪਣੇ ਖ਼ੂਨ ਨਾਲ਼ ਲਿਖ ਕੇ ਸਾਨੂੰ ਖੱਤ ਭੇਜੇ ਹਨ, ਜਿਹੜੀਆਂ ਚਿੱਠੀਆਂ ਉਨ੍ਹਾਂ ਨੇ ਲਿਖ ਕੇ ਭੇਜੀਆਂ ਹਨ, ਉਹ ਨਰਿੰਦਰ ਮੋਦੀ ਨੂੰ ਭੇਜਣ ਲਈ ਹੀ ਲਿਖੀਆਂ ਹਨ ਕਿ ਮੋਦੀ ਜੇਕਰ ਤੂੰ ਸਾਡੇ ਹੱਕਾਂ ਤੇ ਡਾਕਾ ਮਾਰੇਗਾ, ਜੇਕਰ ਤੂੰ ਸਾਡੇ ਢਿੱਡ ਤੇ ਲੱਤ ਮਾਰੇਗਾ ਤਾਂ ਤੇਰਾ ਕੋਈ ਵੀ ਮੈਂਬਰ ਸਾਡੇ ਪੰਜਾਬ ਵਿੱਚ ਵੜਨ ਦੀ ਜੁਰਅੱਤ ਨਾ ਕਰੇ। ਇਹ ਨਾ ਹੋਵੇ ਕਿ ਕਿਸਾਨਾਂ ਨੇ ਜਿਵੇਂ ** ਦੀ ਧੋਣ ਤੇ ਗੋਡਾ ਰੱਖ ਕੇ ਜਿਹੜੇ ਤਿੰਨ ਕਾਲੇ ਕਾਨੂੰਨ ਰੱਦ ਕਰਵਾਏ ਸਨ ਤਾਂ ਸਾਨੂੰ ਵੀ ਅੱਜ ਉਹੀ ਰਾਹ ਅਪਣਾਉਣਾ ਪਵੇ। ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਅਹਿਮ ਵਿਸ਼ੇ ਤੇ ਬੋਲਣ ਦਾ ਮੌਕਾ ਦਿੱਤਾ ਅਤੇ ਮੈਂ ਮਾਣਯੋਗ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ, ਸਾਡੇ ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਗਰੀਬਾਂ ਦੀ ਆਵਾਜ਼ ਨੂੰ ਵਿਧਾਨ ਸਭਾ ਵਿੱਚ ਰੱਖਿਆ ਹੈ। ਅੱਜ ਤੱਕ ਕਦੇ ਕਿਸੇ ਨੇ ਗਰੀਬ ਦੀ ਆਵਾਜ਼ ਨੂੰ ਵਿਧਾਨ ਸਭਾ ਵਿੱਚ ਨਹੀਂ ਰੱਖਿਆ। ਮੈਂ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਤੁਰੰਤ ਇਸ ਨੂੰ ਭੇਜ ਕੇ ਜਿਹੜਾ ਇਨ੍ਹਾਂ ਨੇ ਨਵਾਂ ਕਾਨੂੰਨ ਲਿਆਂਦਾ ਹੈ, ਉਹ ਰੱਦ ਕਰਵਾਇਆ ਜਾਵੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਅਸ਼ਵਨੀ ਜੀ, ਤੁਹਾਡਾ ਟਾਈਮ ਆ ਰਿਹਾ ਹੈ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਪੁਆਇੰਟ ਆਫ ਆਰਡਰ ਜੀ।

**ਮਾਣਯੋਗ ਸਪੀਕਰ:** ਬੋਲੋ ਅਸ਼ਵਨੀ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਇਸ ਪਵਿੱਤਰ ਸਦਨ ਦੇ ਅੰਦਰ ਤੁਹਾਡੀ ਚੇਅਰਮੈਨੀ ਅਧੀਨ ਦੇਸ਼ ਦੇ ਪ੍ਰਧਾਨ ਮੰਤਰੀ ਜੀ ਦੇ ਖਿਲਾਫ ਜਿਸ ਪ੍ਰਕਾਰ ਦੇ ਆਪੱਤੀਜਨਕ ਸ਼ਬਦ ਦਾ ਪ੍ਰਯੋਗ ਹੋਇਆ ਹੈ ਕੀ ਉਹ ਕਾਰਵਾਈ ਤੋਂ ਬਾਹਰ ਨਹੀਂ ਨਿਕਲਣਾ ਚਾਹੀਦਾ?

**ਮਾਣਯੋਗ ਸਪੀਕਰ:** ਗਰੀਬਮਾਰ ਕੋਈ ਆਪੱਤੀਜਨਕ ਸ਼ਬਦ ਹੈ?

---

** Expunged as ordered by the Hon'ble Speaker.

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ :** ਗਰੀਬਮਾਰ ਨਹੀਂ, ਤੁਸੀਂ ਸੁਣਿਆ ਨਹੀਂ? ਦੇਸ਼ ਦੇ ਪ੍ਰਧਾਨ ਮੰਤਰੀ ਦੀ ਧੌਣ ਤੇ ** ਦੀ ਧੌਣ ਤੇ ਗੋਡਾ ਇਹ ਸ਼ਬਦ ਵਰਤੇ ਗਏ ਹਨ। ਕੀ ਇਹ ਸ਼ਬਦ ਸਹੀ ਹਨ।

**ਮਾਣਯੋਗ ਸਪੀਕਰ:** ਬੈਠੋ, ਬੈਠੋ। (ਸ਼ੋਰ) ਪਲੀਜ਼ ਤੁਸੀਂ ਬੈਠੋ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ:** ਕੀ ਇਹ ਸੰਵਿਧਾਨਿਕ ਹੈ?

**ਮਾਣਯੋਗ ਸਪੀਕਰ:** ਮੈਂ ਤੁਹਾਨੂੰ ਦੱਸ ਦੇਵਾਂਗਾ। ਹੁਣ ਬੈਠੋ। ਨਛੱਤਰ ਪਾਲ ਜੀ ਤੁਸੀਂ ਬੋਲੋ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਤੁਸੀਂ ਮੈਨੂੰ ਇਸ ਪਵਿੱਤਰ ਸਦਨ ਵਿੱਚ ਬੋਲਣ ਦਾ ਮੌਕਾ ਦਿੱਤਾ। ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਉਸੇ ਦਿਨ ਕਿਹਾ ਸੀ ਕਿ ਕੇਂਦਰ ਦੇ 90% ਹਿੱਸਾ ਘਟਾ ਕੇ 60% ਕਰਨ ਨਾਲ ਇਸ ਦਾ ਪ੍ਰਭਾਵ ਰਾਜਾਂ ਤੇ ਪਵੇਗਾ। ਰਾਜਾਂ ਵਿੱਚ ਇਸ ਦਾ ਵਿਰੋਧ ਸੁਭਾਵਿਕ ਹੈ। ਕੇਂਦਰ ਦੀ ਯੋਜਨਾ ਦਾ ਸਾਰਾ ਵਿੱਤੀ ਖਰਚਾ ਕੇਂਦਰ ਸਰਕਾਰ ਨੂੰ ਹੀ ਕਰਨਾ ਚਾਹੀਦਾ ਹੈ ਤਾਂ ਹੀ ਬਿਹਤਰ ਹੈ, ਨਹੀਂ ਤਾਂ ਇਸ ਦਾ ਲਾਭ ਜ਼ਰੂਰਤਮੰਦ ਵਿਅਕਤੀਆਂ ਤੱਕ ਨਹੀਂ ਪਹੁੰਚੇਗਾ। ਇਹ 20 ਲੱਖ ਪੰਜਾਬੀਆਂ ਦੀ ਰੋਜ਼ੀ-ਰੋਟੀ ਬੰਦ ਕਰਨ ਦਾ ਯਤਨ ਹੈ। ਪਿਛਲੇ ਸਮੇਂ ਵਿੱਚ ਮਗਨਰੇਗਾ ਅਧੀਨ ਜਿਹੜੀ ਵਿਕਸਿਤ ਭਾਰਤ ਗਾਰੰਟੀ ਐਕਟ ਨੂੰ ਬਦਲ ਕੇ The Viksat Bharat- Guarantee Act and Azeevika Mission ਰੱਖ ਦਿੱਤਾ। ਫਰਕ ਕੀ ਹੈ, ਪਹਿਲਾਂ 100 ਦਿਨ ਦਾ ਰੋਜ਼ਗਾਰ ਸੀ, ਹੁਣ 125 ਦਿਨ ਦਾ ਰੋਜ਼ਗਾਰ ਕੀਤਾ ਹੈ। ਕੇਂਦਰ 90% ਤੇ ਰਾਜ 10% ਸ਼ੇਅਰ ਪਾਉਂਦਾ ਸੀ ਅਤੇ ਹੁਣ ਕੇਂਦਰ 60% ਅਤੇ ਰਾਜ 40% ਸ਼ੇਅਰ ਪਾਉਂਦਾ ਹੈ। 15 ਦਿਨਾਂ ਦੇ ਅੰਦਰ ਅੰਦਰ ਰੁਜ਼ਗਾਰ ਦੇਣਾ ਹੁੰਦਾ ਸੀ। ਇਸ ਵਿੱਚ ਕੋਈ ਬਾਊਂਡੇਸ਼ਨ ਨਹੀਂ ਹੈ। ਜੇਕਰ ਰੁਜ਼ਗਾਰ ਨਹੀਂ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਹੁੰਦਾ ਸੀ। ਇਸ ਵਿੱਚ ਬੇਰੁਜ਼ਗਾਰੀ ਭੱਤਾ ਨਹੀਂ ਹੈ। ਔਰਤ ਮਰਦ ਦੀ ਬਰਾਬਰ ਦਿਹਾੜੀ ਸੀ ਅਤੇ ਇਸ ਵਿੱਚ ਇਸ ਦਾ ਕੋਈ ਜ਼ਿਕਰ ਨਹੀਂ ਹੈ। 33% ਰੋਜ਼ਗਾਰ ਔਰਤਾਂ ਨੂੰ ਦੇਣਾ ਹੁੰਦਾ ਸੀ, ਇਹ ਵੀ ਖਤਮ ਕਰ ਦਿੱਤਾ ਹੈ। ਹੁਣ ਹਾੜ੍ਹੀ ਸਾਉਣੀ ਦੇ ਅੰਦਰ 60 ਦਿਨ ਦੀਆਂ ਛੁੱਟੀਆਂ ਕਰਕੇ ਗਰੀਬ ਮਜ਼ਦੂਰਾਂ ਨੂੰ ਬੰਧੂਆਂ ਮਜ਼ਦੂਰੀ ਵੱਲ ਧੱਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਕਰਕੇ ਪਹਿਲਾਂ ਕੰਮ ਲੋਕ ਪਿੰਡਾਂ ਅੰਦਰ ਕਰਵਾਉਂਦੇ ਸਨ, ਉਸ ਦੀ ਪਰਪੋਜ਼ਲ ਭੇਜਦੇ ਸਨ। ਉਸ ਨਾਲ ਪਿੰਡਾਂ ਦੀਆਂ ਸੜਕਾਂ, ਗਲੀਆਂ, ਨਾਲੀਆਂ, ਛੱਪੜ ਅਤੇ ਹੋਰ ਡਿਵੈਲਪਮੈਂਟ ਦੇ ਕੰਮ ਫਲ, ਬੂਟੇ ਅਤੇ ਕਮਿਊਨਿਟੀ ਹਾਲ ਬਣਦੇ ਸਨ। ਇਹ ਸਭ ਕੁਝ ਬੰਦ ਕਰਨ ਦਾ ਯਤਨ ਕੇਂਦਰ ਦੀ ਸਰਕਾਰ ਕਰ ਰਹੀ ਹੈ।

ਮਾਣਯੋਗ ਸਪੀਕਰ ਸਾਹਿਬ, ਸ਼ਹਿਰਾਂ ਨੂੰ ਵੀ ਇਸ ਦੀ ਲੋੜ ਸੀ ਅਤੇ ਸ਼ਹਿਰਾਂ ਦੇ ਲੋਕ ਵੀ ਇਹ ਚਾਹੁੰਦੇ ਸਨ ਕਿ ਸਾਡੇ ਸ਼ਹਿਰਾਂ ਦੇ ਅੰਦਰ ਵੀ ਇਹ ਸਕੀਮ ਲਾਗੂ ਹੋਵੇ ਪਰੰਤੂ ਉਨ੍ਹਾਂ ਨੂੰ ਇਹ ਨਹੀਂ ਪਤਾ ਸੀ ਕਿ ਪਿੰਡਾਂ ਵਾਲੇ ਲੋਕ ਵੀ ਵਿਹਲੇ ਕਰ ਦੇਣੇ ਹਨ ਅਤੇ ਇਹ ਪੰਜਾਬ ਦੀ ਤਰੱਕੀ ਦੇ ਅੰਦਰ ਬਹੁਤ ਵੱਡਾ ਰੋੜਾ ਬਣ ਜਾਣਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਸਾਡੇ ਹਲਕੇ ਦੇ ਅੰਦਰ ਜਦੋਂ ਹੜ੍ਹ ਆਏ ਸਨ ਤਾਂ ਮਗਨਰੇਗਾ ਕਾਮਿਆਂ ਨੇ, ਸ਼ਾਸਨ ਪ੍ਰਸ਼ਾਸਨ ਨੇ ਬਹੁਤ ਸਾਥ ਦਿੱਤਾ, ਬੰਨ੍ਹ ਬਣਾਏ। ਮਾਣਯੋਗ ਸਪੀਕਰ ਸਾਹਿਬ, ਸਾਲ 2006 ਵਿੱਚ ਉਸ ਸਮੇਂ ਦੀ ਸਰਕਾਰ ਨੇ 29

** Expunged as ordered by the Hon'ble Speaker.

ਕਰੋੜ ਰੁਪਏ ਦੀ ਲਾਗਤ ਨਾਲ ਰਾਹੋਂ-ਮਾਛੀਵਾੜਾ ਸਾਹਿਬ ਰੋਡ ਤੇ ਸਤਲੁਜ ਦਰਿਆ ਦਾ ਪੁਲ ਬਣਵਾਉਣ ਦਾ ਕੰਮ ਸ਼ੁਰੂ ਕਰਵਾਇਆ। ਜਿਸ ਦੀਆਂ ਸਲੈਬਾਂ ਹੁਣ ਤੱਕ 5 ਵਾਰ ਟੁੱਟ ਚੁੱਕੀਆਂ ਹਨ। 42 ਕ੍ਰਮ ਦਾ ਰਿੰਗ ਰੋਡ ਜਿਸ ਦੀ ਜ਼ਮੀਨ ਐਕੁਆਇਰ ਹੋ ਗਈ ਸੀ ਅਤੇ ਇਸ ਦੇ ਪੈਸੇ ਵੀ ਮਾਲਕਾਂ ਨੂੰ ਦੇ ਦਿੱਤੇ ਗਏ ਸਨ ਪਰ ਉਹ ਰਿੰਗ ਰੋਡ ਨਹੀਂ ਬਣਾਇਆ ਅਤੇ ਨਾ ਹੀ ਉਸ ਦਾ ਕਬਜ਼ਾ ਲਿਆ ਗਿਆ। ਦਰਿਆ ਦੇ ਪਾਣੀ ਦਾ ਵਹਾਅ ਤੇਜ਼ ਹੋਣ ਦੇ ਕਾਰਨ, ਗੈਰ-ਕਾਨੂੰਨੀ ਮਾਈਨਿੰਗ ਕਰਕੇ ਪੁਲ ਦੇ ਅੰਦਰ ਤੱਕ ਟੁੱਟਣ ਦਾ ਖਤਰਾ ਹੈ ਅਤੇ ਸੜਕ ਵੀ ਰੁੜ੍ਹ ਸਕਦੀ ਹੈ ਇਸ ਕਰਕੇ ਸਾਡੇ ਇਲਾਕੇ ਵਿੱਚ ਬਹੁਤ ਵੱਡਾ ਨੁਕਸਾਨ ਹੋ ਸਕਦਾ ਹੈ। ਸੋ, ਮੇਰੀ ਤੁਹਾਡੇ ਮਾਧਿਅਮ ਰਾਹੀਂ ਸਰਕਾਰ ਨੂੰ ਬੇਨਤੀ ਹੈ ਕਿ ਜਿਹੜੀ ਪੁਲ ਬਣਾਉਣ ਵਾਲੀ ਕੰਪਨੀ ਸੀ, ਉਸ ਖਿਲਾਫ ਵੀ ਕਾਰਵਾਈ ਹੋਵੇ ਅਤੇ ਜਿਹੜਾ ਤੁਸੀਂ ਮਤਾ ਲੈ ਕੇ ਆਏ ਹੋ, ਮੈਂ ਉਸ ਦਾ ਪੂਰਨ ਤੌਰ ਤੇ ਸਮਰਥਨ ਕਰਦਾ ਹੋਇਆ ਸਰਕਾਰ ਦੇ ਨਾਲ ਸਹਿਮਤ ਹਾਂ। ਤੁਹਾਡਾ ਬਹੁਤ ਬਹੁਤ ਧੰਨਵਾਦ, ਬਹੁਤ ਬਹੁਤ ਮਿਹਰਬਾਨੀ।

**ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ (ਫਾਜ਼ਿਲਕਾ)** : ਧੰਨਵਾਦ, ਸਪੀਕਰ ਸਾਹਿਬ ਕਿ ਤੁਸੀਂ ਮੈਨੂੰ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਮਗਨਰੇਗਾ ਦੇ ਵਰਕਰ, ਮਗਨਰੇਗਾ ਦੇ ਮਜ਼ਦੂਰ, ਪੰਜਾਬ ਦੇ ਸਾਰੇ ਮਜ਼ਦੂਰ ਦੁਖੀ ਹਨ, ਅੱਜ ਨਿਰਾਸ਼ ਹਨ ਅਤੇ ਭਾਜਪਾ ਦੀ ਸਰਕਾਰ ਨੂੰ ਬਹੁਤ ਮਾੜਾ ਬੋਲ ਰਹੇ ਹਨ। ਅੱਜ ਮੈਂ ਵੀ ਹਜ਼ਾਰਾਂ ਦੀ ਗਿਣਤੀ ਵਿੱਚ ਨਰੇਗਾ ਦੇ ਵਰਕਰਾਂ ਵੱਲੋਂ ਹਸਤਾਖਰ ਕੀਤੇ ਪੱਤਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੂੰ ਦੇਣਾ ਚਾਹੁੰਦਾ ਹਾਂ, ਉਨ੍ਹਾਂ ਨੇ ਮੰਗ ਕੀਤੀ ਹੈ ਕਿ ਜੋ ਨਰੇਗਾ ਦਾ ਨਵਾਂ ਕਾਨੂੰਨ ਕੇਂਦਰ ਦੀ ਸਰਕਾਰ ਲੈ ਕੇ ਆ ਰਹੀ ਹੈ, ਉਸ ਨਾਲ ਸਾਡੇ ਨਰੇਗਾ ਵਰਕਰਾਂ ਦੇ ਹੱਕਾਂ ਤੇ ਆਰਾ ਮਾਰਿਆ ਜਾ ਰਿਹਾ ਹੈ। ਸਾਡਾ ਇਲਾਕਾ ਬਾਰਡਰ ਦਾ ਇਲਾਕਾ ਹੈ। ਸਾਡੇ ਏਰੀਏ ਦੇ ਸਾਰੇ ਹੀ ਗਰੀਬ ਮਜ਼ਦੂਰ ਨਰੇਗਾ ਦੇ ਅੰਡਰ ਕੰਮ ਕਰਦੇ ਹਨ। ਪਿਛਲੇ ਤਿੰਨ ਸਾਲ, ਸਵਾ ਤਿੰਨ ਸਾਲ ਤੋਂ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ, ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਨਰੇਗਾ ਵਰਕਰਾਂ ਨੂੰ ਬਹੁਤ ਸਾਰਾ ਕੰਮ ਦਿੱਤਾ। ਇਸ ਨਾਲ ਨਰੇਗਾ ਵਰਕਰਾਂ ਦੇ ਘਰ ਚੱਲੇ। ਉਨ੍ਹਾਂ ਦਾ ਰੁਜ਼ਗਾਰ ਚੱਲਿਆ। ਪਿਛਲੇ ਛੇ ਮਹੀਨਿਆਂ ਤੋਂ ਨਰੇਗਾ ਦਾ ਕੰਮ ਬੰਦ ਪਿਆ ਹੈ। ਸੈਂਟਰ ਦੀਆਂ ਟੀਮਾਂ ਲਗਾਤਾਰ ਪੰਜਾਬ ਦੇ ਪਿੰਡਾਂ ਵਿੱਚ ਦੌਰੇ ਕਰਕੇ ਸਾਰੇ ਕੰਮ ਬੰਦ ਕਰ ਰਹੀਆਂ ਹਨ। ਜਿਹੜੀ ਨਹਿਰਾਂ ਅਤੇ ਨਹਿਰਾਂ ਦੀਆਂ ਪੱਟੜੀਆਂ ਦੀ ਸਫਾਈ ਹੁੰਦੀ ਸੀ, ਸਾਰੇ ਹੀ ਕੰਮ ਬੰਦ ਕਰ ਦਿੱਤੇ ਗਏ ਹਨ। ਫਲੱਡ ਕੰਟਰੋਲ ਦੇ ਸਾਰੇ ਕੰਮ ਬੰਦ ਕਰ ਦਿੱਤੇ ਗਏ ਹਨ, ਬਾਰਸ਼ਾਂ ਤੋਂ ਪਹਿਲਾਂ ਜਿਹੜੀ ਛੱਪੜਾਂ ਦੀ ਸਫਾਈ ਹੁੰਦੀ ਸੀ, ਉਹ ਵੀ ਬੰਦ ਕਰ ਦਿੱਤੀ ਗਈ ਹੈ। ਡਰੇਨਾਂ ਦੀਆਂ ਪੱਟੜੀਆਂ ਦੇ ਕੰਮ ਬੰਦ ਕਰ ਦਿੱਤੇ ਗਏ ਹਨ, ਸੜਕਾਂ ਦੇ ਬਰਮਾਂ ਦੀ ਸਫਾਈ ਹੁੰਦੀ ਸੀ, ਉਹ ਕੰਮ ਵੀ ਬੰਦ ਕਰ ਦਿੱਤਾ ਗਿਆ ਹੈ। ਸਾਡਾ ਨਰੇਗਾ ਮਜ਼ਦੂਰ, ਨਰੇਗਾ ਵਰਕਰ ਹੁਣ ਕਿੱਥੇ ਜਾਵੇਗਾ? ਕੀ ਕੰਮ ਕਰੇਗਾ? ਇਹ ਮਜ਼ਦੂਰਾਂ ਦੇ ਹੱਕਾਂ ਤੇ ਆਰਾ ਮਾਰਿਆ ਗਿਆ ਹੈ। ਸਾਡੇ ਫਾਜ਼ਿਲਕਾ ਏਰੀਏ ਦੇ 41 ਪਿੰਡ ਭਾਰਤ-ਪਾਕਿਸਤਾਨ ਬਾਰਡਰ ਦੀ ਜ਼ੀਰੋ ਲਾਈਨ ਤੇ ਵਸੇ ਹੋਏ ਹਨ। ਇੱਥੇ ਬਿਲਕੁਲ ਵੀ ਨੈੱਟਵਰਕ ਨਹੀਂ ਆਉਂਦਾ ਪਰੰਤੂ ਇਨ੍ਹਾਂ ਨੇ ਜਿਹੜਾ ਹੁਣ ਗਰੀਬ ਦਲਿਤਾਂ ਤੇ ਸਮਾਰਟ ਫੋਨ ਦਾ ਕੰਮ ਥੋਪਿਆ ਹੈ। ਬਾਇਓਮੈਟ੍ਰਿਕ ਮਸ਼ੀਨ ਰਾਹੀਂ ਹਾਜ਼ਰੀ, ਆਧਾਰ ਲਿੰਕ, ਜੀ.ਪੀ.ਐਸ. ਟ੍ਰੈਕਿੰਗ, ਏ.ਆਈ. ਮਾਨੀਟਰਿੰਗ ਨੂੰ ਕੇਂਦਰ ਸਰਕਾਰ ਲਾਗੂ ਕਰਨ ਜਾ ਰਹੀ ਹੈ, ਸਾਡੇ ਤਾਂ ਬਾਰਡਰ ਏਰੀਏ ਤੇ ਪਹਿਲਾਂ ਹੀ ਨੈੱਟਵਰਕ ਨਹੀਂ ਆਉਂਦਾ। ਸਾਡੇ ਜਿਹੜੇ ਗਰੀਬ ਲੋਕ ਹਨ, ਉਨ੍ਹਾਂ ਕੋਲ ਸਮਾਰਟ ਫੋਨ ਨਹੀਂ ਹਨ। ਸਾਡੇ ਬਜ਼ੁਰਗਾਂ ਨੂੰ ਸਮਾਰਟ ਫੋਨ ਚਲਾਉਣਾ ਨਹੀਂ ਆਉਂਦਾ। ਸਾਡੇ ਮਜ਼ਦੂਰ ਹੁਣ ਕੀ ਕਰ ਲੈਣਗੇ। ਇਸ ਤਰ੍ਹਾਂ ਮਗਨਰੇਗਾ ਮਜ਼ਦੂਰਾਂ ਨਾਲ ਬਹੁਤ ਵੱਡਾ ਧੱਕਾ ਕੀਤਾ ਜਾ ਰਿਹਾ ਹੈ। ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ

ਕਿਸਾਨਾਂ ਦੇ ਖਿਲਾਫ ਕਾਲੇ ਕਾਨੂੰਨ ਲੈ ਕੇ ਆਈ। ਇਹ ਜਿਹੜਾ ਮਗਨਰੇਗਾ ਵਰਕਰਾਂ ਦੇ ਖਿਲਾਫ, ਮਜ਼ਦੂਰਾਂ ਦੇ ਖਿਲਾਫ ਕੇਂਦਰ ਦੀ ਸਰਕਾਰ ਕਾਲਾ ਕਾਨੂੰਨ ਲੈ ਕੇ ਆ ਰਹੀ ਹੈ, ਸਾਡੇ ਪੰਜਾਬ ਦੇ ਲੋਕ ਇਸ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕਰਨਗੇ। ਅੱਜ ਖੇਤੀਬਾੜੀ ਦੇ ਸੀਜ਼ਨ ਸਬੰਧੀ ਫੈਸਲਾ ਕਰਨ ਜਾ ਰਹੇ ਹਨ ਕਿ 60 ਦਿਨ ਨਰੇਗਾ ਦੇ ਵਰਕਰ ਕੰਮ ਨਹੀਂ ਕਰ ਸਕਣਗੇ। ਬਹੁਤ ਸਾਰੇ ਲੋਕ ਅਜਿਹੇ ਹਨ ਜਿਨ੍ਹਾਂ ਕੋਲ ਜ਼ਮੀਨਾਂ ਨਹੀਂ ਹਨ। ਉਹ ਕੰਮ ਕਰਨ ਲਈ ਕਿੱਥੇ ਜਾਣਗੇ? ਅੱਜ ਜਿਹੜੇ ਮੋਦੀ ਸਾਹਿਬ, ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਹਨ, ਉਹ ਆਪਣੇ ਦੋਸਤਾਂ, ਅੰਬਾਨੀ, ਅਡਾਨੀ ਦਾ ਕਰੋੜਾਂ, ਅਰਬਾਂ ਰੁਪਏ ਦਾ ਕਰਜ਼ਾ ਮੁਆਫ ਕਰ ਰਹੇ ਹਨ ਪਰ ਸਾਡੇ ਨਰੇਗਾ ਮਜ਼ਦੂਰਾਂ ਦਾ 200, 300 ਰੁਪਿਆ ਦੇਣ ਲੱਗਿਆਂ ਉਨ੍ਹਾਂ ਦੇ ਢਿੱਡ ਵਿੱਚ ਪੀੜ ਹੋ ਰਹੀ ਹੈ। ਇਹ ਬਹੁਤ ਗਲਤ ਹੈ, ਅਸੀਂ ਇਸ ਦਾ ਵਿਰੋਧ ਕਰਦੇ ਹਾਂ। ਮਗਨਰੇਗਾ ਦਾ ਜਿਹੜਾ ਕਾਨੂੰਨ ਕੇਂਦਰ ਸਰਕਾਰ ਲੈ ਕੇ ਆਈ ਹੈ, ਸਾਡੇ ਪੰਚਾਇਤ ਮੰਤਰੀ ਜੀ, ਉਸ ਦੇ ਖਿਲਾਫ ਮਤਾ ਲੈ ਕੇ ਆਏ ਹਨ, ਮੈਂ ਉਸ ਮਤੇ ਦਾ ਸਮਰਥਨ ਕਰਦਾ ਹਾਂ ਔਰ ਤੁਹਾਡੇ ਰਾਹੀਂ ਪ੍ਰਧਾਨ ਮੰਤਰੀ ਜੀ ਤੋਂ ਮੰਗ ਕਰਦਾ ਹਾਂ ਕਿ ਇਹ ਜਿਹੜਾ ਮਗਨਰੇਗਾ ਵਰਕਰਾਂ ਦੇ ਖਿਲਾਫ ਨਵਾਂ ਕਾਨੂੰਨ ਹੈ, ਮਗਨਰੇਗਾ ਵਰਕਰਾਂ ਦੇ ਹੱਕਾਂ ਦੇ ਖਿਲਾਫ ਜੋ ਆਰਾ ਚਲਾਇਆ ਜਾ ਰਿਹਾ ਹੈ, ਇਸ ਕਾਨੂੰਨ ਨੂੰ ਜਲਦੀ ਤੋਂ ਜਲਦੀ ਵਾਪਸ ਲਿਆ ਜਾਵੇ। ਪੰਜਾਬ ਦੇ, ਸਾਡੇ ਦੇਸ਼ ਦੇ ਜਿਹੜੇ ਨਰੇਗਾ ਵਰਕਰ ਹਨ, ਇਸ ਨੂੰ ਬਿਲਕੁਲ ਬਰਦਾਸ਼ਤ ਨਹੀਂ ਕਰਨਗੇ। ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ, ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਹੜਾ ਇਸ ਪਵਿੱਤਰ ਸਦਨ ਵਿੱਚ ਇਹ ਮਤਾ ਲੈ ਕੇ ਆਏ ਹਨ। ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਜੀਵਨ ਸਿੰਘ ਸੰਗੋਵਾਲ (ਗਿੱਲ, ਐਸ.ਸੀ.)**: ਧੰਨਵਾਦ ਸਪੀਕਰ ਸਾਹਿਬ, ਅੱਜ ਤੁਸੀਂ ਮੈਨੂੰ ਬਹੁਤ ਅਹਿਮ ਮੁੱਦੇ ਤੇ ਬੋਲਣ ਦਾ ਸਮਾਂ ਦਿੱਤਾ ਹੈ। ਮੈਂ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਇਹ ਸਪੈਸ਼ਲ ਸੈਸ਼ਨ ਸੱਦਿਆ ਹੈ। ਦੇਖੋ, ਅਸੀਂ ਸਾਰੇ ਜਿੰਨੇ ਵੀ ਮੈਂਬਰ ਇਸ ਸਦਨ ਵਿੱਚ ਬੈਠੇ ਹਾਂ, ਅਸੀਂ ਪਿੰਡਾਂ ਵਿੱਚ ਜਾਂਦੇ ਹਾਂ, ਜਦੋਂ ਨਰੇਗਾ ਵਾਲੀਆਂ ਸਾਡੀਆਂ ਮਾਵਾਂ, ਭੈਣਾਂ, ਗਰੀਬ ਮਜ਼ਦੂਰ ਸਾਨੂੰ ਮਿਲਦੇ ਹਨ ਤਾਂ ਉਹ ਆਸ਼ੀਰਵਾਦ ਦਿੰਦੇ ਹਨ। ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਉਹ ਕਹਿੰਦੇ ਹਨ ਕਿ ਪੁੱਤ ਸਾਡਾ ਕੰਮ ਨਾ ਬੰਦ ਕਰਿਓ। ਨਰੇਗਾ ਇੱਥੇ ਚਾਲੂ ਰੱਖਿਓ। ਉਨ੍ਹਾਂ ਦੀ ਹੋਰ ਕੋਈ ਵੱਡੀ ਡਿਮਾਂਡ ਨਹੀਂ ਹੁੰਦੀ। ਉਹ ਕੋਈ ਕੰਮ ਨਹੀਂ ਮੰਗਦੇ ਇਹ ਮੰਗ ਕਰਦੇ ਹਨ ਕਿ ਪੁੱਤ ਸਾਡਾ ਕੰਮ ਬੰਦ ਨਾ ਕਰਿਓ। ਮੈਂ ਹੁਣੇ ਦੇਖ ਰਿਹਾ ਸੀ ਕਿ ਸਾਡੇ ਫਾਇਨਾਂਸ ਮਨਿਸਟਰ ਸਾਹਿਬ ਜੀ ਬੋਲਦੇ ਸਨ ਤਾਂ ਬਾਜਵਾ ਸਾਹਿਬ ਮਿੰਟ, ਮਿੰਟ ਬਾਅਦ ਉੱਠ ਜਾਂਦੇ ਸਨ ਅਤੇ ਉਨ੍ਹਾਂ ਨੂੰ ਬੋਲਣ ਨਹੀਂ ਦੇ ਰਹੇ ਸਨ। ਇਸ ਤੋਂ ਇਹ ਪਤਾ ਲੱਗਦਾ ਹੈ ਕਿ ਜਿਹੜੀ ਕਾਂਗਰਸ ਸਰਕਾਰ ਹੈ, ਕਾਂਗਰਸ ਦੀ ਜਿਹੜੀ ਆਪਣੀ ਵਿਰੋਧੀ ਧਿਰ ਬੈਠੀ ਹੈ, ਇਹ ਕਿੰਨੇ ਦਲਿਤ ਵਿਰੋਧੀ ਹਨ। ਹੁਣ ਇੱਥੇ ਭਾਜਪਾ ਦੇ ਦੋ ਐਮ.ਐਲ.ਏ. ਸਾਹਿਬ ਹਨ, ਤੁਹਾਨੂੰ ਕਿਸੇ ਨੇ ਪਿੰਡਾਂ ਵਿੱਚ ਨਹੀਂ ਵੜਨ ਦੇਣਾ।

**ਮਾਣਯੋਗ ਸਪੀਕਰ**: ਚੇਅਰ ਨੂੰ ਐਡਰੈਸ ਕਰੋ।

**ਸਰਦਾਰ ਜੀਵਨ ਸਿੰਘ ਸੰਗੋਵਾਲ**: ਗਿੱਲ ਹਲਕਾ ਪੰਜਾਬ ਵਿੱਚ ਸਭ ਤੋਂ ਵੱਡਾ ਹਲਕਾ ਹੈ। ਅਸੀਂ ਜਦੋਂ ਇੱਕ ਇੱਕ ਪਿੰਡ ਵਿੱਚ ਜਾ ਕੇ ਦਸਤਖਤ ਕਰਵਾਏ ਹਨ, ਉਹ ਸਾਨੂੰ ਕਹਿ ਰਹੇ ਹਨ ਕਿ ਅਸੀਂ ਪਿੰਡਾਂ ਵਿੱਚ ਭਾਜਪਾ ਨੂੰ ਵੜਨ ਨਹੀਂ ਦੇਣਾ। ਸਾਨੂੰ ਸਰਦਾਰ ਭਗਵੰਤ ਸਿੰਘ ਮਾਨ ਜੀ ਤੇ ਪੂਰਾ ਮਾਣ ਹੈ। ਇਹ ਜਿਹੜਾ ਸਾਨੂੰ ਹੁਕਮ ਲਗਾਉਣਗੇ, ਜੋ

ਸਾਨੂੰ ਲੱਖਾਂ ਦੀ ਤਦਾਦ ਵਿੱਚ ਦਿੱਲੀ ਵੀ ਜਾਣਾ ਪਵੇ ਤਾਂ ਅਸੀਂ ਦਿੱਲੀ ਜਾ ਕੇ ਵੀ ਧਰਨੇ ਲਗਾਵਾਂਗੇ। ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਇਸ ਮੁੱਦੇ ਉੱਤੇ ਬੋਲੇ ਹੋ। ਸਪੀਕਰ ਸਾਹਿਬ, ਤੁਹਾਡਾ ਵੀ ਧੰਨਵਾਦ ਜੀ। ਸਤਿ ਸ੍ਰੀ ਅਕਾਲ ਜੀ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ):** ਧੰਨਵਾਦ ਸਪੀਕਰ ਸਾਹਿਬ, ਤੁਸੀਂ ਅੱਜ ਮੈਨੂੰ ਇਸ ਮਗਨਰੇਗਾ ਦੇ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਪਹਿਲਾਂ ਤਾਂ ਤੁਹਾਡਾ ਇਸ ਗੱਲ ਦਾ ਧੰਨਵਾਦ ਹੈ ਕਿ ਆਪਣੀ ਸਰਕਾਰ ਨੇ ਸਪੈਸ਼ਲੀ ਮਗਨਰੇਗਾ ਤੇ ਸੈਸ਼ਨ ਰੱਖਿਆ ਹੈ, I think ਹਿੰਦੁਸਤਾਨ ਵਿੱਚ ਕਿਤੇ ਵੀ ਹੋਰ ਮਗਨਰੇਗਾ ਤੇ ਸੈਸ਼ਨ ਨਹੀਂ ਹੋਇਆ ਹੈ। ਮਗਨਰੇਗਾ ਤੇ ਸੈਸ਼ਨ ਪੰਜਾਬ ਸਰਕਾਰ ਨੇ ਬੁਲਾਇਆ ਹੈ, ਉਸ ਲਈ ਸਰਕਾਰ ਦਾ ਧੰਨਵਾਦ। ਸਪੀਕਰ ਸਾਹਿਬ, ਅਸੀਂ ਬਾਰਡਰ ਏਰੀਏ ਤੋਂ ਆਉਂਦੇ ਹਾਂ ਔਰ ਤਕਰੀਬਨ 45-46 ਪਿੰਡ ਬਿਲਕੁਲ ਪਾਕਿਸਤਾਨ ਦੇ ਬਾਰਡਰ ਤੇ ਪੈਂਦੇ ਹਨ। ਜਿਨ੍ਹਾਂ ਦਾ ਮਗਨਰੇਗਾ ਤੋਂ ਇਲਾਵਾ ਹੋਰ ਕੋਈ ਰੁਜ਼ਗਾਰ ਨਹੀਂ ਹੈ। ਅਸੀਂ ਪਿੰਡਾਂ ਵਿੱਚ ਜਾਂਦੇ ਹਾਂ ਤਾਂ ਸਾਡੀਆਂ ਮਾਵਾਂ, ਸਾਡੇ ਬਜ਼ੁਰਗ ਕਈਆਂ ਨੇ ਬੱਠਲ ਸਿਰ ਤੇ ਰੱਖੇ ਹੁੰਦੇ ਹਨ, ਉਹ ਨਰੇਗਾ ਵਿੱਚ ਕੰਮ ਕਰਨ ਜਾਂਦੇ ਹਨ। ਉਨ੍ਹਾਂ ਨੂੰ 250-300 ਰੁਪਏ ਲੇਬਰ ਮਿਲਦੀ ਹੈ, ਜਿਸ ਨਾਲ ਉਹ ਆਪਣੇ ਘਰ ਦਾ ਗੁਜ਼ਾਰਾ ਚਲਾਉਂਦੇ ਹਨ। ਸਕੀਮ ਦਾ ਨਾਂਅ ਬਦਲਣ ਨਾਲ ਕੀ ਫਰਕ ਪੈਂਦਾ ਹੈ, ਨਾਂਅ ਚਾਹੇ ਦਸ ਵਾਰੀ ਬਦਲ ਲਵੋ ਪਰ ਘੱਟ ਤੋਂ ਘੱਟ ਨਾਂਅ ਬਦਲ ਕੇ 125 ਦਿਨ ਦਾ ਡਰਾਮਾ ਕਰਨ ਦੀ ਲੋੜ ਨਹੀਂ ਸੀ। 100 ਦਿਨ ਦਾ ਹੀ ਰਹਿਣ ਦਿੰਦੇ, ਨਾਂਅ ਬਦਲ ਦਿੰਦੇ ਸਾਨੂੰ ਤਾਂ ਵੀ ਕੋਈ ਇਤਰਾਜ਼ ਨਹੀਂ ਸੀ ਕਿਉਂਕਿ G-RAM G ਨਾਂਅ ਨਾਲ ਤਾਂ ਸਾਨੂੰ ਕਿਸੇ ਨੂੰ ਕੋਈ ਦਿੱਕਤ ਹੋਣੀ ਵੀ ਨਹੀਂ ਚਾਹੀਦੀ। ਸਾਡੀ ਤਾਂ ਸਿਰਫ ਇਹੀ ਬੇਨਤੀ ਹੈ। ਸਾਡੇ ਪਿੰਡਾਂ ਵਿੱਚੋਂ ਅਸੀਂ ਤੁਹਾਨੂੰ ਫਾਰਮ ਸਬਮਿਟ ਕਰਵਾ ਦਿੱਤੇ ਹਨ। ਸਾਡੇ ਇੱਕ ਜਾਂ ਦੋ ਬੀ.ਜੇ.ਪੀ. ਦੇ ਐਮ.ਐਲ.ਏ. ਹਨ, ਇਸ ਸਦਨ ਰਾਹੀਂ ਉਨ੍ਹਾਂ ਨੂੰ ਬੇਨਤੀ ਹੈ ਕਿ ਥੋੜ੍ਹਾ ਜਿਹਾ ਤਾਂ ਗਰੀਬਾਂ ਦੇ ਹੱਕ ਲਈ ਬੋਲਣਾ ਸਿੱਖ ਲਵੋ। ਉੱਥੇ ਇੰਨੀ ਵੀ ਜੀ ਹਜ਼ੂਰੀ ਨਾ ਕਰੋ। ਅਸੀਂ ਫਿਰ ਵੀ ਪਿੰਡਾਂ ਵਿੱਚ ਜਾਣਾ ਹੈ। ਜਿਹੜੇ ਗਰੀਬਾਂ ਨੂੰ ਨਰੇਗਾ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਮਿਲਦਾ ਹੈ, ਤੁਸੀਂ ਉਨ੍ਹਾਂ ਤੇ ਚਿੱਕੜ ਸੁੱਟਣ ਦੀ ਬਜਾਏ ਉਨ੍ਹਾਂ ਦੇ ਹੱਕ ਵਿੱਚ ਬੋਲੋ ਕਿ ਪਿੰਡਾਂ ਵਿੱਚ ਬਹੁਤ ਘਪਲਾ ਹੋ ਗਿਆ ਹੈ। ਅਸੀਂ ਮੰਨ ਲੈਂਦੇ ਹਾਂ ਕਿ ਘਪਲਾ ਹੋ ਗਿਆ ਹੈ ਪਰ ਘਪਲਾ ਕੀਤਾ ਕਿਨ੍ਹਾਂ ਨੇ ਹੈ? 2007 ਤੋਂ ਲੈ ਕੇ 2017 ਤੱਕ ਤੁਹਾਡੀ ਸਰਕਾਰ ਸੀ, ਪਹਿਲਾਂ ਤਾਂ ਆਡਿਟ ਉਸ ਦਾ ਕਰਵਾਓ ਜੀ ਸਾਨੂੰ ਕੋਈ ਇਤਰਾਜ਼ ਨਹੀਂ। ਉਸ ਤੋਂ ਬਾਅਦ ਪੰਜ ਸਾਲ ਕਾਂਗਰਸ ਸਰਕਾਰ ਰਹੀ, ਉਨ੍ਹਾਂ ਦਾ ਆਡਿਟ ਕਰਵਾ ਲਵੋ। ਸਾਢੇ ਤਿੰਨ ਸਾਲ ਆਪਣੇ ਹੋ ਗਏ, ਸਾਡਾ ਵੀ ਆਡਿਟ ਕਰਵਾ ਲਵੋ। ਇਨ੍ਹਾਂ ਨੂੰ ਪਤਾ ਲੱਗ ਜਾਵੇਗਾ ਕਿ ਆਡਿਟ ਵਿੱਚ ਕੀ ਨਿਕਲਦਾ ਹੈ। ਜੇ ਆਡਿਟ ਕਰਵਾਉਣਾ ਹੈ ਤਾਂ ਸਭ ਤੋਂ ਪਹਿਲਾਂ ਜਿਵੇਂ ਕਿ ਚੀਮਾ ਸਾਹਿਬ ਨੇ ਕਿਹਾ ਸੀ ਕਿ ਮੱਧ ਪ੍ਰਦੇਸ਼, ਗੁਜਰਾਤ ਤੋਂ ਸ਼ੁਰੂ ਹੋ ਜਾਵੋ ਜਿਵੇਂ ਜਿਵੇਂ ਦਿਲ ਕਰਦਾ ਹੈ ਘੁੰਮਦੇ ਆਵੋ, ਸਾਰੀ ਅਸਲੀਅਤ ਤੁਹਾਡੇ ਸਾਹਮਣੇ ਆ ਜਾਵੇਗੀ। ਪਰ ਪੰਜਾਬ ਸਰਕਾਰ ਉੱਤੇ ਅਤੇ ਦੂਜੀਆਂ ਸਟੇਟਾਂ ਤੇ, ਜਿਨ੍ਹਾਂ ਨੂੰ ਤੁਸੀਂ ਉਨ੍ਹਾਂ ਦੇ ਹੱਕ ਦੇ ਪੈਸੇ ਵੀ ਨਹੀਂ ਦਿੰਦੇ, ਇੰਨਾ ਬੋਝ ਪਾ ਕੇ ਸਕਿੱਲਡ ਜਾਂ ਅਨਸਕਿੱਲਡ ਬੰਦੇ, ਚਾਹੇ ਉਹ ਮਿਸਤਰੀ ਦਾ ਕੰਮ ਕਰਦੇ ਹਨ ਜਾਂ ਲੇਬਰ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਛੇ ਮਹੀਨਿਆਂ ਤੋਂ ਰੁਜ਼ਗਾਰ ਨਹੀਂ ਮਿਲਿਆ। ਉਨ੍ਹਾਂ ਦੇ ਘਰ ਦੀ ਤੰਗੀ ਅਸੀਂ ਹੀ ਜਾਣ ਸਕਦੇ ਹਾਂ ਕਿਉਂਕਿ ਅਸੀਂ ਪਿੰਡਾਂ ਵਿੱਚ ਜਾਂਦੇ ਹਾਂ। ਸੋ, ਮੇਰੀ ਇਹ ਬੇਨਤੀ ਹੈ ਕਿ ਜਿਹੜੀ ਅੱਜ ਤੋਂ ਛੇ ਮਹੀਨੇ ਪਹਿਲਾਂ ਤੋਂ ਮਗਨਰੇਗਾ ਬੰਦ ਪਈ ਹੈ, ਇਹ ਚਾਹੁੰਦੇ ਸੀ ਕਿ ਇਸ ਦਾ ਨਾਂਅ ਬਦਲਣਾ ਹੈ, ਉਹ ਇਨ੍ਹਾਂ ਨੇ ਬਦਲ ਲਿਆ ਹੈ, ਪਰ ਹੁਣ ਉਸ ਨੂੰ ਉਸੇ ਤਰ੍ਹਾਂ ਹੀ ਚੱਲਣ ਦਿਉ, 100 ਦਿਨ ਕਰੋ, 110 ਦਿਨ ਜਾਂ 125 ਦਿਨ ਕਰੋ, ਉਸ ਦੇ ਲਈ ਤੁਹਾਡਾ ਧੰਨਵਾਦ ਪਰ ਜੇਕਰ ਮਗਨਰੇਗਾ ਵਿੱਚ ਲੋਕਾਂ ਨੂੰ ਕੰਮ ਨਹੀਂ ਮਿਲਦਾ ਤਾਂ ਇਸ ਦਾ ਸਾਨੂੰ ਕੋਈ ਫਾਇਦਾ

ਨਹੀਂ। ਅਸੀਂ ਉਸ ਸਕੀਮ ਤਹਿਤ ਪਿੰਡਾਂ ਵਿੱਚ ਸਟੇਡੀਅਮ ਬਣਵਾਏ, ਛੱਪੜ ਬਣਵਾਏ। ਮੈਂ ਆਪਣੇ ਹਲਕੇ ਦੇ 100 ਸਕੂਲਾਂ ਵਿੱਚ ਬੱਚਿਆਂ ਨੂੰ ਕਿਚਨ ਸ਼ੈੱਡ ਦਿੱਤੇ ਹਨ, ਜਿਸ ਅੰਦਰ ਬੈਠ ਕੇ ਬੱਚੇ ਰੋਟੀ ਖਾਂਦੇ ਹਨ। ਸਰ, ਅਸੀਂ ਮਗਨਰੇਗਾ ਸਕੀਮ ਅਧੀਨ ਖਾਲੇ ਬਣਵਾਏ, ਸੜਕਾਂ ਬਣਵਾਈਆਂ। ਸੋ, ਮੇਰੀ ਇੰਨੀ ਹੀ ਬੇਨਤੀ ਹੈ ਕਿ ਪੰਜਾਬ ਸਰਕਾਰ ਜਿਹੜਾ ਮਤਾ ਲੈ ਕੇ ਆਈ ਹੈ, ਅਸੀਂ ਉਸ ਦੀ ਹਮਾਇਤ ਕਰਦੇ ਹਾਂ ਔਰ ਸੈਂਟਰ ਸਰਕਾਰ ਨੂੰ ਇਹੀ ਬੇਨਤੀ ਕਰਦੇ ਹਾਂ ਕਿ ਮਗਨਰੇਗਾ ਵਿੱਚ ਚੰਗਾ ਕੰਮ ਕਰੋ ਤਾਂ ਜੋ ਲੋਕ ਤੁਹਾਨੂੰ ਯਾਦ ਕਰਨ। ਇੰਨਾ ਹੀ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਬੀਬੀ ਇੰਦਰਜੀਤ ਕੌਰ ਮਾਨ ਜੀ।

**ਸ਼੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)**: ਧੰਨਵਾਦ, ਸਪੀਕਰ ਸਾਹਿਬ। ਅੱਜ ਮਾਣਯੋਗ ਮੰਤਰੀ ਸਾਹਿਬ ਵੱਲੋਂ ਜੀ-ਰਾਮ ਜੀ ਸਕੀਮ ਵਿੱਚ ਕੀਤੇ ਗਏ ਬਦਲਾਵਾਂ ਦੇ ਵਿਰੋਧ ਵਿੱਚ ਜਿਹੜਾ ਮਤਾ ਲਿਆਂਦਾ ਗਿਆ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦੀ ਹਾਂ। ਸਪੀਕਰ ਸਾਹਿਬ, ਭਾਜਪਾ ਦੀ ਕੇਂਦਰ ਸਰਕਾਰ ਵੱਲੋਂ ਮਗਨਰੇਗਾ ਦੀ ਕੀਤੀ ਗਈ ਹੱਤਿਆ ਸਿਰਫ ਪੇਂਡੂ ਗਰੀਬਾਂ ਦਾ ਰੁਜ਼ਗਾਰ ਖੋਹਣ ਦਾ ਮਸਲਾ ਹੀ ਨਹੀਂ ਹੈ, ਇਹ ਸੰਵਿਧਾਨ ਨੂੰ ਕੋਰਾ ਮੰਨਣ ਤੋਂ ਇਨਕਾਰ, ਰਾਜਾਂ ਨੂੰ ਆਰਥਿਕ ਤੌਰ ਤੇ ਦੀਵਾਲੀਆ ਕਰਨ ਦਾ ਅਤੇ ਮਿਊਂਸਿਪੈਲਿਟੀਆਂ ਬਣਾ ਕੇ ਉਨ੍ਹਾਂ ਨੂੰ ਆਪਣੇ ਅਧਿਕਾਰ ਖੇਤਰ ਵਿੱਚ ਕਰਨ ਦਾ ਅਤੇ ਇਸ ਵੇਲੇ ਦੇਸ਼ ਵਿੱਚ ਆਈ ਹੋਈ ਸਮਾਜਿਕ ਕ੍ਰਾਂਤੀ ਨੂੰ ਪੁੱਠਾ ਗੇੜਾ ਦੇਣ ਦਾ ਇੱਕ ਕੋਝਾ ਯਤਨ ਕੀਤਾ ਗਿਆ ਹੈ। ਸਾਡੇ ਦੇਸ਼ ਦੇ ਪੇਂਡੂ ਗਰੀਬਾਂ ਨੇ ਹਜ਼ਾਰਾਂ ਸਾਲ ਨਰਕ ਦੀ ਜ਼ਿੰਦਗੀ ਕੱਟੀ ਹੈ। ਉਹ ਆਪਣਾ ਪੇਟ ਭਰਨ ਲਈ ਲੜਾਈ ਲੜਦੇ ਰਹੇ ਹਨ ਅਤੇ ਨਾਲ ਦੀ ਨਾਲ ਸੰਪੂਰਨ ਇਨਸਾਨ ਹੋਣ ਦੀ ਵੀ ਲੜਾਈ ਲੜਦੇ ਰਹੇ ਹਨ। ਦੇਸ਼ ਅਜ਼ਾਦ ਹੋਇਆ, ਬਾਬਾ ਸਾਹਿਬ ਅੰਬੇਦਕਰ ਅਤੇ ਜਿਹੜੇ ਸਾਡੇ ਦੇਸ਼ ਦੇ ਅਨੇਕਾਂ ਆਜ਼ਾਦੀ ਘੁਲਾਟੀਏ ਸਨ, ਦੇਸ਼ ਭਗਤ ਸੀ, ਉਨ੍ਹਾਂ ਦੇ ਯਤਨਾਂ ਦੀ ਬਦੌਲਤ ਦੇਸ਼ ਦਾ ਸੰਵਿਧਾਨ ਬਣਿਆ। ਦੇਸ਼ ਦੇ ਸੰਵਿਧਾਨ ਰਾਹੀਂ ਲੋਕਾਂ ਨੂੰ ਚੰਗੀ ਅਤੇ ਇੱਜ਼ਤ ਦੀ ਜ਼ਿੰਦਗੀ ਜਿਊਣ ਦਾ ਹੱਕ ਮਿਲਿਆ, ਰੋਟੀ ਕਮਾਉਣ ਵਾਸਤੇ ਰੁਜ਼ਗਾਰ ਦਾ ਹੱਕ ਮਿਲਿਆ ਔਰ ਇਹ ਦੁਨੀਆ ਦੀ ਪਹਿਲੀ ਕ੍ਰਾਂਤੀ ਹੈ, ਜਿਸ ਨੂੰ ਸੰਵਿਧਾਨਕ ਕ੍ਰਾਂਤੀ ਕਿਹਾ ਜਾ ਸਕਦਾ ਸੀ। ਇਸ ਦੇ ਆਗੂ ਬਾਬਾ ਸਾਹਿਬ ਅੰਬੇਦਕਰ ਸਨ। ਬਾਬਾ ਸਾਹਿਬ ਅੰਬੇਦਕਰ ਜੀ ਨੇ ਆਪਣੇ ਆਖਰੀ ਦਿਨਾਂ ਵਿੱਚ ਆਪਣੇ ਸੈਕਟਰੀ ਰੱਤੂ ਨੂੰ ਕਿਹਾ ਕਿ ਮੇਰੇ ਲੋਕਾਂ ਨੂੰ ਕਹਿ ਦੇਣਾ ਕਿ ਮੈਂ ਇਕੱਲਾ ਲੜਦਾ ਲੜਦਾ ਇਹ ਰੱਥ ਇੱਥੋਂ ਤੱਕ ਲੈ ਕੇ ਆ ਗਿਆ, ਜੇ ਉਸ ਤੋਂ ਅੱਗੇ ਲੈ ਕੇ ਜਾਣ ਦੀ ਹਿੰਮਤ ਨਾ ਕਰ ਸਕਣ ਤਾਂ ਇਸ ਨੂੰ ਪਿੱਛੇ ਵੀ ਮੁੜਨ ਨਾ ਦੇਣ। ਇਹ ਬਾਬਾ ਸਾਹਿਬ ਜੀ ਦੀ ਇੱਕ ਕਿਸਮ ਦੀ ਆਖਰੀ ਇੱਛਾ ਵੀ ਸੀ ਔਰ ਆਪਣੀ ਇਸ ਆਖਰੀ ਦਿਨਾਂ ਦੀ ਇੱਛਾ ਨਾਲ ਉਨ੍ਹਾਂ ਨੇ ਸਾਨੂੰ ਚੌਕਸ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿ ਐਸੇ ਐਸੇ ਲੋਕ ਇਸ ਦੇਸ਼ ਵਿੱਚ ਆਉਣਗੇ। ਉਨ੍ਹਾਂ ਨੇ ਸਾਨੂੰ ਚੌਕਸ ਕੀਤਾ ਸੀ ਔਰ ਹੁਣ ਉਹੀ ਘਿਣਾਉਣੇ ਲੋਕ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। 40 ਸਾਲ ਦੇਸ਼ ਦੇ ਹਾਕਮਾਂ ਨੂੰ, ਨਾ ਦੇਸ਼ ਦੇ ਕਿਸੇ ਪੇਂਡੂ ਦੀ ਯਾਦ ਆਈ, ਨਾ ਕਿਸੇ ਬੇਜ਼ਮੀਨੇ ਦੀ ਯਾਦ ਆਈ ਔਰ 40 ਸਾਲ ਉਹ ਦੇਸ਼ ਦੇ ਧਨਾਢਾਂ ਅਤੇ ਧਨ ਕੁਬੇਰਾਂ ਦੀ ਸੇਵਾ, ਦੇਸ਼ ਦੀ ਉਸਾਰੀ ਦੇ ਨਾਂ ਉੱਤੇ ਕਰਦੇ ਰਹੇ। ਜਦੋਂ ਦੇਸ਼ ਸੰਕਟ ਵਿੱਚ ਆਇਆ ਤਾਂ ਫਿਰ ਪੇਂਡੂ, ਗਰੀਬ, ਮਜ਼ਦੂਰ ਤੇ ਬੇਜ਼ਮੀਨਿਆਂ ਦੀ ਯਾਦ ਆਈ। ਜਵਾਹਰ ਰੁਜ਼ਗਾਰ ਯੋਜਨਾ ਤੋਂ ਸ਼ੁਰੂ ਹੋ ਕੇ ਮਗਨਰੇਗਾ ਤੱਕ ਪਹੁੰਚੀ ਇਹ ਸਕੀਮ ਇੱਕ ਕਾਨੂੰਨ ਬਣੀ ਸੀ, ਇਹ ਦੁਨੀਆ ਦੀ ਇੱਕ ਮਿਸਾਲੀ ਯੋਜਨਾ ਹੋ ਕੇ ਨਿਬੜੀ ਸੀ ਜਿਹੜੀ ਰੁਜ਼ਗਾਰ ਦੀ ਗਾਰੰਟੀ ਦਿੰਦੀ ਸੀ। 12 ਕਰੋੜ ਲੋਕਾਂ ਦਾ ਰੁਜ਼ਗਾਰ ਦਾ ਮਤਲਬ ਸੀ ਕਿ ਬੀ.ਜੇ.ਪੀ. ਨੇ 11 ਸਾਲ ਦੇਸ਼ ਦੇ ਅੰਦਰ ਰਾਜ ਕੀਤਾ, ਜਿਹੜਾ ਹੁਣ ਵੀ ਚਾਲੂ ਹੈ, ਉਨ੍ਹਾਂ ਦੀ ਹਿੰਮਤ ਨਹੀਂ ਹੋਈ ਕਿ ਇਸ ਨੂੰ ਸਿੱਧੇ ਤੌਰ ਤੇ ਖਤਮ ਕਰ ਸਕੀਏ ਲੇਕਿਨ ਚੋਰ ਮੋਰੀ ਦੇ ਰਾਹੀਂ

ਨਾਂ ਬਦਲ ਕੇ ਇਸ ਸਕੀਮ ਨੂੰ ਐਸੇ ਟ੍ਰਿਕ ਵਿੱਚ ਲਿਆਂਦਾ ਗਿਆ ਹੈ ਕਿ ਸਿੱਧੇ ਸਿੱਧੇ ਇਸ ਕਾਨੂੰਨ ਦਾ, ਇਸ ਸਕੀਮ ਦਾ ਖਾਤਮਾ ਕੀਤਾ ਜਾ ਸਕੇ। ਕਿਹੜਾ ਰਾਜ ਹੈ, ਜਿਸ ਦੇ ਸਿਰ ਤੇ ਲੱਖਾਂ, ਕਰੋੜਾਂ ਦਾ ਕਰਜ਼ਾ ਨਹੀਂ ਹੈ, ਪੰਜਾਬ ਵੀ ਉਨ੍ਹਾਂ ਦੇ ਵਿੱਚੋਂ ਇੱਕ ਹੈ। ਕਿਸੇ ਵੀ ਰਾਜ ਕੋਲ ਇੰਨੀ ਹਿੰਮਤ ਨਹੀਂ ਹੈ ਕਿ ਉਹ ਜੀ-ਰਾਮ ਜੀ ਦਾ, ਮਗਨਰੇਗਾ ਦਾ 40 ਪਰਸੈਂਟ ਖਰਚਾ ਦੇ ਸਕੇ। ਪੰਜਾਬ ਦਾ ਹਜ਼ਾਰਾਂ-ਕਰੋੜਾਂ ਰੁਪਿਆ ਬੀ.ਜੇ.ਪੀ. ਸਰਕਾਰ ਪਹਿਲਾਂ ਹੀ ਨੱਪ ਕੇ ਬੈਠੀ ਹੈ, ਜੀ.ਐਸ.ਟੀ. ਟਰਕਾ-ਟਰਕਾ ਕੇ ਦਿੱਤਾ ਜਾਂਦਾ ਹੈ। (ਘੰਟੀ) 12 ਕਰੋੜ ਪੇਂਡੂ ਗਰੀਬਾਂ ਦਾ ਰੁਜ਼ਗਾਰ ਖੋਹ ਕੇ, ਅੱਧੇ ਰੇਟ ਤੇ ਕੰਮ ਕਰਨ ਵਾਲੇ ਸਾਡੇ ਨਰੇਗਾ ਵਰਕਰ, ਜਿਨ੍ਹਾਂ ਵਿਚੋਂ 90% ਔਰਤਾਂ ਹਨ, ਮੇਰੇ ਆਪਣੇ ਹਲਕੇ ਵਿੱਚ 6000-7000 ਕਾਮਿਆਂ ਵਿੱਚੋਂ 95% ਔਰਤਾਂ ਹਨ। ਕੀ ਉਹ ਇੱਜ਼ਤ ਨਾਲ ਰੋਟੀ ਖਾਂਦੀਆਂ ਚੰਗੀਆਂ ਨਹੀਂ ਲਗਦੀਆਂ? ਕੀ ਉਨ੍ਹਾਂ ਦੀ ਜ਼ਿੰਦਗੀ ਵਿੱਚ ਸਿਰਫ ਤੇ ਸਿਰਫ ਅਮੀਰ ਘਰਾਂ ਦੇ ਭਾਂਡੇ ਧੋਣੇ ਲਿਖੇ ਹੋਏ ਹਨ, ਉਨ੍ਹਾਂ ਦਾ ਗੰਦ ਧੋਣਾ ਲਿਖਿਆ ਹੋਇਆ ਹੈ? ਇਹ ਜਿਹੜੀ ਸਕੀਮ ਲਿਆਂਦੀ ਜਾ ਰਹੀ ਹੈ, ਇਸ ਤਹਿਤ ਬੀ.ਜੇ.ਪੀ. ਦਾ ਸਿੱਧਾ ਸਿੱਧਾ ਹਿਸਾਬ-ਕਿਤਾਬ ਇਹ ਹੈ ਕਿ ਇਸ ਸਕੀਮ ਵਿੱਚ ਬਦਲਾਅ ਕਰਕੇ ਕਿਸ ਕਿਸ ਨੂੰ ਕੰਮ ਦੇਣਾ ਹੈ, ਕਿਸ ਸਟੇਟ ਨੂੰ ਕੰਮ ਦੇਣਾ ਹੈ, ਕਿਸ ਸਟੇਟ ਨੂੰ ਫੰਡ ਦੇਣੇ ਹਨ, ਕਿਸ ਸਟੇਟ ਦੇ ਫੰਡ ਬੰਦ ਕਰਨੇ ਹਨ, ਇਹ ਸਾਰਾ ਤਾਣਾ-ਬਾਣਾ ਤਣਿਆ ਗਿਆ ਹੈ। ਉਹ ਸਿਰਫ ਤੇ ਸਿਰਫ ਪੰਜਾਬ ਸਮੇਤ ਗੈਰ ਭਾਜਪਾਈ ਸਰਕਾਰਾਂ ਨੂੰ ਬਲੈਕਮੇਲ ਕਰਨ ਵਾਸਤੇ, ਉਨ੍ਹਾਂ ਨੂੰ ਆਪਣੇ ਤਰੀਕੇ ਨਾਲ ਨਚਾਉਣ ਵਾਸਤੇ ਇਹ ਕਾਨੂੰਨ ਲਿਆਂਦਾ ਗਿਆ ਹੈ। ਜਿਵੇਂ ਪੱਛਮੀ ਬੰਗਾਲ ਦੇ ਪਿਛਲੇ ਤਿੰਨ ਸਾਲਾਂ ਤੋਂ ਫੰਡ ਰੋਕ ਕੇ ਬੈਠੇ ਹਨ।

**Mr. Speaker**: Thank you.

**ਸ਼੍ਰੀਮਤੀ ਇੰਦਰਜੀਤ ਕੌਰ ਮਾਨ**: ਮੈਂ ਇਕ ਆਖਰੀ ਗੱਲ ਕਰਨੀ ਚਾਹੁੰਦੀ ਹਾਂ। ਮੈਂ ਤੁਹਾਡੇ ਮਾਧਿਅਮ ਰਾਹੀਂ ਮਗਰਮੱਛ ਦੇ ਹੰਝੂ ਵਹਾਉਣ ਵਾਲੇ ਜਿਹੜੇ ਅੱਜ ਨਰੇਗਾ ਸਕੀਮ ਦੀ ਗੱਲ ਕਰਦੇ ਹਨ, ਮੈਂ ਉਨ੍ਹਾਂ ਨੂੰ ਵੀ ਇਹ ਸੁਨੇਹਾ ਦੇਣਾ ਚਾਹੁੰਦੀ ਹਾਂ ਕਿ ਉਹ ਦਿਨ ਯਾਦ ਕਰੋ ਜਦੋਂ ਬੀ.ਜੇ.ਪੀ. ਵਾਲੇ ਵੋਟਰਾਂ ਕੋਲੋਂ ਲੰਘਣਾ ਵੀ ਪਸੰਦ ਨਹੀਂ ਕਰਦੇ ਸਨ। ਇਸ ਦੇਸ਼ ਦੀ ਪਾਰਲੀਮੈਂਟ ਵਿੱਚ ਕਦੇ ਦੋ ਸੀਟਾਂ, ਕਦੇ ਪੰਜ ਸੀਟਾਂ ਮਿਲੀਆਂ, ਉਨ੍ਹਾਂ ਨੇ ਸਾਡੇ ਦੇਸ਼ ਦੀਆਂ ਸੈਕੂਲਰ ਘੱਟ ਗਿਣਤੀਆਂ ਨੂੰ ਕਦੇ ਪ੍ਰਵਾਨ ਹੀ ਨਹੀਂ ਚੜ੍ਹਾਇਆ। ਉਨ੍ਹਾਂ ਨੂੰ ਚੜ੍ਹਾਇਆ, ਜਿਨ੍ਹਾਂ ਨਾਲ ਇਨ੍ਹਾਂ ਦੇ ਨਹੁੰ-ਮਾਸ ਦੇ ਰਿਸ਼ਤੇ ਸਨ, ਭਾਵੇਂ ਬਾਅਦ ਵਿੱਚ ਉਨ੍ਹਾਂ ਦੇ ਨਹੁੰ ਵੀ ਜੰਮੂਰ ਨਾਲ ਖਿੱਚ ਲਏ ਗਏ ਹਨ। ਮੈਂ ਚਾਹੁੰਦੀ ਹਾਂ ਕਿ ਇਸ ਵੇਲੇ ਜਿਹੜੀ ਸਥਿਤੀ ਹੈ, ਸਾਡੇ ਪੰਜਾਬ ਦੇ ਸਾਰੇ ਮਾਣਯੋਗ ਨਰੇਗਾ ਵਰਕਰਾਂ ਨੂੰ ਮੈਂ ਕਹਿਣਾ ਚਾਹੁੰਦੀ ਹਾਂ ਕਿ ਤੁਸੀਂ ਇੱਕ ਝੰਡੇ ਥੱਲੇ ਇਕੱਠੇ ਹੋ ਜਾਓ। ਪੰਜਾਬ ਸਰਕਾਰ ਤੁਹਾਡੇ ਨਾਲ ਹੈ। ਇਸ ਕਾਨੂੰਨ ਦੇ ਖਿਲਾਫ ਸਾਨੂੰ ਇੱਕ ਮਾਸ ਮੂਵਮੈਂਟ ਖੜ੍ਹੀ ਕਰਨੀ ਪਵੇਗੀ। ਇਸ ਸਕੀਮ ਖਿਲਾਫ ਅਸੀਂ ਸਾਰੇ ਉਦੋਂ ਤੱਕ ਲੜਾਈ ਕਰਾਂਗੇ, ਜਦ ਤੱਕ ਸੈਂਟਰ ਗੌਰਮਿੰਟ ਇਸ ਕਾਨੂੰਨ ਮੂਹਰੇ ਗੋਡੇ ਨਹੀਂ ਟੇਕ ਦਿੰਦੀ। ਧੰਨਵਾਦ।

**Mr. Speaker** : Thank you. ਸ੍ਰੀ ਲਾਲ ਚੰਦ ਕਟਾਰੂਚੱਕ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ (ਸ੍ਰੀ ਲਾਲ ਚੰਦ)** : ਸਪੀਕਰ ਸਾਹਿਬ, ਧੰਨਵਾਦ। ਅੱਜ ਦਾ ਸੈਸ਼ਨ ਬੜਾ ਜ਼ਰੂਰੀ ਹੈ, ਜਿਸ ਨੂੰ ਦੇਸ਼ ਦੇ ਲੋਕ ਵੀ ਸੁਣ ਰਹੇ ਹਨ ਅਤੇ ਪੰਜਾਬ ਦੇ ਲੋਕ ਵੀ ਸੁਣ ਰਹੇ ਹਨ। ਖਾਸ ਕਰਕੇ ਉਹ ਸਮਾਜ ਵੀ ਕੰਨ ਖੜ੍ਹੇ ਕਰਕੇ ਸੁਣ ਰਿਹਾ ਹੈ, ਜਿਸ ਉੱਪਰ ਇਸ ਹੱਲੇ ਦਾ ਵੱਡਾ ਅਸਰ ਪੈਣਾ ਹੈ। ਮਗਨਰੇਗਾ ਯੋਜਨਾ ਬਾਰੇ ਜੇਕਰ ਦੋ ਟੁੱਕ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਇਸ ਦਾ ਅੰਤਿਮ ਰੂਪ

ਵਿੱਚ ਕੇਂਦਰ ਸਰਕਾਰ ਨੇ ਖਾਤਮਾ ਕਰ ਦਿੱਤਾ ਹੈ। ਇਸ ਦਾ ਖਾਸ ਕਰਕੇ ਸਾਡੇ ਪੇਂਡੂ ਅਰਥਚਾਰੇ ਉੱਪਰ ਬਹੁਤ ਹੀ ਗੰਭੀਰ ਅਤੇ ਵੱਡਾ ਅਸਰ ਦੇਖਣ ਨੂੰ ਮਿਲਣਾ ਹੈ। ਸਾਡੇ ਕੁਝ ਸਾਥੀਆਂ ਨੇ ਕਿਹਾ ਹੈ ਅਤੇ ਮੇਰੇ ਤੋਂ ਬਾਅਦ ਵੀ ਬੋਲਣਗੇ। ਮੈਂ ਥੋੜ੍ਹਾ ਜਿਹਾ ਫਾਸਿਜ਼ਮ ਬਾਰੇ ਪੜ੍ਹਿਆ ਹੈ। ਬਹੁਤ ਨਹੀਂ ਥੋੜ੍ਹਾ ਜਿਹਾ ਪੜ੍ਹਿਆ ਹੈ। ਹਿਟਲਰ ਨੇ ਜਰਮਨੀ ਅੰਦਰ ਧਾਰਮਿਕ ਉਨਮਾਦ ਖੜ੍ਹਾ ਕਰਕੇ ਇਕ ਬਹੁਤ ਵੱਡੇ ਸੈਕਸ਼ਨ ਦਾ ਵਢਾਂਗਾ ਕੀਤਾ, ਜਿਸ ਨੂੰ ਸਾਰੀ ਦੁਨੀਆ ਜਾਣਦੀ ਹੈ। ਇਸ ਦੇਸ਼ ਅੰਦਰ ਵੀ ਸਹਿਜੇ ਸਹਿਜੇ ਘੱਟ ਗਿਣਤੀ ਲੋਕਾਂ ਖਿਲਾਫ, ਦਲਿਤਾਂ ਅਤੇ ਪੱਛੜਿਆਂ ਖਿਲਾਫ ਅਤੇ ਮਹਿਲਾਵਾਂ ਖਿਲਾਫ ਕਰੰਟ ਸੁਸਾਇਟੀ ਅੰਦਰ ਉਨਮਾਦ ਖੜ੍ਹਾ ਕੀਤਾ ਜਾ ਰਿਹਾ ਹੈ। ਇਹ ਉਸ ਦਾ ਅਗਲਾ ਸਟੈੱਪ ਹੈ ਕਿ ਸਾਡੇ ਦੇਸ਼ ਅੰਦਰ ਇਕ ਵੱਖਰੀ ਕਿਸਮ ਦਾ ਫਿਜ਼ੀਕਲੀ ਹੀ ਨਹੀਂ ਬਲਕਿ ਆਰਥਿਕ ਤੌਰ ਤੇ ਵੀ ਗਲ਼ਾ ਘੋਟਿਆ ਜਾਣਾ ਹੈ ਤਾਂ ਜੋ ਇਹ ਰੋਟੀ ਤੋਂ ਆਤੁਰ ਹੋਣ ਅਤੇ ਹੱਥ ਅੱਡਣ ਲਈ ਮਜਬੂਰ ਹੋਣ। ਇਹ ਸਾਨੂੰ ਪੁਰਾਣੀਆਂ ਵਿਵਸਥਾਵਾਂ ਵਿੱਚ ਲਿਜਾਉਣਾ ਚਾਹੁੰਦੇ ਹਨ। ਮੈਂ ਪਿੰਡਾਂ ਵਿਚੋਂ ਆਇਆ ਹਾਂ, ਸਾਡੇ ਬਹੁਤ ਸਾਰੇ ਸਾਥੀ ਪਿੰਡਾਂ ਵਿਚੋਂ ਆਏ ਹਨ। ਮੈਂ ਇਹ ਵੀ ਕਲੀਅਰ ਕਰਨਾ ਚਾਹੁੰਦਾ ਹਾਂ ਕਿ ਨਰੇਗਾ ਯੋਜਨਾ ਨਾਲ ਮਜ਼ਦੂਰਾਂ ਦਾ ਸੰਪੂਰਨ ਕਲਿਆਣ ਨਹੀਂ ਹੋਇਆ। ਕਿਤੇ ਇਹ ਵੀ ਭੁਲੇਖਾ ਨਾ ਹੋਵੇ ਕਿ ਨਰੇਗਾ ਨਾਲ ਕਾਮਿਆਂ ਦੀ ਜ਼ਿੰਦਗੀ ਦੇ ਮਸਲੇ ਹੱਲ ਹੋ ਗਏ ਹਨ ਪਰ ਨਰੇਗਾ ਦਾ ਲਾਭ ਵੀ ਬਹੁਤ ਵੱਡਾ ਹੈ। ਜਦੋਂ ਕੋਈ ਪਿੰਡ ਦੀ ਔਰਤ ਪਿੰਡ ਦੀ ਹੱਟੀ ਜਾਂ ਦੁਕਾਨ ਤੋਂ ਉਧਾਰਾ ਸੌਦਾ ਲੈਣ ਜਾਂਦੀ ਹੈ ਤਾਂ ਦੁਕਾਨਦਾਰ ਇਸ ਉਮੀਦ ਨਾਲ ਸੌਦਾ ਦੇ ਦਿੰਦਾ ਹੈ ਕਿ ਇਸ ਨੂੰ ਕੰਮ ਮਿਲਿਆ ਹੋਇਆ ਹੈ ਅਤੇ ਇਸ ਦੇ ਖਾਤੇ ਵਿੱਚ ਪੈਸੇ ਆਉਣੇ ਹਨ। ਜਦੋਂ ਉਹ ਪਿੰਡ ਦੇ ਡਾਕਟਰ ਕੋਲ ਜਾਂਦੀ ਹੈ ਤਾਂ ਉਹ ਉਸ ਨੂੰ ਦਵਾਈ ਦੇ ਦਿੰਦਾ ਹੈ। ਅੱਜ ਜਦੋਂ ਉਹ ਲੋਕ ਹੱਟੀ ਤੇ ਜਾਣਗੇ ਤਾਂ ਉਹ ਲੋਕ ਉਨ੍ਹਾਂ ਵੱਲ ਹੋਰ ਤਰੀਕੇ ਨਾਲ ਦੇਖਣਗੇ ਕਿਉਂਕਿ ਇਸ ਗੱਲ ਦੀ ਸਭ ਪਾਸੇ ਚਰਚਾ ਹੈ ਕਿ ਇਨ੍ਹਾਂ ਦਾ ਕੰਮ ਬੰਦ ਹੋ ਰਿਹਾ ਹੈ। ਸੋ, ਇਸ ਦਾ ਬਹੁਤ ਵੱਡਾ ਅਸਰ ਜਿੱਥੇ ਨਰੇਗਾ ਵਰਕਰਾਂ ਉੱਤੇ ਪੈਣਾ ਹੈ, ਉੱਥੇ ਸਮੁੱਚੇ ਅਰਥਚਾਰੇ ਤੇ ਵੀ ਪੈਣਾ ਹੈ। ਹੁਣ ਆਪਾਂ ਆਪਣੇ ਪਲੇਅ ਗਰਾਊਂਡਾਂ ਅੰਦਰ ਇਸ ਸਕੀਮ ਤਹਿਤ ਮਿੱਟੀ ਨਹੀਂ ਪਾ ਸਕਾਂਗੇ। ਮਿੱਟੀ ਪਾਉਣ ਦਾ ਜਿਹੜਾ ਸਿਲਸਿਲਾ ਹੈ, ਉਸ ਅਧੀਨ ਜੇ.ਸੀ.ਬੀ. ਮਸ਼ੀਨਾਂ ਹਨ, ਟਰੈਕਟਰ ਟਰਾਲੀਆਂ ਹਨ, ਉਹ ਅੱਗੇ ਕਿੰਨਾ ਤੇਲ ਵਰਤਦੇ ਹਨ, ਪੰਪ ਉੱਤੇ ਕਿੰਨਾ ਅਸਰ ਪੈਣਾ ਹੈ, ਉਨ੍ਹਾਂ ਦੀ ਆਰਥਿਕਤਾ ਉੱਤੇ ਵੀ ਅਸਰ ਪੈਣਾ ਹੈ। ਸੋ, ਮੈਂ ਸਮਝਦਾ ਹਾਂ ਕਿ ਲੋਕਾਂ ਦੀ ਲੋੜ ਤਾਂ ਇਹ ਸੀ ਕਿ ਮਗਨਰੇਗਾ ਤਹਿਤ ਦਿਹਾੜੀ ਵਧਾਈ ਜਾਂਦੀ। ਅਸੀਂ ਜਿੰਨੇ ਵੀ ਇੱਥੇ ਬੈਠੇ ਹਾਂ, ਸਾਨੂੰ ਸਭ ਨੂੰ ਆਲਮੋਸਟ ਲੱਖ ਲੱਖ ਰੁਪਿਆ ਤਨਖਾਹ ਮਿਲਦੀ ਹੋਵੇਗੀ। ਪਾਰਲੀਮੈਂਟ ਦੇ ਮੈਂਬਰਾਂ ਨੂੰ ਸਾਡੇ ਨਾਲੋਂ ਜ਼ਿਆਦਾ ਤਨਖਾਹ ਮਿਲਦੀ ਹੈ। ਕੀ ਪਿੰਡਾਂ ਦੇ ਗਰੀਬਾਂ ਦੀਆਂ ਲੋੜਾਂ ਸਾਡੇ ਨਾਲੋਂ ਘੱਟ ਹਨ? ਜੇ ਪਾਰਲੀਮੈਂਟ ਮੈਂਬਰਾਂ ਨੂੰ ਅਤੇ ਵਿਧਾਨ ਸਭਾ ਮੈਂਬਰਾਂ ਨੂੰ ਇੰਨਾ ਪੈਸਾ ਮਿਲਦਾ ਹੈ ਤਾਂ ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਦੀ ਦਿਹਾੜੀ ਵੀ ਵਧਾਈ ਜਾਂਦੀ। ਤੁਸੀਂ 500 ਰੁਪਏ ਕਰ ਦਿਉ, 500 ਦੀ ਜਗ੍ਹਾ 600 ਰੁਪਏ ਕਰ ਦਿਉ, ਜਿੰਨੀ ਮਹਿੰਗਾਈ ਹੈ, ਉਸ ਹਿਸਾਬ ਨਾਲ ਦਿਹਾੜੀ ਮਿਲੇ। ਅੱਜ ਦਾਲਾਂ ਦਾ ਰੇਟ ਕੀ ਹੈ? ਅੱਜ ਤੇਲ ਦਾ ਰੇਟ ਕਿੱਥੇ ਪਹੁੰਚ ਗਿਆ ਹੈ, ਅੱਜ ਕੱਪੜੇ ਅਤੇ ਜੁੱਤੀਆਂ ਦਾ ਰੇਟ ਕਿੱਥੇ ਪਹੁੰਚ ਗਿਆ ਹੈ। ਜ਼ਿੰਦਗੀ ਵਿੱਚ ਤਮਾਮ ਚੀਜ਼ਾਂ, ਖਾਸ ਕਰਕੇ 14 ਚੀਜ਼ਾਂ ਜਿਹੜੀਆਂ ਸਾਡੇ ਚੁੱਲ੍ਹੇ ਚੌਕਿਆਂ ਵਿੱਚ ਵਰਤੀਆਂ ਜਾਂਦੀਆਂ ਹਨ, ਉਨ੍ਹਾਂ ਦੇ ਰੇਟ ਆਸਮਾਨ ਨੂੰ ਛੂਹ ਗਏ ਹਨ। ਜਦੋਂ ਸਾਡੇ ਵਰਕਰਾਂ ਦੀ ਦਿਹਾੜੀ ਵਧਾਉਣੀ ਹੋਵੇ ਤਾਂ ਜਾਨ ਨਿਕਲ ਜਾਂਦੀ ਹੈ। ਲੋਕਾਂ ਦੀ ਲੋੜ ਤਾਂ ਇਹ ਸੀ ਕਿ ਨਰੇਗਾ ਸਕੀਮ ਦਾ ਹੋਰ ਫੈਲਾਅ ਕੀਤਾ ਜਾਂਦਾ। ਇਸ ਨੂੰ ਕਿਸਾਨੀ ਕਿੱਤੇ ਅੰਦਰ ਲਿਜਾਇਆ ਜਾਂਦਾ, ਭਾਵ ਇਸ ਦਾ ਘੇਰਾ ਹੋਰ ਵਧਾਇਆ ਜਾਂਦਾ। ਇਸ ਅਧੀਨ ਕਾਮਿਆਂ ਦੀ ਤਨਖਾਹ ਵਧਾਈ ਜਾਂਦੀ ਪਰ ਇਹ ਵਾਧਾ ਕਰਨ ਦੀ ਬਜਾਏ ਕੇਂਦਰ ਸਰਕਾਰ ਨੇ ਐਸਾ ਕਦਮ ਪੁੱਟਿਆ ਹੈ ਜਿਸ ਦੀ ਦੇਸ਼ ਦੇ ਲੋਕਾਂ ਨੂੰ ਉਮੀਦ ਨਹੀਂ ਸੀ। ਮੈਂ ਇਹ ਗੱਲ ਇਸ ਕਰਕੇ ਕਹਿ ਰਿਹਾ ਹਾਂ, ਮੈਨੂੰ ਅੱਜ ਇਹ ਗੱਲ ਕਹਿਣ ਵਿੱਚ ਕੋਈ ਹਿਚਕ ਨਹੀਂ ਕਿ-

ਬਾਪੂ ਹਮ ਸ਼ਰਮਿੰਦਾ ਹੈਂ, ਤੇਰੇ ਕਾਤਿਲ ਜ਼ਿੰਦਾ ਹੈਂ।

ਉਨ੍ਹਾਂ ਨੂੰ ਸਰੀਰਕ ਤੌਰ ਤੇ ਤਾਂਹੀਉ ਸ਼ਹੀਦ ਕਰ ਦਿੱਤਾ ਅਤੇ ਅੱਜ ਕਿਹੜਾ ਕੋਈ ਇਸ ਗੱਲ ਦੀ ਗਾਰੰਟੀ ਲੈ ਸਕਦਾ ਹੈ ਕਿ ਇਸ ਦੇ ਅੰਦਰ ਕੁਝ ਬਚਿਆ ਹੈ ਜਾਂ ਨਹੀਂ ਬਚਿਆ। ਸੋ, ਪੰਜਾਬ ਦੇ ਅੰਦਰ ਖਾਸ ਕਰਕੇ, ਮੈਂ ਜ਼ਰੂਰ ਇਹ ਗੱਲ ਕਹਿਣੀ ਚਾਹੁੰਦਾ ਹਾਂ। ਮੈਨੂੰ ਪਤਾ ਹੈ ਕਿ ਇਹ ਯੋਜਨਾ ਕਿਸੇ ਪਰਟੀਕੂਲਰ ਜਾਤ ਦੇ ਲਈ ਨਹੀਂ ਹੈ। ਸਪੀਕਰ ਸਾਹਿਬ, ਇਹ ਕਿਰਤੀਆਂ ਦੀ ਯੋਜਨਾ ਹੈ। ਕੋਈ ਵੀ ਵਿਅਕਤੀ ਆਪਣਾ ਜੌਬ ਕਾਰਡ ਇਸ ਤਹਿਤ ਬਣਾ ਸਕਦਾ ਹੈ, ਕੋਈ ਵੀ ਕੰਮ ਲੈ ਸਕਦਾ ਹੈ। ਕੰਮ ਨਾ ਦੇਣ ਦੀ ਸੂਰਤ ਵਿੱਚ ਉਸ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਸੀ। ਉਸ ਨੂੰ 15 ਦਿਨਾਂ ਦੇ ਅੰਦਰ ਅੰਦਰ ਕੰਮ ਦੇਣਾ ਪੈਂਦਾ ਸੀ। ਆਪਾਂ ਇਹ ਸਾਰੀਆਂ ਗੱਲਾਂ ਜਾਣਦੇ ਹਾਂ ਕਿ ਇਹ ਪਰਟੀਕੂਲਰ ਕਿਸੇ ਜਾਤ ਨਾਲ ਸਬੰਧਤ ਨਹੀਂ ਪਰ ਸਪੀਕਰ ਸਾਹਿਬ ਇਹ ਵੀ ਸੱਚ ਹੈ ਕਿ ਸਫਾਈ ਦਾ ਕਰਮਚਾਰੀ ਬਣਨਾ ਹੋਵੇ ਤਾਂ ਵੀ ਕਿਸੇ ਜਾਤ ਦੇ ਸਰਟੀਫਿਕੇਟ ਦੀ ਲੋੜ ਨਹੀਂ ਹੁੰਦੀ ਪਰ ਉਥੇ ਆਲਮੋਸਟ ਕੰਮ ਕੌਣ ਕਰਦੇ ਹਨ? ਉਥੇ ਸਾਡੇ ਸਫਾਈ ਕਰਮਚਾਰੀ ਕੰਮ ਕਰਦੇ ਹਨ, ਜੋ ਬਾਬੇ ਨਾਨਕ ਦੇ ਭਾਈ ਲਾਲੋ ਹਨ। ਇਹ ਸਚਾਈ ਹੈ ਕਿ ਮਗਨਰੇਗਾ ਦੇ ਅੰਦਰ 67 ਫੀਸਦੀ ਲੋਕ ਪੰਜਾਬ ਦੇ ਵਿੱਚ ਦਲਿਤ ਭਾਈਚਾਰੇ ਨਾਲ ਸਬੰਧਤ ਹਨ। ਦੂਜੇ ਕਿਰਤੀ ਵੀ ਹਨ, ਭਾਵੇਂ ਉਹ ਕਿਸੇ ਵੀ ਜਾਤ ਬਰਾਦਰੀ ਦੇ ਹਨ, ਇਸ ਦੇ ਵਿੱਚ 75 ਫੀਸਦੀ ਮਹਿਲਾਵਾਂ ਹਨ। ਮਹਿਲਾਵਾਂ ਥੋੜ੍ਹਾ ਜਿਹਾ ਆਤਮ ਨਿਰਭਰ ਹੋਈਆਂ ਸੀ, ਅੱਜ ਵੀ ਜੇ ਸਾਡੀ ਧੀ ਭੈਣ ਨੂੰ ਸਰਕਾਰੀ ਜੌਬ ਮਿਲੀ ਹੋਈ ਹੋਵੇ ਤਾਂ ਉਸ ਦਾ ਘਰ ਦੇ ਅੰਦਰ ਸਿਰ ਉੱਚਾ ਹੁੰਦਾ ਹੈ। ਜਿਹੜੀ ਮਹਿਲਾ ਆਪਣੇ ਪਤੀ ਦੇ ਉੱਤੇ ਨਿਰਭਰ ਹੁੰਦੀ ਹੈ ਜਾਂ ਆਪਣੇ ਬੱਚਿਆਂ ਤੇ ਨਿਰਭਰ ਕਰਦੀ ਹੈ, ਉਸ ਦੇ ਅੰਦਰ ਹਮੇਸ਼ਾ ਹੀਣ ਭਾਵਨਾ ਰਹਿੰਦੀ ਹੈ ਕਿ ਪੈਸੇ ਮੰਗਣੇ ਪੈਂਦੇ ਹਨ। ਸੋ, ਇਸ ਕਰਕੇ ਮਗਨਰੇਗਾ ਸਕੀਮ ਕਾਰਨ ਮਹਿਲਾਵਾਂ ਦਾ ਉਥਾਨ ਹੋਇਆ ਹੈ, ਜੇ ਉਨ੍ਹਾਂ ਦੇ ਆਰਥਿਕ ਵਸੀਲੇ ਦੇ ਰੂਪ ਵਿੱਚ ਮਗਨਰੇਗਾ ਸਕੀਮ ਆਈ ਤਾਂ ਉਨ੍ਹਾਂ ਦੀ ਜੇਬ ਵਿੱਚ ਚਾਰ ਪੈਸੇ ਆਏ। ਠੀਕ ਹੈ ਕਿ ਭਾਵੇਂ ਉਹ ਪੈਸੇ ਅਜੇ ਜ਼ਿੰਦਗੀ ਦੀ ਲੰਬੀ ਦੌੜ ਦੇ ਕਾਬਲ ਨਹੀਂ ਬਣਾਉਂਦੇ ਪ੍ਰੰਤੂ ਉਸ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਿੱਚ ਸਹਾਇਕ ਜ਼ਰੂਰ ਸਨ। ਸੋ, ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਇਹ ਵੀ ਨਾ ਸਮਝਿਆ ਜਾਵੇ ਕਿ ਸਦਨ ਦਾ ਸੈਸ਼ਨ ਇੱਕ ਦਿਨ ਦਾ ਹੈ ਤਾਂ ਇਸ ਦਾ ਕੋਈ ਅਰਥ ਨਹੀਂ ਹੈ। ਲੜਾਈ ਦੇ ਬੜੇ ਤਰੀਕੇ ਹੁੰਦੇ ਹਨ। ਸੰਘਰਸ਼ਾਂ ਵਿੱਚ ਸ਼ਹਾਦਤ ਪਾਉਣੀ ਹੋਵੇ, ਉਹ ਵੀ ਲੜਾਈ ਦਾ ਤਰੀਕਾ ਹੈ। ਸੰਘਰਸ਼ਾਂ ਵਿੱਚ ਸ਼ਾਮਲ ਹੋਣਾ ਵੀ ਇੱਕ ਤਰੀਕਾ ਹੈ। ਕਿਸੇ ਕਲਮ ਦੇ ਨਾਲ ਕਿਸੇ ਲਿਖਾਰੀ ਵੱਲੋਂ ਅੰਦੋਲਨ ਦੇ ਹੱਕ ਵਿੱਚ ਲਿਖਿਆ ਜਾਣਾ ਵੀ ਉਸ ਦਾ ਹਿੱਸਾ ਹੈ। ਇਹ ਸਦਨ ਵੀ ਦੇਸ਼ ਦੇ ਅੰਦਰ ਇਤਿਹਾਸਕ ਤੌਰ ਉੱਤੇ ਹਿੱਸਾ ਪਾਵੇਗਾ।

---

## EXTENSION OF TIME OF THE SITTING OF THE HOUSE

**ਮਾਣਯੋਗ ਸਪੀਕਰ**: ਇੱਕ ਮਿੰਟ ਮੰਤਰੀ ਜੀ। ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਅੱਜ ਦੀ ਕਾਰਵਾਈ ਦਾ ਸਮਾਂ ਕਾਰਜ ਸੂਚੀ ਵਿੱਚ ਦਰਜ ਆਈਟਮਾਂ ਦੇ ਖ਼ਤਮ ਹੋਣ ਤੱਕ ਵਧਾ ਦਿੱਤਾ ਜਾਵੇ?

(**ਅਵਾਜਾਂ**: ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ**: ਸਦਨ ਦੀ ਕਾਰਵਾਈ ਦਾ ਸਮਾਂ ਕਾਰਜ ਸੂਚੀ ਵਿਚ ਦਰਜ ਆਈਟਮਾਂ ਦੇ ਖਤਮ ਹੋਣ ਤੱਕ ਵਧਾਇਆ ਜਾਂਦਾ ਹੈ।

---

**OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005 *(RESUMPTION)***

**ਮਾਣਯੋਗ ਸਪੀਕਰ**: ਮੰਤਰੀ ਜੀ, ਕੰਟੀਨਿਊ ਕਰੋ। ਤੁਸੀਂ ਕਨਕਲੂਡ ਹੀ ਕਰ ਲਵੋ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਮੰਤਰੀ**: ਮੈਂ ਕਹਿਣਾ ਚਾਹੁੰਦਾ ਹਾਂ ਕਿ ਦੇਸ਼ ਦੇ ਪ੍ਰਧਾਨ ਮੰਤਰੀ ਬਾਰੇ ਕੋਈ ਆਪੱਤੀਜਨਕ ਸ਼ਬਦ ਨਹੀਂ ਬੋਲਿਆ ਗਿਆ। ਪੰਜਾਬੀਆਂ ਦਾ ਸੁਭਾਅ ਹੈ, ਆਪਾਂ ਧੌਣ ਤੇ ਗੋਡਾ ਰੱਖਣਾ ਕਹਿ ਦਿੰਦੇ ਹਾਂ, ਸਿੰਪਲ ਗੱਲ ਕਹੀ ਹੈ ਪਰ 6 ਦਸੰਬਰ, 1992 ਨੂੰ ਜੋ ਕੁਝ ਵਾਪਰਿਆ, ਉਹ ਕਿਹੜਾ ਸੰਵਿਧਾਨਕ ਸੀ? ਜੋ ਸ੍ਰੀ ਦਰਬਾਰ ਸਾਹਿਬ ਤੇ ਵਾਪਰਿਆ, ਉਹ ਕਿਹੜਾ ਸੰਵਿਧਾਨਕ ਸੀ? ਜੋ ਰੋਜ਼ ਦੇਸ਼ ਦੇ ਅੰਦਰ ਗਰੀਬ ਲੋਕਾਂ ਨਾਲ ਵਾਪਰਦਾ ਹੈ। ਸਪੀਕਰ ਸਾਹਿਬ, ਮੈਂ ਕੱਲ੍ਹ ਇੱਕ ਵੀਡੀਉ ਦੇਖ ਰਿਹਾ ਸੀ, ਸ਼ਾਇਦ ਉਹ ਮੱਧ ਪ੍ਰਦੇਸ਼ ਦੀ ਘਟਨਾ ਸੀ। ਚਾਰ ਮੁੰਡਿਆਂ ਨੇ ਇੱਕ ਜੁੱਤੀ ਦੇ ਉੱਤੇ ਥੁੱਕ ਕੇ, ਜੁੱਤੀ ਦੇ ਪੁੱਠੇ ਪਾਸੇ ਥੁੱਕ ਕੇ, ਨਾਲ ਖੜ੍ਹੇ ਇੱਕ ਦਲਿਤ ਨੌਜਵਾਨ ਨੂੰ ਕਿਹਾ ਕਿ ਇਹ ਚੱਟ। ਉਸਨੂੰ ਚੱਟਣ ਲਈ ਮਜਬੂਰ ਕੀਤਾ ਪਰ ਇਸ ਨਾਲ ਤਸੱਲੀ ਨਹੀਂ ਹੋਈ। ਫਿਰ ਉਸ ਨੂੰ ਕਿਹਾ ਕਿ ਹੁਣ ਜੀਭ ਨਾਲ ਚੱਟ। ਫਿਰ ਜੀਭ ਨਾਲ ਚੱਟਿਆ ਫਿਰ ਉਹੀ ਜੁੱਤੀ ਉਸ ਦੇ ਮੂੰਹ ਤੇ ਮਾਰੀ। ਗੈਰ-ਸੰਵਿਧਾਨਕ ਕੰਮ ਤਾਂ ਪੈਰ ਪੈਰ ਤੇ ਹੋ ਰਿਹਾ ਹੈ। ਔਰਤਾਂ, ਦਲਿਤਾਂ, ਘੱਟ ਗਿਣਤੀਆਂ ਦੇ ਖਿਲਾਫ਼ ਵਾਇਲੇਸ਼ਨਜ਼ ਹੋ ਰਹੀਆਂ ਹਨ। ਸੋ, ਇਸ ਕਰਕੇ ਇਸ ਦੇਸ਼ ਦੇ ਅੰਦਰ ਜਿਹੜਾ ਅਪਵਾਦ ਖੜ੍ਹਾ ਕੀਤਾ ਜਾ ਰਿਹਾ ਹੈ, ਉਸ ਅਪਵਾਦ ਦਾ ਹੀ ਰਿਫਲੈਕਸ਼ਨ ਹੈ ਕਿ ਅੱਜ ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਖਿਲਾਫ਼ ਸੂਖਮ ਮਾਈਂਡ ਨਾਲ ਹਮਲਾ ਕੀਤਾ ਜਾ ਰਿਹਾ ਹੈ। ਇੱਕ ਹੁੰਦਾ ਹੈ ਸਿੱਧਾ ਹਮਲਾ ਕਰਨਾ ਪਰ ਇਕ ਸੂਖਮ ਮਾਈਂਡ ਨਾਲ ਐਸੀਆਂ ਨੀਤੀਆਂ ਅਤੇ ਐਸੇ ਨਮੂਨੇ ਘੜੇ ਜਾ ਰਹੇ ਹਨ, ਜਿਨ੍ਹਾਂ ਦਾ ਆਉਣ ਵਾਲੇ ਸਮੇਂ ਵਿਚ ਬੁਰਾ ਪ੍ਰਭਾਵ ਪਵੇਗਾ। ਇਹ ਮਤ ਸੋਚੋ ਕਿ ਇਹ ਕਿਸੇ ਇਕ ਵਰਗ ਤੇ ਅਸਰ ਹੈ। ਜੇਕਰ ਸਰੀਰ ਦਾ ਇਕ ਅੰਗ ਕੱਟਿਆ ਜਾਵੇ ਤਾਂ ਉਸ ਦਾ ਸਾਰੇ ਸਰੀਰ ਤੇ ਅਸਰ ਪੈਂਦਾ ਹੈ, ਸਾਰੇ ਸਮਾਜ ਤੇ ਅਸਰ ਪੈਂਦਾ ਹੈ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਕਨਕਲੂਡ ਕਰੋ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲੇ ਮੰਤਰੀ**: ਸੋ, ਮੈਂ ਇਹ ਸਮਝਦਾ ਹਾਂ ਕਿ ਕਿਸੇ ਨੂੰ ਯੋਜਨਾ ਦੇ ਨਾਂ ਦਾ ਕੋਈ ਵਿਰੋਧ ਨਹੀਂ ਹੈ। ਚੰਗਾ ਹੁੰਦਾ ਤੁਸੀਂ ਸ੍ਰੀ ਰਾਮ ਜੀ ਦੇ ਨਾਲ ਮਾਤਾ ਸੀਤਾ ਜੀ ਦਾ ਨਾਮ ਵੀ ਜੋੜ ਲੈਂਦੇ, ਕੌਣ ਵਿਰੋਧ ਕਰ ਸਕਦਾ ਹੈ। ਪ੍ਰਭੂ ਰਾਮ ਜੀ ਨੇ ਭੀਲਣੀ ਦੇ ਜੂਠੇ ਬੇਰ ਖਾਧੇ, ਆਪ ਵੀ ਖਾਏ ਅਤੇ ਉਸ ਦੇ ਮੂੰਹ ਵਿਚ ਵੀ ਪਾਏ। ਤੁਸੀਂ ਤਾਂ ਰੋਟੀ ਖੋਹਣ ਦਾ ਕੰਮ ਕਰ ਰਹੇ ਹੋ, ਰੁਜ਼ਗਾਰ ਖੋਹਣ ਦਾ ਕੰਮ ਕਰ ਰਹੇ ਹੋ। ਸੋ, ਮੈਂ ਸਮਝਦਾ ਹਾਂ ਕਿ ਇਸ ਸਦਨ ਦੀ ਬਹੁਤ ਵੱਡੀ ਸਾਰਥਿਕਤਾ ਹੈ ਕਿ ਇਹ ਮੈਸੇਜ ਸਾਰੇ ਦੇਸ਼ ਦੇ ਅੰਦਰ ਜਾਵੇਗਾ। ਜਿਵੇਂ ਕਿਹਾ ਜਾਂਦਾ ਹੈ

ਕਿ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ। ਇਹ ਉਸ ਮੁਹਿੰਮ ਦੀ ਸ਼ੁਰੂਆਤ ਹੈ। ਆਉਣ ਵਾਲੇ ਸਮੇਂ ਵਿਚ ਇਸ ਯੋਜਨਾ ਦਾ ਕੋਈ ਵੀ ਰੂਪ ਹੋਵੇ, ਅਸੀਂ ਕਿਰਤੀਆਂ ਦੀ ਰਾਖੀ ਲਈ ਅਤੇ ਗਰੀਬ ਕਿਸਾਨਾਂ ਦੀ ਰਾਖੀ ਦੇ ਲਈ ਡੱਟ ਕੇ ਖੜਾਂਗੇ।

**ਮਾਣਯੋਗ ਸਪੀਕਰ:** ਕਨਕਲੂਡ ਕਰੋ ਜੀ।

**ਖੁਰਾਕ, ਸਿਵਲ ਸਪਲਾਈਜ਼ ਅਤੇ ਖ਼ਪਤਕਾਰ ਮਾਮਲੇ ਮੰਤਰੀ:** ਮੈਂ ਬਾਰਡਰ ਏਰੀਏ ਤੋਂ ਆਇਆ ਹਾਂ। ਮੇਰਾ 13 ਕਿਲੋਮੀਟਰ ਹਲਕਾ ਪਾਕਿਸਤਾਨ ਨਾਲ ਲੱਗਦਾ ਹੈ ਅਤੇ 9 ਕਿਲੋਮੀਟਰ ਜੰਮੂ ਕਸ਼ਮੀਰ ਨਾਲ ਲੱਗਦਾ ਹੈ। ਉੱਥੇ ਇੱਕ ਵੀ ਇੰਡਸਟਰੀ ਨਹੀਂ ਹੈ। ਉਥੋਂ ਦੀਆਂ ਸਾਡੀਆਂ ਮਾਂਵਾਂ ਅਤੇ ਭੈਣਾਂ ਮਗਨਰੇਗਾ ਤੇ ਹੀ ਨਿਰਭਰ ਹਨ। ਅਸੀਂ ਹਰ ਕਦਮ ਤੇ ਹਰ ਪੜਾਅ ਤੇ ਇਸ ਯੋਜਨਾ ਦੀ ਰੱਖਿਆ ਕਰਾਂਗੇ। ਸੋ, ਮੈਂ ਸਾਡੇ ਮਾਣਯੋਗ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਹ ਫੈਸਲਾ ਲਿਆ ਹੈ। ਅੱਗੇ ਵੀ ਇਹ ਜੋ ਫੈਸਲਾ ਲੈਣਗੇ, ਅਸੀਂ ਉਨ੍ਹਾਂ ਨਾਲ ਖੜਾਂਗੇ। ਪੰਜਾਬੀ ਤੁਹਾਡੇ ਨਾਲ ਖੜ੍ਹੇ ਹਨ, ਪੰਜਾਬੀ ਕਿਸੇ ਵੀ ਹੱਕ ਦੇ ਲਈ ਕਿਸੇ ਵੀ ਪੱਧਰ ਤੇ ਆਪਣੀ ਆਵਾਜ਼ ਬੁਲੰਦ ਕਰਨ ਲਈ ਜਾਣੇ ਜਾਂਦੇ ਹਨ। ਮਗਨਰੇਗਾ ਦੀ ਰਾਖੀ ਹੋਵੇ, ਸਾਰਾ ਦੇਸ਼ ਇਸ ਵਾਸਤੇ ਇਕੱਠਾ ਹੈ। ਸਪੀਕਰ ਸਾਹਿਬ, ਤੁਸੀਂ ਇਸ ਅਜ਼ੀਮ ਸਦਨ ਦੇ ਅੰਦਰ ਬੋਲਣ ਦਾ ਮੌਕਾ ਦਿੱਤਾ ਹੈ, ਤੁਹਾਡਾ ਬਹੁਤ ਧੰਨਵਾਦ, ਸ਼ੁਕਰੀਆ, ਮਿਹਰਬਾਨੀ।

**ਮਾਣਯੋਗ ਸਪੀਕਰ:** ਧੰਨਵਾਦ ਜੀ, ਕ੍ਰਿਪਾ ਕਰਕੇ ਸਮੇਂ ਦਾ ਧਿਆਨ ਰੱਖਿਆ ਜਾਵੇ। ਤੁਹਾਡੀਆਂ ਸਾਰੀਆਂ ਹੀ ਗੱਲਾਂ ਸਾਰਥਿਕ ਹਨ। ਜਿਹੜੇ ਮਾਣਯੋਗ ਮੰਤਰੀ ਹਨ, ਉਹ ਕਿਸੇ ਵੀ ਸਮੇਂ ਬੋਲ ਸਕਦੇ ਹਨ ਲੇਕਿਨ ਸਮੇਂ ਦਾ ਜ਼ਰੂਰ ਧਿਆਨ ਰੱਖੋ। ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਜੀ।

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ (ਪਠਾਨਕੋਟ)** : ਸਪੀਕਰ ਸਾਹਿਬ, ਆਪ ਜੀ ਦਾ ਧੰਨਵਾਦ। ਅੱਜ ਸਵੇਰੇ ਜੀ ਰਾਮ ਜੀ ਕਾਨੂੰਨ ਤੇ ਦਲਿਤ ਦੇ ਨਾਂ ਤੇ ਅਤੇ ਮਜ਼ਦੂਰ ਦੇ ਨਾਂ ਤੇ ਪੂਰੀ ਤਰ੍ਹਾਂ ਨਾਲ ਝੂਠ ਫੈਲਾਉਣ ਅਤੇ ਭਰਮ ਫੈਲਾਉਣ ਲਈ ਇਹ ਮਤਾ ਲਿਆਂਦਾ ਗਿਆ। ਇਸ ਤੋਂ ਇਲਾਵਾ ਆਪਣੀ ਜ਼ਿੰਮੇਵਾਰੀ ਤੋਂ ਦੌੜਨ ਲਈ ਇਹ ਮਤਾ ਲਿਆਂਦਾ ਗਿਆ। ਚੰਗਾ ਹੁੰਦਾ ਜਦੋਂ ਇਹ ਗੱਲਬਾਤ ਹੋ ਰਹੀ ਸੀ, ਉਸ ਵੇਲੇ ਮਗਨਰੇਗਾ ਦੇ ਤਹਿਤ ਇਸ ਸਰਕਾਰ ਦੇ ਸਮੇਂ ਕਿੰਨਾ ਕੰਮ ਦਿੱਤਾ ਗਿਆ, ਉਸ ਦੀ ਐਵਰੇਜ ਦੱਸੀ ਜਾਂਦੀ। ਇਸ ਸਾਲ ਦੇ ਅੰਦਰ ਐਵਰੇਜ 26 ਦਿਹਾੜੀਆਂ ਲੱਗੀਆਂ ਅਤੇ ਪਿਛਲੇ ਸਾਲ ਅੰਦਰ ਐਵਰੇਜ 38 ਦਿਹਾੜੀਆਂ ਲੱਗੀਆਂ ਸਨ। ਇਸ ਸਕੀਮ ਅਧੀਨ ਕੰਮ ਡਿਮਾਂਡ ਕਰਨ ਵਾਲਾ ਜਿਹੜਾ ਮਜ਼ਦੂਰ ਹੈ, ਜੇਕਰ ਉਸ ਨੂੰ 15 ਦਿਨਾਂ ਦੇ ਅੰਦਰ ਕੰਮ ਨਹੀਂ ਦਿੱਤਾ ਜਾਂਦਾ ਤਾਂ ਉਸ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਜਾਂਦਾ ਹੈ। ਵਿੱਤ ਮੰਤਰੀ ਜੀ ਬੋਲ ਰਹੇ ਸੀ ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਦਿਹਾੜੀਆਂ ਘੱਟ ਲੱਗਣ ਦੇ ਕੀ ਕਾਰਨ ਰਹੇ ਅਤੇ ਕਿੰਨੇ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਦਿੱਤਾ ਗਿਆ। ਇਸ ਦੇ ਨਾਲ ਨਾਲ 23 ਜ਼ਿਲ੍ਹਿਆਂ ਦੇ ਅੰਦਰ ਧਾਰਾ 25 ਦੇ ਤਹਿਤ ਜਿਹੜੇ ਅਧਿਕਾਰੀ ਇਸ ਗੱਲ ਦੇ ਜ਼ਿੰਮੇਵਾਰ ਹਨ ਕਿ ਜੇਕਰ ਕੰਮ ਨਹੀਂ ਦੇ ਸਕੇ ਤਾਂ ਬੇਰੁਜ਼ਗਾਰੀ ਭੱਤਾ ਦੇਣਾ ਬਣਦਾ ਸੀ ਅਤੇ ਨਹੀਂ ਦਿੱਤਾ ਗਿਆ ਤਾਂ ਉਨ੍ਹਾਂ ਤੇ ਕਾਰਵਾਈ ਕਰਨੀ ਬਣਦੀ ਹੈ। ਅਸੀਂ ਦਲਿਤਾਂ ਦੀ ਗੱਲ ਤਾਂ ਬਹੁਤ ਕਰਦੇ ਹਾਂ ਅਤੇ ਦਲਿਤਾਂ ਦੀ ਆੜ ਵਿਚ ਛੁਪਣਾ ਚਾਹੁੰਦੇ ਹਾਂ ਪਰ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਮਜ਼ਦੂਰਾਂ ਦੇ ਮਾਮਲਿਆਂ ਵਿਚ ਜਿਹੜਾ ਕਿ ਐਸ.ਸੀ.ਐਕਟ ਦੇ ਅਧੀਨ ਆਉਂਦਾ ਹੈ, ਇਹ ਦੱਸਣ ਦੀ ਕ੍ਰਿਪਾਲਤਾ ਕਰਨ ਕਿ ਕਿੰਨੇ

ਅਧਿਕਾਰੀਆਂ ਦੇ ਵਿਰੁੱਧ ਕਾਰਵਾਈ ਹੋਈ ਹੈ। ਕਾਰਨ ਕੀ ਹੈ, ਮਗਨਰੇਗਾ ਅੱਛਾ ਹੈ। ਮੈਨੂੰ ਮਗਨਰੇਗਾ ਦੇ ਲੋਕ ਮਿਲਣ ਆਏ। ਮਗਨਰੇਗਾ ਦੇ ਮਜ਼ਦੂਰ ਇੱਥੇ ਵੀ ਬੈਠੇ ਹਨ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਜੀ। ਸਪੀਕਰ ਸਾਹਿਬ, ਇਸ ਪੁਆਇੰਟ ਨੂੰ ਮੈਂ ਹੁਣੇ ਕਲੀਅਰ ਕਰ ਦੇਵਾਂ ਕਿ ਬਾਅਦ ਵਿੱਚ ਕਰਾਂ ਜੀ।

**ਮਾਣਯੋਗ ਸਪੀਕਰ**: ਤੁਸੀਂ ਕਰ ਦਿਉ, ਜੇਕਰ ਅਸ਼ਵਨੀ ਜੀ ਚਾਹੁੰਦੇ ਹਨ, ਵੈਸੇ ਤਾਂ ਮੈਂ ਚਾਹੁੰਦਾ ਸੀ ਕਿ ਉਹ ਆਪਣੀ ਗੱਲ ਪੂਰੀ ਕਰ ਲੈਂਦੇ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਮੈਂ ਪਹਿਲਾਂ ਆਪਣੀ ਗੱਲ ਪੂਰੀ ਕਰ ਲੈਂਦਾ ਹਾਂ, ਇਹ ਬਾਅਦ ਵਿੱਚ ਕਹਿ ਲੈਣਗੇ। ਸਪੀਕਰ ਸਾਹਿਬ, ਮਗਨਰੇਗਾ ਦੇ ਅੰਦਰ ਇਹ ਹਾਲਤ ਕਰਕੇ ਰੱਖ ਦਿੱਤੀ ਸੀ ਕਿ ਕਾਰਡ ਕਿਸੇ ਦਾ ਮਜ਼ਦੂਰੀ ਕੋਈ ਹੋਰ ਕਰ ਰਿਹਾ ਹੈ, ਪੈਸਾ ਕਾਰਡ ਵਾਲੇ ਦੇ ਅਕਾਊਂਟ ਵਿੱਚ ਆਉਣਾ ਹੈ। ਜਿਸ ਨੇ ਵਿਚਾਰੇ ਨੇ ਮਜ਼ਦੂਰੀ ਕੀਤੀ ਹੁੰਦੀ ਹੈ ਉਹ ਨਿਰਭਰ ਹੋ ਜਾਂਦਾ ਸੀ ਜਿਸ ਦਾ ਕਾਰਡ ਬਣਦਾ ਸੀ, ਉਸ ਦੇ ਅੱਗੇ ਹੱਥ ਕਰਕੇ ਬਹਿੰਦਾ ਸੀ। ਜੇਕਰ ਕੇਂਦਰ ਦੀ ਸਰਕਾਰ ਪਾਰਦਰਸ਼ਤਾ ਲਿਆਉਣਾ ਚਾਹੁੰਦੀ ਹੈ ਤਾਂ ਕੀ ਮਾੜਾ ਹੈ? ਇਸ ਦੇ ਅੰਦਰ ਕੀ ਬੁਰਾਈ ਹੈ? ਦੂਸਰੇ ਪਾਸੇ ਪੰਜਾਬ ਸਰਕਾਰ ਨੇ ਇਸ ਸਕੀਮ ਦਾ ਲਾਭ ਪੂਰੀ ਤਰ੍ਹਾਂ ਨਹੀਂ ਦਿੱਤਾ। ਇਹ ਅੱਜ ਅਧਿਕਾਰ ਦੀਆਂ ਗੱਲਾਂ ਤਾਂ ਕਰ ਰਹੇ ਹਨ। ਮਜ਼ਾ ਤਾਂ ਆਉਂਦਾ ਜੇਕਰ 100 ਦਿਨਾਂ ਦੀ ਦਿਹਾੜੀ ਵਿੱਚੋਂ ਤੁਸੀਂ 90 ਦਿਨਾਂ ਦੀ, 70 ਦਿਨਾਂ ਦੀ ਜਾਂ 50 ਦਿਨਾਂ ਦੀ ਦਿਹਾੜੀ ਮਜ਼ਦੂਰਾਂ ਕੋਲੋਂ ਕਰਵਾਈ ਹੁੰਦੀ। ਉਸ ਨੂੰ ਕਰਵਾਉਣ ਵਿੱਚ ਤਾਂ ਤੁਸੀਂ ਫੇਲ੍ਹ ਹੋਏ ਹੋ। ਤੁਹਾਡੇ ਆਡਿਟ ਵੀ ਨਹੀਂ ਹੋਏ। ਸੋਸ਼ਲ ਆਡਿਟ ਭ੍ਰਿਸ਼ਟਾਚਾਰ ਦੀ ਰੋਕਥਾਮ ਲਈ ਹੋਣਾ ਸੀ। ਸਾਲ 2024-25 ਵਿੱਚ 6,095 ਪਿੰਡਾਂ ਦਾ ਹੁਣ ਤੱਕ ਆਡਿਟ ਨਹੀਂ ਹੋਇਆ ਹੈ। ਸਾਲ 2025 ਵਿੱਚ ਇਨ੍ਹਾਂ ਪਿੰਡਾਂ ਦੀ ਗਿਣਤੀ ਘੱਟਣੀ ਚਾਹੀਦੀ ਸੀ ਪਰ ਇਹ ਵੱਧ ਗਈ। ਹੁਣ 7389 ਪਿੰਡ ਹੋ ਗਏ।

**ਮਾਣਯੋਗ ਸਪੀਕਰ** : ਵੈਸੇ ਮੈਨੂੰ intervene ਨਹੀਂ ਕਰਨਾ ਚਾਹੀਦਾ ਹੈ। ਇਹ ਤਾਂ ਉਹ ਗੱਲ ਹੋ ਗਈ ਕਿ "ਡਿੱਗੀ ਖੋਤੇ ਤੋਂ ਤੇ ਗੁੱਸਾ ਘੁਮਿਆਰ ਤੇ" ਤੁਸੀਂ ਸਕੀਮ ਹੀ ਚੱਕ ਦਿੱਤੀ। ਅੱਗੇ ਚਲੋ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਚਲੋ, ਮੈਂ ਇਸ ਗੱਲ ਨੂੰ ਛੱਡ ਦਿੰਦਾ ਹਾਂ। ਤੁਸੀਂ ਸਾਹਮਣੇ ਆ ਕੇ ਸ਼ੈਲਟਰ ਬਣ ਜਾਂਦੇ ਹੋ। ਹੁਣ ਮੈਂ ਦੂਜੀ ਗੱਲ ਕਰਦਾ ਹਾਂ। ਸਪੀਕਰ ਸਾਹਿਬ, ਆਡਿਟ ਯੂਨਿਟ ਦੁਆਰਾ ਪਕੜੇ ਗਏ ਭ੍ਰਿਸ਼ਟਾਚਾਰ ਦੇ ਨਾਲ ਜੁੜੇ ਮਾਮਲੇ ਸੀ। ਗਰੀਬ ਦੇ ਨਾਂ ਤੇ, ਮਜ਼ਦੂਰ ਦੇ ਨਾਂ ਤੇ, ਦਲਿਤ ਦੇ ਨਾਂ ਤੇ ਜਦੋਂ ਉਸ ਦਾ ਅਧਿਕਾਰ ਖੋਹਿਆ ਗਿਆ, ਇਸ ਤਰ੍ਹਾਂ ਦੇ ਪਤਾ ਕਿੰਨੇ ਮਾਮਲੇ ਹਨ? ਕੁੱਲ 3986 ਮਾਮਲੇ ਹਨ। ਇਸ ਦਾ ਜਵਾਬ ਕੌਣ ਦਵੇਗਾ? ਕੀ ਹੋਇਆ? ਹਰ ਜ਼ਿਲ੍ਹੇ ਦੀ ਰਿਕਵਰੀ ਹੈ। ਹੁਣ ਰਿਕਵਰੀ ਦਾ ਕੀ ਹੋਵੇਗਾ? ਜਿਹੜਾ ਇਹ ਕਹਿੰਦੇ ਹਨ ਕਿ ਇਹ ਫਾਰਮ ਮਜ਼ਦੂਰਾਂ ਵੱਲੋਂ ਭਰ ਕੇ ਆਏ ਹਨ, ਇੰਨੇ ਲੱਖ ਫਾਰਮ ਆਇਆ ਹੈ, ਮੈਂ ਇਸ ਹਾਊਸ ਦੇ ਅੰਦਰ ਬੜੇ ਦਾਅਵੇ ਨਾਲ ਇਹ ਗੱਲ ਕਹਿ ਰਿਹਾ ਹਾਂ ਕਿ ਸਰਕਾਰ ਦੇ ਕੰਮ ਚਰਚਾ ਨਾਲ ਹੁੰਦੇ ਹਨ। ਕੀ ਇਸ ਕੰਮ ਲਈ ਗ੍ਰਾਮ ਸੇਵਕ ਲਗਾਉਗੇ? ਤੁਸੀਂ ਪਹਿਲਾਂ ਬਿਲ ਦੀ ਭਾਸ਼ਾ ਤਾਂ ਪੜ੍ਹ ਲੈਂਦੇ । ਕੌਣ ਕਹਿ ਰਿਹਾ ਹੈ ਮੈਂ ਚੈਲੈਂਜ ਕਰ ਰਿਹਾ ਹਾਂ? ਕੌਣ ਕਹਿ ਰਿਹਾ ਹੈ ਕਿ ਗ੍ਰਾਮ ਪੰਚਾਇਤਾਂ ਤੈਅ ਨਹੀਂ ਕਰਨਗੀਆਂ ਕਿ ਕਿਹੜਾ ਕੰਮ ਹੋਵੇਗਾ। ਕੌਣ ਕਹਿ ਰਿਹਾ ਹੈ ਕਿ ਗ੍ਰਾਮ ਪੰਚਾਇਤਾਂ ਦਾ ਕੰਮ ਨਹੀਂ ਹੋਵੇਗਾ? ਰਜਿਸਟਰੇਸ਼ਨ ਤੁਸੀਂ ਕਰਨੀ ਹੈ। ਰੁਜ਼ਗਾਰ ਦਾ ਕਾਰਡ ਤੁਸੀਂ ਦੇਣਾ ਹੈ, ਕੰਮ ਤੁਸੀਂ ਤੈਅ ਕਰਨਾ ਹੈ।

ਜਿਸ ਤਰ੍ਹਾਂ ਪਹਿਲਾਂ ਭੇਜਦੇ ਸੀ, ਉਸੇ ਤਰ੍ਹਾਂ ਭੇਜਣਾ ਹੈ। ਇਵੇਂ ਹੀ ਲੋਕਾਂ ਨੂੰ ਗੁੰਮਰਾਹ ਕਰੀ ਜਾਣਾ, ਇਵੇਂ ਹੀ ਝੂਠ ਬੋਲੀ ਜਾਣਾ, ਇਹ ਗਲਤ ਹੈ।

**ਮਾਣਯੋਗ ਸਪੀਕਰ**: ਅਸ਼ਵਨੀ ਜੀ, ਤੁਸੀਂ ਆਪਣੇ ਸਮੇਂ ਨਾਲੋਂ ਡਬਲ ਸਮਾਂ ਲੈ ਗਏ ਹੋ। ਚਲੋ ਕੋਈ ਗੱਲ ਨਹੀਂ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਮੇਰੇ ਨਾਲ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਤੁਸੀਂ ਆਪਣੀ ਗੱਲ ਪੂਰੀ ਤਰੀਕੇ ਨਾਲ ਕਰੋ। ਇਸ ਸਕੀਮ ਦੇ ਵਿੱਚ 100 ਦਿਨਾਂ ਦੇ ਕੰਮ ਨੂੰ 125 ਦਿਨਾਂ ਦਾ ਕਰਨਾ ਕੀ ਗਲਤ ਹੈ? ਇਹ ਕਹੀ ਜਾ ਰਹੇ ਹਨ ਕਿ ਸਕੀਮ ਬੰਦ ਕਰਨ ਲਈ ਦੋ ਮਹੀਨੇ ਕੱਢ ਦਿੱਤੇ ਹਨ। ਇਹ ਦੋ ਮਹੀਨੇ ਕਿਹੜੇ ਕੱਢੇ ਜਾ ਰਹੇ ਹਨ? ਜਦੋਂ ਬਿਜਾਈ ਹੁੰਦੀ ਹੈ, ਕਟਾਈ ਹੁੰਦੀ ਹੈ, ਉਸ ਵੇਲੇ ਮਜ਼ਦੂਰੀ ਅਤੇ ਖੇਤੀਬਾੜੀ ਦੇ ਕੰਮ ਵਿੱਚ ਸੰਤੁਲਨ ਬਣਿਆ ਰਹੇ ਤਾਂ ਕਰਕੇ ਕੱਢੇ ਹਨ, ਇਸ ਵਿੱਚ ਕੀ ਗਲਤ ਹੈ? ਇਸ ਤੋਂ ਇਲਾਵਾ ਪਰਿਵਾਰਾਂ ਦੀ ਰਜਿਸਟ੍ਰੇਸ਼ਨ, ਪਰਿਵਾਰ ਗਾਰੰਟੀ ਕਾਰਡ, ਕੰਮ ਦੀਆਂ ਅਰਜ਼ੀਆਂ, ਯੋਜਨਾ ਬਣਾਉਣਾ, ਇਹ ਸਭ ਤੁਹਾਡੇ ਹੱਥ ਹੈ।

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)**: ਪੁਆਇੰਟ ਆਫ ਆਰਡਰ ਜੀ। ਸਪੀਕਰ ਸਾਹਿਬ, ਮੈਂਬਰ ਸਾਹਿਬ ਆਪਣੇ ਮੂੰਹੋਂ ਇਸ ਗੱਲ ਦਾ ਕਰਾਰ ਕਰ ਚੁੱਕੇ ਹਨ ਕਿ ਦੋ ਮਹੀਨੇ ਲਈ ਅਸੀਂ ਇਹ ਸਕੀਮ ਬੰਦ ਕਰ ਦਿੱਤੀ। ਮੇਰਾ ਇਹ ਸਵਾਲ ਹੈ ਕਿ ਕੀ ਦੋ ਮਹੀਨੇ ਲਈ ਗਰੀਬ ਦੇ ਪੇਟ ਨੂੰ ਵੀ ਜ਼ਿੰਦਾ ਲੱਗ ਜਾਂਦਾ ਹੈ। ਕੀ ਦੋ ਮਹੀਨੇ ਦੇ ਲਈ ਗਰੀਬ ਦੇ ਘਰ ਦੇ ਚੁੱਲ੍ਹੇ ਨੂੰ ਅਸੀਂ ਜ਼ਿੰਦਾ ਲਗਾ ਦੇਈਏ? (ਵਿਘਨ) (ਸ਼ੋਰ) ਮੈਨੂੰ ਗੱਲ ਪੂਰੀ ਕਰ ਲੈਣ ਦਿਉ। ਮੇਰਾ ਪੁਆਇੰਟ ਆਫ ਆਰਡਰ ਹੈ। Let me speak. ਅਸੀਂ ਤੁਹਾਨੂੰ ਵੀ ਸੁਣਾਂਗੇ।(ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਤੁਸੀਂ ਬੋਲਣਾ ਹੀ ਹੈ। (ਵਿਘਨ) (ਸ਼ੋਰ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ**: ਦੂਜੀ ਗੱਲ ਮੈਂ ਦੱਸਣੀ ਚਾਹੁੰਦਾ ਹਾਂ ਕਿ ਜਿਹੜੇ ਵੀ ਬੰਦਿਆਂ ਨੇ ਘਪਲਾ ਕੀਤਾ ਹੋਵੇ, ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ, ਕੱਲਮ-ਕੱਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ, ਅਸੀਂ ਕਿਸੇ ਵੀ ਭ੍ਰਿਸ਼ਟਾਚਾਰੀ ਨੂੰ ਬਖਸ਼ ਨਹੀਂ ਰਹੇ ਹਾਂ। ਕਿਸੇ ਨੂੰ ਚਾਰਜਸ਼ੀਟ ਕੀਤਾ ਹੈ, ਕਿਸੇ ਨੂੰ ਸਸਪੈਂਡ ਕੀਤਾ ਹੈ। ਬਹੁਤ ਸਾਰੇ ਮਗਨਰੇਗਾ ਦੇ ਟੀ.ਏ. ਸੀ ਜਾਂ ਹੋਰ ਕਰਮਚਾਰੀ ਸਨ, ਉਨ੍ਹਾਂ ਨੂੰ ਡਿਸਮਿਸ ਵੀ ਕੀਤਾ ਹੈ। ਮੈਂ authentic ਗੱਲ ਦੱਸਣੀ ਚਾਹੁੰਦਾ ਹਾਂ ਕਿ ਪਿਛਲੇ ਡੇਢ ਸਾਲ ਤੋਂ ਕੇਂਦਰ ਵਿੱਚ ਰਾਜ ਕਰਦੀ ਭਾਜਪਾ ਸਰਕਾਰ ਇਕੱਲੇ ਪੰਜਾਬ ਦਾ 350 ਕਰੋੜ ਰੁਪਿਆ ਸਿਰਫ ਮੈਟੀਰੀਅਲ ਦਾ ਰੋਕੀ ਬੈਠੀ ਹੈ। (ਵਿਘਨ) (ਸ਼ੋਰ) ਸਰ, ਇਸ ਤੋਂ ਵੱਡੀ ਗੱਲ ਕਿ ਮਗਨਰੇਗਾ ਵਿੱਚ ਕੰਮ ਕਰਦੇ ਵਿਚਾਰੇ ਕਾਮੇ ਜਿਹੜੇ 15,000-20,000 ਰੁਪਏ ਉਤੇ ਕੰਮ ਕਰ ਰਹੇ ਹਨ, ਚਾਰ ਮਹੀਨੇ ਤੋਂ ਉਨ੍ਹਾਂ ਦੀ ਤਨਖਾਹ ਦਾ 15 ਕਰੋੜ ਰੁਪਿਆ ਨਹੀਂ ਭੇਜ ਰਹੀ ਹੈ। ਸਰ, ਉਹ ਵਿਚਾਰੇ ਆਪਣੇ ਬੱਚਿਆਂ ਦੀਆਂ ਫੀਸਾਂ ਭਰਨ ਤੋਂ ਵੀ ਆਵਾਜ਼ਾਰ ਹੋ ਗਏ ਹਨ। ਇਹ ਉਸ ਗੱਲ ਦਾ ਜਵਾਬ ਦੇਣ ਕਿ 350 ਕਰੋੜ ਰੁਪਿਆ ਕਿਉਂ ਰੋਕਿਆ ਹੋਇਆ ਹੈ, 15 ਕਰੋੜ ਰੁਪਿਆ ਕਿਉਂ ਰੋਕ ਰੱਖਿਆ ਹੈ? ਇਹ ਆਡਿਟ-ਆਡਿਟ ਕਰ ਰਹੇ ਹਨ। ਅਸੀਂ ਕਿਹੜਾ ਆਡਿਟ ਤੋਂ ਭੱਜਦੇ ਹਾਂ। (ਵਿਘਨ) (ਸ਼ੋਰ) ਕਰਵਾਉ ਆਡਿਟ।

**ਮਾਣਯੋਗ ਸਪੀਕਰ** : ਬੈਠੋ ਮੰਤਰੀ ਜੀ। (ਵਿਘਨ) ਤੁਹਾਡੀ ਗੱਲ ਆ ਗਈ ਹੈ ਮੰਤਰੀ ਜੀ। (ਸ਼ੋਰ)

**ਦਿਹਾਤੀ ਵਿਕਾਸ ਅਤੇ ਪੰਚਾਇਤਾਂ ਮੰਤਰੀ** : 350 ਕਰੋੜ ਰੁਪਿਆ ਪੰਜਾਬ ਦਾ ਦਿਵਾਉ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਠੀਕ ਹੈ ਮੰਤਰੀ ਜੀ, ਬੈਠੋ। ਤੁਹਾਡੀ ਗੱਲ ਆ ਗਈ ਹੈ। ਅਸ਼ਵਨੀ ਜੀ ਆਪਣੀ ਗੱਲ ਪੂਰੀ ਕਰੋ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਸਪੀਕਰ ਸਾਹਿਬ, ਇਹ ਪੱਖਪਾਤ ਹੈ। ਪੁਆਇੰਟ ਆਫ ਆਰਡਰ ਭਾਸ਼ਣ ਨਹੀਂ ਹੁੰਦਾ।

**ਮਾਣਯੋਗ ਸਪੀਕਰ** : ਉਨ੍ਹਾਂ ਨੇ ਆਪਣੀ ਗੱਲ ਦੱਸੀ ਹੈ ਜੀ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਪੁਆਇੰਟ ਆਫ ਆਰਡਰ ਭਾਸ਼ਣ ਨਹੀਂ ਹੁੰਦਾ ਹੈ।

**ਮਾਣਯੋਗ ਸਪੀਕਰ** : ਤੁਸੀਂ ਮੈਨੂੰ ਨਹੀਂ ਦੱਸੋਗੇ ਕਿ ਕੀ ਹੁੰਦਾ ਹੈ, ਕਿਰਪਾ ਕਰਕੇ ਆਪਣੀ ਗੱਲ ਪੂਰੀ ਕਰੋ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਮੰਤਰੀ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ, ਜਵਾਬ ਤਾਂ ਤੁਸੀਂ ਦਿਉ ਕਿ ਆਡਿਟ ਕਿਉਂ ਨਹੀਂ ਹੋਇਆ ਹੈ? ਜਵਾਬ ਤਾਂ ਤੁਸੀਂ ਦਿਉ। ਤੁਸੀਂ 6000 ਪਿੰਡਾਂ ਦਾ ਸੋਸ਼ਲ ਆਡਿਟ ਨਾ ਕਰੋ, ਹੁਣ ਇਸ ਸਾਲ 7000 ਪਿੰਡਾਂ ਦਾ ਆਡਿਟ ਨਾ ਕਰੋ। ਤੁਸੀਂ ਗਰੀਬ ਆਦਮੀ ਦੀ ਗੱਲ ਕਰਦੇ ਹੋ, ਗਰੀਬੀ ਦੀ ਗੱਲ ਕਰਦੇ ਹੋ, ਤੁਸੀਂ ਕਰਦੇ ਕੀ ਹੋ ਗਰੀਬਾਂ ਲਈ? (ਵਿਘਨ) (ਸ਼ੋਰ) ਮੇਰਾ ਕਹਿਣਾ ਹੈ ਕਿ ਉਹ ਗਰੀਬ ਆਦਮੀ ਹੈ, ਦੇਸ਼ ਦਾ ਪ੍ਰਧਾਨ ਮੰਤਰੀ ਗਰੀਬੀ ਨੂੰ ਸਮਝਦਾ ਹੈ, ਉਹ ਗਰੀਬੀ ਵਿੱਚੋਂ ਨਿਕਲਿਆ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਬੈਠੋ ਜੀ। (ਵਿਘਨ) (ਸ਼ੋਰ)

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਉਹ ਗਰੀਬੀ ਵਿੱਚੋਂ ਨਿਕਲ ਕੇ ਆਇਆ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਅਸ਼ਵਨੀ ਜੀ ਤੁਹਾਡਾ ਸਮਾਂ ਪੂਰਾ ਹੋ ਗਿਆ ਹੈ, ਤੁਸੀਂ ਆਪਣੀ ਗੱਲ ਪੂਰੀ ਕਰ ਲਉ। (ਸ਼ੋਰ) ਮੰਤਰੀ ਜੀ ਤੁਸੀਂ ਬੈਠੋ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਉਹ ਗਰੀਬ ਆਦਮੀ ਹੈ, ਗਰੀਬਾਂ ਦੇ ਘਰ ਉਹ ਬਣਾਏ, ਅਨਾਜ ਉਹ ਭੇਜੇ, ਤੁਸੀਂ ਤਾਂ ਜਿਹੜੀ 2 ਰੁਪਏ ਕਿੱਲੋ ਆਟਾ ਸਕੀਮ ਚੱਲਦੀ ਸੀ, ਕਣਕ ਦੀ ਸਕੀਮ ਚੱਲਦੀ ਸੀ, ਉਹ ਬੰਦ ਕਰ ਦਿੱਤੀ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਚੇਅਰ ਨੂੰ ਐਡਰੈਸ ਕੀਤਾ ਜਾਵੇ। (ਵਿਘਨ) (ਸ਼ੋਰ)

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਸਪੀਕਰ ਸਾਹਿਬ, ਕੀ ਉਹ ਬੋਲੀ ਜਾਣਗੇ?

**ਮਾਣਯੋਗ ਸਪੀਕਰ** : ਮੈਂ ਉਨ੍ਹਾਂ ਨੂੰ ਵੀ ਕਹਿ ਰਿਹਾ ਹਾਂ। (ਵਿਘਨ) ਮੈਂ ਤੁਹਾਨੂੰ ਦੋਹਾਂ ਨੂੰ ਕਹਿ ਰਿਹਾ ਹਾਂ। ਮੰਤਰੀ ਜੀ ਬੈਠੋ। ਅਸ਼ਵਨੀ ਜੀ ਤੁਹਾਡਾ ਸਮਾਂ ਹੋਣ ਲੱਗਾ ਹੈ, ਤੁਸੀਂ ਚਾਰ ਗੁਣਾ ਸਮਾਂ ਲੈ ਗਏ ਹੋ, ਆਪਣੀ ਗੱਲ ਪੂਰੀ ਕਰੋ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਤੁਸੀਂ ਮੈਨੂੰ ਸਮਾਂ ਦਿੱਤਾ ਹੀ ਨਹੀਂ ਹੈ ਜੀ।

**ਪ੍ਰਿੰਸੀਪਲ ਬੁੱਧ ਰਾਮ** : ਇੱਕ ਜ਼ਰੂਰੀ ਗੱਲ ਹੈ ਜੀ।

**ਮਾਣਯੋਗ ਸਪੀਕਰ** : ਕੀ ਕਹਿਣਾ ਚਾਹੁੰਦੇ ਹੋ?

**ਪ੍ਰਿੰਸੀਪਲ ਬੁੱਧ ਰਾਮ** : ਸਪੀਕਰ ਸਾਹਿਬ, ਇੱਕ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਹੈ। ਮਗਨਰੇਗਾ ਦੀ ਕੈਗ ਦੀ ਰਿਪੋਰਟ ਹਾਊਸ ਵਿੱਚ ਪੇਸ਼ ਕੀਤੀ ਗਈ ਹੈ। ਕੈਗ ਦੀ ਰਿਪੋਰਟ ਕੀ ਆਡਿਟ ਨਹੀਂ ਹੁੰਦਾ ਹੈ? ਹੋਰ ਕੀ ਹੁੰਦਾ ਹੈ?

**ਮਾਣਯੋਗ ਸਪੀਕਰ** : ਤੁਸੀਂ ਬੈਠੋ ਜੀ। (ਵਿਘਨ) (ਸ਼ੋਰ) ਠੀਕ ਹੈ ਜੀ।

(ਇਸ ਸਮੇਂ ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ ਪ੍ਰਿੰਸੀਪਲ ਬੁੱਧ ਰਾਮ, ਆਪਸ ਵਿੱਚ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ**: ਬੈਠੋ ਜੀ, ਬੈਠੋ। (ਵਿਘਨ) (ਸ਼ੋਰ) ਅਸ਼ਵਨੀ ਜੀ ਤੁਸੀਂ ਆਪਣੀ ਗੱਲ ਕਨਕਲੂਡ ਕਰ ਲਉ। ਅਸ਼ਵਨੀ ਜੀ ਆਪਣੀ ਗੱਲ ਖਤਮ ਕਰ ਲਉ, ਮੈਂ ਅੱਗੇ ਚੱਲਣਾ ਹੈ। (ਵਿਘਨ) (ਸ਼ੋਰ)

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਮਜ਼ਦੂਰ ਨੂੰ, ਪੰਜਾਬ ਦੇ ਦਲਿਤ ਮਜ਼ਦੂਰ ਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਇਹ ਆਪਣੀ ਜ਼ਿੰਮੇਵਾਰੀ ਤੋਂ ਦੌੜ ਰਹੇ ਹਨ। (ਵਿਘਨ) (ਸ਼ੋਰ) ਇਹ ਕੀ ਕਹਿ ਰਹੇ ਹਨ ਕਿ ਰਾਜਾਂ ਦਾ 40% ਦਾ ਹਿੱਸਾ ਕਰ ਦਿੱਤਾ ਹੈ। ਥੋੜ੍ਹਾ ਜਿਹਾ ਐਡਵਰਟਾਈਜ਼ਮੈਂਟ ਘਟਾ ਲਉ। ਜੇਕਰ ਤੁਸੀਂ ਦਲਿਤ ਹਿਤੈਸ਼ੀ ਹੋ, ਤੁਸੀਂ ਮਜ਼ਦੂਰ ਹਿਤੈਸ਼ੀ ਹੋ ਤਾਂ ਐਡਵਰਟਾਈਜ਼ਮੈਂਟ ਘਟਾਉ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਠੀਕ ਹੈ ਜੀ। (ਵਿਘਨ) (ਸ਼ੋਰ)

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਤੁਸੀਂ ਇਹ ਕਹੋ ਨਾ ਕਿ ਗਰੀਬਾਂ ਲਈ ਸਟੇਟ ਦਾ 40% ਹਿੱਸਾ ਪਾ ਕੇ 125 ਦੇ 125 ਦਿਨ ਦਿਹਾੜੀ ਦਿਉਗੇ। ਤੁਸੀਂ ਆਪਣੀ ਜ਼ਿੰਮੇਵਾਰੀ ਤੋਂ ਕਿਉਂ ਦੌੜਦੇ ਹੋ?

**ਮਾਣਯੋਗ ਸਪੀਕਰ** : ਅਸ਼ਵਨੀ ਜੀ ਤੁਹਾਡੀ ਗੱਲ ਆ ਗਈ ਹੈ, ਹੁਣ ਬੈਠੋ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ (ਗੁਰਦਾਸਪੁਰ)** : ਧੰਨਵਾਦ, ਸਪੀਕਰ ਸਾਹਿਬ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਅਸੀਂ 117 ਬੰਦੇ ਪਹਿਲਾਂ ਪੰਜਾਬ ਦੇ ਹਾਂ, ਪਾਰਟੀਆਂ ਬਾਅਦ ਦੀ ਗੱਲ ਹੈ। ਅਸ਼ਵਨੀ ਜੀ ਨੂੰ ਮੈਂ ਇੱਕ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਆਪਾਂ ਨੁਕਸ ਕੱਢ ਰਹੇ ਹਾਂ ਕਿ ਫਲਾਣੀ ਸਰਕਾਰ ਦਾ ਇਹ ਨੁਕਸ ਹੈ, ਇੱਥੇ ਆਡਿਟ ਨਹੀਂ ਹੋਇਆ ਹੈ। ਤੁਸੀਂ ਸਰਕਾਰ ਦਾ ਜੋ ਨੁਕਸ ਕੱਢਣਾ ਹੈ, ਉਹ ਨੁਕਸ ਕੱਢੋ ਪਰ ਇਸ ਦਾ ਮਤਲਬ ਇਹ ਥੋੜ੍ਹਾ ਕਿ ਤੁਸੀਂ ਸਕੀਮ ਬੰਦ ਕਰ ਦਿਉਗੇ।

**ਮਾਣਯੋਗ ਸਪੀਕਰ** : ਬਿਲਕੁਲ ਠੀਕ ਹੈ ਜੀ।

**ਸਰਦਾਰ ਬਰਿੰਦਰਮੀਤ ਸਿੰਘ ਪਾਹੜਾ:** ਜੇ ਤੁਸੀਂ ਹਾਮੀ ਹੋ ਤਾਂ ਜਿਹੜਾ 11 ਹਜ਼ਾਰ ਕਰੋੜ ਕਦੇ ਅਡਾਨੀ ਦਾ ਮਾਫ ਕਰਦੇ ਹੋ, ਕਦੇ 15 ਹਜ਼ਾਰ ਕਰੋੜ ਮਾਫ ਕਰਦੇ ਹੋ ਤਾਂ ਉਨ੍ਹਾਂ ਦੀ ਸਕੀਮ ਕਿਉਂ ਨਹੀਂ ਬੰਦ ਕਰਦੇ ਹੋ? ਪਿਛਲੇ ਸਾਲ ਉਨ੍ਹਾਂ ਦੀ ਸਕੀਮ ਬੰਦ ਕੀਤੀ ਸੀ ਤਾਂ ਪ੍ਰੈਸ਼ਰ ਪਾ ਕੇ ਚਲਾਇਆ ਕਿ ਇਨ੍ਹਾਂ ਦਾ ਕਰਜ਼ਾ ਮਾਫ ਕਰਨਾ ਹੈ। ਤੁਸੀਂ ਉਨ੍ਹਾਂ ਦਾ 35-35 ਹਜ਼ਾਰ ਕਰੋੜ ਰੁਪਿਆ ਮਾਫ ਕਰ ਸਕਦੇ ਹੋ ਤਾਂ ਜਿਹੜਾ 40% ਹਿੱਸਾ ਸੂਬੇ ਨੂੰ ਪਾਉਣ ਨੂੰ ਕਹਿੰਦੇ ਹੋ, ਤੁਸੀਂ ਇੱਥੇ ਵੀ ਪਾ ਲਓ। ਕੀ ਤੁਹਾਨੂੰ ਇੱਥੇ ਗਰੀਬਾਂ ਦਾ ਹੱਕ ਨਹੀਂ ਦਿਖਦਾ ਹੈ? ਕੀ ਉਹ ਗਰੀਬ ਬੰਦੇ ਹਨ ਜਿਨ੍ਹਾਂ ਦਾ ਤੁਸੀਂ 15-15 ਹਜ਼ਾਰ ਕਰੋੜ ਰੁਪਏ ਮਾਫ ਕਰਦੇ ਹੋ? ਮੈਂ ਕਿਸੇ ਦੇ ਹੱਕ ਦੀ ਗੱਲ ਨਹੀਂ ਕਰਦਾ ਹਾਂ, ਮੈਂ ਪੰਜਾਬ ਦੀ ਗੱਲ ਕਰਦਾ ਹਾਂ।

**ਮਾਣਯੋਗ ਸਪੀਕਰ**: ਠੀਕ ਹੈ, ਠੀਕ ਹੈ, ਠੀਕ ਹੈ, ਪਾਹੜਾ ਸਾਹਿਬ। ਤੁਹਾਡੀ ਗੱਲ ਆ ਗਈ ਹੈ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ (ਸ੍ਰੀ ਅਮਨ ਅਰੋੜਾ)** : ਸਰ ਮੈਂ ਪਹਿਲਾਂ ਇਨ੍ਹਾਂ ਦੀ ਗੱਲ ਕਲੀਅਰ ਕਰ ਦਿਆਂ।

**ਮਾਣਯੋਗ ਸਪੀਕਰ**: ਕਰ ਦਿਓ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਇਸ ਤਰ੍ਹਾਂ ਹੈ ਕਿ ਅਸ਼ਵਨੀ ਸੇਖੜੀ ਜੀ ਬੜੇ ਸਤਿਕਾਰਤ ਹਨ।

**ਮਾਣਯੋਗ ਸਪੀਕਰ**: ਸੇਖੜੀ ਨਹੀਂ, ਅਸ਼ਵਨੀ ਸ਼ਰਮਾ ਜੀ ਹਨ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ:** ਸਰ, ਹੁਣ ਤਾਂ ਦੋਵੇਂ ਇਕੱਠੇ ਹੀ ਹੋਏ ਪਏ ਹਨ। ਅਸ਼ਵਨੀ ਸ਼ਰਮਾ ਜੀ ਬੜੇ ਸਤਿਕਾਰਤ ਹਨ ਪਰ ਗੱਲ ਇਹ ਹੈ ਕਿ ਇਹ ਹਾਊਸ ਨੂੰ ਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਨ੍ਹਾਂ ਨੇ ਦੋ-ਤਿੰਨ ਗੱਲਾਂ away from facts ਕੀਤੀਆਂ ਹਨ। ਮੇਰੇ ਕੁਝ ਸਵਾਲ ਹਨ, ਇਹ ਪਲੀਜ਼ ਕਲੀਅਰ ਕਰ ਦੇਣ। ਪਹਿਲੀ ਗੱਲ ਇਨ੍ਹਾਂ ਨੇ ਕਹੀ ਹੈ ਕਿ ਮਹਿਜ਼ 26 ਦਿਨ ਦੀ ਦਿਹਾੜੀ ਮਿਲੀ ਹੈ। (ਵਿਘਨ) ਮੈਂ ਸਮਝ ਗਿਆ ਹਾਂ ਜੀ, ਮੈਂ ਸਮਝ ਗਿਆ ਹਾਂ। ਇਹ ਕਹਿੰਦੇ ਹਨ ਕਿ 26 ਦਿਹਾੜੀਆਂ ਦੀ ਐਵਰੇਜ ਆਈ ਹੈ ਤਾਂ ਫਿਰ 100 ਤੋਂ 125 ਦਿਹਾੜੀਆਂ ਕਰਨ ਦਾ ਕੀ ਪਰਪਜ਼ ਹੈ? ਤੁਸੀਂ ਕਿਉਂ ਲੋਕਾਂ ਨੂੰ ਬੇਵਕੂਫ ਬਣਾ ਰਹੇ ਹੋ? (ਵਿਘਨ) Let me complete. ਮੈਂ ਤੁਹਾਨੂੰ ਡਿਸਟਰਬ ਨਹੀਂ ਕੀਤਾ, ਮੇਰੀਆਂ ਗੱਲਾਂ ਸੁਣ ਲਓ, ਉਸ ਤੋਂ ਬਾਅਦ ਤੁਸੀਂ ਜਵਾਬ ਦੇਣਾ, ਸਪੀਕਰ ਸਾਹਿਬ, ਇਨ੍ਹਾਂ ਨੂੰ ਟਾਇਮ ਦੇ ਦਿਓ।

**ਮਾਣਯੋਗ ਸਪੀਕਰ** : ਠੀਕ ਹੈ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਮੇਰਾ ਸਵਾਲ ਇਹ ਹੈ ਕਿ ਜੇ ਮਹਿਜ਼ 26 ਦਿਹਾੜੀਆਂ ਦੀ ਐਵਰੇਜ ਪਈ ਹੈ ਤਾਂ ਫਿਰ 100 ਤੋਂ 125 ਦਿਹਾੜੀਆਂ ਕਿਉਂ ਕੀਤਾ? ਦੂਜੀ ਗੱਲ, ਪਹਿਲਾਂ ਚਾਹੇ 26 ਦਿਹਾੜੀਆਂ ਲਗਦੀਆਂ ਸੀ, ਚਾਹੇ 100 ਦਿਹਾੜੀਆਂ ਲਗਦੀਆਂ ਸੀ, ਜੇ 100 ਦਿਹਾੜੀਆਂ ਲਗਦੀਆਂ ਸੀ ਤਾਂ ਬੰਦੇ ਨੂੰ 100 ਦਿਨਾਂ ਦਾ ਗਾਰੰਟਿਡ ਰੁਜ਼ਗਾਰ ਮਿਲਦਾ ਸੀ। ਹੁਣ ਇਨ੍ਹਾਂ ਨੇ ਉਹ ਗਾਰੰਟੀ ਤਾਂ ਹਟਾ ਦਿੱਤੀ ਹੈ। (ਵਿਘਨ) ਇੱਕ ਮਿੰਟ ਜੀ,

ਸ਼ਰਮਾ ਜੀ, ਪਹਿਲਾਂ demand driven ਸੀ ਕਿ 100 ਦਿਹਾੜੀਆਂ ਤੱਕ ਜਿੰਨੀ ਡਿਮਾਂਡ ਜਾਵੇਗੀ, ਉਨਾ ਮਿਲੇਗਾ। ਹੁਣ ਉਹ supply driven ਹੋ ਗਿਆ ਹੈ। ਹੁਣ ਪੂਰੇ ਮੁਲਕ ਦੀ ਕਿਹੜੀ ਸਟੇਟ ਤੇ ਕਿਹੜੇ ਜ਼ਿਲ੍ਹੇ, ਕਿਹੜੇ ਬਲਾਕ ਤੇ ਕਿਹੜੇ ਪਿੰਡ ਵਿੱਚ ਕਿਹੜਾ ਕੰਮ ਕਰਵਾਉਣਾ ਹੈ, ਕੇਂਦਰ ਸਰਕਾਰ ਤੋਂ ਲਿਖ ਕੇ ਜਾਵੇਗਾ ਤੇ ਦਿੱਲੀ ਬੈਠੀ ਕੇਂਦਰ ਸਰਕਾਰ ਡਿਸਾਈਡ ਕਰੇਗੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਗਾਰੰਟੀ ਹੈ ਤਾਂ ਫਿਰ ਕੀ ਅਸ਼ਵਨੀ ਸ਼ਰਮਾ ਜੀ ਇਹ ਐਨਸ਼ਿਉਰ ਕਰਨਗੇ ਕਿ ਪੰਜਾਬ ਵਿੱਚ 30 ਲੱਖ 22 ਹਜ਼ਾਰ ਐਪਲੀਕੈਂਟ ਮਗਨਰੇਗਾ ਦੇ ਕਾਰਡ ਹੋਲਡਰ ਹਨ ਤੇ ਜੇ ਮੰਨ ਲਓ ਕਿ ਸਾਰੇ ਦੇ ਸਾਰੇ 30 ਲੱਖ 22 ਹਜ਼ਾਰ ਕਾਰਡ ਹੋਲਡਰਜ਼ ਨੇ ਕੰਮ ਮੰਗ ਲਿਆ ਤਾਂ 346 ਰੁਪਏ ਦਿਹਾੜੀ ਹੈ ਤੇ 125 ਦਿਹਾੜੀਆਂ ਮਿਲਣੀਆਂ ਹਨ ਤਾਂ ਕੀ ਸ਼ਰਮਾ ਜੀ ਤੁਹਾਨੂੰ ਪਤਾ ਹੈ ਕਿ ਇਕੱਲੇ ਪੰਜਾਬ ਦਾ ਬਜਟ ਕਿੰਨਾ ਬਣ ਜਾਵੇਗਾ? ਤੁਸੀਂ ਸੁਣਿਆ ਨਹੀਂ ਹੈ। ਤੁਸੀਂ ਇਹ ਕਹਿੰਦੇ ਹੋ ਕਿ ਗਾਰੰਟਿਡ ਹੈ, ਤੁਸੀਂ ਕਹਿੰਦੇ ਹੋ ਕਿ 125 ਦਿਨਾਂ ਦਾ ਰੁਜ਼ਗਾਰ ਮਿਲੇਗਾ, 346 ਰੁਪਏ ਦਿਹਾੜੀ ਹੈ ਤੇ ਪੰਜਾਬ ਵਿੱਚ 30 ਲੱਖ 20 ਹਜ਼ਾਰ ਜਾਬ ਕਾਰਡ ਹੋਲਡਰ ਹਨ, ਉਸ ਵਾਸਤੇ ਕੇਂਦਰ ਸਰਕਾਰ ਨੂੰ ਇਕੱਲੇ ਪੰਜਾਬ ਲਈ 13 ਹਜ਼ਾਰ 62 ਕਰੋੜ ਰੁਪਏ ਬਜਟ ਵਿੱਚ ਐਲੋਕੇਟ ਕਰਨੇ ਪੈਣੇ ਹਨ। (ਵਿਘਨ) ਇੱਕ ਮਿੰਟ ਜੀ, Let me complete ji. ਸਰ, ਪੂਰੇ ਮੁਲਕ ਵਿੱਚ 15.5 ਕਰੋੜ ਜਾਬ ਕਾਰਡ ਹੋਲਡਰ ਹਨ ਤੇ 346 ਨੂੰ 125 ਨਾਲ ਮਲਟੀਪਲਾਈ ਕਰ ਲਓ ਤਾਂ 6 ਲੱਖ 70 ਹਜ਼ਾਰ ਕਰੋੜ ਰੁਪਏ ਬਣਦੇ ਹਨ। ਜੇ ਅੱਜ ਸ਼ਰਮਾ ਜੀ ਮੋਦੀ ਸਾਹਿਬ ਦੇ ਬਿਹਾਫ ਤੇ ਇਹ ਕਹਿੰਦੇ ਹਨ ਕਿ ਅਸੀਂ ਦੋ ਮਹੀਨੇ ਵਿੱਚ ਆਉਣ ਵਾਲੇ ਕੇਂਦਰੀ ਬਜਟ ਵਿੱਚ 6 ਲੱਖ 70 ਹਜ਼ਾਰ ਕਰੋੜ ਰੁਪਏ ਦੀ ਪ੍ਰੋਵੀਜ਼ਨ ਕਰ ਰਹੇ ਹਾਂ ਤਾਂ ਮੈਂ ਮੰਨ ਲੈਂਦਾ ਹਾਂ ਕਿ ਗਾਰੰਟੀ ਹੈ। ਇਹ ਸਾਡਾ 365 ਕਰੋੜ ਰੁਪਏ ਸਾਲ ਦਾ ਰੋਕ ਕੇ ਬੈਠੇ ਹਨ ਤੇ ਫਿਰ ਕਹਿੰਦੇ ਹਨ ਕਿ ਸਿਰਫ 26 ਦਿਨ ਲੱਗੇ ਹਨ। ਮੈਨੂੰ ਇੱਕ ਗੱਲ ਸਮਝਾਓ ਕਿ ਜੇ ਮਜ਼ਦੂਰ ਨੂੰ ਉਸ ਦੇ ਖਾਤੇ ਵਿੱਚ ਛੇ ਛੇ ਮਹੀਨੇ ਦਿਹਾੜੀ ਨਹੀਂ ਮਿਲੇਗੀ ਤਾਂ ਕੀ ਉਹ ਕੰਮ ਤੇ ਜਾਵੇਗਾ? ਪੰਚਾਇਤਾਂ ਕੋਲ ਇੰਨੇ ਕਿੰਨੇ ਕੁ ਨੋਟ ਦੱਬੇ ਪਏ ਹਨ? ਜੇ ਉਹ ਭੱਠੇ ਤੋਂ ਇੱਟਾਂ, ਸਰੀਆ, ਸੀਮਿੰਟ ਚੁੱਕਣ ਵਾਸਤੇ ਪਿੰਡ ਵਿੱਚ ਕੰਮ ਤੇ ਲਗਾ ਦੇਣਗੇ ਪਰ ਇਹ ਨਵਾਬ ਪੂਰਾ ਪੂਰਾ ਸਾਲ ਪੈਸੇ ਰਿਲੀਜ਼ ਨਹੀਂ ਕਰਨਗੇ ਤਾਂ ਦਿਹਾੜੀਆਂ ਲਗਾਉਣ ਕੌਣ ਜਾਵੇਗਾ? ਮੇਰੇ ਕਹਿਣ ਦਾ ਮਤਲਬ ਹੈ ਕਿ ਇਨ੍ਹਾਂ ਨੇ ਆਪ ਹੀ ਇਸ ਸਕੀਮ ਨੂੰ ਖਤਮ ਕੀਤਾ ਹੈ, ਆਪ ਹੀ ਸਕੀਮ ਨੂੰ ਮਾਰਿਆ ਹੈ ਤੇ ਹੁਣ accuse ਪੰਜਾਬ ਨੂੰ ਕਰ ਰਹੇ ਹਨ। ਇਨ੍ਹਾਂ ਨੇ ਗੱਲ ਕੀਤੀ ਕਿ ਦੋ ਮਹੀਨੇ ਮਤਲਬ ਹਾੜ੍ਹੀ ਤੇ ਸਾਉਣੀ ਵਿੱਚ ਗਰੀਬ ਲੋਕ ਤਾਂ ਮਾਰੇ ਗਏ, ਉਹ ਕੀ ਕਰਨਗੇ? ਫਿਰ ਅਗਲੀ ਗੱਲ ਇਹ ਕਹਿੰਦੇ ਹਨ ਕਿ ਕੀ ਕਾਰਵਾਈ ਕੀਤੀ? ਸਰ, ਇਹ ਕਾਰਵਾਈ ਹੋਈ ਹੈ, ਭਗਵੰਤ ਮਾਨ ਦੀ ਸਰਕਾਰ ਵਿੱਚ, ਜਿਹੜਾ ਹੁਣ ਤੱਕ ਕਹਿੰਦੇ ਹਨ ਕਿ ਘਪਲੇ ਹੋਏ ਹਨ, ਕਾਰਵਾਈ ਇਹ ਹੋਈ ਹੈ ਕਿ ਜਿਹੜਾ ਦੋ ਕਰੋੜ ਗਲਤ ਗਿਆ ਹੋਇਆ ਸੀ, ਉਹ ਰਿਕਵਰ ਕੀਤਾ ਹੈ ਅਤੇ 42 ਬੰਦਿਆਂ ਉੱਪਰ ਭਗਵੰਤ ਮਾਨ ਸਰਕਾਰ ਨੇ ਗਰੀਬਾਂ ਦਾ ਪੈਸਾ ਖਾਣ ਦੇ ਚੱਕਰ ਵਿੱਚ ਕਾਰਵਾਈ ਕੀਤੀ ਹੈ। (ਥੰਪਿੰਗ)

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ**: ਕਿੰਨੇ ਕੇਸਾਂ ਵਿੱਚ?

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ**: ਇੱਕ ਮਿੰਟ, ਬੈਠ ਜਾਓ ਯਾਰ, let me complete. ਹੁਣ ਅਗਲੀ ਗੱਲ ਸੁਣ ਲਵੋ ਜਿਹੜੇ ਘਪਲੇ ਦੀ ਗੱਲ ਕਰਦੇ ਸਨ। ਸਰ, ਚੀਮਾ ਸਾਹਿਬ ਨੇ ਮੱਧ ਪ੍ਰਦੇਸ਼ ਅਤੇ ਗੁਜਰਾਤ ਰਾਜ ਵਿੱਚ ਹੋਏ ਘਪਲੇ ਦੀ ਗੱਲ ਕੀਤੀ ਸੀ, ਉੱਥੇ ਵੀ ਘਪਲੇ ਹੋਏ ਹਨ ਅਤੇ ਪੰਜਾਬ ਵਿੱਚ ਵੀ ਹੋਏ ਹਨ ਪਰ ਕਦੋਂ ਹੋਏ ਸਨ? ਇਹ ਦੇਖਣ ਵਾਲੀ ਗੱਲ ਹੈ। ਇਹ ਪਿਛਲੀ ਕਾਂਗਰਸ ਪਾਰਟੀ ਦੀ ਸਰਕਾਰ ਵੇਲੇ ਹੋਏ ਸਨ। ਇਹ ਪੂਰੇ ਪੰਜਾਬ ਵਿੱਚ ਕਿੱਥੇ ਹੋਏ ਹਨ? ਇਹ ਗਿੱਦੜਬਾਹਾ ਅਤੇ ਮੁਕਤਸਰ ਸਾਹਿਬ ਦੇ ਇਲਾਕੇ ਵਿੱਚ ਹੋਏ ਹਨ ਜਾਂ ਅਬੋਹਰ ਅਤੇ ਫਾਜ਼ਿਲਕਾ

ਇਲਾਕੇ ਵਿੱਚ ਹੋਏ ਹਨ। ਪਿਛਲੀ ਸਰਕਾਰ ਵਿੱਚ ਗਿੱਦੜਬਾਹਾ ਵਿੱਚ ਕਿਸ ਦੀ ਤੂਤੀ ਬੋਲਦੀ ਸੀ, ਚੰਮ ਦੀਆਂ ਕਿਸ ਦੀਆਂ ਚੱਲਦੀਆਂ ਸਨ? ਇਨ੍ਹਾਂ ਦੇ ਪ੍ਰਧਾਨ ਰਾਜਾ ਵੜਿੰਗ ਦੀਆਂ ਅਤੇ ਅਬੋਹਰ, ਫਾਜ਼ਿਲਕਾ ਵਿੱਚ ਤੂਤੀ ਕਿਸ ਦੀ ਬੋਲਦੀ ਸੀ? ਉੱਥੇ ਚੰਮ ਦੀਆਂ ਕੌਣ ਚਲਾਉਂਦੇ ਸੀ? ਇਨ੍ਹਾਂ ਦੇ ਪ੍ਰਧਾਨ ਸੁਨੀਲ ਜਾਖੜ ਜੀ। ਸਰ, ਇਨ੍ਹਾਂ ਨੇ ਆਪ ਘਪਲੇ ਕੀਤੇ ਹਨ ਅਤੇ ਹੁਣ ਅਗਲੀ ਗੱਲ ਨਾਲ ਸਾਰਾ ਕੁਝ ਹੀ ਕਲੀਅਰ ਹੋ ਜਾਵੇਗਾ। ਮੈਂ ਤੁਹਾਨੂੰ ਫੈਕਟਸ ਦੇ ਦਿੰਦਾ ਹਾਂ ਕਿ 2005 ਤੋਂ ਜਦੋਂ ਦੀ ਸਕੀਮ ਆਈ ਹੈ। ਸਪੀਕਰ ਸਾਹਿਬ, ਧਿਆਨ ਦਿਉ। ਸਰ, 2005 ਵਿੱਚ ਸਕੀਮ ਆਈ ਹੈ, 20 ਸਾਲ ਹੋਏ ਹਨ, ਹੁਣ ਤੱਕ ਤਕਰੀਬਨ 11,700 ਕਰੋੜ ਰੁਪਿਆ ਸਕੀਮ ਤਹਿਤ ਪੰਜਾਬ ਵਿੱਚ ਆਇਆ ਹੈ। ਸਰ, ਇਨ੍ਹਾਂ ਦੀ ਮੋਤੀਆਂ ਵਾਲੀ ਸਰਕਾਰ ਸੀ, ਅਕਾਲੀ ਦਲ ਅਤੇ ਭਾਜਪਾ ਦੀ ਸਾਲ 2007 ਤੋਂ 2017 ਤੱਕ 10 ਸਾਲ ਸਰਕਾਰ ਸੀ, ਉਨ੍ਹਾਂ ਸਾਲਾਂ ਵਿੱਚ ਮਗਨਰੇਗਾ ਦਾ ਕਿੰਨਾ ਪੈਸਾ ਲੱਗਿਆ ਅਤੇ ਗਰੀਬਾਂ ਦੇ ਘਰਾਂ ਤੱਕ ਪਹੁੰਚਿਆ? ਸਰ, 10 ਸਾਲਾਂ ਵਿੱਚ 1988 ਕਰੋੜ ਰੁਪਿਆ ਅਤੇ ਇਨ੍ਹਾਂ ਦੀ ਸਾਲ 2017 ਤੋਂ 2022 ਤੱਕ ਮੋਤੀਆਂ ਦੀ ਸਰਕਾਰ ਸੀ, ਇਨ੍ਹਾਂ ਦੇ ਪੰਜ ਸਾਲਾਂ ਵਿੱਚ 4708 ਕਰੋੜ ਰੁਪਿਆ ਲੱਗਿਆ ਜਿਹੜਾ ਕੇਂਦਰ ਤੋਂ ਆਇਆ। ਹੁਣ ਗਰੀਬਾਂ ਦੀ ਸਰਕਾਰ, ਇਹ ਆਮ ਲੋਕਾਂ ਦੀ ਸਰਕਾਰ, ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਿੱਚ, ਜਿਹੜੇ ਇਹ ਵਾਰ ਵਾਰ ਕਹਿੰਦੇ ਰਹੇ ਹਨ ਕਿ ਗਰੀਬ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਦੇ ਖਾਤੇ ਵਿੱਚ ਦਿਹਾੜੀ ਪਹੁੰਚਣੀ ਚਾਹੀਦੀ ਹੈ। ਸਾਡੇ ਸਾਢੇ ਤਿੰਨ ਸਾਲਾਂ ਦੀ ਇਸ ਸਰਕਾਰ ਵਿੱਚ 5031 ਕਰੋੜ ਰੁਪਿਆ ਗਰੀਬ ਲੋਕਾਂ ਦੇ ਘਰਾਂ ਵਿੱਚ ਜਾ ਚੁੱਕਿਆ ਹੈ (ਥੰਪਿੰਗ)। ਉਸ ਦੇ ਬਾਵਜੂਦ ਜਦੋਂ 8-8 ਮਹੀਨੇ ਅਤੇ ਸਾਲ ਭਰ ਕੇਂਦਰ ਤੋਂ ਪੈਸੇ ਰਿਲੀਜ਼ ਨਹੀਂ ਕਰਦੇ, ਉਸ ਦੇ ਬਾਵਜੂਦ ਵੀ ਲੋਕਾਂ ਦੇ ਘਰਾਂ ਵਿੱਚ ਸਰਦਾਰ ਭਗਵੰਤ ਮਾਨ ਦੀ ਸਰਕਾਰ ਪੈਸਾ ਪਹੁੰਚਾ ਰਹੀ ਹੈ ਲੇਕਿਨ ਇਹ ਸਾਨੂੰ ਸਵਾਲ ਕਰਦੇ ਹਨ? ਘਪਲੇ ਤਾਂ ਇਨ੍ਹਾਂ ਦੇ ਲੀਡਰਾਂ ਦੇ ਕੀਤੇ ਹੋਏ ਹਨ ਅਤੇ ਰਿਆਸਤਾਂ ਵਿੱਚ ਹੁੰਦੇ ਰਹੇ ਹਨ। ਸੀ.ਐਮ. ਸਾਹਿਬ, ਮੇਰੀ ਤੁਹਾਨੂੰ ਬੇਨਤੀ ਹੈ ਜੀ, ਜੋ ਅਬੋਹਰ, ਮੁਕਤਸਰ ਅਤੇ ਗਿੱਦੜਬਾਹਾ ਵਿੱਚ ਘਪਲੇ ਹੋਏ ਹਨ, ਉਨ੍ਹਾਂ ਦੀ ਜਾਂਚ ਕਰਵਾਓ। ਫਿਰ ਦੇਖੋ ਇਨ੍ਹਾਂ ਦੀਆਂ ਭਾਜੜਾਂ ਪੈਂਦੀਆਂ।

**ਸ੍ਰੀ ਅਸ਼ਵਨੀ ਕੁਮਾਰ ਸ਼ਰਮਾ** : ਪੂਰੇ ਪੰਜਾਬ ਦੀ ਕਰਵਾਓ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਮੈਂ ਤਾਂ ਕਹਿੰਦਾ ਹਾਂ ਕਿ ਪੂਰੇ ਪੰਜਾਬ ਦੀ ਕਰਵਾਓ ਜੀ।

**ਮਾਣਯੋਗ ਸਪੀਕਰ** : ਠੀਕ ਹੈ, ਇੱਧਰ ਚੇਅਰ ਨੂੰ ਐਡਰੈਸ ਕਰੋ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਇਹ ਰਲੇ ਮਿਲੇ ਹੋਏ ਹਨ। ਜੋ ਸੌਂਦ ਸਾਹਿਬ ਪਹਿਲਾਂ ਗੱਲ ਕਰ ਚੁੱਕੇ ਹਨ, ਸਟੈਂਡਿੰਗ ਕਮੇਟੀ ਵਿੱਚ ਸਰਬਸੰਮਤੀ ਨਾਲ ਕਾਂਗਰਸ ਵਾਲੇ ਚੇਅਰਮੈਨ ਉਲਾਕਾ ਜੀ ਨੇ ਡਿਸਕਸ਼ਨ ਪਤਾ ਕੀ ਕੀਤੀ ਹੈ? ਡਿਸਕਸ਼ਨ ਇਹ ਕੀਤੀ ਹੈ ਕਿ ਆਉਣ ਵਾਲੇ ਛੇ ਮਹੀਨਿਆਂ ਵਿੱਚ ਵੀ.ਬੀ. ਰਾਮ ਜੀ ਰਾਮ ਲਾਗੂ ਕਿਵੇਂ ਕਰਨੀ ਹੈ, ਇਹ ਡਿਸਕਸ਼ਨ ਹੋਈ ਹੈ ਅਤੇ ਇੱਥੇ ਮਗਰਮੱਛ ਵਾਲੇ ਹੰਝੂ ਵਹਾਈ ਜਾਂਦੇ ਹਨ।

**ਮਾਣਯੋਗ ਸਪੀਕਰ**: ਠੀਕ ਹੈ ਜੀ।

**ਨਵ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ** : ਸਰ, ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਅਸੀਂ ਇਹ ਕੰਮ ਨਹੀਂ ਚੱਲਣ ਦੇਣਾ, ਜਿਸ ਤਰੀਕੇ ਨਾਲ ਇਹ ਗੁੰਮਰਾਹ ਕਰਨਗੇ, ਅਸੀਂ ਪੰਜਾਬ ਨੂੰ ਭੋਰਾ ਨਹੀਂ ਹੋਣ ਦੇਣਾ। ਬਹੁਤ ਬਹੁਤ ਧੰਨਵਾਦ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਜਿਹੜੀ ਗੱਲ ਦਾ ਅਰੋੜਾ ਸਾਹਿਬ ਨੇ ਜ਼ਿਕਰ ਕੀਤਾ ਹੈ, ਇਹ ਟੋਟਲੀ ਬੇਬੁਨਿਆਦ ਹੈ। According to sources, ਉਸ ਖਬਰ ਵਿੱਚ ਲਿਖਿਆ ਹੈ, ਅਜੇ ਤੱਕ ਕਾਨੂੰਨ ਲਾਗੂ ਨਹੀਂ ਹੋਇਆ ਹੈ। ਆਪਾਂ ਬੇਬੁਨਿਆਦ ਗੱਲਾਂ ਨਾ ਕਰੀਏ। ਸਾਰੇ ਦੇਸ਼ ਵਿੱਚ ਐਜੀਟੇਸ਼ਨ ਅਸੀਂ ਕਰ ਰਹੇ ਹਾਂ, ਕਾਨੂੰਨ ਅਸੀਂ ਲੈ ਕੇ ਆਏ ਹਾਂ। ਥੋੜ੍ਹਾ ਬਹੁਤਾ ਕੋਈ ਸਮਝਦਾਰੀ ਦਾ ਕੰਮ ਕਰੋ, ਇਹ according to sources ਹੈ, ਇਸ ਬਾਰੇ ਦੱਸੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਅੱਜ ਹੀ ਲੈਟਰ ਲਿਖ ਕੇ ਉਹ ਰਿਪੋਰਟ ਮੰਗਵਾ ਲਵੋ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਨਾਲ ਸ਼ੇਅਰ ਕਰ ਦਿਉ ਅਤੇ ਨਾਲੇ ਸਾਰੇ ਮੈਂਬਰ ਸਾਹਿਬਾਨ ਨਾਲ ਸ਼ੇਅਰ ਕਰ ਦਿਉ ਕਿ ਤੁਹਾਡੇ ਚੇਅਰਮੈਨ ਨੇ ਕੀ ਰੋਲ ਨਿਭਾਇਆ ਹੈ। ਗੱਲ ਹੀ ਸਾਫ ਹੋ ਜਾਵੇਗੀ, ਪਤਾ ਲੱਗ ਜਾਵੇਗਾ ਅਤੇ ਦੂਸਰਾ ਅਸ਼ਵਨੀ ਜੀ ਨੇ ਫਰਾਡ ਦੀ ਗੱਲ ਕੀਤੀ ਹੈ। ਤੁਹਾਡੇ ਗੁਜਰਾਤ ਦੇ ਮਨਿਸਟਰ ਹਨ, Bachubhai Khabad, ਜਾਣਦੇ ਹੋ, ਕੌਣ ਹੈ?

**ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ**: ਪੰਜਾਬ ਦੀ ਗੱਲ ਕਰ ਲਓ।

**ਵਿੱਤ ਮੰਤਰੀ**: ਖੜ੍ਹ ਜਾਓ, ਸੁਣ ਲਓ ਯਾਰ। ਹੁਣ ਖੜ੍ਹ ਜਾਓ।

**ਮਾਣਯੋਗ ਸਪੀਕਰ**: ਚੀਮਾ ਸਾਹਿਬ, ਚੇਅਰ ਨੂੰ ਐਡਰੈਸ ਕਰੋ।

**ਵਿੱਤ ਮੰਤਰੀ** : 71 ਕਰੋੜ ਰੁਪਏ ਦਾ ਘਪਲਾ, ਬੀ.ਜੇ.ਪੀ. ਦੀ ਸਰਕਾਰ ਵਿੱਚ ਹੋਇਆ ਹੈ। ਮੱਧ ਪ੍ਰਦੇਸ਼ ਵਿੱਚ ਸ਼ਿਵ ਰਾਜ ਚੌਹਾਨ ਜੀ ਬਿਆਨ ਦੇ ਰਹੇ ਹਨ। ਸਾਰੇ ਟੀ.ਵੀ. ਤੇ ਸੁਣ ਰਹੇ ਹਨ। ਸ਼ਿਵ ਰਾਜ ਚੌਹਾਨ ਦੀ ਸਰਕਾਰ ਵਿੱਚ 255 ਕਰੋੜ ਰੁਪਏ ਦਾ ਘਪਲਾ, ਭਾਰਤੀ ਜਨਤਾ ਪਾਰਟੀ ਦੀ ਬਿਹਾਰ ਵਿੱਚ ਜੋ ਨਿਤਿਸ਼ ਨਾਲ ਸਰਕਾਰ ਹੈ ਉਸ ਵਿੱਚ 5 ਹਜਾਰ ਤੋਂ ਲੈ ਕੇ 6 ਹਜ਼ਾਰ ਕਰੋੜ ਰੁਪਏ ਦਾ ਘਪਲਾ ਹੋਇਆ ਹੈ। ਤੁਸੀਂ ਕਿਹੜੇ ਮੂੰਹ ਨਾਲ ਬੋਲਦੇ ਹੋ? ਘਪਲੇਬਾਜ਼ ਤੁਸੀਂ ਹੋ, ਤੁਹਾਡੀਆਂ ਸਰਕਾਰਾਂ ਪੈਸੇ ਖਾ ਗਈਆਂ ਤੇ ਤੁਸੀਂ ਸਾਨੂੰ ਦੋਸ਼ੀ ਕਹਿੰਦੇ ਹੋ। ਅਸੀਂ ਪੰਜ ਹਜ਼ਾਰ ਕਰੋੜ ਰੁਪਏ ਤੋਂ ਉੱਪਰ, ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਹੁਣ ਤੱਕ ਗਰੀਬਾਂ ਦੇ ਮੂੰਹ ਵਿੱਚ ਦੇ ਦਿੱਤਾ ਹੈ।

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

**ਮਾਣਯੋਗ ਸਪੀਕਰ:** ਬੈਠੋ ਅਸ਼ਵਨੀ ਜੀ।

**ਵਿੱਤ ਮੰਤਰੀ:** ਇਹ ਸਕੀਮ ਨੂੰ ਡਿਫੈਂਡ ਕਰ ਰਹੇ ਹਨ। ਇਸ ਲਈ ਮੇਰਾ ਦੱਸਣਾ ਫਰਜ਼ ਹੈ ਕਿ ਸ਼ਿਵ ਰਾਜ ਚੌਹਾਨ ਜੀ ਦੀ ਸਰਕਾਰ ਵਿੱਚ ਕਿੰਨਾ ਘਪਲਾ ਹੋਇਆ ਹੈ, ਮੱਧ ਪ੍ਰਦੇਸ਼ ਵਿੱਚ ਕਿੰਨਾ ਘਪਲਾ ਹੋਇਆ ਹੈ, ਗੁਜਰਾਤ ਵਿੱਚ ਕਿੰਨਾ

ਘਪਲਾ ਹੋਇਆ ਹੈ, ਬਿਹਾਰ ਵਿੱਚ ਕਿੰਨਾ ਘਪਲਾ ਹੋਇਆ ਹੈ? ਸਰਕਾਰਾਂ ਇਨ੍ਹਾਂ ਦੀਆਂ ਹਨ। ਇਹ ਜਵਾਬ ਦੇਣ। ਇਹ ਫੈਕਟਸ ਲੈ ਕੇ ਆਉਣ। ਇਹ ਪੰਜਾਬ ਦੀ ਗੱਲ ਕਰਦੇ ਹਨ। ਇਹ ਇੱਕ ਅੱਧੇ ਬਲਾਕ ਦੀ ਗੱਲ ਕਰਦੇ ਹਨ। ਅਸੀਂ ਇੱਕ ਅੱਧੇ ਬਲਾਕ ਵਿੱਚ ਜੋ ਵੀ ਕਿਸੇ ਨੇ ਕੀਤਾ, ਉਹ ਠੋਕ ਕੇ ਰੱਖ ਦਿੱਤਾ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਡਾਕਟਰ ਬਲਬੀਰ ਜੀ, ਮੁੱਖ ਮੰਤਰੀ ਸਾਹਿਬ ਨੇ ਵੀ ਬੋਲਣਾ ਹੈ, ਤੁਸੀਂ ਬਰੀਫ ਵਿੱਚ ਇੰਟਰੋਡਕਸ਼ਨ ਕਰ ਲਓ। ਹੁਣ ਸਿਰਫ ਦੋ ਬੁਲਾਰੇ ਰਹਿ ਗਏ ਹਨ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਡਾਕਟਰ ਬਲਬੀਰ ਸਿੰਘ):** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ। ਜਿਹੜਾ ਇਹ ਬਿਲ ਹੈ, ਇਸ ਵਿੱਚ ਜੋ ਸਾਨੂੰ ਨਜ਼ਰ ਆਉਂਦਾ ਹੈ ਅਤੇ ਜੋ ਸਾਨੂੰ ਨਜ਼ਰ ਨਹੀਂ ਆਉਂਦਾ, ਉਸ ਵਾਸਤੇ ਮੈਂ ਕਹਾਂਗਾ ਕਿ ਇੱਕ ਅੰਗਰੇਜ਼ੀ ਦਾ ਸ਼ਬਦ ਹੈ red herring. ਮੈਂ ਇਸ ਦਾ ਪੰਜਾਬੀ ਦਾ ਸ਼ਬਦ ਵੀ ਲੱਭ ਰਿਹਾ ਸੀ। ਉਹ ਮੈਨੂੰ ਨਹੀਂ ਮਿਲ ਰਿਹਾ, ਧੋਖੇਬਾਜ਼, ਤਿਕੜਮਬਾਜ਼, ਡਰਾਮੇਬਾਜ਼ ਪਰ ਫਿਰ ਮੈਨੂੰ ਇੱਕ ਅਖਾਣ ਯਾਦ ਆਇਆ ਕਿ ਬਗਲ ਵਿੱਚ ਛੁਰੀ, ਮੂੰਹ ਵਿੱਚ ਰਾਮ ਰਾਮ। ਸਪੀਕਰ ਸਾਹਿਬ, ਮੂੰਹ ਵਿੱਚ ਤਾਂ ਜੀ ਰਾਮ ਜੀ। ਇਸ ਦਾ ਭਗਵਾਨ ਰਾਮ ਨਾਲ ਕੀ ਸਬੰਧ ਹੈ? ਉਹ ਤਾਂ ਮਰਿਆਦਾ ਪਰਸ਼ੋਤਮ ਸੀ। ਉਨ੍ਹਾਂ ਦੀ ਜਿਹੜੀ ਵੈਲਿਊ ਸੀ, ਉਨ੍ਹਾਂ ਨੇ ਜੋ ਗਰੀਬਾਂ ਵਾਸਤੇ ਕੀਤਾ। (ਵਿਘਨ) ਹੁਣ ਸੁਣ ਕੇ ਜਾਇਓ, ਅਸ਼ਵਨੀ ਜੀ ਹੁਣ ਸੁਣ ਕੇ ਜਾਇਓ। ਸਪੀਕਰ ਸਾਹਿਬ, ਮੈਂ ਇਨ੍ਹਾਂ ਦੇ ਮੂੰਹ ਵਿੱਚ ਰਾਮ ਰਾਮ ਅਤੇ ਬਗਲ ਵਿੱਚ ਛੁਰੀਆਂ ਦੀ ਗੱਲ ਕਰਨੀ ਹੈ। ਸਰ, ਪਹਿਲੀ ਛੁਰੀ ਤਾਂ ਇਹੀ ਹੈ ਕਿ ਇਨ੍ਹਾਂ ਨੇ ਮਹਾਤਮਾ ਦਾ ਦੂਜੀ ਵਾਰੀ ਮਰਡਰ ਕਰ ਦਿੱਤਾ। ਦੂਜੀ ਛੁਰੀ, 125 ਦਿਨ ਵਾਲੀ ਹੈ। ਸਰ, ਮੈਂ ਤੁਹਾਨੂੰ ਥੋੜ੍ਹਾ ਜਿਹਾ ਡਾਟਾ ਦੇ ਰਿਹਾ ਹਾਂ। ਸਾਲ 2020-21 ਵਿੱਚ 61,500 ਕਰੋੜ ਰੁਪਏ ਦਾ ਬਜਟ ਸੀ, ਇਸ ਨੂੰ ਨਾਰਮੇਟਿਵ ਬਜਟ ਕਹਿੰਦੇ ਹਨ ਕਿ ਸੈਂਟਰ ਨੇ ਕਹਿ ਦਿੱਤਾ ਕਿ ਇੰਨਾ ਬਜਟ ਹੋਵੇਗਾ। ਫਿਰ 1,11,500 ਕਰੋੜ ਰੁਪਏ ਰਿਵਾਈਜ਼ ਬਜਟ ਹੋਇਆ ਜਦਕਿ 1,11,170 ਕਰੋੜ ਰੁਪਏ ਦੇ ਫੰਡ ਰਿਲੀਜ਼ ਹੋਏ। ਇਨ੍ਹਾਂ ਨੂੰ 40 ਹਜ਼ਾਰ ਕਰੋੜ ਤੋਂ ਜ਼ਿਆਦਾ ਕਿਉਂ ਕਰਨਾ ਪਿਆ ਕਿਉਂਕਿ ਇਸ ਦਾ ਬਜਟ ਗ੍ਰਾਮ ਸਭਾ ਵਿੱਚ ਬਣਦਾ ਸੀ, it was demand driven, ਗ੍ਰਾਮ ਸਭਾ ਨੇ ਜਿੰਨੇ ਪੈਸੇ ਮੰਗ ਲਏ, ਉਹ ਇਨ੍ਹਾਂ ਨੂੰ ਦੇਣੇ ਪੈਣਗੇ। ਇਸ ਕਰਕੇ ਇਨ੍ਹਾਂ ਨੂੰ ਇਹ ਬਜਟ ਦੇਣਾ ਪਿਆ। ਸਾਲ 2022-23 ਵਿੱਚ 73,000 ਕਰੋੜ, ਸਾਲ 2023-24 ਵਿੱਚ 60,000 ਕਰੋੜ, ਤੇ ਬਜਟ ਘਟਾ ਦਿੱਤਾ ਗਿਆ ਹਾਲਾਂਕਿ 98,000 ਕਰੋੜ ਰੁਪਏ ਦੀ ਡਿਮਾਂਡ ਸੀ। ਇਸ ਦਾ 1/3 ਘਟਾ ਦਿੱਤਾ ਗਿਆ ਤੇ ਉਸ ਨੂੰ 60,000 ਕਰੋੜ ਰੁਪਏ ਕਰ ਦਿੱਤਾ। ਹੁਣ ਜਿਹੜੀ ਇਹ ਸਕੀਮ ਹੈ, ਇਸ ਨੂੰ ਨਾਰਮੇਟਿਵ ਕਹਿੰਦੇ ਹਨ। ਇਸ ਵਿੱਚ ਸੈਂਟਰ ਸਰਕਾਰ ਨਾਰਮ ਸੈੱਟ ਕਰ ਦੇਵੇਗੀ ਕਿ ਪੰਜਾਬ ਨੂੰ ਇੰਨੇ ਪੈਸੇ ਜਾਣੇ ਹਨ। ਇਸ ਦੇ ਲਈ ਇੱਕ ਹੋਰ red herring ਆਈ ਹੈ, ਇਹ ਕਹਿੰਦੇ ਕਿ ਤਿੰਨ ਤਰ੍ਹਾਂ ਦੇ ਪਿੰਡ ਹੋਣਗੇ। ਏ, ਬੀ ਅਤੇ ਸੀ, ਅੱਗੇ ਤਾਂ ਸਾਰੇ ਪਿੰਡਾਂ ਦੇ ਬੰਦਿਆਂ ਨੂੰ ਕੰਮ ਮਿਲਦਾ ਸੀ। ਹੁਣ ਏ ਅਤੇ ਬੀ ਨੂੰ ਕੱਢ ਦੇਣਗੇ। ਇਸ ਵਿੱਚ ਜਿਹੜੇ ਮੇਰੇ ਕਾਂਗਰਸ ਦੇ ਭਰਾ ਬੈਠੇ ਹਨ, ਇਨ੍ਹਾਂ ਨੂੰ ਆਪਣੀ ਪੀੜ੍ਹੀ ਥੱਲੇ ਵੀ ਸੋਟਾ ਫੇਰਨਾ ਚਾਹੀਦਾ ਹੈ। ਸਰ ਇਨ੍ਹਾਂ ਨੇ ਪੰਜਾਬ ਦਾ 350 ਕਰੋੜ ਰੁਪਿਆ ਮੈਟੀਰੀਅਲ ਦਾ ਦੇਣਾ ਹੈ। ਉਨ੍ਹਾਂ ਨੇ ਮੈਟੀਰੀਅਲ ਦਾ ਕੋਈ ਪੈਸਾ ਨਹੀਂ ਦਿੱਤਾ। ਪਿਛਲੇ ਡੇਢ-ਦੋ ਸਾਲ ਤੋਂ, ਅਤੇ ਪਟਿਆਲੇ ਵਿੱਚ ਤਿੰਨ ਸਾਲ ਤੋਂ ਮੈਟੀਰੀਅਲ ਦਾ ਪੈਸਾ ਨਹੀਂ ਦਿੱਤਾ। ਜਦੋਂ ਮੈਟੀਰੀਅਲ ਹੀ ਨਹੀਂ ਦੇਵੋਗੇ ਤਾਂ ਲੇਬਰ ਕੰਮ ਕਿਵੇਂ ਕਰੇਗੀ? ਸਰ, ਪੰਜਾਬ ਵਿੱਚ ਹੜ੍ਹ ਆਏ ਅਤੇ ਜਿੱਥੇ ਹੜ੍ਹ ਆਉਂਦੇ ਹਨ, ਜਿੱਥੇ ਕੁਦਰਤੀ ਆਫਤ ਆਉਂਦੀ ਹੈ, ਉੱਥੇ 100 ਦਿਨ ਦੀ ਬਜਾਏ 150 ਦਿਨਾਂ ਵਿੱਚ ਕੰਮ ਦੇਣਾ ਹੁੰਦਾ ਹੈ। ਇਨ੍ਹਾਂ ਨੇ ਬਿਹਾਰ ਨੂੰ ਇਸ ਸਾਲ ਵਿੱਚ 1370 ਕਰੋੜ ਰੁਪਏ ਦਿੱਤੇ। ਇਹ ਜਿੱਥੇ ਹੜ੍ਹ ਆਉਂਦੇ ਹਨ, ਜਿੱਥੇ ਕੁਦਰਤੀ ਆਫਤ ਆਉਂਦੀ ਹੈ, ਉੱਥੇ ਪੈਸੇ ਨਹੀਂ ਦਿੰਦੇ, ਜਿੱਥੇ ਇਲੈਕਸ਼ਨ ਆਉਂਦੀ ਹੈ, ਉੱਥੇ ਪੈਸੇ ਦਿੰਦੇ ਹਨ। ਇਹ

ਦੂਜੀ red herring ਹੈ। ਜਿਹੜੇ ਮੇਰੇ ਭਰਾ ਸਾਹਮਣੇ ਬੈਠੇ ਹਨ, ਇਹ ਕਹਿੰਦੇ ਹਨ ਕਿ ਹਰਿਆਣਾ ਗਿਆ, ਚਲੋ ਜਾਣ ਦਿਓ, ਮਹਾਰਾਸ਼ਟਰ ਗਿਆ, ਉਹ ਵੀ ਜਾਣ ਦਿਓ, ਬਿਹਾਰ ਗਿਆ, ਚਲੋ ਉਹ ਵੀ ਜਾਣ ਦਿਓ। ਮੈਂ ਇਨ੍ਹਾਂ ਦੇ ਪ੍ਰਧਾਨ ਦੀ ਗੱਲ ਨਹੀਂ ਕਰਦਾ। ਇਹ ਤਾਂ ਉਹੀ ਗੱਲ ਹੋਈ ਕਿ ਇੱਕ ਬੰਦਾ ਪਹਾੜ ਤੇ ਗੱਡੀ ਰਿਵਰਸ ਕਰ ਰਿਹਾ ਸੀ। ਉਨ੍ਹਾਂ ਨੇ ਇੱਕ ਅਨਜਾਣ ਜਿਹਾ ਬੰਦਾ ਖੜ੍ਹਾ ਕੀਤਾ ਹੋਇਆ ਸੀ ਕਿ ਗੱਡੀ ਵਾਪਸ ਕਰਵਾ। ਉਹ ਕਹਿੰਦਾ ਕਿ ਗੱਡੀ ਆਉਣ ਦੇ, ਆਉਣ ਦੇ, ਜਦੋਂ ਗੱਡੀ ਪਹਾੜ ਤੋਂ ਨੀਚੇ ਗਈ ਤਾਂ ਕਹਿੰਦਾ ਕਿ ਹੁਣ ਤਾਂ ਬ੍ਰੇਕ ਨਹੀਂ ਲੱਗਣੀ, ਕਹਿੰਦਾ ਚੱਲ ਫਿਰ ਹੁਣ ਜਾਣ ਦੇ। ਇਨ੍ਹਾਂ ਨੇ ਕਿਹਾ ਕਿ ਹਰਿਆਣਾ ਜਾਣ ਦੇ, ਸਾਰੇ ਵਾਰੋ ਵਾਰੀ ਜਾਣ ਦੋ। ਜਿੱਥੇ ਇਲੈਕਸ਼ਨ ਹੋਵੇਗੀ, ਇਹ ਪੈਸੇ ਉੱਥੇ ਦੇਣਗੇ। ਇਹ ਨਾਰਮੇਟਿਵ ਦਾ ਮਕਸਦ ਹੈ। ਜੇਕਰ 125 ਦਿਨ ਦਾ ਰੁਜ਼ਗਾਰ ਕਹਿੰਦੇ ਹਨ ਤਾਂ ਇਹ ਅਧਿਕਾਰ ਗ੍ਰਾਮ ਸਭਾ ਨੂੰ ਦਿਓ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਕਿਹੜੀ ਸੜਕ ਠੀਕ ਹੋਣ ਵਾਲੀ ਹੈ, ਕਿਹੜਾ ਛੱਪੜ ਠੀਕ ਹੋਣ ਵਾਲਾ ਹੈ ਜਾਂ ਕੋਈ ਸ਼ੈੱਡ ਬਣਨਾ ਹੈ। ਇਹ ਪੈਸਾ ਤੁਸੀਂ ਉਨ੍ਹਾਂ ਨੂੰ ਦਿਓ। ਸਰ, ਇਨ੍ਹਾਂ ਨੇ ਸਾਡੇ ਨਾਲ ਐਨ.ਐਚ.ਐਮ. ਵਿੱਚ ਕੀ ਕੀਤਾ ਹੈ ਕਿ ਸਾਡੇ 302 ਕਰੋੜ ਰੁਪਏ ਦੇਣੇ ਹਨ ਪਰ ਇਹ ਕਹਿੰਦੇ ਹਨ ਕਿ ਅਸੀਂ ਤਾਂ ਆਯੂਸ਼ਮਾਨ ਭਾਰਤ ਦੇ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦੇ 105 ਕਰੋੜ ਰੁਪਏ ਹੀ ਦੇਣੇ ਹਨ, ਸਾਡੇ ਕੋਲ ਤਾਂ ਇੰਨੇ ਹੀ ਪੈਸੇ ਹਨ। ਇਹ ਇਨ੍ਹਾਂ ਨੇ ਹੀ ਡਿਸਾਈਡ ਕਰਨਾ ਹੈ ਕਿ ਕਿਹੜੇ ਸਟੇਟ ਵਿੱਚ ਕੰਮ ਹੋਵੇਗਾ, ਕਿਹੜੇ ਜ਼ਿਲ੍ਹੇ ਵਿੱਚ ਕੰਮ ਹੋਵੇਗਾ ਤਾਂ ਲੋਕਾਂ ਦੇ ਕੋਲ ਕੀ ਰਹਿ ਗਿਆ ਹੈ? ਜਿਹੜਾ ਇਨ੍ਹਾਂ ਨੇ ਗਰੀਬਾਂ ਦੇ ਹੱਕਾਂ ਤੇ, ਸਟੇਟ ਦੇ ਹੱਕਾਂ ਤੇ ਅਤੇ ਗ੍ਰਾਮ ਸਭਾ ਦੇ ਹੱਕਾਂ ਦੇ ਡਾਕਾ ਮਾਰਿਆ ਹੈ, ਉਸ ਤੋਂ red herring ਨੂੰ ਪੜ੍ਹਨ ਦੀ ਲੋੜ ਹੈ, ਸਮਝਣ ਦੀ ਲੋੜ ਹੈ। ਮੈਂ ਇਨ੍ਹਾਂ ਨੂੰ ਇਸ ਗੱਲ ਦਾ ਯਕੀਨ ਦਿਵਾਉਂਦਾ ਹਾਂ ਕਿ ਮੈਂ 13 ਮਹੀਨੇ ਬਾਰਡਰ ਤੇ ਬੈਠਾ ਸੀ, ਕਿਸਾਨ ਬਾਰਡਰ ਤੇ ਬੈਠੇ ਸੀ, ਕਿਸਾਨ ਇਨ੍ਹਾਂ ਦੀ ਬੋਲਤੀ ਬੰਦ ਕਰਵਾ ਕੇ ਆਏ ਸੀ, ਕਾਨੂੰਨ ਵਾਪਸ ਕਰਵਾ ਕੇ ਆਏ ਸੀ। ਬਿਜਲੀ ਸੋਧ ਬਿਲ, ਬੀਜ ਬਿਲ ਗਰੀਬਾਂ ਨੂੰ ਹੋਰ ਗਰੀਬ ਕਰਨ ਦੀ, ਮਜ਼ਦੂਰਾਂ ਨੂੰ ਮਾਰਨ ਦੀ, ਇਹ ਇੱਕ ਕੜੀ ਹੈ। ਇਹ ਸਮਾਂ ਆ ਗਿਆ ਹੈ ਕਿ ਇਨ੍ਹਾਂ ਨੂੰ ਸਬਕ ਸਿਖਾਉਣਾ ਪਵੇਗਾ ਤੇ ਬੀ.ਜੇ.ਪੀ. ਨੂੰ ਲਾਈਨ ਤੇ ਲੈ ਕੇ ਆਉਣਾ ਪਵੇਗਾ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮਗਨਰੇਗਾ ਦੇ ਨਵੇਂ ਬਿਲ ਜੀ ਰਾਮ ਜੀ ਦੇ ਵਿਰੋਧ ਵਿੱਚ ਆਏ ਮਤੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਬਿਲ ਨੂੰ oppose ਕਰਦਾ ਹਾਂ। ਜੇਕਰ ਆਪਾਂ ਮਗਨਰੇਗਾ ਨੂੰ ਅੰਡਰਸਟੈਂਡ ਕਰੀਏ ਕਿ ਸਾਲ 2009 ਵਿੱਚ ਇਸ ਦੀ ਸ਼ੁਰੂਆਤ ਕਿਉਂ ਹੋਈ ਸੀ? ਜ਼ਿਮੀਂਦਾਰ ਸੁਸਾਈਡ ਕਰ ਰਹੇ ਸਨ, ਲੋਕ ਪਿੰਡਾਂ ਤੋਂ ਸ਼ਹਿਰਾਂ ਵੱਲ ਕੰਮ ਦੀ ਭਾਲ ਵਿੱਚ ਮਾਈਗ੍ਰੇਟ ਹੋ ਰਹੇ ਸਨ ਅਤੇ ਬੇਰੁਜ਼ਗਾਰੀ ਵੱਧ ਰਹੀ ਸੀ। ਇਸ ਦੇ ਨਾਲ ਹੀ ਐਗਰੀਕਲਚਰ ਪ੍ਰੋਡਕਟੀਵਿਟੀ ਪੂਰੇ ਦੇਸ਼ ਵਿੱਚ ਘਟੀ ਸੀ। ਸੋ, ਡਾਕਟਰ ਮਨਮੋਹਨ ਸਿੰਘ ਜੀ ਨੇ ਇਹ ਸਕੀਮ ਲਿਆਂਦੀ ਸੀ, ਜਿਸ ਵਿੱਚ ਉਨ੍ਹਾਂ ਨੇ ਗਰੀਬਾਂ ਨੂੰ ਅਤੇ ਜਿਨ੍ਹਾਂ ਲੋਕਾਂ ਕੋਲ ਜ਼ਮੀਨ ਨਹੀਂ ਸੀ, ਉਨ੍ਹਾਂ ਨੂੰ ਕੰਮ ਦੀ ਗਾਰੰਟੀ ਦਿੱਤੀ ਅਤੇ ਨਾਲ ਦੀ ਨਾਲ ਤਨਖਾਹ ਦੀ ਗਾਰੰਟੀ ਵੀ ਦਿੱਤੀ ਸੀ। ਸਰ, ਇਸ ਨੇ ਬੇਰੁਜ਼ਗਾਰੀ ਤਾਂ ਘਟਾਈ ਹੀ ਸੀ, ਇਸ ਦੇ ਨਾਲ ਹੀ ਸਮਾਜ ਵਿੱਚ ਬੀਬੀਆਂ ਦੀ ਆਰਥਿਕ ਸਥਿਤੀ ਨੂੰ ਵੀ ਬਿਹਤਰ ਕੀਤਾ ਸੀ। ਜਿਹੜੀ ਨਵੀਂ ਸਕੀਮ "ਜੀ ਰਾਮ ਜੀ" ਆਈ ਹੈ, ਇਸ ਦੇ ਸੈਕਸ਼ਨ 4 ਦਾ ਸਬ-ਸੈਕਸ਼ਨ 5 ਇਹ ਕਹਿੰਦਾ ਹੈ ਕਿ ਫੰਡਜ਼ ਦੀ ਐਲੋਕੇਸ਼ਨ ਸੈਂਟਰ ਡਿਸਾਈਡ ਕਰੇਗਾ। ਮਗਨਰੇਗਾ ਵਿੱਚ ਇਸ ਦੀ ਕੋਈ ਲਿਮੀਟੇਸ਼ਨ ਨਹੀਂ ਸੀ। ਜਿਸ ਸੂਬੇ ਨੂੰ ਵੱਧ ਚਾਹੁਣਗੇ ਉਸ ਨੂੰ ਵੱਧ ਐਲੋਕੇਸ਼ਨ ਹੋ ਜਾਵੇਗੀ, ਜਿਹੜੇ ਸੂਬੇ ਨੂੰ ਘੱਟ ਚਾਹੁਣਗੇ, ਉਸ ਨੂੰ ਘੱਟ ਐਲੋਕੇਸ਼ਨ ਕਰ ਦਿੱਤੀ ਜਾਵੇਗੀ। ਸਾਡੇ ਪੰਜਾਬ ਦੇ ਪੈਸੇ ਅਜੇ ਤੱਕ ਫਸੇ ਪਏ ਹਨ, ਉਸ ਉੱਤੇ ਕੋਈ ਵਿਚਾਰ ਨਹੀਂ ਹੈ। ਸੋ, ਉਹੀ ਕੰਮ ਹੁਣ ਫਿਰ ਸਾਡੇ ਨਾਲ ਹੋਣਾ ਹੈ। ਸੈਕਸ਼ਨ 4 (6) ਇਹ ਕਹਿੰਦਾ ਹੈ ਕਿ ਜੇਕਰ

ਕੋਈ ਸੂਬਾ ਜੀ ਰਾਮ ਜੀ ਦੇ ਨਾਰਮਜ਼ ਨੂੰ ਫਾਲੋ ਨਹੀਂ ਕਰੇਗਾ, ਉਸ ਦੇ ਡਿਵੈਲਪਮੈਂਟ ਦੇ ਫੰਡ ਰੋਕ ਦਿੱਤੇ ਜਾਣਗੇ। ਸੋ, ਇਸ ਨਾਲ ਪੰਜਾਬ ਨੂੰ ਬਹੁਤ ਭਾਰੀ ਨੁਕਸਾਨ ਹੋਣਾ ਹੈ। ਇਸ ਵਿੱਚ ਪਿੱਕ ਐਂਡ ਚੂਜ਼ ਵਾਲਾ ਕੰਮ ਸ਼ੁਰੂ ਹੋ ਜਾਣਾ ਹੈ। ਸੈਕਸ਼ਨ 5(1) ਏਰੀਆ ਆਫ ਆਪਰੇਸ਼ਨ ਬਾਰੇ ਕਹਿੰਦਾ ਹੈ ਕਿ ਕਿੱਥੇ ਕੰਮ ਹੋਵੇਗਾ, ਇਸ ਬਾਰੇ ਗੌਰਮਿੰਟ ਆਫ ਇੰਡੀਆ ਡਿਸਾਈਡ ਕਰੇਗੀ। ਪਹਿਲਾਂ ਇਹ ਯੂਨੀਵਰਸਲ ਸੀ ਕਿ ਦੇਸ਼ ਵਿੱਚ ਜਿੱਥੇ ਮਰਜ਼ੀ ਮਗਨਰੇਗਾ ਦਾ ਕੰਮ ਹੋ ਸਕਦਾ ਹੈ। ਪਹਿਲਾਂ ਫੰਡਿੰਗ 90:10 ਦੀ ਰੇਸ਼ੋ ਵਿੱਚ ਸੀ, ਅੱਜ ਇਹ 60:40 ਦੀ ਰੇਸ਼ੋ ਵਿੱਚ ਕਰ ਦਿੱਤੀ ਹੈ। ਜਿਸ ਨਾਲ ਪੰਜਾਬ ਤੇ ਲਗਭਗ 600 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਸਰ, ਜੇਕਰ ਫੀਮੇਲ ਪਾਰਟੀਸੀਪੇਸ਼ਨ ਦੀ ਗੱਲ ਕਰੀਏ ਤਾਂ ਸਾਲ 2017-18 ਵਿੱਚ 24% ਸੀ, ਸਾਲ 2023-24 ਵਿੱਚ ਇਹ 47% ਹੋ ਗਈ। ਸਰ, ਅਨਸਕਿੱਲਡ ਲੇਬਰ ਦੀ 100% ਪੇਮੈਂਟ ਗੌਰਮਿੰਟ ਆਫ ਇੰਡੀਆ ਕਰਦੀ ਸੀ। ਇਸ ਸਕੀਮ ਰਾਹੀਂ ਪੰਜਾਬ ਵਿੱਚ 30 ਲੱਖ ਬੰਦੇ ਨੂੰ ਬੈਨੇਫਿਟ ਮਿਲਿਆ। ਇਸ ਵਿੱਚੋਂ 70% ਲੋਕ ਸ਼ਡਿਊਲਡ ਕਾਸਟਸ ਨਾਲ ਸਬੰਧਤ ਸਨ। ਮੈਂ ਕੁਝ ਅੰਕੜੇ ਦੇਣਾ ਚਾਹੁੰਦਾ ਹਾਂ। ਸਰਕਾਰ ਨੇ 100 ਦਿਨਾਂ ਤੋਂ 125 ਦਿਨਾਂ ਦੀ ਗਾਰੰਟੀ ਕਰ ਦਿੱਤੀ ਹੈ। ਪੰਜਾਬ ਵਿੱਚ ਸਿਰਫ 5.3% ਹਾਊਸ ਹੋਲਡ ਪਰਿਵਾਰ ਹਨ, ਜਿਨ੍ਹਾਂ ਨੂੰ 100 ਦਿਨ ਦੇ ਵੇਜਿਜ਼ ਨਰੇਗਾ ਤਹਿਤ ਮਿਲੇ ਹਨ। ਇਹ ਸਾਲ 2021-22 ਵਿੱਚ 24% ਸਨ। ਭਾਰਤ ਸਰਕਾਰ ਨੇ ਇਹ ਘਟਾ ਕੇ 24% ਤੋਂ 5% ਕਰ ਦਿੱਤਾ ਹੈ। ਇਸੇ ਤਰ੍ਹਾਂ 10.72 ਲੱਖ ਬੰਦੇ ਨੂੰ ਕੰਮ ਮਿਲਦਾ ਸੀ, ਅੱਜ ਇਹ ਘਟ ਕੇ 8.57 ਲੱਖ ਰਹਿ ਗਿਆ ਹੈ। ਇਹ ਕਾਰਡ ਜ਼ਰੂਰ 30 ਲੱਖ ਲੋਕਾਂ ਦੇ ਬਣੇ ਹਨ ਪਰ ਕੰਮ 8.57 ਲੱਖ ਨੂੰ ਹੀ ਮਿਲੇ ਹਨ। ਜਿਹੜੀ ਨਰੇਗਾ ਦੀ ਫੰਡ ਐਲੋਕੇਸ਼ਨ ਹੈ, ਇਹ ਪਿਛਲੇ ਸਾਲ 1347 ਕਰੋੜ ਰੁਪਏ ਸੀ, ਐਤਕੀਂ ਇਹ ਘਟਾ ਕੇ 850 ਕਰੋੜ ਰੁਪਏ ਕਰ ਦਿੱਤੀ ਹੈ। ਸੋ, ਗੌਰਮਿੰਟ ਆਫ ਇੰਡੀਆ ਇਸ ਸਕੀਮ ਨੂੰ ਪਲੈਨਡ ਤਰੀਕੇ ਨਾਲ ਮਾਰਨਾ ਚਾਹੁੰਦੀ ਹੈ ਅਤੇ ਇਸ ਨਾਲ ਪੰਜਾਬ ਦੀ ਡਿਵੈਲਪਮੈਂਟ ਉੱਤੇ, ਪੰਜਾਬ ਦੇ ਜਿਹੜੇ ਲੋੜਵੰਦ ਲੋਕ ਹਨ, ਗਰੀਬ ਜਨਤਾ, ਜਿਨ੍ਹਾਂ ਨੂੰ ਨਰੇਗਾ ਦਾ ਬੈਨੀਫਿਟ ਮਿਲਦਾ ਸੀ, ਉਨ੍ਹਾਂ ਨੂੰ ਬਹੁਤ ਵੱਡਾ ਨੁਕਸਾਨ ਹੋਣਾ ਹੈ। ਮੈਂ ਇੱਕ ਚੀਜ਼ ਹੋਰ ਕਹਿਣੀ ਚਾਹੁੰਦਾ ਹਾਂ ਕਿ ਐਕਟ ਵਿੱਚ ਇੱਕ ਕੰਡੀਸ਼ਨ ਹੈ ਕਿ ਸਰਕਾਰ ਨੇ (ਘੰਟੀ) ਇਹ ਐਕਟ ਪਾਸ ਕਰਨਾ ਹੈ ਅਤੇ ਮੈਂ ਕਨਕਲੂਡ ਕਰਦਾ ਹਾਂ ਕਿ ਇਸ ਵਿਧਾਨ ਸਭਾ ਵਿੱਚ ਯੂਨੇਨੀਮੇਸਲੀ ਡਿਸੀਜ਼ਨ ਲਿਆ ਜਾਵੇ ਕਿ ਅਸੀਂ ਉਸ ਐਕਟ ਨੂੰ ਪਾਸ ਨਾ ਕਰੀਏ। ਥੈਂਕ ਯੂ, ਸਰ।

**ਮਾਣਯੋਗ ਸਪੀਕਰ**: ਥੈਂਕ ਯੂ। ਈ.ਟੀ.ਓ. ਸਾਹਿਬ।

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਹਰਭਜਨ ਸਿੰਘ)** : ਧੰਨਵਾਦ ਸਪੀਕਰ ਸਾਹਿਬ, ਤੁਸੀਂ ਮੈਨੂੰ ਅੱਜ ਬਹੁਤ ਹੀ ਅਹਿਮ ਮੁੱਦੇ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਸਵੇਰ ਤੋਂ ਸੈਸ਼ਨ ਚੱਲ ਰਿਹਾ ਹੈ, ਬਹੁਤ ਸਾਰੇ ਮੈਂਬਰ ਸਾਹਿਬਾਨਾਂ ਨੇ ਆਪਣੇ ਵਿਚਾਰ ਰੱਖੇ ਹਨ। ਵਿਰੋਧੀ ਪਾਰਟੀਆਂ ਵੱਲੋਂ ਵੀ ਵਿਚਾਰ ਆਏ ਹਨ, ਇੱਧਰੋਂ ਵੀ ਆਏ ਹਨ। ਮੈਨੂੰ ਇਹ ਲੱਗ ਰਿਹਾ ਹੈ ਕਿ ਇਹ ਜੋ ਸਿਸਟਮ ਬੀ.ਜੇ.ਪੀ. ਦੀ ਕੇਂਦਰ ਸਰਕਾਰ ਦਾ ਚੱਲ ਰਿਹਾ ਹੈ, ਇਹ ਮਗਨਰੇਗਾ ਉਸ ਦਾ ਇੱਕ ਹਿੱਸਾ ਬਣਾਇਆ ਗਿਆ ਹੈ। ਚੀਮਾ ਸਾਹਿਬ ਭਾਰਤੀ ਸੰਵਿਧਾਨ ਦੀ ਗੱਲ ਕਰ ਰਹੇ ਸਨ। ਸਰ, ਭਾਰਤੀ ਸੰਵਿਧਾਨ ਦੀ ਸ਼ੁਰੂਆਤ ਹੁੰਦੀ ਹੈ, "ਅਸੀਂ ਭਾਰਤ ਦੇ ਲੋਕ", ਜਿਸ ਦਾ ਅਰਥ ਸੀ ਕਿ ਸੱਤਾ ਲੋਕਾਂ ਤੋਂ ਨਿਕਲਦੀ ਹੈ, ਸਰਕਾਰ ਤੋਂ ਨਹੀਂ ਪਰ ਇਸ ਵਾਕ ਨੂੰ ਹਕੀਕਤ ਵਿੱਚ ਮਿਟਾਇਆ ਜਾ ਰਿਹਾ ਹੈ। ਹੁਣ ਅਣਲਿਖਿਆ ਪਰ ਸਪੱਸ਼ਟ ਨਾਅਰਾ ਬਣ ਗਿਆ ਹੈ "ਅਸੀਂ ਹੁਕਮਰਾਨ, ਕੇਂਦਰ ਸਰਕਾਰ"। ਸਰ, ਜਿੱਥੇ ਸੱਤਾ ਲੋਕਾਂ ਤੋਂ ਆਉਣੀ ਹੋਵੇ, ਗਰਾਸ ਰੂਟ ਲੈਵਲ ਤੋਂ ਉੱਪਰ ਨੂੰ ਜਾਣੀ ਹੋਵੇ, ਪੇਂਡੂ ਪੰਚਾਇਤ ਤੋਂ, ਬਲਾਕ ਸੰਮਤੀਆਂ, ਜ਼ਿਲ੍ਹਾ ਪ੍ਰੀਸ਼ਦਾਂ ਤੋਂ ਉੱਪਰ ਨੂੰ ਜਾਣੀ ਹੋਵੇ, ਇਹ ਉਲਟੀ ਗੰਗਾ ਵਹਿਣੀ ਸ਼ੁਰੂ ਹੋ ਗਈ ਹੈ, ਸੱਤਾ ਉੱਪਰ ਤੋਂ ਹੇਠਾਂ ਨੂੰ ਆਉਣੀ ਸ਼ੁਰੂ ਹੋ ਗਈ ਹੈ। ਸਰ, ਇਹ

ਫੈਡਰੇਲਿਜ਼ਮ ਦੇ ਸਿਧਾਂਤ ਦੇ ਬਿਲਕੁਲ ਉਲਟ ਹੈ ਕਿਉਂਕਿ ਜਦੋਂ ਸਾਡਾ ਸੰਵਿਧਾਨ ਬਣਿਆ ਸੀ, ਆਪਾਂ ਉਸ ਸਮੇਂ ਦੀਆਂ ਬਹਿਸਾਂ ਦੇਖ ਲਈਏ। ਉਸ ਵਿੱਚ ਮੈਂਬਰ ਸਾਹਿਬਾਨਾਂ ਨੇ ਜੋ ਕੁਝ ਕਿਹਾ ਹੈ, ਉਹ ਕਿਹਾ ਸੀ ਕਿ ਜਿਹੜੇ ਸਟੇਟਸ ਹਨ, they are not administrative units only, ਕਿ ਉਹ ਕੋਈ ਪ੍ਰਬੰਧਕੀ ਯੂਨਿਟ ਨਹੀਂ ਹਨ। ਇਹ Constitutional entities ਹਨ। ਜੇ ਸਟੇਟਾਂ ਨੂੰ ਕੁਝ ਅਧਿਕਾਰ ਮਿਲੇ ਹਨ, ਤਾਂ ਉਹ ਸੰਵਿਧਾਨ ਤੋਂ ਸਿੱਧੇ ਤੌਰ ਤੇ ਮਿਲੇ ਹਨ। ਉਹ ਅਧਿਕਾਰ ਕੋਈ ਕੇਂਦਰ ਦੀ ਸਰਕਾਰ ਸਾਨੂੰ ਟਰਾਂਸਫਰ ਨਹੀਂ ਕਰਦੀ। ਅਸੀਂ ਉਹ ਅਧਿਕਾਰ ਸਿੱਧੇ ਸੰਵਿਧਾਨ ਤੋਂ ਲੈਂਦੇ ਹਾਂ ਔਰ ਫੈਡਰੇਲਿਜ਼ਮ ਵਿੱਚ ਜੇ ਕੁਝ ਅਧਿਕਾਰ ਕੇਂਦਰ ਦੀ ਸਰਕਾਰ ਦੇ ਹਨ ਤਾਂ ਬਾਕੀ ਅਧਿਕਾਰ ਸਟੇਟਾਂ ਦੀਆਂ ਸਰਕਾਰਾਂ ਦੇ ਵੀ ਹਨ, ਕਨਕਰੰਟ ਲਿਸਟ ਵੀ ਹੈ। ਸਰ, ਉਸ ਸਭ ਨੂੰ ਦੇਖਦਿਆਂ ਹੋਇਆਂ ਭਾਰਤ ਵਿੱਚ ਹਰ ਚੀਜ਼ ਹੋ ਰਹੀ ਹੈ, ਚਾਹੇ ਉਹ ਬੀ.ਬੀ.ਐਮ.ਬੀ. ਹੋਵੇ, ਚਾਹੇ ਪੰਜਾਬ ਯੂਨੀਵਰਸਿਟੀ ਦਾ ਮਸਲਾ ਹੋਵੇ, ਚਾਹੇ ਚੰਡੀਗੜ੍ਹ ਦਾ ਮਸਲਾ ਹੋਵੇ ਅਤੇ ਚਾਹੇ ਆਹ ਮਗਨਰੇਗਾ ਦਾ ਮਸਲਾ ਆ ਗਿਆ ਹੈ। ਸਰ, ਇਹ ਸਾਰੀ ਇੱਕ ਕਾਂਸੀਪੀਰੇਸੀ ਚੱਲ ਰਹੀ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਸਟੇਟਾਂ ਦੇ ਅਧਿਕਾਰਾਂ ਵਿੱਚ intrude ਕਰਨਾ ਹੈ ਔਰ ਸਟੇਟਾਂ ਨੂੰ weak ਕਰਨਾ ਹੈ। ਸਰ, ਜਦੋਂ ਸੰਵਿਧਾਨ ਬਣਿਆ ਸੀ ਤਾਂ ਉਸ ਵਿੱਚ ਦੋ ਤਰ੍ਹਾਂ ਦੇ ਚੈਪਟਰ ਬਣਾਏ ਗਏ ਸਨ, ਮੌਲਿਕ ਅਧਿਕਾਰਾਂ ਦਾ ਅਤੇ ਨਿਰਦੇਸ਼ਕ ਸਿਧਾਂਤਾਂ ਦਾ। ਮੌਲਿਕ ਅਧਿਕਾਰ ਇਸ ਕਰਕੇ ਬਣਾਏ ਸਨ ਕਿ ਜਦੋਂ ਸਾਲ 1950 ਵਿੱਚ ਸੰਵਿਧਾਨ ਬਣਿਆ ਸੀ ਉਦੋਂ ਸਾਡੇ ਕੋਲ ਇੰਨੇ ਸੋਰਸਿਜ਼ ਨਹੀਂ ਹੁੰਦੇ ਸਨ। ਅਸੀਂ ਕੁਝ ਸੋਰਸਿਜ਼ ਜਿਹੜੇ ਸਾਡੇ ਕੋਲ ਸਨ, ਅਸੀਂ ਉਨ੍ਹਾਂ ਨੂੰ ਮੌਲਿਕ ਅਧਿਕਾਰ ਬਣਾ ਦਿੱਤਾ ਔਰ ਜਿਹੜੇ ਦੂਸਰੇ ਸੀ, ਉਨ੍ਹਾਂ ਨੂੰ ਨਿਰਦੇਸ਼ਕ ਸਿਧਾਂਤਾਂ ਵਿੱਚ ਪਾ ਦਿੱਤਾ ਕਿ ਜਿਹੜੀ ਵੀ ਸਰਕਾਰ ਆਵੇਗੀ, ਕਿਸੇ ਵੀ ਪਾਰਟੀ ਦੀ ਸਰਕਾਰ ਆਵੇਗੀ, ਉਹ ਇਨ੍ਹਾਂ ਨਿਰਦੇਸ਼ਾਂ ਨੂੰ ਮੰਨੇਗੀ ਔਰ ਇਨ੍ਹਾਂ ਨਿਰਦੇਸ਼ਾਂ ਦੇ accordingly ਕੰਮ ਕਰੇਗੀ। ਸਰ, ਚੌਥੇ ਚੈਪਟਰ ਵਿੱਚ ਆਰਟੀਕਲ 36-51 ਤੱਕ ਨਿਰਦੇਸ਼ਕ ਸਿਧਾਂਤ ਹਨ। ਸੰਵਿਧਾਨ ਦੇ ਆਰਟੀਕਲ 40 ਵਿੱਚ ਲਿਖਿਆ ਸੀ ਕਿ ਅਸੀਂ ਆਪਣੀਆਂ ਪੇਂਡੂ ਪੰਚਾਇਤਾਂ ਨੂੰ ਮਜ਼ਬੂਤ ਕਰਾਂਗੇ। ਸਰ, ਸਾਲ 1993 ਵਿੱਚ ਜਾ ਕੇ ਉਹ ਸਮਾਂ ਆਇਆ, ਅਸੀਂ 73ਵੀਂ ਸੋਧ ਪਾਸ ਕੀਤੀ ਔਰ ਸੰਵਿਧਾਨ ਦਾ 11ਵਾਂ ਸ਼ਡਿਊਲ ਬਣਿਆ। ਉਦੋਂ 29 ਅਧਿਕਾਰ ਪਿੰਡ ਦੀਆਂ ਪੰਚਾਇਤਾਂ ਨੂੰ ਮਿਲੇ। ਜਿਵੇਂ ਮਗਨਰੇਗਾ ਡਿਮਾਂਡ ਡਰੀਵਨ ਚਲਦੀ ਸੀ ਕਿ ਜੋ ਪਿੰਡ ਦੀ ਡਿਮਾਂਡ ਹੋਵੇਗੀ ਉਸ ਦੇ ਅਨੁਸਾਰ ਫੰਡਜ਼ ਆਉਣਗੇ। ਹੁਣ ਇਨ੍ਹਾਂ ਨੇ ਸਪਲਾਈ ਡਰੀਵਨ ਕਰ ਦਿੱਤੀ। ਜਿਹੜੇ ਸਾਨੂੰ 29 ਅਧਿਕਾਰ, ਪੰਚਾਇਤਾਂ ਨੂੰ ਮਿਲੇ ਹਨ, ਉਹ ਪੰਚਾਇਤਾਂ ਆਪਣੇ ਕੰਮ ਕਿੱਥੋਂ ਚਲਾਉਣਗੀਆਂ? ਪੰਚਾਇਤਾਂ ਨੂੰ ਤਾਂ ਇਨ੍ਹਾਂ ਨੇ ਇਹ ਕਰ ਦਿੱਤਾ ਕਿ they are executing agencies only, ਕਿ ਉਹ ਹੁਣ execute ਕਰਨਗੇ ਨਾ ਕਿ ਉਹ ਆਪਣੀ ਪਾਲਿਸੀ ਬਣਾ ਸਕਣਗੇ। ਸੋ, ਸਰ ਇਹ ਸੰਵਿਧਾਨਕ ਪ੍ਰੋਵੀਜ਼ਨਜ਼ ਵਿੱਚ ਸਿੱਧੀ ਸਿੱਧੀ ਦਖਲਅੰਦਾਜ਼ੀ ਹੋ ਰਹੀ ਹੈ। ਆਰਟੀਕਲ 41 ਵਿੱਚ ਇਹ ਲਿਖਿਆ ਸੀ ਕਿ ਸਟੇਟ ਕੋਸ਼ਿਸ਼ ਕਰੇਗਾ ਕਿ ਰਾਈਟ ਟੂ ਵਰਕ ਸਾਰਿਆਂ ਨੂੰ ਦਿੱਤਾ ਜਾਵੇ। ਸਰ, ਉਹ ਰਾਈਟ ਟੂ ਵਰਕ ਦੇ ਅੱਗੇ ਵਧਦਿਆਂ ਹੀ ਇਹ ਮਗਨਰੇਗਾ ਸਕੀਮ ਦੀ ਸ਼ੁਰੂਆਤ ਹੋਈ, ਅੱਜ ਫਿਰ ਰਾਈਟ ਟੂ ਵਰਕ ਨੂੰ ਪਿੱਛੇ ਕੀਤਾ ਜਾ ਰਿਹਾ ਹੈ। ਸਰ, 1935 ਦਾ ਗੌਰਮਿੰਟ ਆਫ ਇੰਡੀਆ ਦਾ ਐਕਟ ਹੈ, ਉਸ ਵਿੱਚ ਜਿਹੜਾ ਟਕਰਾਉ ਵਾਲਾ ਸੰਘਵਾਦ ਸੀ, ਅਸੀਂ ਕੋਆਪ੍ਰੇਟਿਵ ਫੈਡਰੇਲਿਜ਼ਮ ਦਾ ਸਿਧਾਂਤ ਲੈ ਕੇ ਆਏ, ਡਾ. ਬੀ. ਆਰ. ਅੰਬੇਦਕਰ ਸਾਹਿਬ ਨੇ ਕੋਆਪ੍ਰੇਟਿਵ ਫੈਡਰਲ ਸਿਸਟਮ ਕਿਹਾ ਸੀ, ਪਰ, ਇਹ ਤਾਂ ਇੱਕ ਸਟੈੱਪ ਹੋਰ ਪਿੱਛੇ ਜਾ ਰਹੇ ਹਨ। ਇਹ ਤਾਂ ਗੌਰਮਿੰਟ ਆਫ ਇੰਡੀਆ ਦੇ 1935 ਦੇ ਐਕਟ ਵਿੱਚ ਜਾ ਰਹੇ ਹਨ ਅਤੇ ਕੇਂਦਰ ਤੇ ਪ੍ਰਾਂਤਾਂ ਦੀ ਟਕਰਾਉ ਵਾਲੀ ਰਾਜਨੀਤੀ ਨੂੰ ਬੜ੍ਹਾਵਾ ਦੇ ਰਹੇ ਹਨ। ਸੋ, ਸਰ, ਜਿਹੜਾ ਇਹ ਮਗਨਰੇਗਾ ਦੀ ਥਾਂ ਤੇ ਨਵਾਂ ਐਕਟ ਲੈ ਕੇ ਆਏ ਹਨ, ਉਹ absolutely ਦਲਿਤ ਵਿਰੋਧੀ ਹਨ ਕਿਉਂਕਿ ਜਿਹੜੇ 73 ਪਰਸੈਂਟ ਲੋਕ ਮਗਨਰੇਗਾ ਦੀ ਯੂਟੇਲਾਈਜ਼ੇਸ਼ਨ ਕਰ ਰਹੇ ਸਨ, ਉਹ ਦਲਿਤ ਵਰਗ ਨਾਲ ਸਬੰਧਤ ਹਨ। 62 ਪਰਸੈਂਟ ਲੇਡੀਜ਼ ਇਸ

ਦੀ beneficiaries ਸਨ। ਸੋ, ਇਹ ਕਹਿ ਰਹੇ ਸੀ ਕਿ ਤੁਸੀਂ ਦਲਿਤਾਂ ਵਾਸਤੇ ਕੀ ਕੀਤਾ? ਸਰ, ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਸਰਦਾਰ ਭਗਵੰਤ ਮਾਨ ਸਾਹਿਬ ਜੀ ਦੀ ਸਰਕਾਰ ਜਦੋਂ ਤੋਂ ਹੋਂਦ ਵਿੱਚ ਆਈ ਹੈ ਤਾਂ ਉਨ੍ਹਾਂ ਵੱਲੋਂ 58 ਲਾਅ ਅਫਸਰਾਂ ਦੀ ਹਾਈ ਕੋਰਟ ਵਿੱਚ ਨਿਯੁਕਤੀ ਕੀਤੀ ਗਈ ਹੈ। ਇਹ ਕੰਮ ਕਦੇ ਅੱਜ ਤੱਕ ਕਿਸੇ ਸਰਕਾਰ ਨੇ ਨਹੀਂ ਕੀਤਾ, ਚਾਹੇ allied ਬੀ.ਜੇ.ਪੀ., ਅਕਾਲੀ ਦਲ ਰਹੇ ਹਨ ਜਾਂ ਕਾਂਗਰਸ ਦੀ ਸਰਕਾਰ ਰਹੀ ਹੈ। ਕਿਸੇ ਨੇ ਵੀ ਹਾਈ ਕੋਰਟ ਵਿੱਚ ਲਾਅ ਅਫਸਰਾਂ ਦੀ ਨਿਯੁਕਤੀ ਨਹੀਂ ਕੀਤੀ ਸੀ। ਸਰ, ਇਸ ਤਰ੍ਹਾਂ first time ਹੋਇਆ ਹੈ। ਸਰ, 4665 ਲੋਕਾਂ ਦੇ ਕਰਜ਼ੇ, ਜਿਹੜੇ ਕਿ ਬੜੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਏ ਸਨ, ਉਨ੍ਹਾਂ ਨੇ ਕਾਫੀ ਹੱਦ ਤੱਕ ਕਰਜ਼ੇ ਵਾਪਸ ਕਰ ਦਿੱਤੇ ਸੀ ਪਰ ਕੁਝ ਪਰਿਵਾਰ ਇਹੋ ਜਿਹੇ ਸਨ, ਜਿਨ੍ਹਾਂ ਵਿੱਚ mishappening ਹੋਣ ਕਰਕੇ ਜਾਂ ਕੁਦਰਤੀ ਆਫ਼ਤ ਆਉਣ ਕਰਕੇ ਉਹ ਕਰਜ਼ੇ ਵਾਪਸ ਨਹੀਂ ਕਰ ਸਕੇ, ਉਹ 15 ਪਰਸੈਂਟ ਦੇ ਕਰੀਬ ਬਣਦੇ ਸੀ। ਉਨ੍ਹਾਂ ਲੋਕਾਂ ਦੇ ਕਰਜ਼ੇ ਮੁਆਫ ਕਰਨ ਦੀ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਪਹਿਲੀ ਸਰਕਾਰ ਬਣੀ ਹੈ। ਸਰ, ਇਸ ਤੋਂ ਇਲਾਵਾ 15000 ਨੌਕਰੀਆਂ ਦਲਿਤ ਲੋਕਾਂ ਨੂੰ ਇਸ ਸਰਕਾਰ ਦੇ ਵਿੱਚ ਦਿੱਤੀਆਂ ਗਈਆਂ ਹਨ। ਸੋ, ਜਿਹੜਾ ਇਹ ਮਤਾ ਸੌਂਦ ਸਾਹਿਬ ਜੀ ਨੇ ਪੇਸ਼ ਕੀਤਾ ਹੈ, ਮੈਂ ਉਸ ਦੀ ਪ੍ਰੋੜ੍ਹਤਾ ਕਰਦਾ ਹਾਂ ਔਰ ਸਦਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ unanimously ਪਾਸ ਕਰਕੇ ਕੇਂਦਰ ਸਰਕਾਰ ਕੋਲ ਭੇਜਿਆ ਜਾਵੇ। ਸਰ, ਮੈਂ ਜੰਡਿਆਲਾ ਗੁਰੂ ਤੋਂ ਆਉਂਦਾ ਹਾਂ। ਮੇਰੇ ਕੋਲ 2000 ਫਾਰਮ ਹਨ। ਮੈਂ ਤੁਹਾਨੂੰ ਸਬਮਿਟ ਕਰ ਦੇਵਾਂਗਾ। ਪਲੀਜ਼, ਇਨ੍ਹਾਂ ਨੂੰ ਕੇਂਦਰ ਸਰਕਾਰ ਨੂੰ ਭੇਜ ਕੇ ਮੇਰੇ ਹਲਕੇ ਦਾ ਵਿਰੋਧ ਜ਼ਰੂਰ ਦਰਜ ਕਰਵਾਇਆ ਜਾਵੇ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਜਿਹੜੇ ਵੀ ਮਾਣਯੋਗ ਮੈਂਬਰ ਸਾਹਿਬਾਨ ਇਹ ਲੈਟਰਜ਼ ਲੈ ਕੇ ਆਏ ਹਨ, ਸਾਡੀਆਂ ਬੀਬੀਆਂ ਦੇ, ਮਗਨਰੇਗਾ ਕਾਮਿਆਂ ਦੇ, ਉਹ ਸਾਰੇ ਮੇਰੇ ਦਫਤਰ ਵਿੱਚ ਜਮ੍ਹਾਂ ਕਰਵਾ ਦੇਣ। ਮੈਨੂੰ ਪਤਾ ਲੱਗਿਆ ਹੈ ਕਿ 10 ਲੱਖ ਪਰਿਵਾਰਾਂ ਨੇ ਆਪਣੇ ਰੋਸ ਪੱਤਰ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਭੇਜਣ ਲਈ ਇਸ ਦਫਤਰ ਨੂੰ ਭੇਜੇ ਹਨ ਤਾਂ ਕਿ ਕੇਂਦਰ ਸਰਕਾਰ, ਮੋਦੀ ਸਰਕਾਰ ਨੇ ਜਿਹੜੀ ਮਗਨਰੇਗਾ ਦਾ ਕੰਮ ਬੰਦ ਕਰਕੇ ਗਰੀਬ ਲੋਕਾਂ ਦੇ ਪੇਟ ਤੇ ਸੱਟ ਮਾਰ ਰਹੀ ਹੈ, ਉਹ ਨਾ ਵੱਜੇ। ਤੁਸੀਂ ਰਾਣਾ ਜੀ ਕੁਝ ਕਹਿਣਾ ਚਾਹੁੰਦੇ ਹੋ?

**ਰਾਣਾ ਗੁਰਜੀਤ ਸਿੰਘ (ਕਪੂਰਥਲਾ)**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਾਰਿਆਂ ਨੇ ਗੱਲਾਂ ਕੀਤੀਆਂ ਹਨ ਔਰ ਬੀ.ਜੇ.ਪੀ. ਦੀ ਸਰਕਾਰ ਨੇ ਜਿਹੜੀ ਮਗਨਰੇਗਾ ਦੀ ਜਗ੍ਹਾ ਸਾਨੂੰ ਜੀ ਰਾਮ ਜੀ ਦੀ ਪਾਲਿਸੀ ਦਿੱਤੀ ਹੈ, ਉਸ ਦੇ ਬਾਰੇ ਅਸੀਂ ਆਪਣੇ ਆਪਣੇ ਵਿਚਾਰ ਰੱਖੇ। ਮੇਰੇ ਖਿਆਲ ਨਾਲ ਇੱਧਰ ਆਮ ਆਦਮੀ ਪਾਰਟੀ ਵੱਲੋਂ, ਕਾਂਗਰਸ ਵੱਲੋਂ, ਅਕਾਲੀ ਦਲ ਵੱਲੋਂ ਕਿਸੇ ਨੇ ਤਾਰੀਫ ਨਹੀਂ ਕੀਤੀ, ਸਾਰਿਆਂ ਨੇ ਨਿੰਦਾ ਕੀਤੀ ਕਿ ਇਹ ਪੰਜਾਬ ਦੇ ਹਿਤ ਵਿੱਚ ਨਹੀਂ ਹੈ, ਮੈਂ ਤਾਂ ਸਿਰਫ ਇੰਨੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਸ ਨੇ ਇਹ ਚੰਗਾ ਕੰਮ ਕੀਤਾ, ਇਸ ਮਤੇ ਵਿੱਚ ਉਨ੍ਹਾਂ ਦਾ ਨਾਂ ਵੀ ਪਾ ਲਓ- ਡਾਕਟਰ ਮਨਮੋਹਨ ਸਿੰਘ ਅਤੇ ਸੋਨੀਆ ਗਾਂਧੀ ਜੀ, ਜਿਹੜੇ ਇਹ ਸਕੀਮ ਲੈ ਕੇ ਆਏ ਸਨ, ਜਿਸ ਦਾ ਫਾਇਦਾ ਅਸੀਂ ਇੰਨੇ ਸਾਲ ਲਗਾਤਾਰ ਚੁੱਕਦੇ ਰਹੇ। ਬੱਸ ਮੇਰੀ ਤਾਂ ਇਹੀ ਗੁਜ਼ਾਰਿਸ਼ ਹੈ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸੋ, ਅੱਜ ਬੜੀ ਵਧੀਆ ਡਿਸਕਸ਼ਨ ਹੋਈ ਹੈ। ਮੈਂ ਜਦੋਂ ਆਪਣੇ ਹਲਕੇ ਕੋਟਕਪੂਰਾ ਵਿੱਚ ਫਿਰਦਾ ਸੀ, ਪਿੰਡ ਮੌੜ, ਪਿੰਡ ਹਰੀ ਨੌਂ, ਸੰਧਵਾਂ, ਜਲਾਲੇਆਣਾ, ਵਾਂਦਰ ਜਟਾਣਾ, ਹਰੀਏਵਾਲਾ, ਕੰਮੇਆਣਾ, ਡੱਗੋ ਰੋਮਾਣਾ, ਢੁੱਡੀ, ਚੰਦਬਾਜਾ, ਇੱਥੋਂ ਦੀਆਂ ਬੀਬੀਆਂ ਮੈਨੂੰ ਮਿਲੀਆਂ ਸਨ ਔਰ ਉਹ ਮੈਨੂੰ ਕਹਿੰਦੀਆਂ ਸਨ ਕਿ ਇਹ ਮਗਨਰੇਗਾ ਨਾ ਬੰਦ ਕੀਤੀ ਜਾਵੇ। ਮੈਂ ਬੜੇ ਭਰੇ ਮਨ ਨਾਲ ਉਨ੍ਹਾਂ ਸਾਰੀਆਂ ਬੀਬੀਆਂ ਨੂੰ ਕਹਿਣਾ ਚਾਹੁੰਦਾ ਹਾਂ ਕਿ

ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਉਨ੍ਹਾਂ ਦੀ ਮਗਨਰੇਗਾ ਬੰਦ ਕਰ ਦਿੱਤੀ ਹੈ। ਇਸ ਦਾ ਮੈਨੂੰ ਬਹੁਤ ਦੁੱਖ ਹੈ, ਦਿਲ ਤੋਂ ਦੁੱਖ ਹੈ। ਇਹ ਬੰਦ ਨਹੀਂ ਹੋਣੀ ਚਾਹੀਦੀ ਸੀ।

---

**WALK OUT**

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ੍ਰੀ ਅਸ਼ਵਨੀ ਕੁਮਾਰ ਸ਼ਰਮਾ ਮਗਨਰੇਗਾ ਸਕੀਮ ਬੰਦ ਹੋਣ ਬਾਰੇ ਕੀਤੀ ਗਈ ਟਿੱਪਣੀ ਨਾਲ ਸਹਿਮਤ ਨਾ ਹੋਣ ਦੇ ਰੋਸ ਵਜੋਂ ਸਦਨ ਵਿੱਚੋਂ ਵਾਕ ਆਊਟ ਕਰ ਗਏ।)

---

**OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005 *(RESUMPTION)***

**ਮਾਣਯੋਗ ਸਪੀਕਰ**: ਹੁਣ ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਬੋਲਣਗੇ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ) :** ਮਾਣਯੋਗ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। (ਵਿਘਨ, ਸ਼ੋਰ)

(ਇਸ ਸਮੇਂ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਣਯੋਗ ਸਪੀਕਰ** : ਬੈਠੋ ਜੀ। (ਵਿਘਨ, ਸ਼ੋਰ)

**ਮੁੱਖ ਮੰਤਰੀ**: ਸਪੀਕਰ ਸਾਹਿਬ, ਅੱਜ ਦਾ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ।(ਵਿਘਨ, ਸ਼ੋਰ)

**ਮਾਣਯੋਗ ਸਪੀਕਰ :** ਮੁੱਖ ਮੰਤਰੀ ਸਾਹਿਬ ਨੂੰ ਬੋਲ ਲੈਣ ਦਿਓ। (ਵਿਘਨ, ਸ਼ੋਰ) ਮੈਂ ਤੁਹਾਨੂੰ ਜਵਾਬ ਦੇ ਦੇਵਾਂਗਾ, ਤੁਸੀਂ ਬੈਠੋ। ਤੁਸੀਂ ਮੇਰੇ ਕੋਲ ਆ ਜਾਣਾ, ਆਪਾਂ ਗੱਲ ਕਰ ਲਵਾਂਗੇ। ਚੇਅਰ ਦੀ ਇਜਾਜ਼ਤ ਤੋਂ ਬਿਨਾਂ ਜੋ ਵੀ ਗੱਲ ਕਹੀ ਗਈ ਹੈ, ਉਹ ਰਿਕਾਰਡ ਨਾ ਕੀਤੀ ਜਾਵੇ।

**ਮੁੱਖ ਮੰਤਰੀ**: ਸਪੀਕਰ ਸਾਹਿਬ, ਦੋ ਆਪਸ਼ਨਾਂ ਸਨ। (ਵਿਘਨ, ਸ਼ੋਰ) ਸਪੀਕਰ ਸਾਹਿਬ, ਹਾਊਸ ਨੂੰ ਆਰਡਰ ਵਿੱਚ ਲੈ ਕੇ ਆਓ।

**ਮਾਣਯੋਗ ਸਪੀਕਰ :** ਬੈਠੋ ਤੁਸੀਂ। (ਵਿਘਨ, ਸ਼ੋਰ) ਖਹਿਰਾ ਸਾਹਿਬ, ਬੈਠੋ। ਮੁੱਖ ਮੰਤਰੀ ਸਾਹਿਬ ਨੂੰ ਬੋਲ ਲੈਣ ਦਿਓ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਭ ਤੋਂ ਪਹਿਲਾਂ ਇੱਥੇ ਅੱਜ ਸਦਨ ਵਿੱਚ ਜਿਹੜਾ ਸ਼ਖਸ ਬੋਲਿਆ ਹੈ, ਉਹ

ਸਰਦਾਰ ਸੁਖਪਾਲ ਸਿੰਘ ਖਹਿਰਾ ਬੋਲਿਆ ਹੈ। ਸਭ ਤੋਂ ਪਹਿਲਾ ਸ਼ਖਸ ਸੁਖਪਾਲ ਸਿੰਘ ਖਹਿਰਾ ਬੋਲਿਆ ਹੈ। ਸੋ, ਇਹ ਜ਼ਰੂਰੀ ਨਹੀਂ ਹੈ ਕਿ ਹਰ ਮੁੱਦੇ ਤੇ ਇਕੋ ਸ਼ਖਸ ਬੋਲੇ। ਇਹ ਨਹੀਂ ਕਿਹਾ ਜਾ ਸਕਦਾ। ਹਾਂ ਜੀ, ਮੁੱਖ ਮੰਤਰੀ ਸਾਹਿਬ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੈੱਲ ਆਫ ਦਿ ਹਾਊਸ ਵਿੱਚ ਆ ਕੇ ਉੱਚੀ ਉੱਚੀ ਬੋਲ ਰਹੇ ਸਨ। ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਵੀ ਆਪਣੀ ਸੀਟ ਤੇ ਖੜ੍ਹੇ ਸਨ।)

**ਮੁੱਖ ਮੰਤਰੀ** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਅੱਜ ਮਗਨਰੇਗਾ ਸਕੀਮ ਨੂੰ ਬਦਲ ਕੇ ਬਿਲ ਦੀ ਆਤਮਾ ਖ਼ਤਮ ਕਰ ਦਿੱਤੀ ਗਈ ਹੈ। ਉਸ ਵਾਸਤੇ ਇਹ ਸਪੈਸ਼ਲ ਸੈਸ਼ਨ ਬੁਲਾਇਆ ਗਿਆ ਹੈ।(ਵਿਘਨ, ਸ਼ੋਰ)

**ਮਾਣਯੋਗ ਸਪੀਕਰ :** ਤੁਸੀਂ ਆਪਣੀ ਜਗ੍ਹਾ ਤੇ ਬੈਠੋ ਜੀ।(ਵਿਘਨ, ਸ਼ੋਰ)

**ਮੁੱਖ ਮੰਤਰੀ**: ਸਪੀਕਰ ਸਾਹਿਬ, ਇਹ ਇਨ੍ਹਾਂ ਦੀ ਫਰੱਸਟ੍ਰੇਸ਼ਨ ਹੈ। ਇਨ੍ਹਾਂ ਦੀ ਪਾਰਟੀ ਇਨ੍ਹਾਂ ਨੂੰ ਟਾਈਮ ਨਹੀਂ ਦਿੰਦੀ। ਇਨ੍ਹਾਂ ਦਾ ਨਾਮ ਬੁਲਾਰਿਆਂ ਦੀ ਲਿਸਟ ਵਿਚੋਂ ਕੱਟ ਦਿੰਦੇ ਹਨ। ਅੱਜ ਸਵੇਰੇ ਦੋ ਆਪਸ਼ਨਾਂ ਸੀ, ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਬੋਲਣ ਵਾਸਤੇ ਕਹਿਣ ਲੱਗੇ ਇੱਕ ਮੈਂਬਰ ਬੋਲੇਗਾ ਅਤੇ ਉਹ ਰਾਣਾ ਗੁਰਜੀਤ ਸਿੰਘ ਬੋਲੇਗਾ। ਇਨ੍ਹਾਂ ਦਾ ਨਾਂ ਤਾਂ ਆਪੇ ਹੀ ਉਨ੍ਹਾਂ ਨੇ ਕੱਟ ਦਿੱਤਾ। ਆਪਣੀ ਪਾਰਟੀ ਨਾਲ ਗੱਲ ਕਰੋ। ਸਾਡੇ ਵੀ ਤੁਸੀਂ ਐਲ.ਓ.ਪੀ. ਰਹੇ ਹੋ, ਵੱਧ ਬੋਲਣ ਕਰਕੇ ਇਹੀ ਪੰਗਾ ਹੈ ਕਿ ਕਾਂਗਰਸ ਵੀ ਨਹੀਂ ਚਾਹੁੰਦੀ ਕਿ ਤੁਸੀਂ ਬੋਲੋ। ਸਪੀਕਰ ਸਾਹਿਬ, ਬੜੇ ਗੰਭੀਰ ਮੁੱਦੇ ਤੇ ਬਹਿਸ ਚੱਲ ਰਹੀ ਹੈ, ਅਜਿਹੇ ਖੁਰਾਫਾਤੀਆਂ ਨੂੰ ਇੱਥੋਂ ਕੱਢੋ। ਇਹ ਇੱਥੇ ਕਿਉਂ ਰੱਖੇ ਹੋਏ ਹਨ?(ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ਉੱਚੀ ਉੱਚੀ ਬੋਲ ਰਹੇ ਸਨ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਾਕੀ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ। ਇਸ ਤੋਂ ਇਲਾਵਾ ਟਰੇਜ਼ਰੀ ਬੈਂਚਿਜ਼ ਤੋਂ ਵੀ ਕਾਫੀ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ :** ਬੈਠੋ ਤੁਸੀਂ। (ਵਿਘਨ, ਸ਼ੋਰ) ਦਲਿਤਾਂ ਦੇ, ਮਜ਼ਦੂਰਾਂ ਦੇ, ਕਿਸਾਨਾਂ ਦੇ ਹੱਕਾਂ ਤੇ ਡਾਕਾ ਪੈ ਰਿਹਾ ਹੈ। ਆਪਾਂ ਉਸ ਦੀ ਗੱਲ ਚੱਲਣ ਦੇਈਏ। ਮੈਂ ਬੇਨਤੀ ਕਰਦਾ ਹਾਂ ਕਿ ਸਾਰੀਆਂ ਪਾਰਟੀਆਂ ਨੂੰ ਉਨ੍ਹਾਂ ਦੇ ਟਾਈਮ ਤੋਂ ਵੱਧ ਟਾਈਮ ਦਿੱਤਾ ਗਿਆ ਹੈ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ 16 ਮਿੰਟ ਬਣਦੇ ਸਨ, 28.49 ਭਾਵ ਲਗਭਗ 29 ਮਿੰਟ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੂੰ ਦਿੱਤੇ ਗਏ ਹਨ। ਜ਼ਰੂਰੀ ਨਹੀਂ ਹੈ ਕਿ ਹਰ ਮਾਣਯੋਗ ਮੈਂਬਰ ਹਰ ਮੁੱਦੇ ਤੇ ਬੋਲੇ, ਪਲੀਜ਼ ਬੈਠੋ। ਮੈਨੂੰ ਤੁਹਾਨੂੰ ਨੇਮ ਕਰਨਾ ਪਵੇਗਾ। ਤੁਸੀਂ ਕਿਰਪਾ ਕਰਕੇ ਸਦਨ ਦੀ ਕਾਰਵਾਈ ਚੱਲਣ ਦਿਓ। (ਵਿਘਨ, ਸ਼ੋਰ) ਤੁਸੀਂ ਬੈਠੋ। ਤੁਸੀਂ ਮੈਨੂੰ ਡਾਇਰੈਕਟ ਨਹੀਂ ਕਰੋਗੇ। ਕੋਈ ਵੀ ਮਾਣਯੋਗ ਮੈਂਬਰ ਇਸ ਸੈਸ਼ਨ ਵਿੱਚ ਚੇਅਰ ਨੂੰ ਆਰਡਰ ਨਹੀਂ ਕਰੇਗਾ, ਡਾਇਰੈਕਟ ਨਹੀਂ ਕਰੇਗਾ। ਪਲੀਜ਼ ਆਪਣੀਆਂ ਆਪਣੀਆਂ ਸੀਟਾਂ ਤੇ ਬੈਠੋ। ਮਾਣਯੋਗ ਮੁੱਖ ਮੰਤਰੀ ਸਾਹਿਬ ਬੋਲਣਗੇ। (ਵਿਘਨ, ਸ਼ੋਰ) ਤੁਸੀਂ ਬੈਠੋ ਜੀ। ਹਰ ਟਾਈਮ ਤੁਹਾਨੂੰ ਮੌਕਾ ਦਿੱਤਾ ਗਿਆ ਹੈ। ਪਲੀਜ਼ ਬੈਠੋ। ਹਰ ਵਾਰੀ ਟਾਈਮ ਦਿੱਤਾ ਗਿਆ ਹੈ।(ਵਿਘਨ, ਸ਼ੋਰ) ਨਹੀਂ, ਨਹੀਂ। ਹਰ ਵਾਰੀ ਤੁਹਾਡੇ ਹਿਸਾਬ

ਨਾਲ ਕਾਰਵਾਈ ਨਹੀਂ ਚੱਲੇਗੀ, ਮੇਰੇ ਹਿਸਾਬ ਨਾਲ ਚੱਲੇਗੀ, ਕਾਰਵਾਈ ਚੇਅਰ ਦੇ ਹਿਸਾਬ ਨਾਲ ਚੱਲੇਗੀ। (ਵਿਘਨ, ਸ਼ੋਰ) ਮੈਨੂੰ ਤੁਹਾਨੂੰ ਨੇਮ ਕਰਨਾ ਪਵੇਗਾ। ਤੁਸੀਂ ਇਕ ਮਿੰਟ ਬੈਠੋ।

---

**NAMING OF MEMBER**

**ਮਾਣਯੋਗ ਸਪੀਕਰ :** ਮੈਂ ਸਾਡੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਨੇਮ ਕਰਦਾ ਹਾਂ, ਨੇਮ ਕਰਦਾ ਹਾਂ, ਨੇਮ ਕਰਦਾ ਹਾਂ। ਇਨ੍ਹਾਂ ਨੂੰ ਸਦਨ ਤੋਂ ਬਾਹਰ ਕੱਢ ਦਿੱਤਾ ਜਾਵੇ। (ਵਿਘਨ, ਸ਼ੋਰ)

---

(ਇਸ ਸਮੇਂ ਸ੍ਰੀ ਵਿਕਰਮਜੀਤ ਸਿੰਘ ਚੌਧਰੀ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ** ਬੋਲ ਰਹੇ ਸੀ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਬੋਲ ਰਹੇ ਸੀ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ। )

**ਮਾਣਯੋਗ ਸਪੀਕਰ: (**ਮਾਰਸ਼ਲ ਨੂੰ ਸੰਬੋਧਨ ਕਰਦੇ ਹੋਏ) ਇਨ੍ਹਾਂ (ਸਰਦਾਰ ਸੁਖਪਾਲ ਸਿੰਘ ਖਹਿਰਾ) ਨੂੰ ਬਾਹਰ ਕੱਢ ਦਿਉ। (ਵਿਘਨ)(ਸ਼ੋਰ)

**ਮੁੱਖ ਮੰਤਰੀ:** ਸਪੀਕਰ ਸਾਹਿਬ, ਇਹ ਸੈਸ਼ਨ ਨੂੰ ਡਿਸਟਰਬ ਕਰ ਰਹੇ ਹਨ। ਤੁਸੀਂ ਇੱਕ ਬੰਦੇ ਨੂੰ ਇੰਨੀ ਦੇਰ ਦੇ ਰਹੇ ਹੋ। ਇਹ ਤੁਹਾਨੂੰ ਡਾਕੂ ਕਹਿ ਰਿਹਾ ਹੈ ਜੀ। ਇਹ ਤੁਹਾਨੂੰ ਡਾਕੂ ਕਹਿ ਰਿਹਾ ਹੈ। ਆਹ ਤਾਂ ਇਨ੍ਹਾਂ ਦੀ ਹਿਸਟਰੀ ਹੈ। ਆਹ ਇਨ੍ਹਾਂ ਦੀ ਰਾਜਨੀਤਿਕ ਹਿਸਟਰੀ ਹੈ। ਇਹ ਸਪੀਕਰ ਨੂੰ ਡਾਕੂ ਕਹਿ ਰਿਹਾ ਹੈ। (ਵਿਘਨ)(ਸ਼ੋਰ)

**ਮਾਣਯੋਗ ਸਪੀਕਰ:** ਸੈਕਟਰੀ ਸਾਹਿਬ, ਇਨ੍ਹਾਂ ਨੂੰ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ ਕਰਦੇ ਹੋਏ) ਬਾਹਰ ਭੇਜਿਆ ਜਾਵੇ।

**ਮੁੱਖ ਮੰਤਰੀ:** ਉਸ ਨੂੰ ਕਹੀ ਜਾਂਦਾ ਹੈ ਕਿ ਮੈਂ ਬਾਹਰ ਚਲਾ ਜਾਂਦਾ ਹੈ, ਥੋੜ੍ਹਾ ਜਿਹਾ ਬੋਲ ਲੈਣ ਦੇ।

(ਇਸ ਸਮੇਂ ਵੈੱਲ ਆਫ ਦਿ ਹਾਊਸ ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਮਾਰਸ਼ਲ ਸਦਨ ਵਿੱਚੋਂ ਬਾਹਰ ਲਿਜਾਉਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ

** Not recorded as ordered by the Chair.

ਸਰਦਾਰ ਸੁਖਪਾਲ ਸਿੰਘ ਖਹਿਰਾ ** ਨਾਅਰੇ ਲਗਾਉਣ ਲੱਗ ਪਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮੁੱਖ ਮੰਤਰੀ**: ਚਲੋ, ਚਲੋ, ਸਾਬਾਸ਼। ਲੱਗ ਗਈ ਹਾਜ਼ਰੀ ਤੁਹਾਡੀ। (ਵਿਘਨ, ਸ਼ੋਰ) ਉਸਨੇ ਬਾਹਰ ਚਲੇ ਜਾਣਾ ਹੈ। ਉਹ ਕਿਹੜਾ ਪਹਿਲੀ ਵਾਰ ਬਾਹਰ ਕੱਢੇ ਗਏ ਹਨ। (ਵਿਘਨ) ਜਦੋਂ ਤੁਹਾਡੀ ਪਾਰਟੀ ਤੁਹਾਨੂੰ ਟਾਈਮ ਨਹੀਂ ਦਿੰਦੀ, ਅਸੀਂ ਕੀ ਕਰੀਏ? (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸੰਬੋਧਨ ਕਰਦੇ ਹੋਏ।)

(ਇਸ ਸਮੇਂ ਰਾਣਾ ਗੁਰਜੀਤ ਸਿੰਘ ਨੂੰ ਛੱਡ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੀ ਵੈੱਲ ਆਫ ਦਿ ਹਾਊਸ ਵਿੱਚ ਆ ਗਏ। ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਮਾਣਯੋਗ ਸਪੀਕਰ ਸਾਹਿਬ ਤੋਂ ਸਮੇਂ ਦੀ ਮੰਗ ਕਰ ਰਹੇ ਸੀ।)

**ਮਾਣਯੋਗ ਸਪੀਕਰ**: ਤੁਹਾਡੀ ਗੱਲ ਸੁਣ ਲਵਾਂਗੇ। ਮੈਂ ਨੇਮ ਕਰ ਚੁੱਕਿਆ ਹਾਂ। ਮਾਣਯੋਗ ਮੈਂਬਰ ਨੂੰ ਬਾਹਰ ਜਾਣਾ ਪਵੇਗਾ। (ਵਿਘਨ)

**ਮੁੱਖ ਮੰਤਰੀ**: ਸਪੀਕਰ ਸਾਹਿਬ, ਕੀ ਇਹ ਕਾਂਗਰਸ ਪਾਰਟੀ ਵਾਲੇ ਨਰੇਗਾ ਸਕੀਮ ਦੇ ਖਿਲਾਫ ਹਨ ਜਾਂ ਹੱਕ ਵਿੱਚ ਹਨ? (ਵਿਘਨ) ਇਹ ਜਾਣ ਬੁੱਝ ਕੇ ਪਲਾਨਿੰਗ ਕਰਕੇ ਆਏ ਹਨ ਕਿ ਇੱਥੇ ਮੁੱਖ ਮੰਤਰੀ ਨੂੰ ਬੋਲਣ ਨਹੀਂ ਦੇਣਾ ਕਿਉਂਕਿ ਜਦੋਂ ਮੈਂ ਬੋਲਾਂਗਾ ਤਾਂ ਇਨ੍ਹਾਂ ਦੇ ਭੇਤ ਖੁਲ੍ਹਣਗੇ। ਇਸੇ ਕਾਰਨ ਇਹ ਰੌਲ਼ਾ ਪਾਉਂਦੇ ਹਨ, ਹੋਰ ਕੋਈ ਗੱਲ ਨਹੀਂ।

**ਮਾਣਯੋਗ ਸਪੀਕਰ**: ਮੈਂ ਵਾਚ ਐਂਡ ਵਾਰਡ ਨੂੰ ਹਦਾਇਤ ਕਰਦਾ ਹਾਂ ਕਿ ਇਨ੍ਹਾਂ ਨੂੰ ਬਾਹਰ ਕੱਢ ਦਿੱਤਾ ਜਾਵੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** ਬੋਲ ਰਹੇ ਸੀ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤਾ ਗਿਆ। ਟਰੇਜ਼ਰੀ ਬੈਂਚਿਜ ਤੋਂ ਵੀ ਕਾਫ਼ੀ ਮੈਂਬਰਜ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜਿਸ ਕਾਰਨ ਸਦਨ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ਅਤੇ ਵਾਚ ਐਂਡ ਵਾਰਡ ਸਟਾਫ ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸਦਨ ਵਿੱਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੇ ਸਨ।)

**ਮੁੱਖ ਮੰਤਰੀ**: ਇਨ੍ਹਾਂ ਕੋਲ ਹੋਰ ਕੋਈ ਤਰਕ ਨਹੀਂ ਹੈ। ਹੋਰ ਕੋਈ ਤੱਥ ਨਹੀਂ ਹੈ। ਇਨ੍ਹਾਂ ਨੇ ਮੇਰੀ ਸਪੀਚ, ਮੈਂ ਜੋ ਗਰੀਬ ਲੋਕਾਂ ਵੱਲੋਂ ਬੋਲਣਾ ਹੈ, ਇਨ੍ਹਾਂ ਨੇ ਉਸ ਨੂੰ ਡਿਸਟਰਬ ਕਰਨਾ ਹੈ ਕਿਉਂਕਿ ਮੈਂ ਕਰਦਾ ਹਾਂ ਸੋਨੇ ਦੇ ਬਿਸਕੁਟਾਂ ਦੀਆਂ ਗੱਲਾਂ। ਮੈਂ ਕਰਦਾ ਹਾਂ ਇਨ੍ਹਾਂ ਦੀ ਰਜਵਾੜਾਸ਼ਾਹੀ ਦੀਆਂ ਗੱਲਾਂ। ਇਨ੍ਹਾਂ ਦੀ ਜੋ ਸੋਚ ਹੈ, ਦਲਿਤਾਂ ਗਰੀਬਾਂ ਪ੍ਰਤੀ ਇਨ੍ਹਾਂ ਦੇ ਪ੍ਰਧਾਨ ਨੇ ਤਰਨ ਤਾਰਨ ਵਿਖੇ ਕੀ ਕਿਹਾ ਸੀ, ਮੈਂ ਉਨ੍ਹਾਂ ਦੀਆਂ ਗੱਲਾਂ ਕਰਨੀਆਂ ਹਨ। ਸੋ, ਇਸ ਕਰਕੇ ਇਹ ਹੁਣ ਬਹਾਨਾ ਲੱਭਦੇ ਹਨ। ਇਹ ਸਾਰੇ ਇਕੱਠੇ ਹੋ ਕੇ ਹੁਣ ਇੱਧਰ ਦੀ (ਬਾਹਰ ਵੱਲ ਇਸ਼ਾਰਾ ਕਰਦੇ ਹੋਏ) ਲੰਘ ਜਾਣਗੇ। ਚਲੋ, ਜਾਓ ਫਿਰ ਜੇ ਤੁਸੀਂ ਜਾਣਾ ਹੈ। ਸਾਨੂੰ ਬੋਲ ਲੈਣ ਦਿਓ। ਗਰੀਬਾਂ ਦੇ ਹੱਕ ਵਿੱਚ ਕੋਈ ਗੱਲ ਕਰ ਲੈਣ ਦਿਓ। (ਵਿਘਨ)(ਸ਼ੋਰ) ਕਿਰਪਾ ਕਰਕੇ ਗੱਲ ਕਰ ਲੈਣ ਦਿਓ। ਤੁਸੀਂ ਰਜਵਾੜੇ ਹੋ, ਤੁਹਾਡੇ ਏਜੰਡੇ ਤੇ ਗਰੀਬ ਨਹੀਂ ਹਨ।

** Not recorded as ordered by the Chair.

ਤੁਹਾਡੇ ਮੈਨੀਫੈਸਟੋ ਵਿੱਚ ਗਰੀਬ ਨਹੀਂ ਹਨ। (ਵਿਘਨ)(ਸ਼ੋਰ) ਤੁਸੀਂ ਗਰੀਬਾਂ ਨੂੰ ਮੈਟੀਰੀਅਲ ਕਹਿੰਦੇ ਹੋ, ਤੁਸੀਂ ਕਹਿੰਦੇ ਹੋ ਕਿ ਪੈਰਾਂ ਦੀ ਜੁੱਤੀ ਸਿਰ ਤੇ ਬੈਠਾਉਗੇ। (ਵਿਘਨ) ਇਹ ਆਹ ਹੀ ਕਹਿੰਦੇ ਹਨ, ਜਿਹੜੇ ਇਹ ਖੜ੍ਹੇ ਹਨ। ਇਹ ਕਹਿੰਦੇ ਹਨ ਕਿ ਜੇ ਡਰਬੀ ਘੋੜਿਆਂ ਦੀ ਰੇਸ ਦੇ ਵਿੱਚ ਖੱਚਰ ਜਾਂ ਟੱਟੂ ਭਜਾਓਗੇ ਤਾਂ ਫਿਰ ਇਹੀ ਹਾਲ ਹੁੰਦਾ ਹੈ। ਇਨ੍ਹਾਂ ਦੀ ਗਰੀਬਾਂ ਪ੍ਰਤੀ ਇਹ ਸੋਚ ਹੈ। (ਵਿਘਨ) ਇਹ ਅੱਜ ਬੱਸ ਡਿਸਟਰਬ ਕਰ ਰਹੇ ਹਨ। ਇਨ੍ਹਾਂ ਨੂੰ ਹੋਰ ਕੋਈ ਕੰਮ ਨਹੀਂ ਹੈ। ਮੁੱਖ ਮੰਤਰੀ ਦਾ ਭਾਸ਼ਣ ਡਿਸਟਰਬ ਕਰ ਦਿਓ। ਮੈਂ ਇਹੋ ਜਿਹੀਆਂ ਹਜ਼ਾਰਾਂ ਡਿਸਟਰਬੈਂਸਾਂ ਝੱਲੀਆਂ ਹਨ। ਮੈਂ ਤੁਹਾਡੇ ਵਰਗਾ ਨਹੀਂ ਹਾਂ ਕਿ ਅਸੀਂ ਕਾਨਵੈਂਟਾਂ ਵਿੱਚੋਂ ਪੜ੍ਹ ਕੇ ਆ ਗਏ ਅਤੇ ਆਉਣ ਸਾਰ ਬਾਪੂਆਂ ਵਾਲੀਆਂ ਕਮਾਈਆਂ ਉੱਤੇ ਬਹਿ ਗਏ। (ਵਿਘਨ)(ਸ਼ੋਰ) ਆਹ ਬਾਪੂ ਦਾ ਨਾਮ ਲਈ ਜਾਂਦਾ ਰਹਿੰਦਾ ਹੈ। ਉਹ ਬਾਪੂ ਦਾ ਨਾਮ ਲਈ ਜਾਂਦਾ ਰਹਿੰਦਾ ਹੈ, ਮੇਰੇ ਪਿਤਾ ਜੀ ਐਂ ਐਂ। ਸਾਡੇ ਵੀ ਪਿਤਾ ਜੀ ਹਨ। ਅਸੀਂ ਵੀ ਪਿਉਆਂ ਦੇ ਪੁੱਤ ਹੀ ਹਾਂ। ਹਾਂ..(ਵਿਘਨ)(ਸ਼ੋਰ) ਮਜ਼ਾਕ ਬਣਾਇਆ ਹੋਇਆ ਹੈ। ਇਹ ਇਨ੍ਹਾਂ ਨੇ ਇੱਥੇ ਵਿਧਾਨ ਸਭਾ ਦਾ ਮਜ਼ਾਕ ਬਣਾਇਆ ਹੋਇਆ ਹੈ। ਐਤਕੀਂ ਜਿੰਨੇ ਤੁਸੀਂ ਹੋ, ਅਗਲੀ ਵਾਰ ਉਨੇ ਵੀ ਨਹੀਂ ਇੱਥੇ ਆਉਣੇ। ਨਹੀਂ ਜਿੱਤ ਸਕਦੇ, ਜਿਵੇਂ ਤੁਸੀਂ ਚੱਲ ਰਹੇ ਹੋ। ਆਪ ਬੋਲ ਕੇ ਹੁਣ ਤੁਸੀਂ ਨਿਕਲਣ ਲੱਗੇ ਹੋ। (ਵੈਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ।) ਸਾਹਮਣੇ ਬੈਠੋ। (ਵਿਘਨ)(ਸ਼ੋਰ) ਬੈਠੋ। ਨਹੀਂ ਤਾਂ ਕਾਂਗਰਸ ਨੂੰ ਕੀ ਜਵਾਬ ਦਿਉਗੇ ਸ਼ਾਮ ਨੂੰ ਜਾ ਕੇ? ਕਿ ਅਸੀਂ ਨਰੇਗਾ ਦੀ ਗੱਲ ਤੇ ਬਾਈਕਾਟ ਕਰ ਆਏ? ਕੀ ਤੁਸੀਂ ਨਰੇਗਾ ਦੇ ਹੱਕ ਵਿੱਚ ਹੋ ਜਾਂ ਨਰੇਗਾ ਦੇ ਵਿਰੋਧ ਵਿੱਚ ਹੋ? ਮੈਂ ਕਹੀ ਜਾਂਦਾ ਹਾਂ ਕਿ ਲੜਾਈ ਮੋਦੀ ਨਾਲ ਹੈ। ਉਸ ਦੇ ਨਾਲ ਲੜੀਏ। ਸਾਨੂੰ ਤਾਂ ਕਹਿੰਦੇ ਹੋ ਕਿ ਚਲੋ ਦਿੱਲੀ ਚੱਲੀਏ। ਤੁਸੀਂ ਇੱਥੇ ਤਾਂ ਬੈਠੋ ਪਹਿਲਾਂ। ਐਥੇ ਬੈਠੋ। ਤੁਸੀਂ ਕਹਿੰਦੇ ਹੋ ਕਿ ਦਿੱਲੀ ਚੱਲੀਏ, ਅਸੀਂ ਤੁਹਾਡੇ ਨਾਲ ਚੱਲਾਂਗੇ। ਤੁਸੀਂ ਇੱਥੇ ਤਾਂ ਨਾਲ ਬਹਿੰਦੇ ਨਹੀਂ, ਤੁਸੀਂ ਦਿੱਲੀ ਸਾਡੇ ਨਾਲ ਕੀ ਚੱਲੋਗੇ? ਤੁਸੀਂ ਐਥੇ ਤਾਂ ਸਾਡੇ ਨਾਲ ਬਹਿੰਦੇ ਨਹੀਂ ਹੋ। ਚਾਰ ਘੰਟੇ ਦੇ ਸੈਸ਼ਨ ਵਿੱਚ ਤਾਂ ਬੈਠ ਨਹੀਂ ਸਕਦੇ। ਤੁਸੀਂ ਕਿਹਾ ਕਿ ਜੇ ਕੋਈ ਨਾ ਜਾਵੇ, ਫਿਰ ਉਹ ਗੱਦਾਰ ਹੋਊਗਾ। (ਵਿਘਨ) ਚਲੋ, ਇੱਥੇ ਬੈਠੋ। ਬਹਿ ਕੇ ਗੱਲ ਸੁਣੋ। (ਵਿਘਨ) ਸੁਣੋ ਫਿਰ ਗੱਲ। ਸੁਣੋ। (ਵਿਘਨ) ਤੁਸੀਂ ਦਿੱਲੀ ਕੀ ਚੱਲੋਗੇ, ਇੱਥੇ ਤਾਂ ਬਹਿ ਕੇ ਸਾਡੇ ਨਾਲ ਗੱਲ ਨਹੀਂ ਕਰਦੇ। ਕੀ ਇਹ ਸਮੱਸਿਆ ਮੇਰੀ ਹੈ? ਇਹ ਜਿਹੜਾ ਸਿਆਪਾ ਪਾਇਆ ਹੈ, ਇਹ ਮੋਦੀ ਨੇ ਸਿਰਜਿਆ ਹੈ।

**ਮਾਣਯੋਗ ਸਪੀਕਰ** : (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਨੂੰ ਸੰਬੋਧਨ ਕਰਦੇ ਹੋਏ): ਤੁਹਾਡੀਆਂ ਸਾਰੀਆਂ ਗੱਲਾਂ ਸੁਣਾਂਗੇ। He will have to get out, he will be shifted out and he is not allowed here.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨੂੰ ਨੇਮ ਕਰਨ ਦੇ ਰੋਸ ਵਜੋਂ ਵੈਲ ਆਫ਼ ਦਿ ਹਾਊਸ ਵਿਚ ਖੜ੍ਹੇ ਹੋ ਕੇ ਆਪਣਾ ਰੋਸ ਪ੍ਰਗਟਾ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਤੁਹਾਡੀ ਗੱਲ ਸੁਣਾਂਗੇ। ਤੁਹਾਡੀ ਗੱਲ ਬਿਲਕੁਲ ਸੁਣਾਂਗੇ। ਬਾਜਵਾ ਜੀ, ਤੁਹਾਡੀ ਗੱਲ ਜ਼ਰੂਰ ਸੁਣਾਂਗਾ। ਤੁਸੀਂ ਆਪਣੀਆਂ ਸੀਟਾਂ ਤੇ ਬੈਠੋ ਜੀ। (ਵਿਘਨ) ਤੁਹਾਨੂੰ ਦੋ ਮਿੰਟ ਗੱਲ ਕਰਨ ਲਈ ਦਿਆਂਗਾ।

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਦੇ ਹੁਕਮਾਂ ਤਹਿਤ ਮਾਰਸ਼ਲਜ਼ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਸਦਨ ਵਿਚੋਂ ਬਾਹਰ ਜਾਣ ਲਈ ਲਗਾਤਾਰ ਬੇਨਤੀ ਕਰ ਰਹੇ ਸਨ।)

**ਮੁੱਖ ਮੰਤਰੀ:** ਇਹ ਹਰ ਗੱਲ ਤੇ ਟੋਕਦੇ ਹਨ, ਰਨਿੰਗ ਕੁਮੈਂਟਰੀ ਕਰਦੇ ਹਨ। ਇਹ ਹਾਊਸ ਨੂੰ ਡਿਕਟੇਟ ਕਰਦੇ ਹਨ। ਇਹ ਚਾਰ ਘੰਟਿਆਂ ਦੇ ਸੈਸ਼ਨ ਵਿਚ ਤਾਂ ਬੈਠ ਨਹੀਂ ਸਕਦੇ, ਕਹਿੰਦੇ ਚਾਰ ਦਿਨ ਦਾ ਸੈਸ਼ਨ ਚਲਾਓ, 40 ਦਿਨ ਦਾ ਚਲਾਓ, 60 ਦਿਨ ਦਾ ਚਲਾਓ। ਚਾਰ ਘੰਟੇ ਵਾਲੇ ਸੈਸ਼ਨ ਵਿਚ ਤਾਂ ਸਹਿਯੋਗ ਨਹੀਂ ਦਿੰਦੇ। ਅੱਜ ਤਾਂ ਮੁੱਦਾ ਵੀ ਤੁਹਾਡੇ ਖਿਲਾਫ਼ ਨਹੀਂ ਹੈ। ਮੁੱਦਾ ਬੀ.ਜੇ.ਪੀ. ਵਾਲਿਆਂ ਦੇ ਖਿਲਾਫ਼ ਹੈ, ਕੇਂਦਰ ਸਰਕਾਰ ਦੇ ਖਿਲਾਫ਼ ਹੈ। ਅੱਜ ਵੀ ਤੁਸੀਂ ਇਸ ਤਰ੍ਹਾਂ ਕਰ ਰਹੇ ਹੋ। ਇਸ ਤੋਂ ਸਿੱਧ ਹੁੰਦਾ ਹੈ ਕਿ ਤੁਸੀਂ ਰਲੇ ਹੋਏ ਹੋ। ਇਹ ਬੀ.ਜੇ.ਪੀ. ਨਾਲ ਰਲੇ ਹੋਏ ਹਨ। ਬਰਨਾਲੇ ਆਲਿਓ, ਤੁਸੀਂ ਨਵੇਂ ਹੋ। ਬੱਸ ਇਹੀ ਹੈ। ਇਨ੍ਹਾਂ ਨੂੰ ਕਿਸੇ ਗਰੀਬ ਦੀ ਚਿੰਤਾ ਨਹੀਂ। ਇਸ ਵਕਤ ਹਜ਼ਾਰਾਂ ਲੋਕ, ਦਿਹਾੜੀਦਾਰ ਦੇਖ ਰਹੇ ਹੋਣਗੇ ਕਿ ਅੱਜ ਕੀ ਹੋ ਰਿਹਾ ਹੈ। ਇਹ ਦਿਖਾਓ ਕਿ ਇਹ ਕੀ ਹੋ ਰਿਹਾ ਹੈ। ਕਾਂਗਰਸੀਆਂ ਦਾ ਚਿਹਰਾ ਸਾਹਮਣੇ ਆ ਗਿਆ ਹੈ। ਅਕਾਲੀਆਂ ਦਾ ਤਾਂ ਪਹਿਲਾਂ ਹੀ ਸਾਹਮਣੇ ਆ ਗਿਆ ਸੀ, ਬੀ.ਜੇ.ਪੀ. ਦਾ ਵੀ ਪਹਿਲਾਂ ਹੀ ਸਾਹਮਣੇ ਆ ਗਿਆ ਸੀ। ਹੁਣ ਇਨ੍ਹਾਂ ਦਾ ਹਾਲ ਵੇਖ ਲਓ। ਇਹ ਇਸੇ ਤਰ੍ਹਾਂ ਹੜ੍ਹਾਂ ਵੇਲੇ ਜੌਂਗੇ ਲਈ ਲੜੇ ਸੀ। ਇਹ ਤਾਂ ਲੜਦੇ ਹੀ ਰਹਿੰਦੇ ਹਨ। ਇਹ ਮਾਨਸਾ ਵਿਚ ਪਰਸੋਂ ਚੌਥੇ ਝੱਜੂ ਪਾਈ ਬੈਠੇ ਸੀ। ਕੋਈ ਕਹਿੰਦਾ ਹੈ ਕਿ 500 ਕਰੋੜ ਦੀ ਕੁਰਸੀ ਖਰੀਦ ਲਈ, ਕੋਈ ਕਹਿੰਦਾ ਐਨੇ ਦੀ ਖਰੀਦ ਲਈ। ਇਹ ਕਾਂਗਰਸ ਹੈ। ਇਹ ਇੱਥੇ ਆਉਣ ਦੇ ਕਾਬਲ ਹਨ? ਚਾਰ ਘੰਟੇ ਤਾਂ ਇਨ੍ਹਾਂ ਤੋਂ ਟਿਕ ਕੇ ਬੈਠਿਆ ਨਹੀਂ ਜਾਂਦਾ। ਆਪਣੀਆਂ ਗੱਲਾਂ ਸੁਣਾ ਕੇ ਹੁਣ ਬਾਹਰ ਜਾਣ ਦੀਆਂ ਕੋਸ਼ਿਸ਼ਾਂ ਕਰਦੇ ਹਨ। (ਵਿਘਨ)

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਬਾਜਵਾ ਜੀ, ਤੁਹਾਡੀ ਗੱਲ ਆ ਗਈ ਹੈ। ਚੇਅਰ ਦਾ ਆਰਡਰ ਹੋ ਗਿਆ ਜੀ। (ਵਿਘਨ)

**ਮੁੱਖ ਮੰਤਰੀ:** ਇਹ ਚੇਅਰ ਦਾ ਫੈਸਲਾ ਮੰਨਣ ਨੂੰ ਤਿਆਰ ਨਹੀਂ ਹਨ। (ਵਿਘਨ)

(ਇਸ ਸਮੇਂ ਮਾਣਯੋਗ ਸਪੀਕਰ ਸਾਹਿਬ ਦੇ ਹੁਕਮਾਂ ਤਹਿਤ ਮਾਰਸ਼ਲਜ਼ ਵੈੱਲ ਆਫ਼ ਦਿ ਹਾਊਸ ਵਿਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਨੂੰ ਬੜੀ ਮੁਸ਼ੱਕਤ ਨਾਲ ਸਦਨ ਵਿਚੋਂ ਬਾਹਰ ਲੈ ਗਏ।)

**ਮਾਣਯੋਗ ਸਪੀਕਰ (ਗੇਵਲ ਮਾਰਦੇ ਹੋਏ) :** ਸਾਰੇ ਮਾਣਯੋਗ ਮੈਂਬਰ ਆਪਣੀਆਂ ਸੀਟਾਂ ਤੇ ਬੈਠਣ। ਬੈਠੋ, ਬੈਠੋ। ਸੀ.ਐਮ. ਸਾਹਿਬ, ਇਕ ਮਿੰਟ ਜੀ। ਚੇਅਰ ਨੂੰ ਐਡਰੈਸ ਕਰੋ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਪ੍ਰਤਾਪ ਸਿੰਘ ਬਾਜਵਾ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ, ਜਦੋਂ ਕਿ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਬਾਕੀ ਮੈਂਬਰ ਵਿਰੋਧੀ ਧਿਰ ਦੇ ਨੇਤਾ ਦੀ ਸੀਟ ਦੇ ਕੋਲ ਖੜ੍ਹੇ ਹੋ ਕੇ ਆਪਣਾ ਰੋਸ ਪ੍ਰਗਟਾ ਰਹੇ ਸਨ।)

**ਮੁੱਖ ਮੰਤਰੀ:** ਬਾਜਵਾ ਸਾਹਿਬ, ਹੁਣ ਉਹ ਮੀਡੀਆ ਕੋਲ ਜਾਵੇਗਾ ਤੇ ਸਾਰਾ ਕੁਝ ਬੋਲੇਗਾ, ਤੁਸੀਂ ਨਾਲ ਚਲੇ ਜਾਓ। ਇੱਥੇ ਕੋਈ ਫਾਇਦਾ ਨਹੀਂ। ਚਲੋ ਬੈਠੋ ਫਿਰ, ਜਾਂ ਜਾਓ ਜਾਂ ਬੈਠੋ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾ ਇਜਾਜ਼ਤ) :** ਕਿਉਂ ਬੈਠੀਏ, Who are you? (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਲਗਾਤਾਰ ਬਿਨਾ ਇਜਾਜ਼ਤ ਬੋਲ ਰਹੇ ਸਨ ਅਤੇ ਮੁੱਖ ਮੰਤਰੀ ਜੀ ਨਾਲ ਬਹਿਸ ਰਹੇ ਸਨ।)

**ਮੁੱਖ ਮੰਤਰੀ :** ਕਿਉਂ ਬੈਠੀਏ? ਤੁਸੀਂ Who are you ਕਹਿੰਦੇ ਹੋ। ਤੁਹਾਨੂੰ ਹਾਲੇ 2022 ਵਿਚ ਪਤਾ ਨਹੀਂ ਲੱਗਿਆ who I am. (ਵਿਘਨ)

**ਮਾਣਯੋਗ ਸਪੀਕਰ:** ਚੇਅਰ ਨੂੰ ਐਡਰੈਸ ਕਰੋ ਜੀ। ਸਦਨ ਨੂੰ ਚੱਲਣ ਦਿਓ। (ਵਿਘਨ)

**ਮੁੱਖ ਮੰਤਰੀ:** ਸਾਲ 2024 ਵਿਚ ਨਹੀਂ ਪਤਾ ਲੱਗਿਆ। ਜਿਹੜੀਆਂ ਪੰਚਾਇਤੀ ਚੋਣਾਂ ਹੋਈਆਂ ਹਨ, ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਹੋਈਆਂ ਹਨ, ਉਸ ਵਿਚ ਨਹੀਂ ਪਤਾ ਲੱਗਿਆ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾ ਇਜਾਜ਼ਤ) :** ਅਸੀਂ ਆਪਣੀ ਗੱਲ ਨਹੀਂ ਰੱਖਣੀ? (ਵਿਘਨ)

**ਮਾਣਯੋਗ ਸਪੀਕਰ :** ਬਾਜਵਾ ਜੀ, ਬੈਠੋ। (ਵਿਘਨ)

**ਮੁੱਖ ਮੰਤਰੀ :** ਤੁਸੀਂ ਆਪਣੀ ਗੱਲ ਰੱਖ ਤਾਂ ਚੁੱਕੇ ਹੋ। ਮੈਨੂੰ ਤਾਂ ਆਪਣੀ ਗੱਲ ਰੱਖਣ ਨਹੀਂ ਦਿੰਦੇ। ਸਵੇਰ ਦਾ ਸੈਸ਼ਨ ਚੱਲ ਰਿਹਾ ਹੈ। ਤੁਹਾਡੀਆਂ ਹੀ ਗੱਲਾਂ ਚੱਲ ਰਹੀਆਂ ਹਨ। ਕਹਿੰਦੇ Who are you? (ਵਿਘਨ)

**ਮਾਣਯੋਗ ਸਪੀਕਰ (ਗੇਵਲ ਮਾਰਦੇ ਹੋਏ):** ਬੈਠੋ ਬੈਠੋ। ਮੈਂ ਸਾਰੇ ਮਾਣਯੋਗ ਮੈਂਬਰਾਂ ਨੂੰ ਬੇਨਤੀ ਕਰਦਾ ਹਾਂ ਕਿ ਆਪੋ ਆਪਣੀ ਜਗ੍ਹਾ ਤੇ ਬੈਠਣ। ਕ੍ਰਿਪਾ ਕਰਕੇ ਬੈਠੋ। (ਵਿਘਨ)

**ਮੁੱਖ ਮੰਤਰੀ:** ਐਡੇ ਤਰਸੇ ਪਏ ਹਨ। ਹਾਏ ਕੁਰਸੀ, ਹਾਏ ਕੁਰਸੀ। (ਵਿਘਨ)

**ਮਾਣਯੋਗ ਸਪੀਕਰ:** ਬਾਜਵਾ ਸਾਹਿਬ, ਤੁਹਾਡੀ ਗੱਲ ਵੀ ਸੁਣਾਂਗਾ। ਤੁਸੀਂ ਬੈਠੋ। ਮੈਂ ਹੁਣੇ ਤੁਹਾਡੀ ਗੱਲ ਸੁਣਾਂਗਾ। ਤੁਸੀਂ ਬੈਠੋ। ਹੁਣੇ ਲਓ। ਸੀ.ਐਮ. ਸਾਹਿਬ ਇਕ ਮਿੰਟ ਜੀ। ਇਨ੍ਹਾਂ ਦੀ ਗੱਲ ਸੁਣ ਲਈਏ। ਹਾਂ ਜੀ, ਬਾਜਵਾ ਜੀ, ਦੱਸੋ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਜੇਕਰ ਪਹਿਲਾਂ ਹੀ ਦੋ ਮਿੰਟ ਦੇ ਦਿੰਦੇ ਤਾਂ ਕੀ ਮਾੜਾ ਸੀ?

**ਸਰਦਾਰ ਲਾਭ ਸਿੰਘ ਉਗੋਕੇ:** ਕਿਉਂ ਦੇ ਦਿੰਦੇ? (ਵਿਘਨ)

**ਮਾਣਯੋਗ ਸਪੀਕਰ:** ਤੁਸੀਂ ਬੈਠੋ ਜੀ। ਕਿਸੇ ਨੇ ਕੁਝ ਨਹੀਂ ਕਹਿਣਾ। ਬਾਜਵਾ ਜੀ, ਤੁਸੀਂ ਚੇਅਰ ਨੂੰ ਅਡਰੈਸ ਕਰੋ ਜੀ।

**ਮੁੱਖ ਮੰਤਰੀ:** ਹਰੇਕ ਨੂੰ ਕਹਿੰਦੇ ਹਨ Who are you, ਤੂੰ ਕੌਣ ਹੈ? ਤੁਸੀਂ ਹੀ ਹੋ ਬੱਸ ਇਕੱਲੇ ਇੱਥੇ। (ਵਿਘਨ)

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ ਜੀ।(ਵਿਘਨ)

**ਮਾਣਯੋਗ ਸਪੀਕਰ :** ਚੇਅਰ ਨੂੰ ਐਡਰੈਸ ਕੀਤਾ ਜਾਵੇ ਜੀ। ਅੱਜ ਪੰਜਾਬ ਦੇ ਬਹੁਤ ਹੀ ਅਹਿਮ ਮੁੱਦੇ ਤੇ ਬਹਿਸ ਹੋ ਰਹੀ ਹੈ ਲੇਕਿਨ ਬੜੇ ਅਫ਼ਸੋਸ ਦੀ ਗੱਲ ਹੈ, ਬੜੇ ਅਫ਼ਸੋਸ ਦੀ ਗੱਲ ਹੈ ਕਿ ਇਹ ਸਦਨ ਵਿਚ ਹੰਗਾਮਾ ਕਰ ਰਹੇ ਹਨ। ਜੀ, ਮੁੱਖ ਮੰਤਰੀ ਜੀ। (ਵਿਘਨ)

**ਮੁੱਖ ਮੰਤਰੀ:** ਬਹੁਤ ਬਹੁਤ ਧੰਨਵਾਦ ਜੀ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਸੁਣ ਲਓ ਜੀ।

**ਮੁੱਖ ਮੰਤਰੀ:** ਸਰ, ਕਿੰਨੀਆਂ ਕੁ ਬੇਨਤੀਆਂ ਸੁਣਾਂਗੇ। ਸਵੇਰ ਦੇ ਹਰ ਬੁਲਾਰੇ ਦੇ ਵਿਚ ਬੋਲਦੇ ਹਨ, ਹਰ ਬੁਲਾਰੇ ਤੋਂ ਪਹਿਲਾਂ ਬੋਲਦੇ ਹਨ, ਹਰ ਬੁਲਾਰੇ ਤੋਂ ਬਾਅਦ ਬੋਲਦੇ ਹਨ। ਕਿੰਨੀ ਕੁ ਵਾਰ ਸੁਣੋਗੇ ਜੀ। ਇਹ ਦੀਵਾ ਬੁੱਝਣ ਵੇਲੇ ਫੜਫੜਾਉਂਦਾ ਹੈ। ਫੜ ਫੜ ਜ਼ਿਆਦਾ ਕਰਦਾ ਹੈ। ਹੁਣ ਇਨ੍ਹਾਂ ਦਾ ਦੀਵਾ ਬੁਝਣ ਲੱਗਿਆ ਹੈ। ਕੋਈ ਗੱਲ ਨਹੀਂ ਬਾਤ ਨਹੀਂ, ਇਹ ਕਿਸੇ ਨੂੰ ਗੱਲ ਨਹੀਂ ਕਰਨ ਦਿੰਦੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ:** ਸਪੀਕਰ ਸਾਹਿਬ, ਅਸੀਂ ਤੁਹਾਨੂੰ ਲਿਸਟ ਘੱਲੀ ਪਰ ਤੁਸੀਂ ਜਾਣ ਬੁੱਝ ਕੇ ਸਰਦਾਰ ਸੁਖਪਾਲ ਸਿੰਘ ਖਹਿਰਾ ਦਾ ਨਾਮ ਬਾਹਰ ਕੱਢਿਆ ਜੀ। ਲਿਸਟ ਵਿੱਚ ਇੱਕ ਨੰਬਰ ਤੇ ਸਰਦਾਰ ਸੁਖਪਾਲ ਸਿੰਘ ਖਹਿਰਾ ਦਾ ਨਾਮ ਸੀ।

**ਮਾਣਯੋਗ ਸਪੀਕਰ:** ਬੈਠੋ ਜੀ ਬੈਠੋ। ਮੇਰੇ ਕੋਲ ਤੁਹਾਡੀ ਦਿੱਤੀ ਹੋਈ ਲਿਸਟ ਹੈ। ਬਿਲਕੁਲ ਇਸ ਦੇ ਵਿਚ ਸਭ ਤੋਂ ਪਹਿਲਾਂ ਸਰਦਾਰ ਸੁਖਪਾਲ ਸਿੰਘ ਖਹਿਰਾ ਦਾ ਨਾਮ ਹੈ, ਫਿਰ ਸਰਦਾਰ ਪਰਗਟ ਸਿੰਘ ਦਾ ਨਾਮ ਹੈ, ਫਿਰ ਬੀਬੀ ਅਰੁਨਾ ਚੌਧਰੀ ਜੀ ਦਾ ਨਾਮ ਹੈ, ਸ਼੍ਰੀ ਸੁਖਵਿੰਦਰ ਕੋਟਲੀ ਜੀ ਦਾ ਨਾਮ ਵੀ ਹੈ। ਤੁਹਾਨੂੰ 16 ਮਿੰਟ ਮਿਲੇ ਸੀ ਪਰ ਕਾਂਗਰਸ ਪਾਰਟੀ ਦੇ ਮੈਂਬਰ 28 ਮਿੰਟ ਬੋਲੇ ਹਨ। ਤੁਸੀਂ ਆਪਣੇ ਆਪਣੇ ਸਮੇਂ ਵਿਚ ਰਿਹਾ ਕਰੋ, ਫਿਰ ਸਾਰਿਆਂ ਨੂੰ

ਸਮਾਂ ਮਿਲੇਗਾ। ਤੁਸੀਂ ਹਾਊਸ ਨੂੰ ਡਿਕਟੇਟ ਨਹੀਂ ਕਰੋਗੇ। ਪਲੀਜ਼, ਬਾਜਵਾ ਜੀ, ਹੁਣ ਤੁਸੀਂ ਬੈਠੋ, ਤੁਹਾਡੀ ਗੱਲ ਹੋ ਗਈ। (ਵਿਘਨ) ਹਾਂ ਜੀ, ਮਾਣਯੋਗ ਮੁੱਖ ਮੰਤਰੀ ਜੀ।

-------

**OFFICIAL RESOLUTION REGARDING STRONGLY CONDEMNING THE CENTRAL GOVERNMENT'S VIKSIT BHARAT – GUARANTEE FOR ROZGAR AND AJEEVIKA MISSION (GRAMIN) ACT, 2025 (VB-G RAM G ACT), WHICH REPLACES THE MAHATMA GANDHI NATIONAL RURAL EMPLOYMENT GUARANTEE ACT (MGNREGA), 2005 *(RESUMPTION)***

**ਮੁੱਖ ਮੰਤਰੀ :** ਬਹੁਤ ਬਹੁਤ ਧੰਨਵਾਦ, ਸਪੀਕਰ ਸਾਹਿਬ। ਇਹ ਬਹੁਤ ਹੀ ਦੁੱਖ ਦੀ ਗੱਲ ਹੈ ਕਿ ਇੱਥੇ ਗੱਲ ਗਰੀਬਾਂ ਦੇ ਰੁਜ਼ਗਾਰ ਬਚਾਉਣ ਦੀ ਚੱਲਣੀ ਚਾਹੀਦੀ ਹੈ, ਇੱਥੇ ਗੱਲ ਗਰੀਬਾਂ ਦੇ ਚੁਲ੍ਹਿਆਂ ਦੀ ਅੱਗ ਨੂੰ ਬਚਾਉਣ ਦੀ ਚੱਲਣੀ ਚਾਹੀਦੀ ਹੈ, ਇੱਥੇ ਗੱਲ ਇਹ ਚੱਲਣੀ ਚਾਹੀਦੀ ਹੈ ਕਿ ਗਰੀਬਾਂ ਦੇ ਬੱਚਿਆਂ ਦੇ ਮੂੰਹ ਵਿੱਚੋਂ ਸੈਂਟਰ ਸਰਕਾਰ ਬੁਰਕੀਆਂ ਖੋਹ ਰਹੀ ਹੈ। ਉੱਥੇ ਗੱਲ ਇਹ ਹੋ ਰਹੀ ਹੈ ਕਿ who are you, ਤੂੰ ਕੌਣ ਹੈ, ਮੈਂ ਕੌਣ ਹਾਂ, ਗੱਲ ਇਸ ਲੈਵਲ ਤੇ ਆ ਗਈ ਹੈ। ਸਪੀਕਰ ਸਾਹਿਬ, ਤਾਸ਼ ਦੇ 52 ਪੱਤੇ ਹੀ ਹੁੰਦੇ ਹਨ। ਜਦੋਂ ਅੱਧੇ ਪੱਤੇ ਪਤਾ ਲੱਗ ਜਾਂਦਾ ਹੈ ਕਿ ਥੱਲੇ ਆ ਗਏ ਹਨ ਫਿਰ ਸਾਹਮਣੇ ਵਾਲੇ ਬੰਦੇ ਨੂੰ ਵੀ ਪਤਾ ਲੱਗ ਜਾਂਦਾ ਹੈ ਕਿ ਇਸ ਕੋਲ ਕਿਹੜੇ ਕਿਹੜੇ ਪੱਤੇ ਰਹਿ ਗਏ ਹਨ। ਹੁਣ ਇਨ੍ਹਾਂ ਦੇ ਪੱਤੇ ਸਾਰੇ ਦੇਸ਼ ਵਿੱਚ ਖਿੰਡੇ ਪਏ ਹਨ। ਹੁਣ ਇਨ੍ਹਾਂ ਕੋਲ ਹੋਰ ਕੋਈ ਪੱਤਾ ਨਹੀਂ ਹੈ। ਇਹ ਤਾਂ ਬੱਸ ਹੁਣ ਇਹੀ ਕਰਦੇ ਹਨ ਕਿ ਰੌਲਾ ਰੂਲਾ ਪਾ ਲਓ, ਇਸ ਨਾਲ ਟੀ.ਵੀ. ਤੇ ਆ ਜਾਵਾਂਗੇ, ਕੋਈ ਅਖਬਾਰ ਵਿੱਚ ਡੱਬੀ ਲੱਗ ਜਾਵੇਗੀ। ਹੁਣ ਬਾਹਰ ਜਾ ਕੇ ਉਹ ਕੁਝ ਬੋਲਣ ਲੱਗ ਗਿਆ ਹੋਣਾ। ਸਪੀਕਰ ਸਾਹਿਬ, ਉਹ ਤੁਹਾਨੂੰ ਡਾਕੂ ਕਹੀ ਜਾਂਦਾ ਹੈ, ਹੋਰ ਪਤਾ ਨਹੀਂ ਕੀ ਕੀ ਕਹਿੰਦਾ ਹੈ। ਇਹ ਤਾਂ ਇਨ੍ਹਾਂ ਦੇ ਕਿਰਦਾਰ ਹਨ। ਮੈਂ ਇਨ੍ਹਾਂ ਦੀ ਦਲਿਤਾਂ ਪ੍ਰਤੀ ਸੋਚ ਤੋਂ ਹੀ ਸ਼ੁਰੂ ਕਰ ਲੈਂਦਾ ਹਾਂ। ਸਭ ਤੋਂ ਪਹਿਲਾਂ ਇਸੇ ਬੰਦੇ ਨੇ ਹੀ ਜਿਹੜਾ ਮੈਨੂੰ who are you ਕਹਿੰਦਾ ਹੈ, ਇਸੇ ਬੰਦੇ ਨੇ ਕਿਹਾ ਸੀ ** ਵਾਸਤੇ ਕਿ ਤੁਸੀਂ ਡਰਬੀ ਘੋੜਿਆਂ ਦੀ ਰੇਸ ਦੇ ਵਿੱਚ ਟੱਟੂ ਤੇ ਖੱਚਰ ਭਜਾਓਗੇ ਤਾਂ ਰੇਸ ਦਾ ਇਹੀ ਹਾਲ ਹੋਣਾ ਸੀ। ਇਹ ਪਹਿਲਾਂ ਕੁਮੈਂਟ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)। ਦੂਜਾ ਕੁਮੈਂਟ, ** ਦਾ ਇਹ ਸੀ ਕਿ ਜੇ ਤੁਸੀਂ ਪੈਰ ਦੀਆਂ ਜੁੱਤੀਆਂ ਨੂੰ ਸਿਰ ਤੇ ਰੱਖੋਗੇ ਤਾਂ ਇਹੀ ਹਾਲ ਹੋਵੇਗਾ। ਤੀਜਾ ਕੁਮੈਂਟ ਤਰਨਤਾਰਨ ਦੀਆਂ ਇਲੈਕਸ਼ਨਾਂ ਵਿੱਚ ** ਦਾ ਸੀ ਕਿ ਅਸੀਂ ਤਾਂ ਪੱਠੇ ਵੱਢਣ ਵਾਲੇ ਨੂੰ ਅਤੇ ਪਤਾ ਨਹੀਂ ਕੀ ਕੀ ਹੋਰ, ਮੈਂ ਇੱਥੇ ਬੋਲਣਾ ਨਹੀਂ ਚਾਹੁੰਦਾ, ਉਸ ਦਾ ਕਿੰਨਾ ਵਿਰੋਧ ਹੋਇਆ ਸੀ, ਇਹ ਇਨ੍ਹਾਂ ਦਾ ਦਲਿਤ ਵਿਰੋਧੀ ਚਿਹਰਾ ਅੱਜ ਵੀ ਸਾਹਮਣੇ ਆ ਰਿਹਾ ਹੈ। ਇਹ ਆਪਣੀਆਂ ਚੌਧਰਾਂ ਦੇ ਪਿੱਛੇ ਪਏ ਹੋਏ ਹਨ। ਇਹ ਸਭ ਕੁਝ ਜਾਣ-ਬੁੱਝ ਕੇ ਕਰਦੇ ਹਨ। ਜੇਕਰ ਕੋਈ ਦਿਲ ਚੈੱਕ ਕਰਨ ਦੀ ਮਸ਼ੀਨ ਹੋਵੇ ਤਾਂ ਬਾਜਵਾ ਦੇ ਦਿਲ ਤੇ ਲਗਾ ਕੇ ਦੇਖਿਓ ਤਾਂ ਦੇਖੋਗੇ ਕਿ ਸੁਖਪਾਲ ਖਹਿਰਾ ਕਿਤੇ ਹੈ ਹੀ ਨਹੀਂ ਹੈ। ਇਹ ਆਪ ਹੀ ਨਹੀਂ ਚਾਹੁੰਦੇ ਹਨ ਕਿ ਸੁਖਪਾਲ ਖਹਿਰਾ ਬੋਲੇ ਪਰ ਉਸ ਦੇ ਸਾਹਮਣੇ ਥੋੜ੍ਹਾ ਰੌਲਾ ਪਾਉਣਾ ਪੈਂਦਾ ਹੈ ਕਿ ਦੇਖਿਆ ਕਿ ਮੈਂ ਤੇਰੇ ਨਾਲ ਖੜ੍ਹਾ ਸੀ। ਇਹ ਤਾਂ ਰੋਜ਼ ਇੱਕ ਦੂਜੇ ਨਾਲ ਇਸ ਤਰ੍ਹਾਂ ਕਰਦੇ ਹਨ, ਚੁੰਬਕ ਵਾਂਗ ਇੱਕ ਦੂਜੇ ਨੂੰ ਦੂਏ ਪਾਸੇ ਧੱਕਦੇ ਹਨ। ਸੋ, ਇਨ੍ਹਾਂ ਤੋਂ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ ਹੈ ਕਿ ਕਿਸੇ ਵੀ ਕਿਸਮ ਦੀ ਇਹ ਕੋਈ ਗੰਭੀਰ ਬਹਿਸ ਕਰ ਲੈਣਗੇ ਜਾਂ ਕੋਈ ਗਰੀਬਾਂ ਦੀ ਗੱਲ ਸੋਚ ਲੈਣਗੇ। ਇਨ੍ਹਾਂ ਨੇ ਅੱਜ ਵੀ ਨੁਕਸ

** Expunged as ordered by the Hon'ble Speaker.

ਹੀ ਕੱਢੇ ਹਨ। ਹਾਲਾਂਕਿ ਅਸੀਂ ਅੱਜ ਮਗਨਰੇਗਾ ਦੇ ਹੱਕ ਵਿੱਚ ਬੋਲਣ ਆਏ ਹਾਂ। ਇਹ ਕਹਿੰਦੇ ਹਨ ਕਿ ਇਸ ਦਾ ਕੀ ਫਾਇਦਾ ਹੋਇਆ? ਫਿਰ ਤਾਂ ਕਰਨਾਟਕਾ, ਹਿਮਾਚਲ ਤੇ ਤੇਲੰਗਾਨਾ ਵਿੱਚ ਕਰਵਾ ਲਓ। ਤੁਸੀਂ ਕਿਹਾ ਹੈ ਕਿ ਇਸ ਦਾ ਫਾਇਦਾ ਕੀ ਹੋਇਆ? ਇਸ ਦਾ ਤਾਂ ਕੋਈ ਫਾਇਦਾ ਨਹੀਂ ਹੋਇਆ। ਕਿਸੇ ਨੇ ਕਿਹਾ ਹੈ? ਇਹ ਕਹਿੰਦੇ ਹਨ ਕਿ ਰੈਜ਼ੋਲਿਊਸ਼ਨ ਦਾ ਕੀ ਫਾਇਦਾ ਹੋਣਾ ਹੈ। ਫਿਰ ਇਹ ਕਹਿੰਦੇ ਹਨ ਕਿ ਦਿੱਲੀ ਚਲੋ ਜੀ। ਦਿੱਲੀ ਜਾ ਕੇ ਪ੍ਰਧਾਨ ਮੰਤਰੀ ਦਾ ਘਰ ਘੇਰੀਏ। ਦਿੱਲੀ ਪੰਜਾਬ ਤੋਂ 350 ਕਿਲੋਮੀਟਰ ਦੂਰ ਹੈ, ਸਾਨੂੰ ਤਾਂ ਦਿੱਲੀ ਜਾਣ ਨੂੰ ਟਾਈਮ ਲੱਗ ਜਾਵੇਗਾ। ਸ੍ਰੀਮਤੀ ਸੋਨੀਆ ਗਾਂਧੀ ਦਾ ਗਿਆਰਵਾਂ ਘਰ ਹੈ, ਮੋਦੀ ਸਾਹਿਬ ਦੇ ਘਰ ਤੋਂ ਅਤੇ ਅੱਠਵਾਂ ਘਰ ਰਾਹੁਲ ਗਾਂਧੀ ਦਾ ਹੈ। ਉਨ੍ਹਾਂ ਨੂੰ ਪਹਿਲਾਂ ਪ੍ਰਧਾਨ ਮੰਤਰੀ ਦੇ ਘਰ ਮੂਹਰੇ ਭੇਜ ਦਿਉ। ਉਸ ਤੋਂ ਬਾਅਦ ਆ ਜਾਵਾਂਗੇ। ਅਸੀਂ ਤਾਂ ਉਨ੍ਹਾਂ ਨਾਲ ਰੋਜ਼ ਹੀ ਲੜਦੇ ਹਾਂ। ਹੁਣ ਸੀ.ਡਬਲਿਊ.ਸੀ. ਦੀ ਮੀਟਿੰਗ ਹੋ ਗਈ, ਹੁਣ ਫਲਾਣੀ ਮੀਟਿੰਗ ਹੋ ਗਈ, ਅਸੀਂ ਦੇਸ਼ ਦੇ ਵਿੱਚ ਉਤਰਾਂਗੇ। ਮੈਂ ਇਸੇ ਹਾਊਸ ਵਿੱਚ ਕਿਹਾ ਸੀ, ਉਦੋਂ ਵੀ ਜਦੋਂ ਇਹ ਬੀ.ਜੇ.ਪੀ. ਦੇ ਖਿਲਾਫ ਬੋਲ ਰਹੇ ਸੀ ਕਿ ਆਪਸ ਵਿੱਚ ਨਾ ਲੜੋ, ਸਾਡੇ ਨਾਲ ਤੁਹਾਡੀ ਕੋਈ ਲੜਾਈ ਨਹੀਂ ਹੈ। ਲੜਾਈ ਆਪਣੀ ਉਸ ਦੇ ਨਾਲ ਹੈ ਜਿਹੜਾ ਦੇਸ਼ ਦੇ ਵਿੱਚ ਆਪਣੀ digital ਜਨਤਾ ਪੈਦਾ ਕਰੀ ਜਾ ਰਿਹਾ ਹੈ। ਆਪਣੀ ਅਲੱਗ ਜਨਤਾ ਪੈਦਾ ਕਰੀ ਜਾ ਰਿਹਾ ਹੈ। ਹੁਣ ਬਾਅਦ ਵਿੱਚ ਭਾਵੇਂ ਉਸ ਨੂੰ ਐਸ.ਆਈ.ਆਰ. ਦਾ ਨਾਮ ਦੇ ਦਿਉ। ਮੈਂ ਉਦੋਂ ਕਿਹਾ ਸੀ ਪਰ ਗੱਲ ਨਹੀਂ ਗੌਲੀ। ਹੁਣ ਜਦੋਂ ਹਰਿਆਣਾ ਵੀ ਗਿਆ, ਬਿਹਾਰ ਵੀ ਗਿਆ, ਮਹਾਰਾਸ਼ਟਰ ਵੀ ਗਿਆ, ਹੁਣ ਮੰਨਦੇ ਹਨ ਕਿ ਹਾਂ यह तो वोट चोरी होता है। ਜਦੋਂ ਅਸੀਂ ਕਹਿੰਦੇ ਸੀ, ਉਦੋਂ ਗੱਲ ਮੰਨੀ ਨਹੀਂ ਸੀ। ਹੁਣ ਰੋਜ਼ ਪ੍ਰੈਸ ਕਾਨਫਰੰਸਾਂ ਕਰਦੇ ਹਨ ਕਿ ਇਹ ਬੰਦਾ 200 ਵਾਰ ਵੋਟ ਪਾ ਗਿਆ, ਇਹ ਜਨਾਨੀ ਫਲਾਣੀ ਬ੍ਰਾਜ਼ੀਲ ਦੀ ਮਾਡਲ ਹੈ, ਫਲਾਣੇ ਥਾਂ ਇੰਨੀਆਂ ਵੋਟਾਂ ਪਾ ਗਿਆ। ਹੁਣ ਕੀ ਫਾਇਦਾ ਹੈ? ਸੱਪ ਦੀ ਲੀਹ ਕੁੱਟਣ ਦਾ ਕੀ ਫਾਇਦਾ, ਸੱਪ ਤਾਂ ਲੰਘ ਗਿਆ ਹੈ ਜੀ। ਸੋ, ਇਸ ਕਰਕੇ ਅੱਜ ਤੁਹਾਡੇ ਖਿਲਾਫ ਮੁੱਦਾ ਹੈ ਹੀ ਨਹੀਂ ਸੀ। ਕਿਉਂ ਤੁਸੀਂ ਇਸ ਤਰ੍ਹਾਂ ਬਣਾ ਲਿਆ ਕਿ "ਕਾਂਗਰਸ ਤੇ ਆਪ ਦੀ ਹੋਈ ਬਹਿਸ"। ਕਿਉਂ ਮੁੱਦਾ ਬਣਾ ਲਿਆ? ਉਹ ਵੀ ਕਿਸ ਦੇ ਪਿੱਛੇ? ਉਹ ਬੰਦਾ ਜਿਹੜਾ ਕਦੀ ਸਾਡੇ ਵੱਲ, ਕਦੀ ਤੁਹਾਡੇ ਵੱਲ, ਫਿਰ ਤੁਹਾਡੇ ਵੱਲ ਤੇ ਫਿਰ ਸਾਡੇ ਵੱਲ। ਤੁਹਾਡੇ ਵਿੱਚੋਂ ਕੋਈ ਉਸ ਨੂੰ ਸਿਖਾਉਂਦਾ ਨਹੀਂ ਹੈ। ਉਹ ਤੁਹਾਡੇ ਵਿਰੁੱਧ ਬੋਲ ਜਾਂਦਾ ਹੈ। ਪਤਾ ਹੀ ਨਹੀਂ ਕੀ ਕਹਿ ਜਾਵੇ। ਹੁਣ ਵੀ ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਅਸੀਂ ਉਹ ਬੰਦਾ ਭੁਗਤਿਆ ਹੋਇਆ ਹੈ। ਜਦੋਂ ਕੋਈ ਪ੍ਰਧਾਨਗੀ, ਐਲ.ਓ.ਪੀ. ਜਾਂ ਕੋਈ ਅਹੁਦੇ ਦੀ ਛੇੜਛਾੜ ਜਾਂ ਬਦਲਾਅ ਦੇ ਦਿਨ ਆਉਂਦੇ ਹਨ, ਉਦੋਂ ਉਹ ਆਪਣੇ ਕੁਮੈਂਟ ਕਰਨ ਵਾਲਿਆਂ ਤੋਂ ਕੁਮੈਂਟ ਕਰਵਾਉਂਦਾ ਹੈ ਕਿ "ਸੱਚ ਦਾ ਪਹਿਰਾ, ਫਲਾਣਾ-ਫਲਾਣਾ ਖਹਿਰਾ"। ਥੱਲੇ ਹੁਣ ਕੁਮੈਂਟ ਆਉਣ ਲੱਗ ਗਏ ਹਨ ਕਿ ਇਸ ਨੂੰ ਬਣਾ ਦਿਉ, ਇਸ ਨੂੰ ਬਣਾ ਦਿਉ। ਇਹ ਆਹੀ ਕੁਮੈਂਟ ਦਿਖਾ ਕੇ ਸਾਡੇ ਤੋਂ ਵੀ ਇੱਕ ਵਾਰੀ ਐਲ.ਓ.ਪੀ. ਬਣ ਗਿਆ ਸੀ। (ਹਾਸਾ) ਤੁਸੀਂ ਆਪਣਾ ਥੋੜ੍ਹਾ ਜਿਹਾ ਧਿਆਨ ਰੱਖਿਓ। ਇਹ ਉਸ ਦੀ ਚਾਲ ਹੁੰਦੀ ਹੈ। ਮੇਰੇ ਤੋਂ ਪੁੱਛ ਲਿਆ ਕਰੋ, ਉਸ ਦੇ ਪਾਸਵਰਡ ਤਾਂ ਮੈਂ ਜਾਣਦਾ ਹਾਂ। ਤੁਸੀਂ ਤਾਂ ਜਾਣਦੇ ਨਹੀਂ ਹੋ। ਕਿਰਪਾ ਕਰਕੇ ਆਰਾਮ ਨਾਲ ਬੈਠ ਕੇ ਸੁਣ ਲਓ। ਆਪਾਂ ਕੋਈ ਗੰਭੀਰ ਗੱਲ ਕਰ ਲਈਏ। ਹਾਂ, ਇਹ ਅਲੱਗ ਗੱਲ ਹੈ ਕਿ who are you ਕਹਿ ਦਿਓਗੇ, ਮੈਟੀਰੀਅਲ ਕਹਿ ਦਿਓਗੇ। ਪਹਿਲੇ ਦਿਨ ਤੋਂ ਹੀ ਤੁਹਾਡੇ ਤਾਂ ਖ਼ੂਨ ਵਿੱਚ ਹੀ ਇਹ ਸੁਭਾਅ ਰਿਹਾ ਹੈ, ਇਹ ਤਾਂ ਤੁਹਾਡੇ ਸੁਭਾਅ ਵਿੱਚ ਹੀ ਆਇਆ ਹੋਇਆ ਹੈ, ਮੈਂ ਕੀ ਕਰਾਂ, ਮੈਂ ਤਾਂ ਬਦਲ ਨਹੀਂ ਸਕਦਾ ਹਾਂ। ਪਰ ਇੱਕ ਗੱਲ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਬਿਲ ਹੈ, ਤੁਹਾਨੂੰ ਹਾਲੇ ਤੱਕ ਪਤਾ ਨਹੀਂ ਲੱਗਾ, ਉਹ ਤੁਹਾਨੂੰ ਇਕੱਲੇ ਨਾਮ ਵਿੱਚ ਹੀ ਉਲਝਾਈ ਫਿਰਦੇ ਹਨ ਕਿ ਮਹਾਤਮਾ ਗਾਂਧੀ ਤੋਂ ਨਾਮ ਬਦਲ ਕੇ ਜੀ ਰਾਮ ਜੀ ਕਿਉਂ ਕਰ ਦਿੱਤਾ ਹੈ। ਅਸਲ ਵਿੱਚ ਜਿਹੜੀ ਇਸ ਬਿਲ ਦੀ ਆਤਮਾ ਮਾਰ ਦਿੱਤੀ, ਉਸ ਬਾਰੇ ਸੋਚੋ। ਮੈਂ ਕਹਿੰਦਾ ਹਾਂ ਕਿ ਮਹਾਤਮਾ ਗਾਂਧੀ ਦੇ ਮੂੰਹ ਵਿੱਚੋਂ ਵੀ ਆਖਰੀ ਵਕਤ ਹੇ ਰਾਮ ਹੀ ਨਿਕਲਿਆ ਸੀ। ਉਸ ਦੀ ਸਮਾਧੀ ਤੇ ਅੱਜ ਵੀ ਹੇ

ਰਾਮ ਲਿਖਿਆ ਹੋਇਆ ਹੈ। ਪਰ ਜਿਹੜੀ ਬਿਲ ਦੀ ਆਤਮਾ ਮਾਰ ਦਿੱਤੀ ਹੈ, ਉਸ ਦੀ ਗੱਲ ਕਰੋ। ਇਹ ਕਹਿੰਦੇ ਹਨ, ਅਸ਼ਵਨੀ ਜੀ ਕਹਿੰਦੇ, ਚੱਲੋ, ਉਹ ਚਲੇ ਗਏ ਹਨ। ਮੈਨੂੰ ਪਤਾ ਸੀ, ਉਹ ਚਲੇ ਜਾਣਗੇ। ਉਹ ਨਿਕਲ ਗਏ ਹਨ, ਕੋਈ ਗੱਲ ਨਹੀਂ। ਪਹਿਲਾਂ 100 ਦਿਨ ਦਾ ਰੋਜ਼ਗਾਰ ਸੀ, ਇਸ ਗੱਲ ਦੀ ਪਹਿਲਾਂ ਗਾਰੰਟੀ ਸੀ। ਰਾਣਾ ਗੁਰਜੀਤ ਜੀ ਨੇ ਡਾਕਟਰ ਮਨਮੋਹਨ ਸਿੰਘ ਦਾ ਨਾਂ ਲੈਣ ਦੀ ਗੱਲ ਕੀਤੀ। ਉਹ ਇਕਨਾਮਿਸਟ ਬੰਦਾ ਸੀ, ਉਸ ਨੂੰ ਪਤਾ ਸੀ। ਜਦੋਂ ਇਹ ਬਿਲ ਆਇਆ ਕਿ ਇਹ ਕਿਵੇਂ ਹੋਣਾ ਹੈ, ਕੀ ਹੋਵੇਗਾ, ਇਸ ਤੇ ਬੜੀਆਂ ਡਿਬੇਟਾਂ ਚੱਲੀਆਂ ਸਨ, ਸਟੈਂਡਿੰਗ ਕਮੇਟੀ ਕੋਲ ਬਿਲ ਗਿਆ ਫਿਰ ਕਿਤੇ ਜਾ ਕੇ ਪਾਸ ਹੋਇਆ ਸੀ। ਡੇਢ ਸਾਲ ਤੱਕ ਦੋ-ਤਿੰਨ ਵਾਰੀ ਪਾਰਲੀਮੈਂਟ ਵਿੱਚ ਡਿਬੇਟਾਂ ਹੋਈਆਂ ਸਨ। ਫਿਰ ਸਟੈਂਡਿੰਗ ਕਮੇਟੀ ਵਿੱਚੋਂ ਬਿਲ ਪ੍ਰਵਾਨ ਹੋ ਕੇ ਆਇਆ, ਫਿਰ ਡਿਬੇਟ ਹੋਈ। ਪਰੰਤੂ ਇਹ ਤਾਂ ਇੱਥੇ 14 ਘੰਟਿਆਂ ਵਿੱਚ ਹੀ ਬਿਲ ਬਦਲ ਦਿੱਤਾ, ਇੱਥੇ ਆਹ ਗੱਲ ਕਰੋ। ਇੰਨੀ ਕੀ ਕਾਹਲੀ ਸੀ? 14 ਘੰਟਿਆਂ ਵਿੱਚ ਬਿਲ ਉਹ ਮਾਰਿਆ ਚੁੱਕ ਕੇ। ਨਾਮ ਰੱਖ ਦਿੱਤਾ ਰਾਮ ਜੀ, ਤੁਹਾਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਮਹਾਤਮਾ ਗਾਂਧੀ ਦੀ ਥਾਂ ਤੇ ਰਾਮ ਜੀ ਕਰ ਦਿੱਤਾ ਹੈ, ਅੰਦਰ ਪੜ੍ਹੋ। ਆਪਾਂ ਤਾਂ ਕਿਸਾਨਾਂ ਵਾਸਤੇ ਲੀਗਲ ਗਾਰੰਟੀ ਮੰਗ ਰਹੇ ਹਾਂ, ਐਮ.ਐਸ.ਪੀ. ਦੀ ਲੀਗਲ ਗਾਰੰਟੀ ਪਰ ਜਿਸ ਦੀ ਲੀਗਲ ਗਾਰੰਟੀ ਸੀ, ਇਨ੍ਹਾਂ ਨੇ ਉਹ ਹੀ ਲੀਗਲ ਗਾਰੰਟੀ ਤੋੜ ਦਿੱਤੀ ਹੈ। ਪਹਿਲਾਂ ਲੀਗਲ ਗਾਰੰਟੀ ਸੀ, ਬੰਦਾ ਰੋਜ਼ਗਾਰ ਮੰਗ ਸਕਦਾ ਸੀ, ਹੁਣ ਉਹ ਵੀ ਤੋੜ ਦਿੱਤੀ ਤੇ ਕਹਿੰਦੇ ਕਿ ਜਦੋਂ ਅਸੀਂ ਚਾਹਾਂਗੇ, ਉਦੋਂ ਦੇਵਾਂਗੇ। ਜਿਸ ਚੀਜ਼ ਦੀ ਲੀਗਲ ਗਾਰੰਟੀ ਸੀ, ਉਹ ਤੋੜ ਦਿੱਤੀ, ਇਨ੍ਹਾਂ ਤੋਂ ਐਮ.ਐਸ.ਪੀ. ਦੀ ਲੀਗਲ ਗਾਰੰਟੀ ਕਿੱਥੋਂ ਭਾਲਦੇ ਫਿਰਦੇ ਹੋ? ਕਿਹੜੀਆਂ ਲੀਗਲ ਗਾਰੰਟੀਆਂ ਦੀ ਗੱਲ ਕਰਦੇ ਫਿਰਦੇ ਹੋ? ਇਆਲੀ ਸਾਹਿਬ ਨੇ ਨਰੇਗਾ ਤੇ ਬਹੁਤ ਕੰਮ ਕੀਤਾ ਹੈ, ਤੁਹਾਨੂੰ ਤਾਂ ਪਤਾ ਹੋਣਾ ਹੈ ਕਿ ਪਹਿਲਾਂ ਲੀਗਲ ਗਾਰੰਟੀ ਸੀ, ਮੰਗ ਸਕਦੇ ਸੀ, ਪਰ ਹੁਣ ਉਹ ਚੁੱਕ ਦਿੱਤੀ। ਕਹਿੰਦੇ ਕਿ ਨਾਂਹ।

ਦੂਜੀ ਗੱਲ, ਹੁਣ ਕੀ ਕੀਤਾ ਹੈ, 90:10 ਰੇਸ਼ੋ ਤੋਂ 60:40 ਉਹ ਤਾਂ ਕਰਨਾ ਹੀ ਹੈ, ਇਹ ਇਨ੍ਹਾਂ ਦੇ ਸਕੀਮ ਨੂੰ ਖਤਮ ਕਰਨ ਦੇ ਤਰੀਕੇ ਹੁੰਦੇ ਹਨ। ਅਸਲ ਵਿੱਚ ਕੀ ਹੈ ਕਿ ਮੋਦੀ ਜੀ ਦੋ-ਤਿੰਨ ਕਾਰੋਬਾਰੀਆਂ ਵਿੱਚ ਐਸੇ ਉਲਝੇ ਹਨ ਕਿ ਹਰ ਚੀਜ਼ ਵਿੱਚ ਉਨ੍ਹਾਂ ਨੂੰ ਉਸ ਵਿੱਚੋਂ ਹੀ ਭਾਰਤੀ ਦਿਸਦਾ ਹੈ। ਦੇਸ਼ ਹੀ ਬੱਸ ਇਹ ਹਨ। Even ਉਨ੍ਹਾਂ ਦੇ ਬਾਹਰ ਦੇ ਦੌਰੇ ਵੀ ਉਹੀ ਬੰਦੇ ਪਲਾਨ ਕਰਦੇ ਹਨ। ਜਿੱਥੇ ਮੋਦੀ ਸਾਹਿਬ ਜਾਂਦੇ ਹਨ, ਪ੍ਰਧਾਨ ਮੰਤਰੀ ਸਾਹਿਬ ਜਾਂਦੇ ਹਨ, ਉਥੇ ਉਥੇ ਉਨ੍ਹਾਂ ਦੇ ਬਿਜ਼ਨਸ ਸ਼ੁਰੂ ਹੋ ਜਾਂਦੇ ਹਨ। ਪਰਥ ਤੋਂ ਉਨ੍ਹਾਂ ਦੀਆਂ ਮਾਈਨਾਂ ਸ਼ੁਰੂ ਹੋ ਗਈਆਂ ਹਨ। ਮੰਗੋਲੀਆ ਜਾਣ ਦਾ ਕੀ ਕੰਮ ਸੀ? ਮੰਗੋਲੀਆ ਵਿੱਚ ਕੰਮ ਸ਼ੁਰੂ ਹੋ ਚੁੱਕਾ ਹੈ। ਬੰਗਲਾ ਦੇਸ਼ ਵਿੱਚ ਜਦੋਂ ਸ਼ੇਖ ਹਸੀਨਾ ਸੀ, ਬਿਜਲੀ ਦਾ ਸਮਝੌਤਾ ਹੋ ਗਿਆ ਸੀ। ਸ੍ਰੀਲੰਕਾ ਨਾਲ ਸਮਝੌਤੇ ਹੋ ਗਏ ਸਨ। ਉਥੇ ਸਰਕਾਰਾਂ ਬਦਲ ਗਈਆਂ ਹਨ ਤਾਂ ਕੰਮ ਟੁੱਟ ਗਿਆ ਹੈ। ਜਿੱਥੇ ਜਿੱਥੇ ਉਹ ਜਾਂਦੇ ਹਨ, ਉਹ ਆਪਣੀ ਮਰਜ਼ੀ ਨਾਲ ਥੋੜ੍ਹਾ ਜਾਂਦੇ ਹਨ, ਉਹ ਲੈ ਕੇ ਜਾਂਦੇ ਹਨ। ਜਨਾਬ ਜੀ, ਉਹ ਗਰੀਬਾਂ ਦੀ ਗਰਦਨ ਤੇ ਐਸਾ ਕੁਹਾੜਾ ਲੈ ਕੇ ਬੈਠਾ ਹੈ, ਇਸ ਦੀ ਕਦੇ ਗੱਲ ਕਰੋ। ਇਸ ਤਰ੍ਹਾਂ ਕੰਮ ਨਹੀਂ ਚੱਲਣਾ ਜਿਵੇਂ ਤੁਸੀਂ ਕਰੀ ਜਾਂਦੇ ਹੋ ਕਿ ਸਾਡੀ ਵਾਰੀ ਆਵੇਗੀ। ਚੱਲੋ ਕੋਈ ਨਹੀਂ, ਪੰਜ ਸਾਲ ਬਾਅਦ ਆਵੇਗੀ। ਪਰ 12 ਸਾਲ ਹੋ ਗਏ ਹਨ, ਹੁਣ ਵਾਰੀ ਨਹੀਂ ਆਉਂਦੀ। ਵਾਰੀਆਂ ਆਉਣ ਵਾਲਾ ਕੰਮ ਹੁਣ ਗਿਆ। ਜੇ ਲੋਕਾਂ ਦੇ ਹੱਕ ਵਿੱਚ ਗੱਲ ਕਰੋਗੇ ਤਾਂ ਵਾਰੀ ਆਵੇਗੀ। ਤੁਸੀਂ ਵਾਰੀ ਉਡੀਕੀ ਜਾਇਓ, ਇਸ ਹਿਸਾਬ ਨਾਲ ਇਹ ਊਠ ਦਾ ਬੁੱਲ੍ਹ ਨਹੀਂ ਡਿੱਗਣਾ। ਉਹ ਤਾਂ ਆਪਣੀ ਜਨਤਾ ਬਣਾ ਕੇ ਬੈਠ ਗਿਆ ਹੈ। ਬਿਹਾਰ ਵਿੱਚ ਪਤਾ ਲੱਗ ਗਿਆ ਹੈ ਨਾ। ਹੁਣ ਦਿਖਾਈ ਜਾਂਦੇ ਹੋ ਕਿ ਇਹ 200 ਵਾਰ ਗਿਆ ਹੈ, ਇਹ 300 ਵਾਰ ਗਿਆ ਹੈ। ਮੈਂ ਤਾਂ ਕਹਿੰਦਾ ਸਪੀਕਰ ਸਾਹਿਬ, ਇਹ ਜਿਹੜੇ ਤੁਹਾਨੂੰ 10 ਲੱਖ ਪੱਤਰ ਭੇਜੇ ਹਨ, ਜਿਹੜੇ ਸਾਡੇ ਐਮ.ਐਲ.ਏ. 10 ਲੱਖ ਚਿੱਠੀਆਂ ਲੈ ਕੇ ਆਏ ਹਨ, ਉਸ ਤੇ ਐਡਰੈਸ ਲਿਖੇ ਹੋਣੇ

ਹਨ। ਇਹ ਪ੍ਰਧਾਨ ਮੰਤਰੀ ਨੂੰ ਨਾ ਫੜਾ ਦਿਓ, ਉਸ ਨੇ ਸਾਰਿਆਂ ਦੀਆਂ ਵੋਟਾਂ ਕੱਟ ਦੇਣੀਆਂ ਹਨ ਕਿ ਇਹ ਤਾਂ ਮੇਰੇ ਵਿਰੁੱਧ ਹਨ। ਇਸ ਨੂੰ ਰਾਸ਼ਟਰਪਤੀ ਜਾਂ ਕਿਸੇ ਹੋਰ ਜ਼ਿੰਮੇਵਾਰੀ ਅਥਾਰਟੀ ਨੂੰ ਭੇਜੋ। ਉਹ ਤਾਂ ਇਸ ਕੰਮ ਤੇ ਲੱਗੇ ਹੋਏ ਹਨ। ਉਹ ਕਹਿਣਗੇ ਕਿ ਪੰਜਾਬ ਵਾਲਿਆਂ ਨੇ ਤਾਂ ਸਾਨੂੰ ਸਰਵੇ ਹੀ ਕਰਕੇ ਦੇ ਦਿੱਤਾ ਹੈ ਕਿ ਇਹ ਬੰਦੇ ਤਾਂ ਵਿਰੋਧੀ ਹਨ, ਚੱਲੋ ਇਨ੍ਹਾਂ ਦੀਆਂ ਵੋਟਾਂ ਕੱਟੋ। ਫਿਰ ਕੀ ਕਰੋਗੇ? ਆਪਾਂ ਇੱਥੇ ਤਾੜੀਆਂ ਮਾਰੀ ਜਾਵਾਂਗੇ ਕਿ ਇੰਨੇ ਲੱਖ ਚਿੱਠੀਆਂ ਲਿਖ ਕੇ ਦੇ ਦਿੱਤੀਆਂ ਹਨ। ਉਹ ਤਾਂ ਇਹੀ ਭਾਲਦੇ ਫਿਰਦੇ ਹਨ ਕਿ ਸਾਨੂੰ ਲੱਭ ਕੇ ਦਿਓ ਜਿਹੜੇ ਇਨ੍ਹਾਂ ਦੋਨੋਂ ਤਿੰਨੋਂ ਪਾਰਟੀਆਂ ਨੂੰ ਵੋਟਾਂ ਪਾਉਂਦੇ ਹਨ, ਆਪਾਂ ਤਾਂ ਇਸ ਤਰ੍ਹਾਂ ਉਨ੍ਹਾਂ ਨੂੰ ਲੱਭ ਕੇ ਹੀ ਦੇ ਦਿਆਂਗੇ ਤੇ ਉਨ੍ਹਾਂ ਦੀ ਮਿਹਨਤ ਆਪਾਂ ਕਰਕੇ ਦੇ ਦਿਆਂਗੇ। ਇਸ ਕਰਕੇ ਇਸ ਨੂੰ ਇੱਥੇ ਹੀ ਅਖਬਾਰਾਂ ਵਗੈਰਾ ਵਿੱਚ ਛਪਵਾ ਲੈਂਦੇ ਹਾਂ, ਉੱਥੇ ਉਨ੍ਹਾਂ ਨੂੰ ਨਾ ਫੜਾ ਦਿਓ ਕਿਉਂਕਿ ਉਹ ਤਾਂ ਇਹੀ ਭਾਲਦੇ ਫਿਰਦੇ ਹਨ। ਕਿਸੇ ਨੇ ਪੁੱਛਿਆ ਖਰਗੋਸ਼ ਨੂੰ ਕਿ ਅੱਜ ਰਾਤ ਨੂੰ ਮੀਟ ਬਣਾਈਏ ਤਾਂ ਉਹ ਕਹਿੰਦਾ ਕਿ ਰਾਤ ਤੱਕ ਆਪਾਂ ਬਚੇ ਰਹਿ ਜਾਈਏ ਤਾਂ ਉਹੀ ਬਹੁਤ ਹੈ। ਅਸੀਂ ਤਾਂ ਆਪਣਾ ਇੱਥੇ ਬਚਾ ਲਈਏ ਜੀ, ਨਹੀਂ ਤਾਂ, ਉਹ ਤਾਂ ਆਦਮ ਬੋ, ਆਦਮ ਬੋ ਕਰਦੇ ਫਿਰਦੇ ਹਨ। ਬੰਗਾਲ ਵਿੱਚ ਪਿਛਲੇ ਸਾਢੇ ਚਾਰ ਸਾਲ ਤੋਂ ਮਗਨਰੇਗਾ ਰੋਕੀ ਹੋਈ ਹੈ ਤੇ ਇੱਕ ਰੁਪਿਆ ਵੀ ਨਹੀਂ ਦਿੱਤਾ ਹੈ। ਮਮਤਾ ਬੈਨਰਜੀ ਜੀ ਸੁਪਰੀਮ ਕੋਰਟ ਵਿੱਚ ਫਿਰਦੇ ਹਨ ਕਿ ਮਗਨਰੇਗਾ ਚਲਾ ਦਿਓ। ਨੈਟਫਲਿਕਸ ਤੇ ਮਹਾਰਾਣੀ-4 ਦੇਖ ਲਓ, ਤੁਸੀਂ ਤਾਂ ਵਿਹਲੇ ਹੀ ਹੁੰਦੇ ਹੋ। ਮਹਾਰਾਣੀ-4 ਵਿੱਚ ਇਹੀ ਕੁਝ ਹੈ ਕਿ ਆਰ.ਡੀ.ਐਫ. ਦਾ ਪੈਸਾ ਰੋਕ ਲਓ, ਜਿਹੜੀ ਸਟੇਟ ਕੰਮ ਨਹੀਂ ਕਰਦੀ ਹੈ, ਜਿੱਥੇ ਗੱਲ ਨਹੀਂ ਬਣਦੀ ਹੈ ਤਾਂ ਇਸ ਤਰ੍ਹਾਂ ਕਰਦੇ ਹਨ, ਇਹੀ ਕੁਝ ਕਰਦੇ ਹਨ, ਹੋਰ ਕੀ ਕਰਦੇ ਹਨ। ਸੈਂਟਰ ਨੇ ਸਾਰਾ ਕੰਮ ਆਪਣੇ ਹੱਥ ਵਿੱਚ ਲੈ ਲਿਆ ਹੈ ਪਰ ਉਨ੍ਹਾਂ ਨੂੰ ਦਿੱਲੀ ਬੈਠਿਆਂ ਹੋਇਆਂ ਨੂੰ ਕੀ ਪਤਾ ਹੋਵੇਗਾ ਕਿ ਭੁੱਚੋ ਮੰਡੀ ਦੇ ਪਿੰਡਾਂ ਵਿੱਚ ਕੀ ਕੰਮ ਹਨ, ਜਿਹੜੇ ਤੁਸੀਂ ਹੁਣੇ ਕੋਟਕਪੂਰੇ ਦੇ ਪਿੰਡਾਂ ਦੇ ਨਾਂ ਲਏ ਸੀ, ਉਨ੍ਹਾਂ ਬਾਰੇ ਦਿੱਲੀ ਬੈਠਿਆਂ ਨੂੰ ਕੀ ਪਤਾ ਹੋਵੇਗਾ ਕਿ ਉੱਥੇ ਇਹ ਕੰਮ ਹੋਣ ਵਾਲੇ ਹਨ। ਉੱਥੋਂ ਹੁਕਮ ਆ ਜਾਵੇਗਾ ਕਿ ਕੰਮ ਨਹੀਂ ਕਰਨਾ ਤਾਂ ਕੀ ਕਰ ਲਵੋਗੇ? ਉਨ੍ਹਾਂ ਨੇ ਸਾਰੇ ਕੰਮ ਆਪਣੇ ਹੱਥ ਵਿੱਚ ਲੈ ਲਏ। ਇਥੇ ਕਿਸੇ ਨੂੰ ਕੱਚੇ ਰਜਿਸਟਰਾਂ ਬਾਰੇ ਪਤਾ ਹੈ? ਇਆਲੀ ਸਾਹਿਬ ਨੂੰ ਪਤਾ ਹੋਵੇਗਾ। ਮਗਨਰੇਗਾ ਵਾਲੇ ਮਜ਼ਦੂਰਾਂ ਤੋਂ, 70-70 ਸਾਲ ਦੀਆਂ ਮਾਵਾਂ ਤੋਂ ਕੱਚੇ ਰਜਿਸਟਰਾਂ ਤੇ ਸਾਈਨ ਕਰਵਾਉਂਦੇ ਹਨ, ਅੰਗੂਠਾ ਲਵਾਉਂਦੇ ਹਨ। ਕੱਚੇ ਰਜਿਸਟਰ ਦਾ ਮਤਲਬ ਹੈ ਕਿ ਉਸ ਦਾ ਕੰਮ ਅਸਲੀ ਲਾਗ ਬੁੱਕ ਵਿੱਚ ਨਹੀਂ ਗਿਆ ਹੈ, ਸਾਈਨ ਕੋਈ ਹੋਰ ਕਰਦਾ ਹੈ ਤੇ ਪੈਸੇ ਕਿਸੇ ਹੋਰ ਨੂੰ ਮਿਲ ਜਾਂਦੇ ਹਨ। 70 ਸਾਲ ਦੀ ਮਾਂ 45 ਡਿਗਰੀ ਤਾਪਮਾਨ ਵਿੱਚ ਸਿਰ ਤੇ ਭੱਠਲ ਢੋਹ ਕੇ ਕੰਮ ਕਰਕੇ ਆਉਂਦੀ ਹੈ ਕਿ ਅੱਜ 340 ਰੁਪਏ ਮਿਲ ਜਾਣਗੇ ਪਰ ਬਾਅਦ ਵਿੱਚ ਪਤਾ ਲੱਗਦਾ ਹੈ ਕਿ ਕੱਚੇ ਰਜਿਸਟਰ ਤੇ ਸਾਈਨ ਕਰਵਾ ਲਏ ਹਨ ਤੇ ਅਸਲ ਵਿੱਚ ਤਾਂ ਉਨ੍ਹਾਂ ਨੇ ਕੰਮ ਹੀ ਨਹੀਂ ਕੀਤਾ ਹੈ ਇਸ ਤਰ੍ਹਾਂ ਉਹ ਪੈਸੇ ਕਿਸੇ ਹੋਰ ਨੂੰ ਮਿਲ ਜਾਂਦੇ ਹਨ ਜਿਹੜੇ ਨਰੇਗਾ ਦੇ ਸੈਕਟਰੀ ਬੈਠੇ ਹਨ। ਅਸੀਂ ਇਹੋ ਜਿਹੇ ਬਥੇਰੇ ਫੜੇ ਹਨ। ਅਸੀਂ ਗਰੀਬਾਂ ਦੀਆਂ ਦਿਹਾੜੀਆਂ ਵਿੱਚੋਂ ਪੈਸੇ ਖਾਣ ਨਹੀਂ ਆਏ ਹਾਂ। ਜੇ ਗਰੀਬਾਂ ਦੇ ਬੱਚਿਆਂ ਦੇ ਮੂੰਹ ਵਿਚੋਂ ਪੈਸੇ ਖਾਣ ਦੀ ਗੱਲ ਕਰਦੇ ਹੋ ਤਾਂ ਫਿਰ ਸਾਧੂ ਸਿੰਘ ਧਰਮਸੋਤ ਨੂੰ ਪੁੱਛ ਲੈਣਾ ਕਿ ਪ੍ਰੀ-ਮੈਟ੍ਰਿਕ ਤੇ ਪੋਸਟ ਮੈਟ੍ਰਿਕ ਸਕਾਲਰਸ਼ਿਪ ਕਿਸ ਨੇ ਰੋਕੀ ਸੀ। ਅੱਜ ਆਪਾਂ ਵਾਤਾਵਰਣ ਨੂੰ ਬਚਾਉਣ ਦੀ ਗੱਲ ਕਰ ਰਹੇ ਹਾਂ। ਇੱਕ ਦਰੱਖਤ ਨੂੰ ਵੱਢਣ ਦੇ ਤੇ ਉਸ ਦੇ ਬਦਲੇ ਦਰੱਖਤ ਲਗਾਉਣ ਦੇ ਵੀ ਕਿੰਨੇ ਪੈਸੇ ਲੈਂਦਾ ਸੀ। ਉੱਥੇ ਈ.ਡੀ. ਫਿਰਦੀ ਹੈ। ਇਹ ਗੱਲਾਂ ਸੋਚ ਲਿਆ ਕਰੋ ਤੇ ਜਿਹੜੇ ਪੁਰਾਣੇ ਜ਼ਖਮ ਹਨ ਉਨ੍ਹਾਂ ਨੂੰ ਵੱਢ ਕੇ ਪਰ੍ਹੇ ਮਾਰੋ, ਚੀਰਾ ਦੇਣਾ ਪੈਂਦਾ ਹੈ। ਕੈਂਸਰ ਕੋਈ ਆਇਓਡੈਕਸ ਲਗਾ ਕੇ ਠੀਕ ਨਹੀਂ ਹੁੰਦਾ ਹੈ, ਕੀਮੋਥੈਰੇਪੀ ਕਰਨੀ ਪੈਂਦੀ ਹੈ। ਤੁਸੀਂ ਕਿਹੜੇ ਕੰਮਾਂ ਵਿੱਚ ਪੈ ਗਏ ਹੋ ਤੇ ਇੱਥੇ ਆ ਕੇ ਤੁਸੀਂ ਮੁਰਦਾਬਾਦ ਕਰਨ ਲੱਗ ਜਾਂਦੇ ਹੋ। ਕੀ ਇਸ ਨਾਲ ਲੋਕਾਂ ਦਾ ਭਲਾ ਹੋ ਜਾਵੇਗਾ? ਤੁਸੀਂ ਲੋਕਾਂ ਕੋਲ ਕੀ ਮੂੰਹ ਲੈ ਕੇ ਜਾਓਗੇ ਕਿ ਅਸੀਂ ਉੱਥੇ ਅੱਧਾ ਘੰਟਾ ਖਰਾਬ ਕਰ ਦਿੱਤਾ ਤੇ ਮੁੱਖ ਮੰਤਰੀ ਨੂੰ ਬੋਲਣ ਨਹੀਂ

ਦਿੱਤਾ ਹੈ। ਮੈਂ ਤਾਂ ਪਹਿਲਾਂ ਹੀ ਕੈਸਟਾਂ ਵਿੱਚ ਬਹੁਤ ਬੋਲ ਚੁੱਕਿਆ ਹਾਂ, ਮੈਂ ਤਾਂ ਸੀਰੀਅਲਾਂ ਵਿੱਚ ਬਹੁਤ ਬੋਲ ਚੁੱਕਿਆ ਹਾਂ ਮੈਨੂੰ ਕੋਈ ਬੋਲਣ ਦਾ ਚਾਅ ਨਹੀਂ ਹੈ। ਮੈਨੂੰ ਲੋਕਾਂ ਦੇ ਹੱਕ ਵਿੱਚ ਬੋਲਣ ਦਾ ਚਾਅ ਹੈ।

ਤੁਸੀਂ ਪੁੱਛਦੇ ਸੀ ਕਿ ਸੁਖਵਿੰਦਰ ਸੁੱਖੀ ਕਿਸ ਦੇ ਵੱਲੋਂ ਬੋਲਦਾ ਹੈ ਕਿਉਂਕਿ ਤੁਹਾਨੂੰ ਤਾਂ ਇਕੱਲੀਆਂ ਪਾਰਟੀਆਂ ਹੀ ਦਿਖਦੀਆਂ ਹਨ ਕਿ ਕਿਸ ਦੇ ਵੱਲੋਂ ਬੋਲਦਾ ਹੈ। ਕੀ ਤੁਸੀਂ ਕਦੇ ਲੋਕਾਂ ਵੱਲੋਂ ਬੋਲੇ ਹੋ? ਉਹ ਲੋਕਾਂ ਵੱਲੋਂ ਬੋਲਦਾ ਹੈ, ਉਹ ਡਾਕਟਰ ਹੈ, ਉਹ ਹਰ ਰੋਜ਼ ਓਪਰੇਸ਼ਨ ਕਰਕੇ ਵਿਧਾਨ ਸਭਾ ਵਿੱਚ ਆਉਂਦਾ ਹੈ ਤੇ ਇੱਥੋਂ ਜਾ ਕੇ ਓਪਰੇਸ਼ਨ ਕਰਦਾ ਹੈ। (ਥੰਪਿੰਗ) ਤੁਹਾਨੂੰ ਬੱਸ ਇਹੀ ਗੱਲਾਂ ਆਉਂਦੀਆਂ ਹਨ ਕਿ ਫਲਾਣੇ ਵੱਲੋਂ ਬੋਲਦਾ ਹੈ। ਜਿਸ ਦੇ ਵੱਲੋਂ ** ਬੋਲਦਾ ਹੈ, ਉਸ ਦੇ ਵੱਲੋਂ ਬੋਲਦਾ ਹੈ, ਚਲੋ ਹੁਣ ਦਿਓ ਜਵਾਬ, ਜਿਸ ਦੇ ਵੱਲੋਂ ** ਬੋਲਦਾ ਹੈ, ਉਸ ਦੇ ਵੱਲੋਂ ਬੋਲਦਾ ਹੈ। ਉਹ ਤੁਹਾਡੇ ਹੀ ਹਨ। ** ਕੀ ਕਹਿੰਦਾ ਹੈ, ** ਕਾ ਹਾਰਨਾ ਮਤਲਬ ਭਾਰਤ ਕਾ ਹਾਰਨਾ। ਆਪਣੀਆਂ ਕਾਲੀਆਂ ਭੇਡਾਂ ਤੇ ਨਿਗਾਹ ਮਾਰ ਲਓ, ਤੁਸੀਂ ਕਿਉਂ ਕਿਸੇ ਚੁਣੇ ਹੋਏ ਰਿਸਪੈਕਟਿਡ ਬੰਦੇ ਬਾਰੇ ਬੋਲਦੇ ਹੋ। ਫਿਰ ਤੁਹਾਡਾ ਭਾਈ (ਵਿਰੋਧੀ ਧਿਰ ਦੇ ਨੇਤਾ ਵੱਲ ਇਸ਼ਾਰਾ) ਕਿਸ ਦੇ ਵੱਲੋਂ ਬੋਲਦਾ ਹੈ, ਉਹ ਤਾਂ ਉਸੇ ਘਰ ਵਿੱਚ ਹੀ ਹੈ। ਬਾਜਵਾ ਸਾਹਿਬ, ਇਹ ਕਿਸ ਦੇ ਵੱਲੋਂ ਬੋਲਣ ਵਾਲਾ ਕੰਮ ਛੱਡ ਦਿਓ, ਕਿਤੇ ਅੱਖ ਮਿਲਾਉਣ ਤੋਂ ਵੀ ਜਾਵਾਂਗੇ। ਇਸ ਦਾ ਕੋਈ ਫਾਇਦਾ ਨਹੀਂ ਹੈ। ਤੁਸੀਂ ਕਿਉਂ ਇੰਨੇ ਪੰਜਾਬ ਦੇ ਵਿਰੋਧੀ ਹੋਏ ਪਏ ਹੋ? ਕਿਉਂ ਹਰ ਗੱਲ ਤੇ ਕਹਿੰਦੇ ਹੋ ਕਿ ਮੈਂ ਤਾਂ ਉਸ ਦੇ ਨਾਲ ਗੱਲ ਹੀ ਨਹੀਂ ਕਰਨੀ ਹੈ? ਹਸਪਤਾਲ ਚਲੇ ਜਾਓ ਤਾਂ ਕਹਿੰਦੇ ਹੋ ਕਿ ਉਹ ਮੁੜ ਕੇ ਹੀ ਨਾ ਆਵੇ, ਯਾਰ, ਮੈਂ ਮੱਥੇ ਨਹੀਂ ਲੱਗਣਾ ਹੈ। ਕੀ ਤੁਸੀਂ ਮੋੜ ਕੇ ਲਿਆਉਣਾ ਹੈ? ਕੀ ਤੁਸੀਂ ਭਾਗਿਆਵਿਧਾਤਾ ਬਣ ਗਏ ਹੋ, ਕੀ ਕਾਂਗਰਸ ਵਾਲੇ ਭਾਗਿਆਵਿਧਾਤਾ ਬਣ ਗਏ ਹਨ? ਮੈਂ ਕਈ ਵਾਰੀ ਕਹਿ ਚੁੱਕਿਆ ਹਾਂ, ਅੱਜ ਫਿਰ ਕਹਿ ਦਿੰਦਾ ਹਾਂ ਕਿ ਬੀ.ਜੇ.ਪੀ. ਜਿੰਨਾ ਪੰਜਾਬ ਵਿਰੋਧੀ ਹੈ, ਜਿੰਨੀ ਇਹ ਪੰਜਾਬ ਨੂੰ ਨਫਰਤ ਕਰਦੇ ਹਨ, ਇਹ ਹਰ ਰੋਜ਼ ਕੋਈ ਨਾ ਕੋਈ ਪੰਗਾ ਲੈਂਦੇ ਹਨ। ਮੈਂ ਅਸ਼ਵਨੀ ਜੀ ਨੂੰ ਪੁੱਛਣਾ ਚਾਹੁੰਦਾ ਸੀ ਪਰ ਉਹ ਇੱਥੇ ਬੈਠੇ ਨਹੀਂ ਹਨ ਕਿ ਬੀ.ਜੇ.ਪੀ. ਵਿੱਚ ਕਿਸ ਦੀ ਚਲਦੀ ਹੈ? ਕਦੇ ਇਹ ਕਹਿੰਦੇ ਹਨ ਕਿ ਯੂਨੀਵਰਸਿਟੀ ਸਾਡੀ ਹੈ, ਜਦੋਂ ਰੌਲਾ ਪੈਂਦਾ ਹੈ ਤਾਂ ਬਿਲ ਵਾਪਸ ਕਰ ਲੈਂਦੇ ਹਨ, ਨੋਟੀਫਿਕੇਸ਼ਨ ਵਾਪਸ ਲੈ ਲੈਂਦੇ ਹਨ, ਫਿਰ ਚੰਡੀਗੜ੍ਹ ਤੇ ਆ ਜਾਂਦੇ ਹਨ ਤੇ ਜਦੋਂ ਰੌਲਾ ਪੈਂਦਾ ਹੈ ਤਾਂ ਚੰਡੀਗੜ੍ਹ ਵਾਲਾ ਸਾਰਾ ਖਤਮ ਕਰ ਦਿੰਦੇ ਹਨ। ਕਦੇ ਕਹਿੰਦੇ ਹਨ ਕਿ ਬੀ.ਬੀ.ਐਮ.ਬੀ. ਸਾਡੀ ਹੈ, ਜਦੋਂ ਮੈਂ ਨਾਰਥ ਕੌਂਸਲ ਵਿੱਚ ਜਾ ਕੇ ਰੌਲਾ ਪਾਇਆ ਕਿ ਸਾਨੂੰ ਵੱਡਾ ਭਾਈ ਕਹਿ ਕਹਿ ਕੇ ਲੁੱਟੀ ਜਾਂਦੇ ਹੋ, ਇਹ ਨਾ ਹੋਵੇ ਕਿ ਵੱਡਾ ਭਾਈ ਉੱਜੜ ਜਾਵੇ ਤੇ ਬਾਕੀ ਸਾਰੇ ਭਾਈ ਜਿਉਂਦੇ ਰਹਿਣ। ਉੱਥੇ ਤੁਹਾਡੇ ਕਾਂਗਰਸ ਵਾਲਾ ਸੁੱਖੂ ਵੀ ਬੈਠਾ ਸੀ, ਉਹ ਵੀ ਕਹਿੰਦਾ ਸੀ ਕਿ 7.19% ਸਾਡਾ ਹਿੱਸਾ ਚੰਡੀਗੜ੍ਹ ਵਿੱਚ ਹੈ। ਉਸ ਦਾ ਵੀ ਕਦੇ ਜਵਾਬ ਦੇ ਦਿਆ ਕਰੋ ਕਿ ਸਾਡਾ ਚੰਡੀਗੜ੍ਹ ਤਾਂ ਅਸੀਂ ਇਨ੍ਹਾਂ ਤੋਂ ਮੰਗਣ ਆਏ ਸੀ, ਤੂੰ ਕਿੱਧਰੋਂ ਵਿੱਚ ਹਿੱਸਾ ਪਾ ਕੇ ਬੈਠ ਗਿਆ ਹੈ। ਤੁਸੀਂ ਕਦੇ ਤਾਂ ਇਹੋ ਜਿਹੀ ਗੱਲ ਕਰ ਲਿਆ ਕਰੋ ਜਿਸ ਵਿੱਚ ਤੁਸੀਂ ਸਾਰੇ ਇਕਸਾਰ ਹੋ ਜਾਓ। ਇੱਧਰਲੇ ਪਾਸੇ ਇਹ ਕਹਿ ਦਿੰਦੇ ਹੋ, ਉੱਧਰਲੇ ਪਾਸੇ ਕੁਝ ਹੋਰ ਕਹੀ ਜਾਂਦੇ ਹੋ, ਇਵੇਂ ਨਹੀਂ ਚਲਣਾ ਹੈ, ਇਹ ਜ਼ਮਾਨਾ ਹੋਰ ਹੋ ਗਿਆ ਹੈ। ਪਹਿਲਾਂ ਗੱਲ ਹੋਰ ਹੁੰਦੀ ਸੀ। ਵੱਡੇ ਬਾਦਲ ਸਾਹਿਬ ਬਰਨਾਲੇ ਕੁਝ ਹੋਰ ਕਹਿ ਜਾਂਦੇ ਸੀ, ਉਸੇ ਸ਼ਾਮ ਨੂੰ ਮਲੋਟ ਵਿੱਚ ਕੁਝ ਹੋਰ ਕਹਿ ਜਾਂਦੇ ਸੀ। ਫਿਰ ਨਾ ਮਲੋਟ ਵਾਲੇ ਨੂੰ ਪਤਾ ਲੱਗਦਾ ਸੀ ਕਿ ਬਰਨਾਲੇ ਕੀ ਕਿਹਾ ਹੈ, ਨਾ ਬਰਨਾਲੇ ਵਾਲੇ ਨੂੰ ਪਤਾ ਲੱਗਦਾ ਸੀ ਕਿ ਸ਼ਾਮ ਨੂੰ ਮਲੋਟ ਵਿੱਚ ਕੀ ਕਹਿ ਗਿਆ ਹੈ। ਅੱਜ ਕੱਲ੍ਹ ਅੱਧੀ ਸਕ੍ਰੀਨ ਤੇ ਨਾਲ ਹੀ ਬਰਾਬਰ ਲਗਾ ਲੈਂਦੇ ਹਨ ਕਿ ਇਹ ਇਵੇਂ ਕਿਹਾ ਸੀ, ਜਿਵੇਂ ਤੁਸੀਂ ਮਜੀਠੀਆ ਬਾਰੇ ਕਿਹਾ ਸੀ, ਲਾਲ ਪੱਗ ਬੰਨ੍ਹ ਕੇ, ਬਾਬਾ ਬਕਾਲਾ ਵਿਖੇ ਕਿ ਇਸ ਨੂੰ ਤਰਨਤਾਰਨ ਦੀ ਸੀ.ਆਈ.ਏ. ਵਿੱਚ ਗਲ ਵਿੱਚ

---

** Expunged as ordered by the Hon'ble Speaker.

ਰੱਸਾ ਪਾ ਕੇ ਲੈ ਕੇ ਜਾਵਾਂਗੇ। ਫਿਰ ਜਿਸ ਦਿਨ ਫੜ ਲਿਆ, ਉਸ ਦਿਨ ਲੋਕਤੰਤਰ ਦੀ ਹੱਤਿਆ ਹੋ ਗਈ ਸੀ, ਮਾਨਵੀ ਅਧਿਕਾਰਾਂ ਦਾ ਉਲੰਘਣ ਹੋ ਗਿਆ ਸੀ। ਲੋਕਾਂ ਨੇ ਫਿਰ ਤੁਹਾਡੀ ਲਾਲ ਪੱਗ ਵਾਲੀ ਫੋਟੋ ਲਗਾ ਦਿੱਤੀ, ਅੱਧੀ ਇੱਧਰਲੀ, ਅੱਧੀ ਉੱਧਰਲੀ, ਫਿਰ ਉਸ ਦਾ ਕੀ ਜਵਾਬ ਦਿੱਤਾ ਸੀ?

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬੈਠੇ-ਬੈਠੇ):** ਕੇਸ ਵੀ ਤੁਹਾਡੇ ਤੇ ਤਾਂ ਹੀ ਚੱਲਦਾ ਹੈ।

**ਮੁੱਖ ਮੰਤਰੀ:** ਚਲੋ, ਕੋਈ ਗੱਲ ਨਹੀਂ, ਚੱਲੀ ਜਾਣ ਦਿਓ, ਕੇਸਾਂ ਦੀ ਕਿਹੜੀ ਗੱਲ ਹੈ? ਤੁਹਾਡੇ ਕੋਲੋਂ ਕੇਸ ਹੀ ਹੁੰਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ 14 ਘੰਟਿਆਂ ਵਿੱਚ ਬਿਲ ਪਾਸ ਕਰ ਲਿਆ। ਜਨਾਬ ਜੀ, ਸੰਤ ਰਾਮ ਉਦਾਸੀ ਜੀ ਕਹਿੰਦੇ ਹਨ ਕਿ:-

ਜਿੱਥੇ ਤੰਗ ਨਾ ਸਮਝਣ ਤੰਗੀਆਂ ਨੂੰ
ਜਿੱਥੇ ਮਿਲਣ ਅੰਗੂਠੇ ਸੰਘੀਆਂ ਨੂੰ
ਜਿੱਥੇ ਵਾਲ ਤਰਸਦੇ ਕੰਘੀਆਂ ਨੂੰ
ਨੱਕ ਵਗਦੇ, ਅੱਖਾਂ ਚੁੰਨ੍ਹੀਆਂ ਤੇ ਦੰਦ ਕਰੇੜੇ
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵੇਹੜੇ

ਸਰ, ਪਹਿਲਾਂ ਹੀ ਤੰਗੀਆਂ ਨੂੰ ਤੰਗ ਨਹੀਂ ਸਮਝ ਰਹੇ, ਉਨ੍ਹਾਂ ਦੇ ਤਾਂ ਜੰਮਦੇ ਹੀ ਗਲ ਅੰਗੂਠੇ ਮਿਲਦੇ ਹਨ, ਇੱਕ ਅੰਗੂਠਾ ਹੋਰ ਕਿਉਂ ਮੋਦੀ ਸਾਹਿਬ ਦੇਈ ਜਾਂਦੇ ਹੋ? ਤੁਸੀਂ ਕੁਹਾੜਾ ਲੈ ਕੇ ਬੈਠ ਗਏ, ਪਹਿਲਾਂ ਅਗਨੀਵੀਰ ਖਤਮ ਕੀਤੀ, ਉਹ ਕਿਸ ਦੀ ਸਕੀਮ ਸੀ? ਗਰੀਬਾਂ ਦੇ ਬੱਚੇ ਫੌਜ ਵਿੱਚ ਜਾਂਦੇ ਸੀ, ਜਦੋਂ ਕੋਈ ਹੋਰ ਪਾਸੇ ਰੁਜ਼ਗਾਰ ਨਹੀਂ ਮਿਲਦਾ ਸੀ, ਚਲੋ, ਰੱਬ ਨੇ ਸਰੀਰ ਦੇ ਦਿੱਤਾ, ਮੈਂ ਸਰੀਰ ਦੇ ਸਿਰ ਤੇ ਲੰਬੀ ਛਾਲ ਮਾਰ ਕੇ, ਮੈਂ ਭੱਜ ਕੇ, ਮੈਂ ਆਪਣੀ ਛਾਤੀ ਨੂੰ ਹੋਰ ਜ਼ਿਆਦਾ ਚੌੜੀ ਕਰਕੇ ਦੇਸ਼ ਦੀ ਰੱਖਿਆ ਵਾਸਤੇ ਜਾਵਾਂਗਾ। ਫੌਜ ਵਿੱਚ ਭਰਤੀ ਹੋ ਜਾਂਦੇ ਸੀ, ਅੱਜ ਮੇਰੇ ਪਿੰਡ ਦੇ ਬਹੁਤ ਸਾਰੇ ਐਸ.ਸੀ., ਬੀ.ਸੀ. ਮੁੰਡੇ ਫੌਜ ਵਿੱਚ ਭਰਤੀ ਹਨ, ਸਾਡੇ ਪਿੰਡ ਦੇ 2-3 ਮੁੰਡੇ ਸ਼ਹੀਦ ਵੀ ਹੋਏ ਹਨ, ਐਸ.ਸੀ., ਬੀ.ਸੀ. ਪਰਿਵਾਰਾਂ ਵਿੱਚੋਂ ਸਨ ਅਤੇ ਉਹ ਨੌਕਰੀ ਤਾਂ ਪੂਰੀ ਕਰਦੇ ਸੀ। ਹੁਣ 2026 ਵਿੱਚ ਪਹਿਲਾ ਬੈਚ ਰਿਟਾਇਰ ਹੋ ਕੇ ਆ ਰਿਹਾ ਹੈ, ਜਿਹੜਾ 2022 ਵਿੱਚ ਗਿਆ ਸੀ। ਅਗਨੀਵੀਰ ਵਿੱਚ 19 ਸਾਲ ਦੇ ਗਏ ਸੀ ਅਤੇ 22 ਸਾਲ ਦੇ ਰਿਟਾਇਰ ਹੋ ਕੇ ਆ ਰਹੇ ਹਨ, ਸਾਬਕਾ ਬਣ ਕੇ ਆ ਰਹੇ ਹਨ। ਉਹ ਅੱਗੇ ਕੀ ਕਰਨਗੇ? ਐਕਸ ਬਣ ਕੇ ਆ ਰਹੇ ਹਨ, ਕਹਿ ਰਹੇ ਹਨ ਕਿ ਫੌਜ ਦਾ ਬਜਟ ਘਟਾਉਣਾ ਹੈ। ਕੀ ਹਮੇਸ਼ਾ ਬਜਟ ਗਰੀਬਾਂ ਤੋਂ ਘਟਾਉਣਾ ਹੈ? ਕਦੇ ਅਡਾਨੀਆਂ ਤੋਂ ਵੀ ਘਟਾ ਲਓ, ਕਦੇ ਅੰਬਾਨੀਆਂ ਦਾ ਘਟਾ ਲਓ। ਜਿਨ੍ਹਾਂ ਨੂੰ ਪਾਲੀ ਜਾਂਦੇ ਹੋ, ਕਦੇ ਉਨ੍ਹਾਂ ਦਾ ਵੀ ਬਜਟ ਘਟਾ ਕੇ ਦੇਖ ਲਓ। ਉਨ੍ਹਾਂ ਨੂੰ ਸਾਰੀਆਂ ਰਿਆਇਤਾਂ, ਸਾਰੀਆਂ ਸਬਸਿਡੀਆਂ ਦੇਈ ਜਾਓ, ਇੱਧਰ ਕੁਹਾੜੀ ਚਲਾਈ ਚਲੋ, ਕਦੇ ਮਗਨਰੇਗਾ ਦਾ ਬਜਟ ਘਟਾ ਦਿਓ ਜੀ, ਕਦੇ ਅਗਨੀਵੀਰ ਦਾ ਬਜਟ ਘਟਾ ਦਿਓ। ਇਹ ਇਵੇਂ ਹੀ ਇਨ੍ਹਾਂ ਦੇ ਕੰਮ ਹਨ, ਕਿਹੜੇ 125 ਦਿਨ? ਦੇਸ਼ ਦੀ 100 ਦਿਨ ਦੀ 7.32 % ਦੀ ਐਵਰੇਜ ਹੈ। ਮਤਲਬ ਦੋ ਸਾਲਾਂ ਵਿੱਚ 15 ਬੰਦਿਆਂ ਨੂੰ 100 ਦਿਨ ਕੰਮ ਨਹੀਂ ਮਿਲਿਆ। 125 ਦਿਨ ਦਾ ਕੀ ਕਰਾਂਗੇ? ਪਹਿਲਾਂ Adarsh Gaon Yojana ਚਲਾਈ ਸੀ, ਤੁਸੀਂ ਵੀ ਰਾਜ ਸਭਾ ਦੇ ਐਮ.ਪੀ. ਸੀ, ਤੁਸੀਂ ਵੀ ਕੋਈ ਪਿੰਡ ਗੋਦ ਲਿਆ ਹੋਵੇਗਾ। ਉਸ ਨੂੰ ਕੀ ਦਿੱਤਾ ਸੀ? ਮੈਂ ਵੀ ਬੇਨੜਾ ਪਿੰਡ ਗੋਦ ਲਿਆ ਸੀ। ਮੈਂ ਕਿਹਾ ਕਿ ਸ਼ਾਇਦ ਬਹੁਤ ਵਧੀਆ ਸਕੀਮ ਹੈ। ਅਸੀਂ 2014 ਵਿੱਚ ਨਵੇਂ ਚੁਣੇ ਗਏ ਸੀ ਕਿ

ਇੱਕ ਐਮ.ਪੀ. ਇੱਕ ਪਿੰਡ ਨੂੰ ਗੋਦ ਲਵੇਗਾ ਅਤੇ ਉਸ ਨੂੰ ਮੋਦੀ ਠੀਕ ਕਰੇਗਾ। ਅਸੀਂ ਕਿਹਾ ਕਿ ਪੈਸੇ? ਉਹ ਕਹਿੰਦੇ ਕਿ ਪੈਸੇ ਤਾਂ ਇਸੇ ਵਿੱਚੋਂ ਐਮ.ਪੀ. ਲੈੱਡ ਵਿੱਚੋਂ ਦੇਣੇ ਹਨ। ਮੈਂ ਕਿਹਾ ਫਿਰ ਇਕੱਲਾ ਇਹੀ ਪਿੰਡ ਕਿਉਂ ਲੈਣਾ ਹੈ, ਹੋਰ 750 ਪਿੰਡ ਵੀ ਹਨ। ਫਿਰ ਗੋਦ ਇਕੱਲਾ ਪਿੰਡ ਹੀ ਲੈਣਾ ਹੈ? ਪੈਸੇ ਇੱਧਰੋਂ ਦੇਣੇ ਹਨ। ਮਤਲਬ ਇਹ ਹੁਣ ਵਾਲਾ ਜੀ ਰਾਮ ਜੀ ਵਾਲਾ ਬਿਲ ਵੀ ਇਹੀ ਹੈ। ਬੱਚਾ ਤੁਹਾਡੀ ਗੋਦੀ ਵਿੱਚ ਦੇਣਾ ਹੈ। ਨਾ ਉਸ ਨੂੰ ਦੁੱਧ ਪੀਣ ਦੇਣਾ ਹੈ, ਨਾ ਉਸ ਨੂੰ ਕੁਝ ਖਾਣ ਨੂੰ ਦੇਣਾ ਹੈ ਪਰ ਤੁਸੀਂ ਰੋਣ ਨਹੀਂ ਦੇਣਾ। ਇਨ੍ਹਾਂ ਦਾ ਇਹ ਬਿਲ ਹੈ। ਬਸ ਤੁਹਾਡਾ ਕੰਮ ਇਹ ਹੈ ਕਿ ਉਸ ਨੂੰ ਰੋਣ ਨਹੀਂ ਦੇਣਾ, ਨਾ ਉਸ ਨੂੰ ਖਵਾਉਣਾ ਹੈ, ਨਾ ਉਸ ਨੂੰ ਦੁੱਧ ਪਿਆਉਣਾ ਹੈ। ਇਹ ਬਿਲ ਹੈ। ਨਾਲੇ ਗੱਲ ਸੁਣੋ, ਇਹ ਨਾਮ ਜੀ ਰਾਮ ਜੀ ਰੱਖ ਲਿਆ, ਇਹ ਹੁਣ ਘੁਟਾਲਿਆਂ ਦੀ ਗੱਲ ਚਲੀ ਹੈ। ਯੂ.ਪੀ. ਵਿੱਚ ਮਗਨਰੇਗਾ ਵਿੱਚ ਘੁਟਾਲੇ ਹੋਏ ਹਨ। ਖਬਰ ਆਉਂਦੀ ਹੈ ਕਿ ਮਗਨਰੇਗਾ ਵਿੱਚ ਇੰਨੇ ਕਰੋੜ ਰੁਪਏ ਦਾ ਘੁਟਾਲਾ, ਮੱਧ ਪ੍ਰਦੇਸ਼ ਅਤੇ ਗੁਜਰਾਤ ਵਿੱਚ ਘੁਟਾਲੇ ਹੋਏ ਹਨ। ਕਿਉਂ ਭਗਵਾਨ ਰਾਮ ਨੂੰ ਵਿੱਚ ਖਿੱਚੀ ਜਾਂਦੇ ਹੋ? ਹੁਣ ਅੱਗੇ ਖਬਰਾਂ ਕੀ ਆਇਆ ਕਰਨਗੀਆਂ? ਰਾਮ ਜੀ स्कीम में 342 करोड़ का घोटाला, राम जी में हुआ 250 करोड़ का घोटाला, ਤੁਸੀਂ ਰਾਮ ਜੀ ਨੂੰ ਘੁਟਾਲਿਆਂ ਨਾਲ ਜੋੜੋਗੇ। ਉਨ੍ਹਾਂ ਨੂੰ ਤਾਂ ਪੁੱਛ ਲੈਂਦੇ ਕਿ ਤੁਹਾਡਾ ਨਾਮ ਇੱਧਰਲੇ ਪਾਸੇ ਪਾ ਲਈਏ। ਲੋਕਾਂ ਨੇ ਨਾਮ ਤੋਂ ਕੀ ਲੈਣਾ? ਲੋਕਾਂ ਦੇ ਚੁੱਲ੍ਹਿਆਂ ਦੀ ਅੱਗ ਦੀ ਫਿਕਰ ਕਰੋ, ਲੋਕ ਕਹਿੰਦੇ ਕਿ ਜੋ ਮਰਜ਼ੀ ਨਾਮ ਰੱਖ ਲਓ ਪਰ ਸਾਨੂੰ ਰੋਟੀ ਮਿਲੇਗੀ ਜਾਂ ਨਹੀਂ। ਲੋਕ ਇਹ ਕਹਿੰਦੇ ਹਨ।

ਖੋਹ ਕੇ ਖਾਈਏ ਰੱਜ ਨਹੀਂ ਹੁੰਦਾ,
ਖੋਹ ਕੇ ਖਾਈਏ ਰੱਜ ਨਹੀਂ ਹੁੰਦਾ,
ਨੰਗਾ ਪਿੰਡਾ ਕੱਜ ਨਹੀਂ ਹੁੰਦਾ,
ਜੇ ਬੇਗਾਨੇ ਹੱਕ ਮਾਰ ਕੇ ਮੱਕੇ ਜਾਓਗੇ,
ਪੈਂਡਾ ਹੁੰਦਾ, ਹੱਜ ਨਹੀਂ ਹੁੰਦਾ।(ਥੰਪਿੰਗ)

ਜੇ ਕਿਸੇ ਦੇ ਹੱਕ ਮਾਰ ਕੇ ਕੋਈ ਸਕੀਮ ਚਲਾਓਗੇ ਤਾਂ ਭਾਵੇਂ ਰਾਮ ਜੀ ਦਾ ਜਾਂ ਜਿਸ ਮਰਜ਼ੀ ਦਾ ਨਾਮ ਰੱਖ ਲਓ, ਉਸ ਨਾਲ ਪੁੰਨ ਨਹੀਂ ਮਿਲੇਗਾ, ਪਾਪ ਹੀ ਮਿਲੇਗਾ, ਤੁਹਾਨੂੰ ਸ਼ਰਾਪ ਹੀ ਮਿਲੇਗਾ। ਤੁਸੀਂ ਉਨ੍ਹਾਂ ਗਰੀਬਾਂ ਦੇ ਦਿਹਾੜੀਆਂ ਦੇ ਪੈਸੇ ਪਿੱਛੇ ਪੈ ਗਏ, ਇਵੇਂ ਭਾਰਤ ਨੂੰ ਵਿਕਸਿਤ ਕਰੋਗੇ, ਇਵੇਂ ਵਿਸ਼ਵ ਗੁਰੂ ਬਣੋਗੇ? ਵਿਸ਼ਵ ਗੁਰੂ ਦੀਆਂ ਗੱਲਾਂ ਚੱਲਦੀਆਂ ਹਨ। ਬਸ ਬਣ ਗਏ ਜੀ, ਇਹ ਇਵੇਂ ਬਿਲ ਲਿਆ ਕੇ ਹੀ ਬਣਾ ਦੇਣਗੇ। ਇਹ ਤਾਂ ਉੱਥੇ ਵਿਪਕਸ਼ ਵਿੱਚ ਰੌਲਾ ਪੈ ਗਿਆ ਤਾਂ 14 ਘੰਟੇ ਲੱਗ ਗਏ, ਨਹੀਂ ਤਾਂ ਇਹ ਦੋ-ਤਿੰਨ ਘੰਟਿਆਂ ਵਿੱਚ ਇੱਕ ਬਿਲ ਪਾਸ ਕਰਵਾਉਣਗੇ ਕਿ ਹੁਣ ਭਾਰਤ ਵਿਕਸਿਤ ਹੋ ਚੁੱਕਾ ਹੈ। ਚਲੋ ਜੀ, ਹਾਂ ਵਾਲੇ ਹਾਂ ਕਹਿਣ, ਨਾਂਹ ਵਾਲੇ ਨਾਂਹ ਕਹਿਣ, ਹਾਂ ਵਾਲੇਂ ਕੀ ਜੀਤ ਹੂਈ। ਚਲੋ ਜੀ, ਹੁਣ ਵਿਕਸਿਤ ਭਾਰਤ ਹੈ। ਇਹ ਇਸ ਤਰ੍ਹਾਂ ਹੀ ਕਰ ਲੈਣਗੇ। ਆਪਾਂ ਵੀ ਕਹਿ ਦੇਵਾਂਗੇ ਕਿ ਅਸੀਂ ਵਿਕਸਿਤ ਭਾਰਤ ਦੇ ਵਾਸੀ ਹਾਂ। ਇਹ ਸਭ ਕੁਝ ਕਾਗਜ਼ਾਂ ਵਿੱਚ ਹੀ ਕਰੀ ਜਾਂਦੇ ਹਨ। ਇਸ ਕਰਕੇ ਮੇਰੀ ਖਾਸ ਤੌਰ ਤੇ ਬੇਨਤੀ ਹੈ, ਇਹ ਅਕਾਲੀ ਦਲ ਤਾਂ ਬਿਲਕੁਲ ਹੀ ਮਿਲਿਆ ਹੋਇਆ ਹੈ। ਅਕਾਲੀ ਦਲ ਨੇ ਤਾਂ ਬੀ.ਜੇ.ਪੀ. ਦੀਆਂ 8-9 ਮਹੀਨਿਆਂ ਵਾਸਤੇ ਸਾਰੀਆਂ ਗਲਤੀਆਂ ਫਰੀਜ਼ ਕਰ ਦਿੱਤੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਾਹਿਬਜ਼ਾਦਿਆਂ ਦਾ ਕਾਰਟੂਨ ਬਣਾ ਕੇ ਬੀ.ਜੇ.ਪੀ. ਨੇ ਆਪਣੇ ਪੇਜ਼ ਤੇ ਪਾ ਦਿੱਤਾ ਤਾਂ ਇਸ ਪਿੱਛੇ ਕੋਈ ਨਹੀਂ ਬੋਲਿਆ, ਸ਼੍ਰੋਮਣੀ ਕਮੇਟੀ ਵੱਲੋਂ ਜਾਂ ਅਕਾਲੀ ਦਲ ਵੱਲੋਂ ਕੋਈ ਨਹੀਂ ਬੋਲਿਆ ਕਿਉਂਕਿ ਅਲਾਇੰਸ ਦੇ ਚਾਂਸ ਹਨ। ਉਨ੍ਹਾਂ ਨੂੰ ਹੁਣ ਸਭ ਕੁਝ ਮਾਫ ਹੈ। ਅਕਾਲੀ ਦਲ ਮੋਦੀ ਨਾਲ ਜਾ ਕੇ ਬੈਠ ਗਿਆ ਕਿ ਜਿਵੇਂ ਮਰਜ਼ੀ ਕਰ ਲਓ, ਆਪਾਂ ਗੱਲ ਕਰਾਂਗੇ।

ਅਕਾਲੀ ਦਲ ਉੱਧਰ ਬੈਠ ਗਿਆ ਅਤੇ ਬੀ.ਜੇ.ਪੀ. ਤਾਂ ਹੈ ਹੀ ਪੰਜਾਬ ਵਿਰੋਧੀ ਹੈ। ਸ਼ੁਕਰ ਕਰੋ, ਉਨ੍ਹਾਂ ਦੀ ਚੱਲਦੀ ਨਹੀਂ, ਨਹੀਂ ਤਾਂ ਉਹ ਇਹ ਬਿਲ ਵੀ ਲਿਆ ਸਕਦੇ ਹਨ ਕਿ ਜਣ ਗਣ ਮਣ ਵਿੱਚੋਂ ਪੰਜਾਬ ਕੱਢੋ। ਪੰਜਾਬ ਸਿੰਧ ਗੁਜਰਾਤ ਮਰਾਠਾ ਆਉਂਦਾ ਹੈ। ਪੰਜਾਬ ਦੀ ਜਗ੍ਹਾ ਕੋਈ ਹੋਰ ਸਟੇਟ ਦਾ ਨਾਮ ਪਾ ਦਿਓ। ਜੇਕਰ ਉਨ੍ਹਾਂ ਦਾ ਵੱਸ ਚੱਲੇ ਤਾਂ ਉਹ ਤਾਂ ਜਣ ਗਣ ਮਣ ਵਿੱਚੋਂ ਵੀ ਪੰਜਾਬ ਕੱਢ ਲੈਣਗੇ। ਇਸ ਕਰਕੇ ਆਪਾਂ ਉਨ੍ਹਾਂ ਦੀਆਂ ਚਾਲਾਂ ਨੂੰ ਸਮਝੀਏ। ਇਹੀ ਕਿ ਮੇਰਾ ਨਾਮ ਮੂਹਰੇ ਸੀ, ਮੇਰਾ ਨਾਮ ਪਿੱਛੇ ਕਿਉਂ ਕਰ ਦਿੱਤਾ। ਮੈਂ ਤਾਂ ਇਹ ਗੱਲ ਕਹਿਣੀ ਸੀ ਜੀ, ਦੇਖੋ, ਜੇਕਰ ਗੱਲ ਕਹਿਣੀ ਹੋਵੇ ਤਾਂ ਉਹ ਤਾਂ 50 ਸੈਕਿੰਡ ਵਿੱਚ ਵੀ ਕਹੀ ਜਾ ਸਕਦੀ ਹੈ। ਪੰਜ ਬੁਲਾਰੇ ਬੁਲਾ ਲਓ ਤਾਂ ਵੀ ਕਹੀ ਜਾ ਸਕਦੀ ਹੈ। ਹਰੇਕ ਨੇ ਆਪਣੀ ਆਪਣੀ ਵੀਡੀਓ ਦਿਖਾਉਣੀ ਹੈ ਕਿ ਮੈਂ ਬੋਲਿਆ ਸੀ। ਜਦੋਂ ਤੁਸੀਂ ਕਹਿੰਦੇ ਹੋ ਕਿ ਏਨੀ ਵੱਡੀ ਪਾਰਟੀ ਹੈ, ਦੇਸ਼ ਦੀ ਸਭ ਤੋਂ ਵੱਧ ਪੁਰਾਣੀ ਪਾਰਟੀ ਹੈ, ਜਦੋਂ ਤੁਸੀਂ ਪਾਰਟੀ ਵੱਲੋਂ ਹੀ ਲਾਈਨ ਦੇ ਦਿੱਤੀ ਤਾਂ ਸਾਰੀ ਪਾਰਟੀ ਦੀ ਲਾਈਨ ਹੀ ਹੋ ਗਈ। ਫਿਰ ਕਿਸੇ ਹੋਰ ਬੰਦੇ ਦੀ ਜੋ ਇੱਥੇ ਬੈਠਾ ਹੈ ਜਾਂ ਕੋਈ ਹੋਰ ਪਾਸੇ ਬੈਠਾ ਹੈ, ਉਸ ਦੀ ਲਾਈਨ ਵੱਖਰੀ ਤਾਂ ਨਹੀਂ ਹੋਵੇਗੀ। ਪਾਰਟੀ ਲਾਈਨ ਹੀ ਹੋਵੇਗੀ। ਤੁਹਾਨੂੰ ਕਿਸੇ ਨੂੰ ਤੁਹਾਡੇ ਪ੍ਰਭਾਰੀ ਵੱਲੋਂ ਹੁਕਮ ਹੋਇਆ ਹੈ ਕਿ ਅੱਜ ਪਾਰਟੀ ਨੇ ਕੀ ਲਾਈਨ ਲੈਣੀ ਹੈ। ਇਹ ਹੋਇਆ ਹੀ ਹੋਵੇਗਾ ਜਦੋਂ ਤੁਹਾਡੇ ਬੁਲਾਰੇ ਜਾਂਦੇ ਹਨ, ਜਾ ਕੇ ਟੀ.ਵੀ. ਤੇ ਡਿਬੇਟਾਂ ਵਿੱਚ ਬੈਠਦੇ ਹਨ ਤਾਂ ਪਾਰਟੀ ਲਾਈਨ ਹੀ ਦੱਸ ਕੇ ਭੇਜਦੇ ਹੋਣਗੇ ਕਿ ਅਸੀਂ ਇਹ ਲਾਈਨ ਲੈਣੀ ਹੈ। ਜੇਕਰ ਪਾਰਟੀ ਲਾਈਨ ਆ ਗਈ, ਚਾਹੇ ਦੋ ਨਾਲ ਆ ਗਈ, ਚਾਹੇ ਪੰਜ ਨਾਲ ਆ ਗਈ ਜਾਂ ਫਿਰ 10 ਨਾਲ ਆ ਗਈ। ਫਿਰ ਤੁਸੀਂ ਕਹਿੰਦੇ ਹੋ ਕਿ ਸੈਸ਼ਨ ਲੰਬੇ ਚਲਾਓ। ਤੁਸੀਂ 04 ਘੰਟੇ ਦਾ ਸੈਸ਼ਨ ਤਾਂ ਚੱਲਣ ਨਹੀਂ ਦਿੰਦੇ। ਜਦੋਂ ਦੀ ਇਹ ਗੱਲ ਆਈ ਹੈ ਕਿ ਮੋਦੀ ਮਗਨਰੇਗਾ ਬੰਦ ਕਰ ਰਿਹਾ ਹੈ ਤਾਂ ਉਸ ਵੇਲੇ ਵਿਹੜਿਆਂ ਵਿੱਚ ਸੁੰਨ ਫੈਲ ਗਈ ਤੇ ਤੁਸੀਂ ਕਹੀ ਜਾਂਦੇ ਹੋ ਕਿ ਕਣਕ ਬੰਦ ਕਰ ਦਿੱਤੀ। ਕਣਕ ਉਸ ਨੇ ਬੰਦ ਕੀਤੀ ਹੈ। ਸਾਡੇ ਕੋਲ ਕਣਕ ਹੋਵੇਗੀ ਤਾਂ ਅਸੀਂ ਤਾਂ ਇਸ ਵਾਰ 125 ਲੱਖ ਮੀਟਰਿਕ ਟਨ ਦੇਣ ਵਾਲੇ ਹਾਂ। ਹਾਲਾਂਕਿ ਹੜ੍ਹ ਆਏ, ਜ਼ਮੀਨਾਂ ਰੁੜ੍ਹ ਗਈਆਂ। ਅਸੀਂ ਫਿਰ ਵੀ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਅਪ ਟੂ ਮਾਰਕ ਰਹੀਏ, ਆਪਣੀ ਪੈਦਾਵਰ ਨਾ ਘਟੇ। ਅਸੀਂ ਤਾਂ ਉਨ੍ਹਾਂ ਨੂੰ ਕਣਕ ਦਿੰਦੇ ਹਾਂ। ਉਹ ਇੱਧਰ ਨੂੰ ਕਣਕ ਨਹੀਂ ਦਿੰਦੇ। ਜੀ.ਐਸ.ਟੀ. ਵੀ ਉੱਧਰ ਨੂੰ ਹੀ ਦਿੰਦੇ ਹਨ, ਇੱਧਰ ਨੂੰ ਨਹੀਂ ਦਿੰਦੇ। ਆਰ.ਡੀ.ਐਫ. ਵੀ ਉੱਧਰ ਨੂੰ ਹੀ ਦਿੰਦੇ ਹਨ, ਇੱਧਰ ਨੂੰ ਨਹੀਂ ਦਿੰਦੇ। ਇਨ੍ਹਾਂ ਗੱਲਾਂ ਵਾਸਤੇ ਕਦੇ ਕੋਈ ਬੈਠ ਕੇ ਗੱਲ ਕਰ ਲਈਏ ਨਹੀਂ ਤਾਂ 05 ਤਾਰੀਖ ਤੱਕ ਤੁਸੀਂ ਆਪਣਾ ਚਲਾ ਲਵੋਗੇ। ਕਹਿੰਦੇ ਕਾਂਗਰਸ ਸੜਕਾਂ ਤੇ ਆਵੇਗੀ। ਹਾਲੇ ਤੱਕ ਤੁਹਾਨੂੰ ਪਤਾ ਹੀ ਨਹੀਂ ਲੱਗਾ ਕਿ ਤੁਸੀਂ 12 ਸਾਲ ਤੋਂ ਸੜਕਾਂ ਤੇ ਹੀ ਹੋ। ਹੁਣ ਆਵੇਗੀ ਕੀ ਹੁੰਦਾ ਹੈ। ਤੁਸੀਂ ਸੜਕਾਂ ਤੇ ਹੀ ਹੋ। ਤੁਸੀਂ ਇਹ ਕਹੋ ਕਿ ਅਸੀਂ ਸੜਕਾਂ ਤੇ ਰਹਾਂਗੇ। ਅਸੀਂ ਘਰੇ ਨਹੀਂ ਵੜਦੇ। ਆਪਾਂ ਸੜਕਾਂ ਤੇ ਹੀ ਰਹਾਂਗੇ। ਫਿਰ ਕੋਈ ਸੋਚ ਸਕਦਾ ਹੈ ਕਿ ਵਿਚਾਰੇ ਸੜਕਾਂ ਤੇ ਹਨ, ਇਨ੍ਹਾਂ ਨੂੰ ਕੋਈ ਮਹਿਲਾਂ ਵਿੱਚ ਵਾੜ ਦੇਈਏ। ਜਿਹੜੀ ਟਾਪ ਲੀਡਰਸ਼ਿਪ ਹੈ, ਉਨ੍ਹਾਂ ਦੀ ਤਾਂ ਕੋਈ ਸਹੂਲਤ ਘਟੀ ਨਹੀਂ ਹੈ। ਉਹੀ ਗੰਨਮੈਨ, ਉਹੀ ਗੱਡੀਆਂ, ਉਹੀ ਘਰ, ਉਹੀ ਟਾਹਣੀਆਂ, ਉਹੀ ਮਾਲੀ, ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਆਪਾਂ ਹਾਰ ਗਏ ਜਾਂ ਜਿੱਤ ਗਏ। ਕੋਈ ਸਹੂਲਤ ਘਟੇ ਤਾਂ ਇਸ ਨਾਲ ਥੋੜ੍ਹਾ ਬਹੁਤ ਪਤਾ ਲੱਗੇ। ਮਿਹਨਤ ਕਰੀਏ, ਲੋਕਾਂ ਕੋਲ ਜਾਈਏ ਕਿ ਦੁਬਾਰਾ ਸੱਤਾ ਵਿੱਚ ਆਉਣਾ ਹੈ। ਇਸ ਕਰਕੇ ਆਪਣੇ ਬੁਨਿਆਦੀ ਢਾਂਚੇ ਵਿੱਚ ਬਦਲਾਅ ਕਰਨਾ ਪਵੇਗਾ। ਜਿਹੜੀ Demand Driven ਸਕੀਮ ਸੀ, ਅੱਜ ਉਹ ਮੈਨੂਅਲ ਚਲਾਉਣਗੇ। ਉਨ੍ਹਾਂ ਨੇ ਤਾਂ ਕਹਿ ਦੇਣਾ ਹੈ ਕਿ ਲੁਧਿਆਣਾ ਅਰਬਨ ਹੈ, ਲੁਧਿਆਣੇ ਵਿੱਚ ਜੀ ਰਾਮ ਜੀ ਸਕੀਮ ਨਹੀਂ ਚੱਲੇਗੀ। ਉਨ੍ਹਾਂ ਨੂੰ ਕੀ ਪਤਾ ਕਿ ਲੁਧਿਆਣਾ ਕਿੰਨਾ ਕੁ ਅਰਬਨ ਹੈ। ਜਿਹੜੇ ਲੁਧਿਆਣੇ ਦੇ ਪਿੰਡ ਹਨ, ਜਿਸ ਤਰ੍ਹਾਂ ਦਾਖੇ ਦੇ ਪਿੰਡਾਂ ਦੀ ਗੱਲ ਕਰਦੇ ਹਨ, ਉਹ ਲੁਧਿਆਣੇ ਦੇ ਪਿੰਡ ਹੀ ਹਨ। ਉਨ੍ਹਾਂ ਵਿੱਚ ਕਿੰਨੇ ਘਰ ਹੋਣਗੇ ਜਿਹੜੇ ਮਗਨਰੇਗਾ ਤੇ ਡਿਪੈਂਡ ਹਨ। ਇਹ ਗਰੀਬਾਂ ਦਾ ਮੂੰਹ ਬੰਦ ਕਰਨ ਦੀ, ਗਰੀਬਾਂ ਦੇ

ਮੂੰਹ ਵਿੱਚੋਂ ਰੋਟੀ ਖੋਹਣ ਦੀ ਸੈਂਟਰ ਸਰਕਾਰ ਦੀ ਬਹੁਤ ਕੋਝੀ ਚਾਲ ਹੈ। ਚਾਹੇ ਉਹ ਐਜੂਕੇਸ਼ਨ ਰਾਹੀਂ ਖੋਹਣ, ਚਾਹੇ ਉਹ ਜੀ ਰਾਮ ਜੀ ਸਕੀਮ ਰਾਹੀਂ ਖੋਹਣ, ਚਾਹੇ ਉਹ ਮਗਨਰੇਗਾ ਨੂੰ ਬੰਦ ਕਰਕੇ ਖੋਹਣ। ਕਈ ਵਾਰ ਸੱਚ ਮੂੰਹੋਂ ਨਿਕਲ ਜਾਂਦਾ ਹੈ, ਜਦੋਂ ਅਸ਼ਵਨੀ ਕੁਮਾਰ ਬੋਲ ਰਹੇ ਸੀ ਤਾਂ ਮੈਂ ਸੁਣ ਰਿਹਾ ਸੀ। ਉਹ ਇਸ ਸਕੀਮ ਨੂੰ ਮਰੇਗਾ ਸਕੀਮ ਹੀ ਕਹਿ ਗਏ। ਅਸਲ ਵਿੱਚ ਉਨ੍ਹਾਂ ਦੇ ਮੂੰਹ ਤੇ ਸੱਚ ਆ ਗਿਆ। ਅਸਲ ਵਿੱਚ ਪਹਿਲਾਂ ਇਹ ਮਗਨਰੇਗਾ ਸੀ, ਹੁਣ ਜਦੋਂ ਉਨ੍ਹਾਂ ਦੇ ਹੱਥਾਂ ਵਿੱਚ ਬਿਲ ਆ ਗਿਆ ਤਾਂ ਹੁਣ ਮਰੇਗਾ ਹੀ ਹੈ। ਉਨ੍ਹਾਂ ਨੂੰ ਪਤਾ ਹੈ ਕਿ ਅਸੀਂ ਇਹ ਸਕੀਮ ਮਾਰੀ ਹੈ। ਇਸ ਦਾ ਰਿਕਾਰਡ ਕੱਢ ਕੇ ਦੇਖ ਲਓ, ਉਹ ਇਸ ਨੂੰ ਮਰੇਗਾ ਸਕੀਮ ਹੀ ਕਹਿ ਗਏ ਹਨ। ਇਹ ਤਾਂ ਇਨ੍ਹਾਂ ਦੇ ਅੰਦਰੋਂ ਹੀ ਗੱਲ ਨਿਕਲ ਜਾਂਦੀ ਹੈ, ਕਈ ਵਾਰ ਕੁਦਰਤ ਵੀ ਕਢਾ ਲੈਂਦੀ ਹੈ। ਸੋ, ਇਸ ਕਰਕੇ ਅੱਜ ਇਕੱਲੇ ਏ.ਜੀ. ਆਫਿਸ ਦੀ ਗੱਲ ਹੀ ਕੀਤੀ ਹੈ ਕਿ ਅਸੀਂ ਐਸ.ਸੀ./ਬੀ.ਸੀ. ਵਕੀਲਾਂ ਨੂੰ ਮੌਕਾ ਦਿੱਤਾ ਹੈ, ਇੱਕ ਏ.ਜੀ. ਆਫਿਸ ਦਾ ਵਿਜ਼ੀਟਿੰਗ ਕਾਰਡ ਬਣਦਾ ਹੈ। ਇਸ ਤਰ੍ਹਾਂ ਵਕਾਲਤ ਚੱਲ ਪੈਂਦੀ ਹੈ, ਅੱਗੇ ਤਰੱਕੀਆਂ ਦੇ ਰਾਹ ਖੁੱਲ੍ਹ ਜਾਂਦੇ ਹਨ। ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਫਲਾਇੰਗ ਕਲੱਬ ਹਨ, ਮੈਂ ਪਿਛਲੇ ਦਿਨੀਂ ਇਨ੍ਹਾਂ ਕਲੱਬਾਂ ਵਿੱਚ ਜਾ ਕੇ ਆਇਆ ਹਾਂ, ਇਨ੍ਹਾਂ ਵਿੱਚ ਇੱਕ ਪਾਇਲਟ ਅਤੇ ਐਵੀਏਸ਼ਨ ਮੈਨਟੇਨੈਂਸ ਇੰਜੀਨੀਅਰਿੰਗ ਕਾਲਜ ਹਨ, ਜਿੰਨੇ ਬੱਚੇ ਉਸ ਵਿੱਚ ਪੜ੍ਹਦੇ ਹਨ, ਅਸੀਂ ਉਸ ਵਿੱਚ ਵੀ ਐਸ.ਸੀ. ਕੋਟੇ ਦਾ 33% ਰਿਜ਼ਰਵ ਕੀਤਾ ਹੈ ਤਾਂ ਕਿ ਗਰੀਬਾਂ ਦੇ ਬੱਚੇ ਅਸਮਾਨਾਂ ਵਿੱਚ ਉੱਡਣ ਦੀਆਂ ਆਪਣੀਆਂ ਖਾਹਿਸ਼ਾਂ ਪੂਰੀਆਂ ਕਰ ਸਕਣ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਬੱਚਿਆਂ ਨੂੰ ਦੱਸਿਆ ਹੈ ਕਿ ਤੁਸੀਂ ਇਹ ਪੜ੍ਹ ਕੇ ਇੱਥੇ ਆ ਜਾਓ। ਜਿੱਥੇ ਪ੍ਰਾਈਵੇਟ ਕਾਲਜਾਂ ਵਿੱਚ 28 ਹਜ਼ਾਰ ਰੁਪਿਆ ਲਗਦਾ ਹੈ, ਸਾਡੇ ਇੱਥੇ 11 ਹਜ਼ਾਰ ਰੁਪਏ ਹੀ ਲਗਦੇ ਹਨ। ਪੰਜਾਬ ਦੇਸ਼ ਦਾ ਇੱਕੋ ਇੱਕ ਸੂਬਾ ਹੈ, ਜਿਸ ਕੋਲ ਆਪਣੇ ਦੋ ਪ੍ਰਾਈਵੇਟ ਐਵੀਏਸ਼ਨ ਕਲੱਬ ਹਨ। ਗਰੀਬਾਂ ਨੂੰ ਅਸੀਂ ਇਹ ਵੀ ਦੱਸੀਏ ਕਿ ਉਹ ਪਾਇਲਟ ਵੀ ਬਣ ਸਕਦੇ ਹਨ। ਇਕੱਲਾ ਇੱਥੇ ਹੀ ਨਾ ਰੱਖੋ ਕਿ ਇਸੇ ਆਲੇ ਦੁਆਲੇ ਵਿੱਚ ਰਹਿਣਾ ਹੈ। ਸੈਂਟਰ ਸਰਕਾਰ ਨੇ ਸਾਰੇ ਕੰਮ ਆਪਣੇ ਹੱਥ ਵਿੱਚ ਲੈ ਲਏ ਹਨ। ਅੱਜ ਕੇਂਦਰੀ ਖੇਤੀਬਾੜੀ ਮੰਤਰੀ, ਸ੍ਰੀ ਸ਼ਿਵ ਰਾਜ ਚੌਹਾਨ ਜੀ ਬੋਲ ਰਹੇ ਸਨ ਕਿ ਜਿਹੜਾ ਅੱਜ ਵਾਲਾ ਸੈਸ਼ਨ ਹੈ, ਇਹ ਬਹੁਤ ਹੀ ਗੈਰ ਲੋਕਤੰਤਰਕ ਹੈ। ਇਸ ਸੈਸ਼ਨ ਨੂੰ ਗੈਰ ਲੋਕਤੰਤਰਕ ਕਹਿ ਰਹੇ ਹਨ, ਜਿਹੜੇ ਖੇਤੀ ਮੰਤਰੀ ਹਨ ਜਾਂ ਜਿਸ ਦੇ ਅੰਡਰ ਨਰੇਗਾ ਸਕੀਮ ਆਉਂਦੀ ਹੈ। ਹਾਲਾਂਕਿ ਕਹਿੰਦੇ ਹਨ ਕਿ ਉਸ ਦੇ ਨਾਲ ਤਾਂ ਸਲਾਹ ਹੀ ਨਹੀਂ ਕੀਤੀ, ਉਸ ਨੂੰ ਤਾਂ ਪੁੱਛਿਆ ਹੀ ਨਹੀਂ, ਉਸ ਨੂੰ ਤਾਂ ਸਿੱਧਾ ਦੱਸਿਆ ਹੀ ਹੈ ਕਿ ਚੱਲ ਬਈ, ਇਸ ਤੇ ਸਾਈਨ ਕਰ ਤੇ ਹੋ ਗਿਆ ਕੰਮ। ਸੋ, ਇਸ ਕਰਕੇ ਥੋੜ੍ਹਾ ਜਿਹਾ ਠੰਢੇ ਦਿਮਾਗ ਨਾਲ ਸੋਚ ਕੇ, ਸਿਰ ਜੋੜ ਕੇ ਬੈਠਣ ਦਾ ਟਾਈਮ ਹੈ, ਇੱਥੇ ਕੋਈ ਜਿੱਤ ਹਾਰ ਦਾ ਨਾ ਸੋਚੋ ਕਿ ਫਲਾਣਾ ਐਵੇਂ ਬੋਲ ਗਿਆ, ਫਲਾਣੇ ਨੇ ਵੱਧ ਰੌਲਾ ਪਾ ਲਿਆ, ਫਲਾਣੇ ਨੇ ਫਲਾਣੇ ਨੂੰ ਟੋਕਤਾ, ਫਲਾਣੇ ਦਾ ਭਾਸ਼ਣ ਮੈਂ ਵਿੱਚੋਂ ਰੋਕਤਾ। ਇਸ ਨਾਲ ਕੋਈ ਜਿੱਤ ਨਹੀਂ ਹੋਣੀ। ਜਿੱਤ ਉਦੋਂ ਹੋਵੇਗੀ, ਜਦੋਂ ਗਰੀਬਾਂ ਦੀਆਂ ਬੁਰਕੀਆਂ ਬਚਾ ਲਵਾਂਗੇ। ਉਸ ਦੇ ਲਈ ਚਾਹੇ ਧਰਨਾ ਲਗਾਓ, ਚਾਹੇ ਸਾਡੇ ਨਾਲ ਸੜਕਾਂ ਤੇ ਜਾਓ, ਚਾਹੇ ਸਾਨੂੰ ਤੁਹਾਡੇ ਨਾਲ ਸੜਕਾਂ ਤੇ ਲੈ ਜਾਓ। ਅਸੀਂ ਤਾਂ ਪਹਿਲਾਂ ਹੀ ਤੁਹਾਡੇ ਨਾਲ ਸੀ। ਅਸੀਂ ਪਹਿਲਾਂ ਤੁਹਾਡੇ ਨਾਲ ਹੀ ਤਾਂ ਸੀ। ਹੁਣ ਪਰਗਟ ਸਿੰਘ ਜੀ ਕਹੀ ਜਾਂਦੇ ਹਨ ਕਿ ਕੌਣ ਏ ਟੀਮ ਹੈ, ਕੌਣ ਬੀ ਟੀਮ ਹੈ। ਸ਼ਾਇਦ ਇਹ ਟੀਮ ਦੇ ਕੈਪਟਨ ਰਹੇ ਹਨ, ਇਨ੍ਹਾਂ ਨੂੰ ਪਤਾ ਹੋਣਾ ਹੈ ਕਿ ਏ ਟੀਮ ਤੇ ਬੀ ਟੀਮ ਕੀ ਹੁੰਦੀ ਹੈ। ਉਹ ਸਾਨੂੰ ਤੁਹਾਡੀ ਬੀ ਟੀਮ ਕਹੀ ਜਾਂਦੇ ਹਨ ਅਤੇ ਤੁਸੀਂ ਸਾਨੂੰ ਉਨ੍ਹਾਂ ਦੀ ਬੀ ਟੀਮ ਕਹੀ ਜਾਂਦੇ ਹੋ। ਅਸੀਂ ਪਬਲਿਕ ਦੀ ਏ ਟੀਮ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਸੀਂ ਪਬਲਿਕ ਦੀ ਏ ਟੀਮ ਹਾਂ। ਸਾਡੇ ਵਿੱਚ ਇਹ ਨਹੀਂ ਹੈ ਕਿ ਐਤਕੀਂ ਏ ਟੀਮ ਭੇਜ ਦਿਓ ਤੇ ਐਤਕੀਂ ਬੀ ਟੀਮ ਭੇਜ ਦਿਓ। ਅਸੀਂ ਤਾਂ ਜਿਹੜਾ ਗੋਲ ਪਾਸ ਕਰਦਾ ਹੈ, ਉਸ ਨੂੰ ਹੀ ਦਿੰਦੇ ਹਾਂ। ਠੀਕ ਹੈ, ਅਸੀਂ ਤਾਂ ਜਿਹੜਾ ਗੋਲ ਕਰ ਸਕਦਾ ਹੈ ਜਾਂ

ਗੋਲ ਦੇ ਨੇੜੇ ਹੁੰਦਾ ਹੈ, ਉਸ ਨੂੰ ਪਾਸ ਦਿੰਦੇ ਹਾਂ। ਇਸ ਨਾਲ ਸਕੋਰ ਤਾਂ ਦੇਸ਼ ਦਾ ਹੀ ਵਧੇਗਾ। ਅਸੀਂ ਦੇਸ਼ ਦਾ ਸਕੋਰ ਵਧਾਉਣ ਵਾਲੇ ਬੰਦੇ ਹਾਂ।

**ਸਰਦਾਰ ਪਰਗਟ ਸਿੰਘ ਪੋਆਰ (ਬਿਨਾਂ ਮਾਈਕ ਤੋਂ)** : ਸਰ, ਮੈਂ ਤਾਂ ਇੱਕ ਗੱਲ ਕਹੀ ਸੀ ਕਿ ਆਪਾਂ ਦਿੱਲੀ ਚੱਲੀਏ ਕਿਉਂਕਿ ਤੁਹਾਡੇ ਦਿੱਲੀ ਵਾਲੇ ਤਾਂ ਇੱਥੇ ਹੀ ਆ ਬੈਠੇ ਹਨ।

**ਮੁੱਖ ਮੰਤਰੀ** : ਤੁਹਾਡੇ ਦਿੱਲੀ ਵਾਲੇ ਕਿੱਥੇ ਹਨ?

**ਸਰਦਾਰ ਪਰਗਟ ਸਿੰਘ ਪੋਆਰ** : ਉਹ ਤਾਂ ਉੱਥੇ ਹੀ ਬੈਠੇ ਹਨ।

**ਮੁੱਖ ਮੰਤਰੀ** : ਤੁਹਾਡੇ ਤਾਂ ਛੱਤੀਸਗੜ੍ਹ ਵਾਲੇ ਇੱਥੇ ਫਿਰਦੇ ਹਨ। (ਵਿਘਨ, ਸ਼ੋਰ) ਕੀ ਭੁਪੇਸ਼ ਬਘੇਲ ਮੋਗੇ ਤੋਂ ਹੈ? ਤੁਹਾਡੀ ਸਾਰੀ ਟੀਮ ਮੋਦੀ ਦੇ ਇੱਕ ਕਿਲੋਮੀਟਰ ਦੇ ਰੇਡੀਅਸ ਵਿੱਚ ਰਹਿੰਦੀ ਹੈ। ਤੁਸੀਂ ਉਨ੍ਹਾਂ ਨੂੰ ਦਿੱਲੀ ਵਾਲਿਆਂ ਨੂੰ ਕਹਿ ਦਿਓ। ਦਿੱਲੀ ਵਾਲੇ ਕਿਹੜਾ ਤੁਹਾਡਾ ਕੋਈ ਐਮ.ਪੀ. ਜਾਂ ਐਮ.ਐਲ.ਏ. ਹੈ ਕਿ ਉਨ੍ਹਾਂ ਨੂੰ ਕਿਸੇ ਨੂੰ ਮਿਲਣਾ ਪੈਂਦਾ ਹੈ, ਉਹ ਤਾਂ ਉੱਥੇ ਵਿਹਲੇ ਹੀ ਹਨ। ਉੱਥੇ ਜਾ ਕੇ ਮੋਦੀ ਜੀ ਦੇ ਘਰ ਮੂਹਰੇ ਬਹਿ ਜਾਓ, ਆਪਾਂ ਵੀ ਚਲੇ ਜਾਵਾਂਗੇ। ਆਪਾਂ ਨੂੰ ਜਾਣ ਨੂੰ ਤਾਂ ਟਾਈਮ ਲੱਗ ਜਾਊਗਾ, ਇੰਨੇ ਨੂੰ ਉਹ ਬਹਿ ਜਾਣ, ਇੰਨੇ ਦਰੀਆਂ ਵਗੈਰਾ ਤਾਂ ਵਿਛਾ ਲੈਣ। ਇੱਥੋਂ ਕਹੀ ਜਾਂਦੇ ਹਨ ਕਿ ਚਲੋ, ਉੱਧਰ ਨੂੰ ਚੱਲੀਏ। ਤੁਸੀਂ ਆਪਣੇ ਆਲਿਆਂ ਨੂੰ ਤਾਂ ਜਾਣ ਨੂੰ ਕਹੋ। ਤੁਸੀਂ ਕਹਿੰਦੇ ਹੋ ਕਿ ਕਾਂਗਰਸ ਤਾਂ ਦੇਸ਼ ਦੀ ਸਭ ਤੋਂ ਵੱਡੀ ਪਾਰਟੀ ਹੈ, ਅਸੀਂ ਤਾਂ ਹੁਣ ਆ ਰਹੇ ਹਾਂ, ਹੁਣ ਅੱਗੇ ਇਹੀ ਪਾਰਟੀ ਆ ਰਹੀ ਹੈ। ਸੋ, ਜੇ ਆ ਰਹੇ ਹੋ ਤਾਂ ਥੋੜ੍ਹਾ ਜਿਹਾ ਆਉਣ ਵਰਗਾ ਕੰਮ ਕਰ ਲਓ। ਜਿਵੇਂ ਕਹਿੰਦੇ ਹਨ ਕਿ ਜਿੰਦਾ ਹੋ ਤੋ ਜਿੰਦਾ ਨਜ਼ਰ ਭੀ ਆਨੇ ਚਾਹੀਏਂ। ਜੇਕਰ ਤੁਸੀਂ ਆਉਣਾ ਹੈ ਤਾਂ ਆਉਣ ਵਾਲੀ ਕੋਈ ਗੱਲ ਵੀ ਕਰੋ। ਜੇਕਰ ਇੱਥੇ ਈ.ਵੀ.ਐਮ. ਨਾਲ ਵੋਟਾਂ ਪਵਾਉਂਦੇ ਹਾਂ ਤਾਂ ਪੰਗਾ, ਐਤਕੀਂ ਅਸੀਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਵੋਟਾਂ ਬੈਲਟ ਪੇਪਰ ਨਾਲ ਪਵਾ ਲਈਆਂ ਤਾਂ ਚੰਨੀ ਕਹਿੰਦਾ ਕਿ ਇਹ ਤਾਂ ਵੱਧ ਛਪਾ ਲਏ। ਜਦੋਂ ਵੋਟਾਂ ਪੈ ਗਈਆਂ ਤਾਂ ਕਹਿੰਦੇ ਕਿ ਰਿਜ਼ਲਟ ਵੇਲੇ ਸਿਆਹੀ ਡੋਲ੍ਹਣਗੇ। ਮੈਂ ਹੈਰਾਨ ਹਾਂ ਕਿ ਤੁਸੀਂ ਮੰਨੋਗੇ ਕਿਵੇਂ? ਤੁਸੀਂ ਆਪਣੀ ਹਾਰ ਨਹੀਂ ਮੰਨਦੇ ਪਰ ਜਿੱਤਣ ਵਾਲਿਆਂ ਨੂੰ ਉਲਾਂਭੇ ਦੇਣ ਲੱਗ ਜਾਂਦੇ ਹੋ ਕਿ ਨਾ ਨਾ ਅਸੀਂ ਨਹੀਂ। ਇਸ ਕਰਕੇ ਆਪਣੀ ਸਮੀਖਿਆ ਵੀ ਜ਼ਰੂਰ ਕਰੋ, ਸਵੈ-ਪੜਤਾਲ ਬਹੁਤ ਜ਼ਰੂਰੀ ਹੈ, ਜਿਹੜਾ ਬੰਦਾ ਸ਼ੀਸ਼ੇ ਮੂਹਰੇ ਖੜ੍ਹ ਕੇ ਆਪਣੇ ਆਪ ਨਾਲ ਗੱਲ ਕਰਦਾ ਹੈ ਅਤੇ ਆਪਣੀਆਂ ਕਮੀਆਂ ਦੇਖਦਾ ਹੈ। ਪਰਮਾਤਮਾ ਨੇ ਕਿਸੇ ਨੂੰ ਸੋਲਾਂ ਕਲਾਂ ਸੰਪੂਰਨ ਨਹੀਂ ਬਣਾਇਆ, ਕੋਈ ਨਾ ਕੋਈ ਕਮੀ ਹਰੇਕ ਵਿੱਚ ਹੋਵੇਗੀ, ਮੇਰੇ ਵਿੱਚ ਵੀ ਕਮੀਆਂ ਹਨ, ਬਹੁਤ ਹੋਣਗੀਆਂ ਪਰ ਆਪਾਂ ਨੂੰ ਘੱਟੋ-ਘੱਟ ਇਹ ਤਾਂ ਪਤਾ ਹੋਵੇ ਕਿ ਅੱਜ ਅਸੀਂ ਕਿਹੜੀ ਕਮੀ ਨੂੰ ਦੂਰ ਕਰ ਸਕਦੇ ਹਾਂ। ਸੋ, ਇਹ ਤਾਂ ਹੋਵੇਗਾ, ਨਹੀਂ ਤਾਂ ਵਾਰੀਆਂ ਉਡੀਕੀ ਜਾਓਗੇ, ਨਾ ਕਿਸੇ ਦੇਸ਼ ਵਿੱਚ ਵਾਰੀ ਆਉਣੀ ਹੈ ਅਤੇ ਨਾ ਕਿਸੇ ਪ੍ਰਦੇਸ਼ ਵਿੱਚ ਆਉਣੀ ਹੈ। ਇਸ ਤਰ੍ਹਾਂ ਵਾਰੀ ਨਹੀਂ ਆਉਣੀ, ਵਾਰੀ ਤਾਂ ਕੰਮ ਕਰਕੇ ਹੀ ਆਵੇਗੀ ਪਰ ਮੈਂ ਅੱਜ ਜਿਹੜਾ ਇਹ ਪ੍ਰਸਤਾਵ ਆਇਆ ਹੈ, ਇਸ ਦਾ ਸਮਰਥਨ ਕਰਦਾ ਹਾਂ ਅਤੇ ਸੈਂਟਰ ਸਰਕਾਰ ਨੂੰ ਬੇਨਤੀ ਨਹੀਂ ਕਰਦਾ, ਮੈਂ ਸੈਂਟਰ ਸਰਕਾਰ ਨੂੰ ਸਖਤ ਸ਼ਬਦਾਂ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਗਰੀਬਾਂ ਦੀ ਗਰਦਨ ਤੇ ਕੁਹਾੜੀ ਰੱਖ ਕੇ ਚਲਾਉਣਾ, ਆਰਾ ਰੱਖ ਕੇ ਚਲਾਉਣਾ ਬੰਦ ਕਰੋ, ਨਹੀਂ ਤਾਂ ਤੁਸੀਂ ਅਤੇ ਤੁਹਾਡੇ ਨਾਲ ਅਕਾਲੀ ਦਲ, ਤੁਹਾਡਾ ਦੋਵਾਂ ਦਾ ਹੀ ਪਿੰਡਾਂ ਵਿੱਚ ਵੜਨਾ ਬੰਦ ਹੋਵੇਗਾ ਜੇ ਤੁਸੀਂ ਐਵੇਂ ਹੀ ਲੜਦੇ ਰਹੇ, ਜਿਵੇਂ ਤੁਸੀਂ ਹੁਣ ਲੜ ਰਹੇ ਹੋ। ਇੱਥੇ ਵੀ ਲੜ ਪਏ ਸੀ। ਜੇ ਐਵੇਂ ਹੀ ਲੜਦੇ ਰਹੇ, ਬੱਦਲਵਾਈ ਤੁਹਾਡੀ ਵੀ ਠੀਕ ਨਹੀਂ ਲੱਗ ਰਹੀ। ਮੈਂ

ਇਹ ਨਹੀਂ ਕਹਿੰਦਾ ਕਿ ਅਸੀਂ ਆ ਰਹੇ ਹਾਂ, ਮੈਂ ਕਹਿੰਦਾ ਹਾਂ ਕਿ ਅਸੀਂ ਤਾਂ ਭਾਈ ਲੋਕਾਂ ਵਿੱਚ ਜਾਵਾਂਗੇ, ਪਬਲਿਕ ਲੈ ਕੇ ਆਵੇਗੀ, ਜਿਸ ਨੂੰ ਵੀ ਲਿਆਵੇਗੀ। ਸੋ, ਇਸ ਕਰਕੇ ਇਸ ਤਰ੍ਹਾਂ ਹੀ ਗਿਣਤੀਆਂ ਕੋਈ 17 ਜਾਂ 25 ਕਰਨੀਆਂ ਹਨ ਤਾਂ ਉਹ ਪਹਿਲਾਂ ਕੈਪਟਨ ਸਾਹਿਬ ਸਾਲ 2012 ਵਿੱਚ ਘਟਾਉਂਦੇ ਘਟਾਉਂਦੇ, ਆਹ ਤੰਗ ਕਰੇਗਾ ਇਸ ਨੂੰ ਹਰਾ ਦੇਵੋ, ਆਹ ਵੀ ਮੈਨੂੰ ਲੱਗਦਾ ਹੈ ਮਨਿਸਟਰੀ ਮੰਗੇਗਾ, ਇਸ ਨੂੰ ਹਰਾ ਲਵੋ। ਇਸ ਚੱਕਰ ਵਿੱਚ ਆਪੋਜ਼ੀਸ਼ਨ ਵਿੱਚ ਬੈਠਣਾ ਪੈ ਗਿਆ ਸੀ। ਜਿਹੜੇ ਅਫਸਰ ਸੀ, ਉਹ ਤਾਂ ਉਦੋਂ ਹੀ ਮੁੱਕਰ ਜਾਂਦੇ ਹਨ ਜੀ। ਉਹ ਤਾਂ ਸ਼ਤਾਬਦੀ ਤੋਂ ਰਾਜਪੁਰੇ ਉੱਤਰਨ ਲੱਗੇ ਸੀ, ਦਿੱਲੀ ਤੋਂ ਚੱਲ ਪਏ ਸੀ। ਉਹ ਫਿਰ ਰਾਜਪੁਰੇ ਦੀ ਬਜਾਏ ਸਿੱਧੇ ਹੀ ਆ ਗਏ, ਕਹਿੰਦੇ ਕਿ ਚੰਡੀਗੜ੍ਹ ਹੀ ਚਲਦੇ ਹਾਂ, ਪਟਿਆਲੇ ਵਾਲਾ ਤਾਂ ਰਸਤਾ ਹੀ ਬੰਦ ਹੋ ਗਿਆ ਹੈ। ਉਹ ਜਿਹੜਾ ਢੋਲ ਵਾਲਾ ਬੁਲਾਇਆ ਸੀ, ਉਹ ਬ੍ਰਹਮ ਮਹਿੰਦਰੇ ਦੇ ਘਰ ਭੇਜਣਾ ਪੈ ਗਿਆ ਕਿਉਂਕਿ ਉਹ ਤਾਂ ਜਿੱਤ ਗਿਆ ਸੀ। ਉਹ ਗੇਟ ਦੇ ਬਿਲਕੁਲ ਸਾਹਮਣੇ ਹੀ ਹੈ। ਚਲੋ ਢੋਲ ਵਾਲਾ ਕਹਿੰਦਾ ਕਿ ਮੇਰੀ ਦਿਹਾੜੀ ਤਾਂ ਨਾ ਮਾਰੋ, ਇਸ ਦੇ ਚਾਰ ਡੱਗੇ ਵਜਾ ਜਾਂਦੇ ਹਾਂ। ਸੋ, ਇਸ ਕਰਕੇ ਆਪਣੇ ਆਪਣੇ ਢੋਲ ਵਾਲੇ ਅਤੇ ਹਲਵਾਈ ਪਹਿਲਾਂ ਹੀ ਨਾ ਬੁੱਕ ਕਰਕੇ ਰੱਖਿਓ। ਲੋਕਾਂ ਨੂੰ ਪੁੱਛ ਲੈਣਾ ਕਿ ਕਿਸ ਦੇ ਘਰ ਮਠਿਆਈ ਬਣੇਗੀ ਅਤੇ ਕਿਸ ਦੇ ਘਰ ਢੋਲ ਦੇ ਡੱਗੇ ਲੱਗਣਗੇ। ਇਹ ਪਬਲਿਕ ਦੇ ਹੱਥ ਹੈ ਅਤੇ ਪਬਲਿਕ ਵਿੱਚ ਸਾਰਾ ਪਰਮਾਤਮਾ ਵੱਸਦਾ ਹੈ। ਇਹ ਸਾਰਾ ਕੁਝ ਪਰਮਾਤਮਾ ਦੇ ਹੱਥ ਹੈ। ਮੈਂ ਇਸ ਰੈਜ਼ੋਲਿਊਸ਼ਨ ਦਾ ਸਮਰਥਨ ਕਰਦਾ ਹਾਂ ਅਤੇ ਇਸ ਨੂੰ ਸਖਤ ਲਫਜ਼ਾਂ ਵਿੱਚ ਭਾਵੇਂ ਲਿਫਾਫੇ ਵਿੱਚ ਲਾਲ ਅੱਖਰਾਂ ਨਾਲ ਲਿਖ ਕੇ ਭੇਜ ਦਿਓ ਕਿ ਪੰਜਾਬ ਵੱਲੋਂ ਆਇਆ ਹੈ, ਇਸ ਨੂੰ ਤੁਸੀਂ ਇਗਨੋਰ ਨਹੀਂ ਕਰ ਸਕਦੇ। ਸਭ ਤੋਂ ਵੱਧ ਪਰਸੈਂਟ ਵਾਈਜ਼ ਐਸ.ਸੀ. ਆਬਾਦੀ ਸਾਡੇ ਪੰਜਾਬ ਦੀ ਹੈ। ਦੇਸ਼ ਵਿੱਚ ਸਭ ਤੋਂ ਵੱਧ ਐਸ.ਸੀ. ਆਬਾਦੀ ਪੰਜਾਬ ਕੋਲ ਹੈ। ਅਸੀਂ ਪੰਜਾਬ ਦੇ ਗਰੀਬਾਂ ਦੇ ਹੱਕਾਂ ਤੇ ਡਾਕਾ ਨਹੀਂ ਵੱਜਣ ਦੇਵਾਂਗੇ। ਅਸੀਂ ਜਿਸ ਪੱਧਰ ਤੱਕ ਵੀ ਲੜਨਾ ਪਿਆ, ਵਿਧਾਨਕ ਪੱਧਰ ਤੇ ਲੜ ਰਹੇ ਹਾਂ, ਕੱਲ੍ਹ ਨੂੰ ਸੜਕਾਂ ਤੇ ਲੜਨਾ ਪਿਆ ਤਾਂ ਉੱਥੇ ਵੀ ਲੜਾਂਗੇ। ਤੁਸੀਂ ਨਾਲ ਜਾਣਾ ਹੈ, ਤੁਹਾਨੂੰ ਸੱਦਾ ਪੱਤਰ ਦੇਵਾਂਗੇ, ਆਓ ਇਕੱਠੇ ਹੋ ਕੇ ਗਰੀਬਾਂ ਦੇ ਹੱਕ ਵਿੱਚ ਆਪਾਂ ਹਾਅ ਦਾ ਨਾਅਰਾ ਮਾਰੀਏ। ਗਰੀਬਾਂ ਦੇ ਹੱਕ ਉਨ੍ਹਾਂ ਨੂੰ ਲੈ ਕੇ ਦੇਈਏ। ਉਸ ਤੋਂ ਬਾਅਦ ਤੁਸੀਂ ਆਪਣੀਆਂ ਆਪਣੀਆਂ ਵੋਟਾਂ ਤੇ ਚਲੇ ਜਾਣਾ। ਜਿਸ ਦਾ ਪ੍ਰੋਗਰਾਮ ਲੋਕਾਂ ਨੂੰ ਪਸੰਦ ਆਵੇਗਾ, ਲੋਕ ਆਪੇ ਪਸੰਦ ਕਰ ਲੈਣਗੇ। ਬਹੁਤ ਬਹੁਤ ਧੰਨਵਾਦ ਜੀ। (ਥੰਪਿੰਗ)

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

"ਕਿ ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ, ਦਲਿਤ ਪਰਿਵਾਰਾਂ ਅਤੇ ਗਰੀਬ ਦਲਿਤ ਭਾਈਚਾਰੇ ਦੀ ਰੋਜ਼ੀ-ਰੋਟੀ ਖੋਹ ਲਈ ਹੈ। ਇਹ ਇੱਕ ਜਾਣਬੁੱਝ ਕੇ ਕੀਤੀ ਗਈ ਅਤੇ ਖ਼ਤਰਨਾਕ ਸਾਜ਼ਿਸ਼ ਹੈ। ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਮਨਰੇਗਾ ਹੀ ਨਹੀਂ ਖੋਹਿਆ, ਇਸ ਨੇ ਦਲਿਤ ਮਜ਼ਦੂਰ ਦੇ ਮੂੰਹੋਂ ਰੋਟੀ ਵੀ ਖੋਹ ਲਈ ਹੈ।

ਇਹ ਸਦਨ ਮੰਨਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਇੱਕ ਸਰਕਾਰੀ ਯੋਜਨਾ ਨੂੰ ਹੀ ਤਬਾਹ ਨਹੀਂ ਕੀਤਾ ਹੈ, ਇਸ ਨੇ ਦੇਸ਼ ਦੇ ਦਲਿਤ ਮਜ਼ਦੂਰਾਂ ਦੇ ਜਿਉਂਦੇ ਰਹਿਣ ਦੇ ਹੱਕ ਨੂੰ ਵੀ ਤਬਾਹ ਕਰ ਦਿੱਤਾ ਹੈ। ਮਨਰੇਗਾ ਦੇਸ਼ ਦੇ ਲੱਖਾਂ ਦਲਿਤਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਇੱਕ ਸਮੇਂ ਦੀ ਰੋਟੀ ਲਈ ਆਖਰੀ ਸਹਾਰਾ ਸੀ। ਇਹ ਉਹ ਪ੍ਰਣਾਲੀ ਸੀ ਜਿਸਨੇ ਦਲਿਤ ਮਜ਼ਦੂਰਾਂ ਨੂੰ ਆਪਣੇ ਪਿੰਡਾਂ ਵਿੱਚ ਰਹਿਣ, ਸਖਤ ਮਿਹਨਤ ਨਾਲ ਆਪਣੀ ਰੋਜ਼ੀ-ਰੋਟੀ ਕਮਾਉਣ, ਆਪਣੇ ਬੱਚਿਆਂ ਨੂੰ ਸਕੂਲ ਭੇਜਣ ਅਤੇ ਸਨਮਾਨ ਨਾਲ

ਜ਼ਿੰਦਗੀ ਜਿਉਣ ਦੀ ਆਗਿਆ ਦਿੱਤੀ। ਮਨਰੇਗਾ ਨੂੰ ਖਤਮ ਕਰਨਾ ਯੋਜਨਾ ਨੂੰ ਲਾਗੂ ਕਰਨ ਦਾ ਫੈਸਲਾ ਨਹੀਂ ਹੈ, ਸਗੋਂ ਦਲਿਤ ਵਿਰੋਧੀ ਸੋਚ ਦਾ ਐਲਾਨ ਹੈ। ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਤੋਂ ਕੰਮ ਖੋਹ ਲਿਆ ਹੈ, ਦਲਿਤ ਬੱਚਿਆਂ ਤੋਂ ਸਿੱਖਿਆ ਖੋਹ ਲਈ ਹੈ ਅਤੇ ਦਲਿਤ ਪਰਿਵਾਰਾਂ ਦੇ ਰਸੋਈ ਦੇ ਚੁੱਲ੍ਹੇ ਬੁਝਾ ਦਿੱਤੇ ਹਨ। ਦਲਿਤਾਂ ਦੇ ਰਸੋਈ ਦੇ ਚੁੱਲ੍ਹੇ ਬੁਝਾਉਣ ਵਾਲੀ ਸਰਕਾਰ ਦਲਿਤਾਂ ਤੋਂ ਵੋਟਾਂ ਮੰਗਣ ਦਾ ਅਧਿਕਾਰ ਗੁਆ ਦਿੰਦੀ ਹੈ। ਇਹ ਸਦਨ ਸਪੱਸ਼ਟ ਤੌਰ 'ਤੇ ਦਰਜ ਕਰਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਲਿਤ ਵਿਰੋਧੀ ਹਨ।

ਭਾਜਪਾ ਦੀ ਕੇਂਦਰੀ ਸਰਕਾਰ ਦੇ ਫੈਸਲੇ ਵਾਰ ਵਾਰ ਸਾਬਤ ਕਰਦੇ ਹਨ ਕਿ ਭਾਜਪਾ ਦਲਿਤਾਂ ਨੂੰ ਨਫ਼ਰਤ ਕਰਦੀ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣਾ ਚਾਹੁੰਦੀ ਹੈ, ਮਨਰੇਗਾ 'ਤੇ ਹਮਲਾ ਕਰਨਾ ਅਸਲ ਵਿੱਚ ਦਲਿਤਾਂ ਦੀ ਇੱਜ਼ਤ ਅਤੇ ਹੋਂਦ 'ਤੇ ਹਮਲਾ ਹੈ।

ਇਹ ਸਦਨ ਇਹ ਵੀ ਕਹਿੰਦਾ ਹੈ ਕਿ ਜੋ ਸਰਕਾਰ ਪਿੰਡਾਂ ਵਿੱਚ ਦਲਿਤਾਂ ਨੂੰ ਕੰਮ ਨਹੀਂ ਦਿੰਦੀ ਉਨ੍ਹਾਂ ਨੂੰ ਸ਼ਹਿਰੀ ਝੁੱਗੀਆਂ-ਝੌਂਪੜੀਆਂ ਵਿੱਚ ਧੱਕਦੀ ਹੈ। ਅੱਜ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਤੋਂ ਵੋਟਾਂ ਮੰਗਣ ਦਾ ਨੈਤਿਕ ਅਧਿਕਾਰ ਖੋਹ ਲਿਆ ਹੈ। ਇੱਕ ਅਜਿਹੀ ਸਰਕਾਰ ਜਿਸਨੂੰ ਦਲਿਤਾਂ ਦੀ ਰੋਜ਼ੀ-ਰੋਟੀ ਦੀ ਕੋਈ ਪਰਵਾਹ ਨਹੀਂ ਹੈ, ਉਸਦੀ ਦਲਿਤ ਵੋਟਾਂ ਲਈ ਕੋਈ ਨੈਤਿਕ ਮੰਗ ਵੀ ਨਹੀਂ ਹੈ।

ਇਹ ਸਦਨ ਇਹ ਵੀ ਨੋਟ ਕਰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਪੂਰੇ ਮੁੱਦੇ 'ਤੇ ਚੁੱਪੀ ਬਣਾਈ ਰੱਖੀ ਹੈ। ਇਹ ਚੁੱਪੀ ਇਸ ਲਈ ਹੈ ਕਿਉਂਕਿ ਉਹ 2027 ਵਿੱਚ ਭਾਜਪਾ ਨਾਲ ਆਪਣਾ ਗੱਠਜੋੜ ਦੁਬਾਰਾ ਸਥਾਪਤ ਕਰਨ ਦੀ ਉਮੀਦ ਕਰਦੇ ਹਨ, ਭਾਵੇਂ ਦਲਿਤਾਂ ਨੂੰ ਇਸਦੀ ਕੀਮਤ ਚੁਕਾਉਣੀ ਪਵੇ। ਦਲਿਤਾਂ ਵਿਰੁੱਧ ਫੈਸਲਿਆਂ 'ਤੇ ਚੁੱਪ ਰਹਿਣਾ ਵੀ ਇੱਕ ਅਪਰਾਧ ਹੈ।

ਇਸ ਲਈ ਇਹ ਸਦਨ ਸਿਫਾਰਸ਼ ਕਰਦਾ ਹੈ ਕਿ ਰਾਜ ਸਰਕਾਰ ਭਾਜਪਾ ਦੀ ਕੇਂਦਰੀ ਸਰਕਾਰ ਤੋਂ ਮੰਗ ਕਰੇ ਕਿ ਮਨਰੇਗਾ ਨੂੰ ਖਤਮ ਕਰਨ ਦੇ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ, ਮਨਰੇਗਾ ਨੂੰ ਪੂਰੀ ਤਰ੍ਹਾਂ ਇਸਦੇ ਅਸਲ ਅਧਿਕਾਰ-ਅਧਾਰਤ ਰੂਪ ਵਿੱਚ ਬਹਾਲ ਕੀਤਾ ਜਾਵੇ ਅਤੇ ਦੇਸ਼ ਭਰ ਦੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਕੰਮ ਅਤੇ ਉਜਰਤ ਦੀ ਗਰੰਟੀ ਯਕੀਨੀ ਬਣਾਈ ਜਾਵੇ। ਪੰਜਾਬ ਵਿਧਾਨ ਸਭਾ ਦਲਿਤਾਂ ਅਤੇ ਗਰੀਬ ਮਜ਼ਦੂਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** *(ਥੰਪਿੰਗ)*

---

**ਮਾਣਯੋਗ ਸਪੀਕਰ**: ਅਗਲੀ ਆਈਟਮ। ਵਿਧਾਨਕ ਕੰਮਕਾਰ।

## LEGISLATIVE BUSINESS

### 1. THE INDIAN STAMP (Punjab Second Amendment) BILL, 2025

**ਮਾਣਯੋਗ ਸਪੀਕਰ:** ਸਰਦਾਰ ਹਰਦੀਪ ਸਿੰਘ ਮੁੰਡੀਆਂ, ਮਾਲ ਮੰਤਰੀ ਬਿਲ ਪੇਸ਼ ਕਰਨ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)**: ਸ਼੍ਰੀਮਾਨ ਜੀ, ਮੈਂ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 2**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**2. PUNJAB ABADI DEH (RECORD OF RIGHTS) AMENDMENT BILL, 2025**

**ਮਾਣਯੋਗ ਸਪੀਕਰ:** ਸਰਦਾਰ ਹਰਦੀਪ ਸਿੰਘ ਮੁੰਡੀਆਂ, ਮਾਲ ਮੰਤਰੀ ਬਿਲ ਪੇਸ਼ ਕਰਨ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)**: ਸ਼੍ਰੀਮਾਨ ਜੀ, ਮੈਂ ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧਨਾ ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧਨਾ ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਣਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਸੋਧਨਾ ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਡਾਕਟਰ ਨਛੱਤਰ ਪਾਲ ਜੀ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)**: ਧੰਨਵਾਦ, ਮਾਣਯੋਗ ਸਪੀਕਰ ਸਾਹਿਬ। ਇਹ ਜਿਹੜਾ ਮੇਰਾ ਘਰ ਮੇਰਾ ਨਾਂ ਤਹਿਤ ਲਾਲ ਲਕੀਰਾਂ ਵਾਲੀ ਜਗ੍ਹਾ ਤੇ ਘਰਾਂ ਦਾ ਸਰਵੇ ਡਰੋਨ ਰਾਹੀਂ ਮੈਪ ਬਣਦਾ ਹੈ, ਘਰਾਂ ਦੇ ਨੰਬਰ ਲੱਗਦੇ ਹਨ, ਜਿਸ ਦੇ ਵਿੱਚ 90 ਦਿਨਾਂ ਦਾ ਸਮਾਂ ਘਟਾ ਕੇ ਅਸੀਂ 60 ਦਿਨ ਕੀਤਾ ਔਰ ਜਿਹੜੀ ਇਸ ਦੀ ਅਪੀਲ ਹੁੰਦੀ ਸੀ, ਉਹ 60 ਦਿਨ ਤੋਂ ਘਟਾ ਕੇ 30 ਦਿਨ ਕੀਤੀ ਹੈ, ਇਹ ਇੱਕ ਬਹੁਤ ਵਧੀਆ ਉਪਰਾਲਾ ਹੈ। ਜਿਹੜੇ ਲੋਕ ਲਾਲ ਲਕੀਰ ਦੇ ਅੰਦਰ ਲੰਮੇ ਸਮੇਂ ਤੋਂ ਮਾਲਕਾਨਾ ਹੱਕ ਤੋਂ ਵਾਂਝੇ ਸਨ, ਉਨ੍ਹਾਂ ਲਈ ਇਹ ਸਰਕਾਰ ਦੀ ਬਹੁਤ ਵੱਡੀ ਦੇਣ ਹੈ। ਇਸ ਨਾਲ ਉਨ੍ਹਾਂ ਨੂੰ ਮਾਲਕੀ ਹੱਕ ਮਿਲੇਗਾ। ਮੇਰੀ ਇੱਕ ਬੇਨਤੀ ਹੈ ਕਿ ਪਿਛਲੇ ਬਹੁਤ ਲੰਮੇ ਸਮੇਂ ਤੋਂ, ਚਾਹੇ ਉਹ ਸਾਂਝੀਆਂ ਥਾਵਾਂ ਹੋਣ, ਚਾਹੇ ਪੰਚਾਇਤ ਦੀਆਂ ਜਾਂ ਪੀ.ਡਬਲਊ.ਡੀ. ਜਾਂ ਜੰਗਲਾਤ ਹੋਣ, ਚਾਹੇ ਸ਼ਹਿਰਾਂ ਦੇ ਅੰਦਰ ਸਾਂਝੀਆਂ ਥਾਵਾਂ ਹੋਣ, ਉੱਥੇ ਵੀ ਲੰਮੇ ਸਮੇਂ ਤੋਂ ਲੋਕ ਆਪਣੇ 5-5, 10-10 ਮਰਲੇ ਦੇ ਘਰ ਬਣਾ ਕੇ ਰਹਿੰਦੇ ਹਨ, ਇਸ ਤਰ੍ਹਾਂ ਦੀ ਪ੍ਰੋਵੀਜ਼ਨ ਬਣਾਈਏ ਕਿ ਜਿੱਥੇ ਉਨ੍ਹਾਂ ਨੂੰ ਵੀ ਮਾਲਕਾਨਾ ਹੱਕ ਦੇਈਏ ਤਾਂ ਜੋ ਉਹ ਵੀ ਮਾਲਕੀ ਲੈ ਸਕਣ ਕਿਉਂਕਿ ਉਹ ਲੋਕ ਲੰਮੇ ਸਮੇਂ ਤੋਂ ਬੈਠੇ ਹਨ, ਅਸੀਂ ਉਠਾ ਨਹੀਂ ਸਕਦੇ ਪਰ ਉਨ੍ਹਾਂ ਨੂੰ ਮਾਲਕੀ ਦਾ ਹੱਕ ਵੀ ਨਹੀਂ ਮਿਲ ਰਿਹਾ ਹੈ। ਇਸ ਕਰਕੇ ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਮਾਲਕਾਨਾ ਹੱਕ ਦਿੱਤਾ ਜਾਵੇ। ਜੇਕਰ ਹੋ ਸਕਦਾ ਹੈ ਤਾਂ ਨਾਮੀਨਲ ਰੇਟਾਂ ਤੇ, ਜਿਸ ਨਾਲ ਸਰਕਾਰ ਨੂੰ ਵੀ ਫਾਇਦਾ ਹੋਵੇ ਅਤੇ ਉਨ੍ਹਾਂ ਨੂੰ ਵੀ ਮਾਲਕਾਨਾ ਹੱਕ ਮਿਲੇ।

ਇੱਕ ਮੇਰੀ ਹੋਰ ਬੇਨਤੀ ਹੈ ਕਿ ਸਾਂਝੀਆਂ ਥਾਵਾਂ ਤੇ ਜਿਵੇਂ ਬਹੁਤ ਸਾਰੇ ਧਾਰਮਿਕ ਸਥਾਨਾਂ, ਗੁਰੂ ਘਰਾਂ ਵਿੱਚ ਮਹਾਂਪੁਰਸ਼ਾਂ ਦੇ ਸਟੈਚੂ ਲੱਗੇ ਹੋਏ ਹਨ, ਉਨ੍ਹਾਂ ਥਾਵਾਂ ਵਾਸਤੇ ਵੀ ਕੋਈ ਅਜਿਹੀ ਗੱਲ ਕੀਤੀ ਜਾਵੇ ਕਿਉਂਕਿ ਪਿਛਲੇ ਦਿਨੀਂ ਪਿੰਡ ਕਲੋਲੀ, ਪੀ.ਐਸ. ਬਨੂੜ, ਜ਼ਿਲ੍ਹਾ ਪਟਿਆਲਾ ਵਿਖੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਜੀ ਦੀ ਪ੍ਰਤਿਮਾ ਲੱਗੀ ਸੀ, ਕਿਸੇ ਨੇ ਉਸ ਨੂੰ ਹਟਾਇਆ ਹੈ। ਅੱਜ ਪੁਲਿਸ ਉਸ ਨੂੰ ਚੁੱਕ ਕੇ ਲੈ ਗਈ ਹੈ ਪਰ ਅਜੇ ਤੱਕ ਪਤਾ ਨਹੀਂ ਲੱਗਿਆ। ਪਿੰਡ ਚਾਂਗ ਬਿਛੋਈ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਐਸ.ਸੀ. ਧਰਮਸ਼ਾਲਾ ਵਿੱਚ ਪੰਚਾਇਤ ਘਰ ਬਣਾਉਣ ਲੱਗੇ

ਹਨ। ਮੇਰੀ ਬੇਨਤੀ ਹੈ ਕਿ ਅਜਿਹੀਆਂ ਥਾਵਾਂ ਦਾ ਵੀ ਧਿਆਨ ਰੱਖਿਆ ਜਾਵੇ। ਇਸ ਬਿਲ ਵਾਸਤੇ ਬਹੁਤ ਬਹੁਤ ਧੰਨਵਾਦ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)** : ਸਪੀਕਰ ਸਾਹਿਬ, ਧੰਨਵਾਦ। ਪਿੰਡਾਂ ਵਿੱਚ ਇਹ ਪ੍ਰਾਬਲਮ ਆਉਂਦੀ ਹੈ ਕਿ ਜਿਹੜੇ ਐਨ.ਆਰ.ਆਈ. ਹਨ, ਉਨ੍ਹਾਂ ਦੀਆਂ ਲਾਲ ਲਕੀਰ ਅੰਦਰ ਥਾਵਾਂ ਹਨ, ਪਿੰਡ ਦੇ ਉਨ੍ਹਾਂ ਦੇ ਰਿਸ਼ਤੇਦਾਰ ਜਾਂ ਕੋਈ ਹੋਰ ਉਨ੍ਹਾਂ ਦੀਆਂ ਜ਼ਮੀਨਾਂ ਮੱਲ ਲੈਂਦੇ ਹਨ। ਜਦੋਂ ਉਹ ਬਾਹਰੋਂ ਆਉਂਦੇ ਹਨ ਤਾਂ ਉਥੇ ਕਿਸੇ ਹੋਰ ਦਾ ਕਬਜ਼ਾ ਹੁੰਦਾ ਹੈ। ਨਾ ਪਿੰਡ ਦੀ ਪੰਚਾਇਤ ਅਤੇ ਨਾ ਹੀ ਪਿੰਡ ਦਾ ਨੰਬਰਦਾਰ ਉਨ੍ਹਾਂ ਨਾਲ ਖੜ੍ਹਦਾ ਹੈ ਕਿਉਂਕਿ ਸਾਰਾ ਚੱਕਰ ਵੋਟਾਂ ਦਾ ਹੁੰਦਾ ਹੈ। ਸਰ, ਇਸ ਪ੍ਰਕਾਰ ਦੇ ਕੇਸਾਂ ਵਿੱਚ ਜਿਹੜੇ 20 ਸਾਲ ਪਹਿਲਾਂ ਬਾਹਰ ਚਲੇ ਗਏ, ਉਨ੍ਹਾਂ ਵਾਸਤੇ ਕੀ ਕਰ ਸਕਦੇ ਹਾਂ ਤਾਂ ਜੋ ਉਹ ਫੇਰ ਮਾਲਕ ਬਣ ਸਕਣ।

ਇਸ ਦੇ ਨਾਲ ਹੀ ਦੂਜਾ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮਾਲ ਬਜ਼ਾਰ ਦੀਆਂ ਜ਼ਮੀਨਾਂ ਹਨ, ਲੋਕਾਂ ਦੀਆਂ ਰਜਿਸਟਰੀਆਂ ਵੀ ਹੋਈਆਂ ਹਨ, ਲੋਕਾਂ ਨੇ ਲੋਨ ਲੈ ਕੇ ਆਪਣੀਆਂ ਕੋਠੀਆਂ ਬਣਾ ਲਈਆਂ। ਜੇਕਰ ਦੁਬਾਰਾ ਕੋਈ ਵੇਚਣਾ ਚਾਹੁੰਦਾ ਹੈ ਤਾਂ ਬੈਂਕ ਉਸ ਉੱਪਰ ਲੋਨ ਨਹੀਂ ਦਿੰਦੀ ਹੈ। ਸੋ, ਇਹ ਜਿਹੜੀਆਂ ਮਾਲ ਬਜ਼ਾਰ ਦੀਆਂ ਰਜਿਸਟਰੀਆਂ ਹਨ, ਉਨ੍ਹਾਂ ਵਾਸਤੇ ਵੀ ਕੋਈ ਬੰਦੋਬਸਤ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਅਬਾਦੀ ਦੇਹ (ਰਿਕਾਰਡ ਆਫ ਰਾਈਟਸ) ਸੋਧਨਾ ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 3**

**ਮਾਣਯੋਗ ਸਪੀਕਰ**: ਕਿਉਂਜੋ ਕਲਾਜ਼ਾਂ 2 ਤੋਂ 3 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ।)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਆਬਾਦੀ ਦੇਹ (ਰਿਕਾਰਡ ਆਫ ਰਾਈਟਸ) ਸੋਧਨਾ ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸਤਾਵ ਕੀਤਾ -

ਕਿ ਪੰਜਾਬ ਆਬਾਦੀ ਦੇਹ (ਰਿਕਾਰਡ ਆਫ ਰਾਈਟਸ) ਸੋਧਨਾ ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ:** ਪ੍ਰਸ਼ਨ ਹੈ -

ਕਿ ਪੰਜਾਬ ਆਬਾਦੀ ਦੇਹ (ਰਿਕਾਰਡ ਆਫ ਰਾਈਟਸ) ਸੋਧਨਾ ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**3.THE PUNJAB LAND REVENUE (AMENDMENT) BILL, 2025**

**ਮਾਣਯੋਗ ਸਪੀਕਰ**: ਮਾਲ ਮੰਤਰੀ ਜੀ, ਪ੍ਰਸਤਾਵ ਪੇਸ਼ ਕਰਨ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ)** : ਸ਼੍ਰੀਮਾਨ ਜੀ, ਮੈਂ ਪੰਜਾਬ ਭੋਂ ਮਾਲੀਆ (ਸੋਧਨਾ) ਬਿਲ, 2025 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਭੋਂ ਮਾਲੀਆ (ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਭੋਂ ਮਾਲੀਆ (ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਹਾਂ ਜੀ, ਰਾਣਾ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ (ਸੁਲਤਾਨਪੁਰ ਲੋਧੀ)** : ਸਰ, ਮੈਂ ਪਹਿਲੇ ਬਿਲ ਵਿੱਚ ਵੀ ਬੜੀਆਂ ਪ੍ਰੋਡਕਟਿਵ ਗੱਲਾਂ ਕਰਨੀਆਂ ਸਨ, ਜੇਕਰ ਤੁਸੀਂ ਅਲਾਓ ਕਰੋ।

**ਮਾਣਯੋਗ ਸਪੀਕਰ** : ਤੁਸੀਂ ਇਸ ਬਿਲ ਤੇ ਬੋਲੋ ਜੀ।

**ਰਾਣਾ ਇੰਦਰ ਪ੍ਰਤਾਪ ਸਿੰਘ** : ਠੀਕ ਹੈ ਜੀ। ਸਰ, ਇਸ ਬਿਲ ਵਿੱਚ ਦੋ ਅਮੈਂਡਮੈਂਟਸ ਲਿਆਂਦੀਆਂ ਜਾ ਰਹੀਆਂ ਹਨ। ਪਹਿਲੀ, ਜਿਹੜੇ ਪਾਰਟੀਸ਼ਨ ਦੇ, ਡਿਮਾਰਕੇਸ਼ਨ ਦੇ, ਕੁਰੈਕਸ਼ਨ ਆਫ ਖਸਰਾ ਨੰਬਰ, ਗਿਰਦਾਵਰੀਆਂ ਦੇ ਕੇਸਾਂ ਵਿੱਚ ਰਿਮਾਂਡ ਕਰਨ ਦੀ ਪਹਿਲਾਂ ਆਪਸ਼ਨ ਸੀ, ਉਹ ਖ਼ਤਮ ਕਰ ਦਿੱਤੀ ਗਈ ਹੈ। ਆਪਾਂ ਸਾਰੇ ਇੱਥੇ ਫੈਸਲਾ ਕਰਦੇ ਹਾਂ ਕਿ ਪੰਜਾਬ ਦੇ ਕਾਨੂੰਨ ਕੀ ਬਣਨੇ ਚਾਹੀਦੇ ਹਨ। ਪਹਿਲਾਂ ਵੀ ਰਿਮਾਂਡ ਨਹੀਂ ਹੋ ਸਕਦੀ ਸੀ। ਉਸ ਵਿੱਚ ਇਕ ਕੰਡੀਸ਼ਨ ਸੀ ਕਿ ਅਗਰ ਕਿਸੇ ਬੰਦੇ ਨੂੰ ਨੋਟਿਸ ਸਰਵ ਨਹੀਂ ਹੋਇਆ, ਇਕ ਬੰਦਾ ਬਾਹਰ ਕੇਨੈਡਾ ਗਿਆ ਹੋਇਆ ਹੈ, ਉਸ ਦਾ ਘਰ ਬੰਦ ਹੈ, ਉਸ ਨੂੰ ਨੋਟਿਸ ਨਹੀਂ ਮਿਲਿਆ ਤਾਂ ਉਹ ਇੱਥੇ ਆ ਕੇ ਫਸਟ ਐਪੀਲੈਟ ਅਥਾਰਟੀ ਤੋਂ ਆਪਣਾ ਕੇਸ ਰਿਮਾਂਡ ਕਰਕੇ ਆਪਣਾ ਫੈਸਲਾ ਕਰਵਾ ਸਕਦਾ ਸੀ। ਹੁਣ ਇਸ ਬਿਲ ਰਾਹੀਂ ਆਪਾਂ ਉਹ ਹੱਕ ਉਸ ਤੋਂ ਲੈ ਰਹੇ ਹਾਂ। ਪਿੰਡਾਂ ਵਿੱਚ ਹਰ ਬੰਦੇ ਨੂੰ ਪਤਾ ਹੁੰਦਾ ਹੈ ਕਿ ਜਿਸ ਦਾ ਕੇਸ ਚੱਲਿਆ ਹੈ, ਉਹ ਕਦੋਂ ਅਮਰੀਕਾ-ਕੇਨੈਡਾ ਗਿਆ ਹੈ। ਉਸ ਨੂੰ ਨੋਟਿਸ ਸਰਵ ਕਰਵਾਇਆ ਜਾਵੇਗਾ ਅਤੇ ਦੋ-ਤਿੰਨ ਮਹੀਨੇ ਉਹ ਬਾਹਰ ਹੈ ਤਾਂ ਉਸ ਦਾ ਫੈਸਲਾ ਹੋ ਗਿਆ ਤਾਂ ਕੇਸ ਰਿਮਾਂਡ ਹੀ ਨਹੀਂ ਹੋ ਸਕਦਾ। ਪਹਿਲਾਂ ਵਨ ਸਾਈਡਿਡ ਕੇਸ ਡੀ.ਸੀ. ਕੋਲ ਚੱਲੇਗਾ ਅਤੇ ਫੇਰ ਕਮਿਸ਼ਨਰ ਕੋਲ ਵਨ ਸਾਈਡਿਡ ਚੱਲੇਗਾ, ਉਸ ਤੋਂ ਬਾਅਦ ਕੇਸ ਐਫ.ਸੀ.ਆਰ. ਕੋਲ ਆਵੇਗਾ। ਇਸ ਵਿੱਚ ਬੰਦੇ ਵੱਲੋਂ ਅਪੀਲ ਕਰਨ ਦਾ ਰਾਈਟ ਹੀ ਖਤਮ ਹੈ। ਜਦੋਂ ਐਫ.ਸੀ.ਆਰ. ਸਾਹਿਬ ਫੈਸਲਾ ਕਰਨਗੇ ਤਾਂ ਉਹ ਸ਼ੁਰੂਆਤ ਤੋਂ ਫੈਸਲਾ ਹੋਵੇਗਾ। ਸਰ, ਨਾ ਉਸ ਬੰਦੇ ਦੀ ਅਪੀਲ, ਨਾ ਉਸ ਬੰਦੇ ਦੀ ਕੋਈ ਦਲੀਲ ਹੈ। ਉਸ ਬੰਦੇ ਦਾ ਅਪੀਲ ਕਰਨ ਦਾ ਰਾਈਟ ਸਰਕਾਰ ਖੋਹ ਰਹੀ ਹੈ। ਮੈਂ ਬੇਨਤੀ ਕਰਾਂਗਾ ਕਿ ਇਸ ਦੇ ਉੱਤੇ ਸਿਆਣੇ ਬੰਦਿਆਂ ਤੋਂ, ਮਾਹਿਰਾਂ ਤੋਂ ਜ਼ਰੂਰ ਰਾਏ ਲਈ ਜਾਵੇ।

ਸਰ, ਦੂਸਰੀ ਚੀਜ਼, ਕੋਈ ਅਫ਼ਸਰ ਇੱਕ ਰਿਵਿਊ ਕਰ ਦਿੰਦਾ ਹੈ, ਇੱਕ ਫੈਸਲਾ ਕਰ ਦਿੰਦਾ ਹੈ। ਜੇ ਦੋ ਬੰਦਿਆਂ ਦਾ ਕੇਸ ਚਲਦਾ ਹੈ। ਰੈਵੇਨਿਊ ਵਿੱਚ ਇੱਕ ਬੰਦਾ ਫੈਸਲਾ ਕਰ ਦਿੰਦਾ ਹੈ। ਅਫ਼ਸਰ ਅੰਤਰਿਮ ਆਰਡਰ ਕਰ ਦਿੰਦਾ ਹੈ। ਸਰ, ਮੈਂ ਇੱਕ ਐਗਜ਼ਾਂਪਲ ਦੇ ਦਿੰਦਾ ਹਾਂ। ਅੱਜ ਉਸ ਅੰਤਰਿਮ ਆਰਡਰ ਨੂੰ ਰਿਵਿਊ ਕਰਨ ਦਾ ਵੀ ਰਾਈਟ ਉਸ ਅਫ਼ਸਰ ਤੋਂ ਵਾਪਸ ਲੈ ਲਿਆ ਗਿਆ ਕਿ ਉਹ ਆਪਣਾ ਅੰਤਰਿਮ ਆਰਡਰ ਵੀ ਰਿਵਿਊ ਨਹੀਂ ਕਰ ਸਕਦਾ। ਸਰ, ਸਦਨ ਵਿੱਚ ਸਾਰੇ ਸਿਆਣੇ ਵਿਅਕਤੀ ਬੈਠੇ ਹਨ। ਮੈਂ ਇੱਕ ਐਗਜ਼ਾਂਪਲ ਦੇਣੀ ਚਾਹੁੰਦਾ ਹਾਂ। ਫੈਸਲਾ ਤੁਸੀਂ ਦੱਸਿਓ ਕਿ ਕੀ ਇਹ ਕਾਨੂੰਨ, ਇਹ ਬਿਲ ਇੰਪਲੀਮੈਂਟ ਹੋਣਾ ਚਾਹੀਦਾ ਹੈ ਜਾਂ ਨਹੀਂ ਹੋਣਾ ਚਾਹੀਦਾ। ਸਰ, ਮੰਨ ਲਵੋ ਤੁਸੀਂ ਜੇ ਅਫ਼ਸਰ ਹੋ, ਇੱਕ ਬੰਦੇ ਨੇ ਜੇ ਆਪਣੀ ਅਨਰਜਿਸਟਰਡ ਵਿੱਲ ਅਫ਼ਸਰ ਕੋਲ ਪੇਸ਼ ਕੀਤੀ ਤੇ ਕਹਿੰਦਾ ਕਿ ਇਸ ਜ਼ਮੀਨ ਦਾ ਮਾਲਕ ਮੈਂ ਹਾਂ। ਤੁਸੀਂ ਉਸ ਬੇਸ ਉੱਤੇ ਉਸ ਨੂੰ ਰਾਈਟ ਅਲਾਓ ਕਰ ਦਿੱਤਾ। ਉਸ ਤੋਂ ਬਾਅਦ ਕੋਈ ਬੰਦਾ ਕੈਨੇਡਾ ਤੋਂ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਰਜਿਸਟਰਡ ਵਿੱਲ ਤਾਂ ਮੇਰੇ ਕੋਲ ਹੈ। ਪ੍ਰੰਤੂ ਫੈਸਲਾ ਤੁਹਾਡਾ ਹੋ ਗਿਆ। ਜੇ ਅੱਜ ਕਾਨੂੰਨ ਪਾਸ ਹੋ ਜਾਂਦਾ ਹੈ, ਜੇ ਇੱਕ ਅਫ਼ਸਰ ਆਪਣੇ ਫੈਸਲੇ ਨੂੰ ਰਿਵਿਊ ਨਹੀਂ ਕਰ ਸਕਦਾ, ਉਸ ਨੂੰ ਪਹਿਲਾਂ ਲਏ ਹੋਏ ਗਲਤ ਫੈਸਲੇ ਉੱਤੇ ਹੀ ਫੈਸਲਾ ਲੈਣਾ ਪਵੇਗਾ। ਜਿਹੜਾ ਵਿਅਕਤੀ ਰਜਿਸਟਰਡ ਵਿੱਲ ਲੈ ਕੇ ਆਇਆ, ਉਸ ਨੂੰ ਉਸ ਅਫ਼ਸਰ ਨੂੰ ਕਹਿਣਾ ਪਵੇਗਾ ਕਿ ਮੇਰੇ ਕੋਲੋਂ ਆਪਣਾ ਡਿਸੀਜ਼ਨ ਜਾਣੇ ਅਨਜਾਣੇ ਵਿੱਚ ਗਲਤ ਲੈ ਲਿਆ ਗਿਆ ਸੀ, ਉਸ ਨੂੰ ਰਿਵਿਊ ਕਰਨ ਦੇ ਮੇਰੇ ਕੋਲ ਰਾਈਟ ਨਹੀਂ ਹਨ। ਸਰ, ਇਹ ਲੋਕਾਂ ਦੇ ਨਾਲ ਬਹੁਤ ਵੱਡਾ ਧੱਕਾ ਹੋਣਾ ਹੈ। ਅਫ਼ਸਰ ਤੋਂ ਗਲਤੀ ਦਰ ਗਲਤੀ ਹੋਣੀ ਹੈ। ਫਿਰ ਅਫ਼ਸਰ ਕੀ ਕਰੇਗਾ? ਸਰ, ਜੇ ਉਸ ਨੇ ਕੋਈ ਫੈਸਲਾ ਪਹਿਲਾਂ ਗਲਤ ਲੈ ਲਿਆ ਹੋਵੇ ਤਾਂ ਉਸ ਨੂੰ ਉਹ ਦੁਬਾਰਾ ਸਹੀ ਨਹੀਂ ਕਰ ਸਕਦਾ। ਮੈਂ ਇਹ ਬੇਨਤੀ ਕਰਾਂਗਾ ਕਿ ਪੰਜਾਬ ਦੇ ਲੋਕ ਦੇਸ਼ਾਂ ਪਰਦੇਸਾਂ ਵਿੱਚ ਬਹੁਤ ਵਸਦੇ ਹਨ। ਉਨ੍ਹਾਂ ਦਾ ਹੱਕ ਰੱਖਣ ਦੇ ਲਈ ਸਾਨੂੰ ਮਾਹਿਰਾਂ ਦੀ ਇੱਕ ਕਮੇਟੀ ਬਣਾਉਣੀ ਚਾਹੀਦੀ ਹੈ ਤਾਂ ਜੋ ਇਸ ਉੱਤੇ ਫੈਸਲਾ ਲੈਣ ਤੋਂ ਪਹਿਲਾਂ ਡਿਸਾਈਡ ਕੀਤਾ ਜਾਵੇ ਅਤੇ ਫਿਰ ਕੋਈ ਫੈਸਲਾ ਲਿਆ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਣਯੋਗ ਸਪੀਕਰ**: ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 9**

**ਮਾਣਯੋਗ ਸਪੀਕਰ** : ਕਿਉਂਜੋ ਕਲਾਜ਼ਾਂ 2 ਤੋਂ 9 ਵਿੱਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟਿੰਗ ਲਈ ਰੱਖ ਦਿੱਤੀਆਂ ਜਾਣ?

**(ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਣਯੋਗ ਸਪੀਕਰ:** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 9 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਮੰਤਰੀ (ਸਰਦਾਰ ਹਰਦੀਪ ਸਿੰਘ ਮੁੰਡੀਆਂ ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

**ਮਾਣਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਣਯੋਗ ਸਪੀਕਰ:** ਵਾਹਿਗੁਰੂ ਜੀ। ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੁੰਦਾ ਹੈ।

*5.10 ਵਜੇ ਸ਼ਾਮ ।) (ਇਸ *ਸਮੇਂ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)

-------

# APPENDIX-I

## ਪੰਜਾਬ ਵਿਧਾਨ ਸਭਾ ਸਕੱਤਰੇਤ

**ਬੁਲੇਟਿਨ ਨੰ: 01**

**ਮੰਗਲਵਾਰ, 30 ਦਸੰਬਰ, 2025**

**(11:00 ਵਜੇ ਪੂਰਵ ਦੁਪਹਿਰ ਤੋਂ 05.10 ਵਜੇ ਸ਼ਾਮ ਤੱਕ)**

1. **ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਨਾ:-**

ਮਾਣਯੋਗ ਸਪੀਕਰ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ ਗਿਆ ਤੇ ਉਨ੍ਹਾਂ ਦੀਆਂ ਦਿੱਤੀਆਂ ਕੁਰਬਾਨੀਆਂ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ।

ਨਿਮਨਲਿਖਿਤ ਮੈਂਬਰ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਤੇ ਬੋਲੇ:

| | |
|---|---|
| 1. ਡਾਕਟਰ ਇੰਦਰਬੀਰ ਸਿੰਘ ਨਿੱਜਰ, ਆਮ ਆਦਮੀ ਪਾਰਟੀ | 07 ਮਿੰਟ |
| 2. ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 03 ਮਿੰਟ |
| 3. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਆਮ ਆਦਮੀ ਪਾਰਟੀ | 06 ਮਿੰਟ |
| 4. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 04 ਮਿੰਟ |
| 5. ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ | 03 ਮਿੰਟ |
| 6. ਸ੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ | 05 ਮਿੰਟ |
| 7. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ | 06 ਮਿੰਟ |

ਮਾਣਯੋਗ ਮੁੱਖ ਮੰਤਰੀ, ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦੇ ਹੋਏ 07 ਮਿੰਟ ਲਈ ਬੋਲੇ।

2. **ਸਦਨ ਨੂੰ ਥੋੜ੍ਹੇ ਸਮੇਂ ਲਈ ਸਥਗਿਤ ਕਰਨਾ**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਬੈਠਕ 11.**54** ਵਜੇ ਪੂਰਵ ਦੁਪਹਿਰ (ਸਥੱਗਿਤ ) ਤੋਂ 12.24 ਵਜੇ ਦੁਪਹਿਰ (ਮੁੜ ਆਰੰਭ) ਤੱਕ ਸਥੱਗਿਤ ਕੀਤੀ ਗਈ।

3. **ਅਕਾਲ ਚਲਾਣਿਆਂ ਦਾ ਵਰਣਨ**

ਮਾਣਯੋਗ ਸਪੀਕਰ ਵੱਲੋਂ ਨਿਮਨਲਿਖਤ ਅਕਾਲ ਚਲਾਣਿਆਂ ਦਾ ਵਰਣਨ ਕੀਤਾ ਗਿਆ: –

1. ਸ੍ਰੀ ਸ਼ਿਵਰਾਜ ਪਾਟਿਲ, ਸਾਬਕਾ ਰਾਜਪਾਲ, ਪੰਜਾਬ;
2. ਸਰਦਾਰ ਜਗਤਾਰ ਸਿੰਘ ਮੁਲਤਾਨੀ, ਸਾਬਕਾ ਮੰਤਰੀ;

3. ਸਰਦਾਰ ਤਾਰਾ ਸਿੰਘ ਲਾਡਲ, ਸਾਬਕਾ ਰਾਜ ਮੰਤਰੀ;

4. ਸ੍ਰੀ ਤਰਲੋਚਨ ਸਿੰਘ ਸੂੰਢ, ਸਾਬਕਾ ਐਮ.ਐਲ.ਏ

5. ਸ੍ਰੀ ਧਰਮਿੰਦਰ ਸਿੰਘ ਦਿਓਲ, ਉੱਘੇ ਅਦਾਕਾਰ ਅਤੇ ਮੈਂਬਰ ਪਾਰਲੀਮੈਂਟ;

6. ਸਰਦਾਰ ਰਾਜਬੀਰ ਜਵੰਦਾ, ਉੱਘੇ ਗਾਇਕ ਅਤੇ ਅਦਾਕਾਰ;

7. ਸਰਦਾਰ ਗੋਬਿੰਦਰ ਸਿੰਘ ਸੋਹਲ, ਉੱਘੇ ਚਿੱਤਰਕਾਰ; ਅਤੇ

8. ਸ੍ਰੀ ਪੂਰਨ ਸ਼ਾਹਕੋਟੀ, ਪੰਜਾਬੀ ਸੰਗੀਤਕਾਰ।

ਮਾਣਯੋਗ ਸਪੀਕਰ ਵੱਲੋਂ ਉਪਰੋਕਤ ਵਰਣਿਤ ਸ਼ਖਸੀਅਤਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਸਦਨ ਵਿੱਚ ਵਰਣਨ ਕੀਤਾ ਗਿਆ ਅਤੇ ਸਦਨ ਵੱਲੋਂ ਇਨ੍ਹਾਂ ਸ਼ਖਸੀਅਤਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

ਇਸ ਤੋਂ ਇਲਾਵਾ ਮਾਣਯੋਗ ਸਪੀਕਰ ਸਾਹਿਬ ਵੱਲੋਂ ਮੌਜੂਦਾ ਵਿਧਾਇਕ ਸਰਦਾਰ ਦਲਜੀਤ ਸਿੰਘ ਗਰੇਵਾਲ (ਭੋਲਾ) ਜੀ ਦੇ ਪਿਤਾ ਜੀ ਸਰਦਾਰ ਬਲਬੀਰ ਸਿੰਘ ਗਰੇਵਾਲ ਜੀ ਦੇ ਸਦੀਵੀ ਵਿਛੋੜਾ ਦੇ ਜਾਣ ਤੇ ਉਨ੍ਹਾਂ ਨੂੰ ਵੀ ਅੱਜ ਦੇ ਸ਼ੋਕ ਪ੍ਰਸਤਾਵਾਂ ਵਾਲੀ ਸੂਚੀ ਵਿੱਚ ਸ਼ਾਮਿਲ ਕਰ ਲਿਆ ਗਿਆ।

ਮਾਣਯੋਗ ਸਪੀਕਰ ਵੱਲੋਂ ਸਦਨ ਨੂੰ ਸੂਚਿਤ ਕੀਤਾ ਗਿਆ ਕਿ ਸਾਰੀਆਂ ਵਿਛੜੀਆਂ ਸ਼ਖਸੀਅਤਾਂ ਦੇ ਪਰਿਵਾਰਾਂ ਨੂੰ ਸ਼ੋਕ ਸੁਨੇਹੇ ਭੇਜ ਦਿੱਤੇ ਜਾਣਗੇ।

ਸਦਨ ਨੇ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਸਤਿਕਾਰ ਵਜੋਂ ਦੋ ਮਿੰਟ ਲਈ ਖੜ੍ਹੇ ਹੋ ਕੇ ਮੌਨ ਧਾਰਨ ਕੀਤਾ।

4. **<u>ਮਾਣਯੋਗ ਸਪੀਕਰ ਦੁਆਰਾ ਐਲਾਨ</u>**

1. **<u>ਸਭਾਪਤੀ ਨਾਮਾਂਵਲੀ ਸਬੰਧੀ ਐਲਾਨ</u>**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 13(1) ਅਧੀਨ ਨਿਮਨਲਿਖਤ ਮਾਣਯੋਗ ਮੈਂਬਰਾਂ ਨੂੰ ਸਭਾਪਤੀ ਨਾਮਾਂਵਲੀ ਲਈ ਨਾਮਜ਼ਦ ਕਰਨ ਸਬੰਧੀ ਐਲਾਨ ਕੀਤਾ:-

1. ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ;

2. ਰਾਣਾ ਗੁਰਜੀਤ ਸਿੰਘ, ਐਮ.ਐਲ.ਏ;

3. ਸ੍ਰੀਮਤੀ ਨਰਿੰਦਰ ਕੌਰ ਭਰਾਜ, ਐਮ.ਐਲ.ਏ; ਅਤੇ

4. ਸ੍ਰੀ ਜੰਗੀ ਲਾਲ ਮਹਾਜਨ, ਐਮ.ਐਲ.ਏ।

5. **<u>ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ</u>**

ਮਾਣਯੋਗ ਸਪੀਕਰ ਨੇ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਮੌਜੂਦਾ ਸਮਾਗਮ ਦੌਰਾਨ ਮਿਤੀ 30.12.2025 ਨੂੰ ਕੀਤੇ ਜਾਣ ਵਾਲੇ ਕੰਮ-ਕਾਰ ਸਬੰਧੀ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਸਦਨ ਵਿਚ ਪੇਸ਼ ਕੀਤੀ।

ਸੰਸਦੀ ਮਾਮਲੇ ਮੰਤਰੀ ਵੱਲੋਂ ਪੇਸ਼ ਕੀਤਾ ਗਿਆ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ:-

"ਕਿ ਇਹ ਸਦਨ ਕਾਰਜ-ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।"

ਰਿਪੋਰਟ ਤੇ ਹੋਈ ਬਹਿਸ ਵਿਚ ਹਿੱਸਾ ਲੈਂਦੇ ਹੋਏ ਸੁਖਪਾਲ ਸਿੰਘ ਖਹਿਰਾ 01 ਮਿੰਟ ਲਈ ਬੋਲੇ।

6. **<u>ਨਿਯਮ 16 ਅਧੀਨ ਪ੍ਰਸਤਾਵ</u>**

ਸੰਸਦੀ ਮਾਮਲੇ ਮੰਤਰੀ ਦੁਆਰਾ ਨਿਮਨਲਿਖਤ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ–

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

7. **<u>ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼-ਪੱਤਰ</u>**

ਸੰਸਦੀ ਮਾਮਲੇ ਮੰਤਰੀ ਨੇ ਅੱਜ ਦੀ ਕਾਰਜ-ਸੂਚੀ ਦੇ ਲੜੀ ਨੰ: 6 ਅਧੀਨ ਦਰਸਾਏ ਗਏ ਲੜੀ ਨੰ: 1 ਤੋਂ 10 ਤੱਕ ਵਰਣਿਤ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖੇ।

8. **<u>ਮਾਣਯੋਗ ਸਪੀਕਰ ਵੱਲੋਂ ਸਵਾਗਤੀ ਐਲਾਨ</u>**

1. ਮਾਣਯੋਗ ਸਪੀਕਰ ਵੱਲੋਂ ਮਾਣਯੋਗ ਰਾਸ਼ਟਰਪਤੀ ਜੀ ਅਤੇ ਪ੍ਰਧਾਨ ਮੰਤਰੀ ਜੀ ਭਾਰਤ ਸਰਕਾਰ ਵੱਲੋਂ ਵੀਰ ਬਾਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਗਏ ਮਾਸਟਰ ਸ਼੍ਰਵਣ ਸਿੰਘ ਜੀ ਦੇ ਪਰਿਵਾਰ ਸਮੇਤ ਗਵਰਨਰ ਬਾਕਸ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਗਿਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ।
2. ਮਾਣਯੋਗ ਸਪੀਕਰ ਵੱਲੋਂ ਮਨਰੇਗਾ ਅਧੀਨ ਕੰਮ ਕਰਨ ਵਾਲੇ ਮਜ਼ਦੂਰਾਂ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ।

3. ਮਾਣਯੋਗ ਸਪੀਕਰ ਵੱਲੋਂ ਸਰਦਾਰ ਜਗਰੂਪ ਬਰਾੜ, ਮਾਣਯੋਗ ਮਾਇੰਨਿੰਗ ਮਨੀਸਟਰ, ਕੈਨੇਡਾ ਦੇ ਸਦਨ ਵਿੱਚ ਹਾਜ਼ਰ ਹੋਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਅਤੇ ਸਮੂਹ ਸਦਨ ਵੱਲੋਂ ਉਨ੍ਹਾਂ ਨੂੰ 'ਜੀ ਆਇਆਂ' ਆਖਿਆ ਗਿਆ।

9. ਸਰਕਾਰੀ ਮਤਾ

**(1) ਪੇਂਡੂ ਵਿਕਾਸ ਅਤੇ ਪੰਚਾਇਤਾਂ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਨੇ ਪ੍ਰਸਤਾਵ ਕੀਤਾ ਅਤੇ ਸਰਬਸੰਮਤੀ ਪ੍ਰਵਾਨ ਹੋਇਆ ਪ੍ਰਸਤਾਵ ਪੇਸ਼ ਕਰਦੇ ਹੋਏ 05 ਮਿੰਟਾਂ ਲਈ ਬੋਲੇ: –**

"ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ, ਦਲਿਤ ਪਰਿਵਾਰਾਂ ਅਤੇ ਗਰੀਬ ਦਲਿਤ ਭਾਈਚਾਰੇ ਦੀ ਰੋਜ਼ੀ ਰੋਟੀ ਖੋਹ ਲਈ ਹੈ।-ਇਹ ਇੱਕ ਜਾਣਬੁੱਝ ਕੇ ਕੀਤੀ ਗਈ ਅਤੇ ਖ਼ਤਰਨਾਕ ਸਾਜ਼ਿਸ਼ ਹੈ। ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਮਨਰੇਗਾ ਹੀ ਨਹੀਂ ਖੋਹਿਆ, ਇਸ ਨੇ ਦਲਿਤ ਮਜ਼ਦੂਰ ਦੇ ਮੂੰਹੋਂ ਰੋਟੀ ਵੀ ਖੋਹ ਲਈ ਹੈ।

ਇਹ ਸਦਨ ਮੰਨਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਨੇ ਸਿਰਫ਼ ਇੱਕ ਸਰਕਾਰੀ ਯੋਜਨਾ ਨੂੰ ਹੀ ਤਬਾਹ ਨਹੀਂ ਕੀਤਾ ਹੈ, ਇਸ ਨੇ ਦੇਸ਼ ਦੇ ਦਲਿਤ ਮਜ਼ਦੂਰਾਂ ਦੇ ਜਿਉਂਦੇ ਰਹਿਣ ਦੇ ਹੱਕ ਨੂੰ ਵੀ ਤਬਾਹ ਕਰ ਦਿੱਤਾ ਹੈ। ਮਨਰੇਗਾ ਦੇਸ਼ ਦੇ ਲੱਖਾਂ ਦਲਿਤਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਇੱਕ ਸਮੇਂ ਦੀ ਰੋਟੀ ਲਈ ਆਖਰੀ ਸਹਾਰਾ ਸੀ। ਇਹ ਉਹ ਪ੍ਰਣਾਲੀ ਸੀ ਜਿਸਨੇ ਦਲਿਤ ਮਜ਼ਦੂਰਾਂ ਨੂੰ ਆਪਣੇ ਪਿੰਡਾਂ ਵਿੱਚ ਰਹਿਣ, ਸਖਤ ਮਿਹਨਤ ਨਾਲ ਆਪਣੀ ਰੋਜ਼ੀਰੋਟੀ ਕਮਾਉਣ-, ਆਪਣੇ ਬੱਚਿਆਂ ਨੂੰ ਸਕੂਲ ਭੇਜਣ, ਅਤੇ ਸਨਮਾਨ ਨਾਲ ਜ਼ਿੰਦਗੀ ਜੀਉਣ ਦੀ ਆਗਿਆ ਦਿੱਤੀ। ਮਨਰੇਗਾ ਨੂੰ ਖਤਮ ਕਰਨਾ ਯੋਜਨਾ ਨੂੰ ਲਾਗੂ ਕਰਨ ਦਾ ਫੈਸਲਾ ਨਹੀਂ ਹੈ, ਸਗੋਂ ਦਲਿਤ ਵਿਰੋਧੀ ਸੋਚ ਦਾ ਐਲਾਨ ਹੈ। ਮਨਰੇਗਾ ਨੂੰ ਖਤਮ ਕਰਕੇ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ ਮਜ਼ਦੂਰਾਂ ਤੋਂ ਕੰਮ ਖੋਹ ਲਿਆ ਹੈ, ਦਲਿਤ ਬੱਚਿਆਂ ਤੋਂ ਸਿੱਖਿਆ ਖੋਹ ਲਈ ਹੈ, ਅਤੇ ਦਲਿਤ ਪਰਿਵਾਰਾਂ ਦੇ ਰਸੋਈ ਦੇ ਚੁੱਲ੍ਹੇ ਬੁਝਾ ਦਿੱਤੇ ਹਨ। ਦਲਿਤਾਂ ਦੇ ਰਸੋਈ ਦੇ ਚੁੱਲ੍ਹੇ ਬੁਝਾਉਣ ਵਾਲੀ ਸਰਕਾਰ ਦਲਿਤਾਂ ਤੋਂ ਵੋਟਾਂ ਮੰਗਣ ਦਾ ਅਧਿਕਾਰ ਗੁਆ ਦਿੰਦੀ ਹੈ। ਇਹ ਸਦਨ ਸਪੱਸ਼ਟ ਤੌਰ 'ਤੇ ਦਰਜ ਕਰਦਾ ਹੈ ਕਿ ਭਾਜਪਾ ਦੀ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਲਿਤ ਵਿਰੋਧੀ ਹਨ।

ਭਾਜਪਾ ਦੀ ਕੇਂਦਰੀ ਸਰਕਾਰ ਦੇ ਫੈਸਲੇ ਵਾਰ ਵਾਰ ਸਾਬਤ ਕਰਦੇ ਹਨ ਕਿ-ਭਾਜਪਾ ਦਲਿਤਾਂ ਨੂੰ ਨਫ਼ਰਤ ਕਰਦੀ ਹੈ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣਾ ਚਾਹੁੰਦੀ ਹੈ ਮਨਰੇਗਾ 'ਤੇ ਹਮਲਾ ਕਰਨਾ ਅਸਲ ਵਿੱਚ ਦਲਿਤਾਂ ਦੀ ਇੱਜ਼ਤ ਅਤੇ ਹੋਂਦ 'ਤੇ ਹਮਲਾ ਹੈ।

ਇਹ ਸਦਨ ਇਹ ਵੀ ਕਹਿੰਦਾ ਹੈ ਕਿ ਜੋ ਸਰਕਾਰ ਪਿੰਡਾਂ ਵਿੱਚ ਦਲਿਤਾਂ ਨੂੰ ਕੰਮ ਨਹੀਂ ਦਿੰਦੀ ਉਨ੍ਹਾਂ ਨੂੰ ਸ਼ਹਿਰੀ ਝੁੱਗੀਆਂਝੌਂਪੜੀਆਂ ਵਿੱਚ ਧੱਕਦੀ ਹੈ।- ਅੱਜ, ਭਾਜਪਾ ਦੀ ਕੇਂਦਰੀ ਸਰਕਾਰ ਨੇ ਦਲਿਤ

ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਤੋਂ ਵੋਟਾਂ ਮੰਗਣ ਦਾ ਨੈਤਿਕ ਅਧਿਕਾਰ ਖੋਹ ਲਿਆ ਹੈ। ਇੱਕ ਅਜਿਹੀ ਸਰਕਾਰ ਜਿਸਨੂੰ ਦਲਿਤਾਂ ਦੀ ਰੋਜ਼ੀ ਰੋਟੀ ਦੀ ਕੋਈ-ਪਰਵਾਹ ਨਹੀਂ ਹੈ, ਉਸਦੀ ਦਲਿਤ ਵੋਟਾਂ ਲਈ ਕੋਈ ਨੈਤਿਕ ਮੰਗ ਵੀ ਨਹੀਂ ਹੈ।

ਇਹ ਸਦਨ ਇਹ ਵੀ ਨੋਟ ਕਰਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਇਸ ਪੂਰੇ ਮੁੱਦੇ'ਤੇ ਚੁੱਪੀ ਬਣਾਈ ਰੱਖੀ ਹੈ। ਇਹ ਚੁੱਪੀ ਇਸ ਲਈ ਹੈ ਕਿਉਂਕਿ ਉਹ 2027 ਵਿੱਚ ਭਾਜਪਾ ਨਾਲ ਆਪਣਾ ਗੱਠਜੋੜ ਦੁਬਾਰਾ ਸਥਾਪਤ ਕਰਨ ਦੀ ਉਮੀਦ ਕਰਦੇ ਹਨ, ਭਾਵੇਂ ਦਲਿਤਾਂ ਨੂੰ ਇਸਦੀ ਕੀਮਤ ਚੁਕਾਉਣੀ ਪਵੇ। ਦਲਿਤਾਂ ਵਿਰੁੱਧ ਫੈਸਲਿਆਂ 'ਤੇ ਚੁੱਪ ਰਹਿਣਾ ਵੀ ਇੱਕ ਅਪਰਾਧ ਹੈ।

ਇਸ ਲਈ ਇਹ ਸਦਨ ਸਿਫਾਰਿਸ਼ ਕਰਦਾ ਹੈ ਕਿ ਰਾਜ ਸਰਕਾਰ ਭਾਜਪਾ ਦੀ ਕੇਂਦਰੀ ਸਰਕਾਰ ਤੋਂ ਮੰਗ ਕਰੇ ਕਿ ਮਨਰੇਗਾ ਨੂੰ ਖਤਮ ਕਰਨ ਦੇ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ, ਮਨਰੇਗਾ ਨੂੰ ਪੂਰੀ ਤਰ੍ਹਾਂ ਇਸਦੇ ਅਸਲ ਅਧਿਕਾਰਅਧਾਰਤ ਰੂਪ ਵਿੱਚ ਬਹਾਲ ਕੀਤਾ ਜਾਵੇ-, ਅਤੇ ਦੇਸ਼ ਭਰ ਦੇ ਦਲਿਤ ਮਜ਼ਦੂਰਾਂ ਅਤੇ ਗਰੀਬ ਦਲਿਤ ਪਰਿਵਾਰਾਂ ਲਈ ਕੰਮ ਅਤੇ ਉਜਰਤ ਦੀ ਗਰੰਟੀ ਯਕੀਨੀ ਬਣਾਈ ਜਾਵੇ। ਪੰਜਾਬ ਵਿਧਾਨ ਸਭਾ ਦਲਿਤਾਂ ਅਤੇ ਗਰੀਬ ਮਜ਼ਦੂਰਾਂ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ।"

ਨਿਮਨਲਿਖਤ ਮੈਂਬਰ ਸਾਹਿਬਾਨ ਅਤੇ ਮੰਤਰੀ ਸਾਹਿਬਾਨ ਨੇ ਬਹਿਸ ਵਿਚ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:

1. ਸ਼੍ਰੀਮਤੀ ਅਰੁਣਾ ਚੌਧਰੀ, ਇੰਡੀਅਨ ਨੈਸ਼ਨਲ ਕਾਂਗਰਸ 08 ਮਿੰਟ
2. ਸਰਦਾਰ ਪ੍ਰਤਾਪ ਸਿੰਘ ਬਾਜਵਾ, ਵਿਰੋਧੀ ਧਿਰ ਦੇ ਨੇਤਾ 04 ਮਿੰਟ
3. ਸਰਦਾਰ ਪਰਗਟ ਸਿੰਘ ਪੋਆਰ, ਇੰਡੀਅਨ ਨੈਸ਼ਨਲ ਕਾਂਗਰਸ 08 ਮਿੰਟ
4. ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਆਮ ਆਦਮੀ ਪਾਰਟੀ 08 ਮਿੰਟ
5. ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ 07 ਮਿੰਟ
6. ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ 14 ਮਿੰਟ
7. ਪ੍ਰਿੰਸੀਪਲ ਬੁੱਧ ਰਾਮ, ਆਮ ਆਦਮੀ ਪਾਰਟੀ 09 ਮਿੰਟ
8. ਸ੍ਰੀ ਸੁਖਵਿੰਦਰ ਸਿੰਘ ਕੋਟਲੀ, ਇੰਡੀਅਨ ਨੈਸ਼ਨਲ ਕਾਂਗਰਸ 06 ਮਿੰਟ
9. ਸ੍ਰੀ ਅਮੋਲਕ ਸਿੰਘ, ਆਮ ਆਦਮੀ ਪਾਰਟੀ 02 ਮਿੰਟ
10. ਸਰਦਾਰ ਕੁਲਵੰਤ ਸਿੰਘ ਪੰਡੋਰੀ, ਆਮ ਆਦਮੀ ਪਾਰਟੀ 02 ਮਿੰਟ
11. ਸਰਦਾਰ ਤਰੁਨਪ੍ਰੀਤ ਸੌਂਦ, ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ01 ਮਿੰਟ
12. ਸਰਦਾਰ ਰੁਪਿੰਦਰ ਸਿੰਘ, ਆਮ ਆਦਮੀ ਪਾਰਟੀ 06 ਮਿੰਟ
13. ਸਰਦਾਰ ਮਨਪ੍ਰੀਤ ਸਿੰਘ ਇਆਲੀ, ਸ਼੍ਰੋਮਣੀ ਅਕਾਲੀ ਦਲ 06 ਮਿੰਟ
14. ਸਰਦਾਰ ਲਾਭ ਸਿੰਘ ਉਗੋਕੇ, ਆਮ ਆਦਮੀ ਪਾਰਟੀ 05 ਮਿੰਟ

| | | |
|---|---|---|
| 15. | ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਆਮ ਆਦਮੀ ਪਾਰਟੀ | 08 ਮਿੰਟ |
| 16. | ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ | 04 ਮਿੰਟ |
| 17. | ਸ਼੍ਰੀ ਨਰਿੰਦਰ ਪਾਲ ਸਿੰਘ ਸਵਨਾ, ਆਮ ਆਦਮੀ ਪਾਰਟੀ | 05 ਮਿੰਟ |
| 18. | ਸਰਦਾਰ ਜੀਵਨ ਸਿੰਘ ਸੰਗੋਵਾਲ, ਆਮ ਆਦਮੀ ਪਾਰਟੀ | 01 ਮਿੰਟ |
| 19. | ਸ਼੍ਰੀ ਜਗਦੀਪ ਕੰਬੋਜ ਗੋਲਡੀ, ਆਮ ਆਦਮੀ ਪਾਰਟੀ | 04 ਮਿੰਟ |
| 20. | ਸ਼੍ਰੀਮਤੀ ਇੰਦਰਜੀਤ ਕੌਰ ਮਾਨ, ਆਮ ਆਦਮੀ ਪਾਰਟੀ | 07 ਮਿੰਟ |
| 21. | ਸ਼੍ਰੀ ਲਾਲ ਚੰਦ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇਮੰਤਰੀ | 10 ਮਿੰਟ |
| 22. | ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਭਾਰਤੀ ਜਨਤਾ ਪਾਰਟੀ | 12 ਮਿੰਟ |
| 23. | ਸਰਦਾਰ ਬਰਿੰਦਰਮੀਤ ਸਿੰਘ ਪਾਹੜਾ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |
| 24. | ਸ਼੍ਰੀ ਅਮਨ ਅਰੋੜਾ, ਉਦਯੋਗ ਤੇ ਵਣਜ ਮੰਤਰੀ | 09 ਮਿੰਟ |
| 25. | ਸਰਦਾਰ ਹਰਪਾਲ ਸਿੰਘ ਚੀਮਾ, ਵਿੱਤ ਮੰਤਰੀ | 02 ਮਿੰਟ |
| 26. | ਡਾਕਟਰ ਬਲਬੀਰ ਸਿੰਘ, ਸਿਹਤ ਅਤੇ ਪਰਿਵਾਰ ਭਲਾਈ ਮੰਤਰੀ | 05 ਮਿੰਟ |
| 27. | ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ | 04 ਮਿੰਟ |
| 28. | ਸਰਦਾਰ ਹਰਭਜਨ ਸਿੰਘ, ਲੋਕ ਨਿਰਮਾਣ (ਭ ਤੇ ਮ) ਮੰਤਰੀ | 07 ਮਿੰਟ |
| 29. | ਰਾਣਾ ਗੁਰਜੀਤ ਸਿੰਘ, ਇੰਡੀਅਨ ਨੈਸ਼ਨਲ ਕਾਂਗਰਸ | 01 ਮਿੰਟ |

ਬਹਿਸ ਵਿਚ ਭਾਗ ਲੈਂਦੇ ਹੋਏ ਮਾਣਯੋਗ ਮੁੱਖ ਮੰਤਰੀ 47 ਮਿੰਟਾਂ ਲਈ ਬੋਲੇ।

## 10. ਮਾਣਯੋਗ ਸਪੀਕਰ ਸਾਹਿਬ ਵੱਲੋਂ ਐਲਾਨ

ਮਾਣਯੋਗ ਸਪੀਕਰ ਵੱਲੋਂ ਐਲਾਨ ਕੀਤਾ ਗਿਆ ਕਿ ਕੋਟਕਪੂਰਾ ਦੀ ਪ੍ਰਸਿੱਧ ਪੰਜਾਬੀ ਜੁੱਤੀ ਨੂੰ ਬਣਾਉਣ ਵਾਲਿਆਂ ਨੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਲਾਊਂਜ ਵਿੱਚ ਇੱਕ ਪ੍ਰਦਰਸ਼ਨੀ ਆਯੋਜਿਤ ਕੀਤੇ ਜਾਣ ਬਾਰੇ ਸਦਨ ਨੂੰ ਜਾਣੂੰ ਕਰਵਾਇਆ ਅਤੇ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਕਿ ਇਸ ਪ੍ਰਦਰਸ਼ਨੀ ਨੂੰ ਜ਼ਰੂਰ ਵਿਜ਼ਟ ਕਰਨ ਤਾਂ ਜੋ ਇਸ ਹਸਤ ਕਲਾਂ ਨੂੰ ਅੱਗੇ ਲੈ ਕੇ ਜਾਇਆ ਜਾ ਸਕੇ।

## 11. ਮੈਂਬਰ ਨੂੰ ਨੇਮ ਕਰਨਾ/ਮੁਅੱਤਲ ਕਰਨਾ

ਇੰਡੀਅਨ ਨੈਸ਼ਨਲ ਕਾਂਗਰਸ ਦੇ ਸਦਨ ਵਿੱਚ ਹਾਜ਼ਰ ਮੈਂਬਰ ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲੋਂ, ਚੇਅਰ ਦੇ ਬਾਰ ਬਾਰ ਅਪੀਲ ਕਰਨ ਦੇ ਬਾਵਜੂਦ, ਲਗਾਤਾਰ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਉਣ ਕਾਰਨ ਮਾਣਯੋਗ ਸਪੀਕਰ ਵੱਲੋਂ ਉਨ੍ਹਾਂ ਨੂੰ ਨੇਮ ਕਰਕੇ ਵਾਚ ਐਂਡ ਵਾਰਡ ਸਟਾਫ ਨੂੰ ਉਨ੍ਹਾਂ ਨੂੰ ਸਦਨ ਤੋਂ ਬਾਹਰ ਕਰਨ ਲਈ ਹੁਕਮ ਅਤੇ ਉਨ੍ਹਾਂ ਨੂੰ ਸ਼ੈਸ਼ਨ ਦੇ ਰਹਿੰਦੇ ਸਮੇਂ ਤੱਕ ਮੁਅੱਤਲ ਕੀਤਾ ਗਿਆ।

**12. <u>ਮਾਣਯੋਗ ਸਪੀਕਰ ਵੱਲੋਂ ਰੂਲਿੰਗ</u>**

ਮਾਣਯੋਗ ਸਪੀਕਰ ਵੱਲੋਂ ਹੇਠ ਲਿਖੇ ਅਨੁਸਾਰ ਰੂਲਿੰਗ ਦਿੱਤੀ ਗਈ :-

"ਮਾਣਯੋਗ ਸਪੀਕਰ ਵੱਲੋਂ ਰੂਲਿੰਗ ਦਿੱਤੀ ਗਈ ਕਿ ਜਦੋਂ ਕੋਈ ਵੀ ਮਾਣਯੋਗ ਮੈਂਬਰ ਸਦਨ ਵਿੱਚ ਖੜ੍ਹਾ ਹੋ ਕੇ ਆਪਣੀ ਸਪੀਚ ਕਰ ਰਿਹਾ ਹੁੰਦਾ ਹੈ ਤਾਂ ਸਦਨ ਦੇ ਕਿਸੇ ਵੀ ਮੈਂਬਰ ਦੁਆਰਾ ਚੇਅਰ ਅਤੇ ਮਾਣਯੋਗ ਮੈਂਬਰ ਦੇ ਵਿਚਕਾਰ ਕਰਾਸ ਨਹੀਂ ਕਰਨਾ ਚਾਹੀਦਾ, ਜੇਕਰ ਅਜਿਹਾ ਕੀਤਾ ਜਾਂਦਾ ਹੈ ਤਾਂ ਅਜਿਹੀ ਉਲੰਘਣਾ ਲਈ ਸਬੰਧਤ ਮੈਂਬਰ ਦੀ ਮੈਂਬਰਸ਼ਿਪ ਜਾ ਸਕਦੀ ਹੈ। ਜੇਕਰ ਤੁਸੀਂ ਲੰਘੋਗੇ ਤਾਂ ਉਸ ਨਾਲ ਤੁਹਾਡੀ ਮੈਂਬਰਸ਼ਿਪ ਵੀ ਜਾ ਸਕਦੀ ਹੈ।'

**13. <u>ਵਿਧਾਨਕ ਕੰਮ-ਕਾਰ</u>**

1) **<u>ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025</u>**

ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ ਨੇ "ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025" ਪੇਸ਼ ਕੀਤਾ ਅਤੇ ਇਹ ਵੀ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ 2, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਇੰਡੀਅਨ ਸਟੈਂਪ (ਪੰਜਾਬ ਦੂਜੀ ਸੋਧਨਾ) ਬਿਲ, 2025 ਪਾਸ ਕੀਤਾ ਜਾਵੇ", ਮਾਣਯੋਗ ਸਪੀਕਰ ਦੁਆਰਾ ਇਹ ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

2) **<u>ਪੰਜਾਬ ਆਬਾਦੀ ਦੇਹ(ਰਿਕਾਰਡ ਆਫ਼ ਰਾਈਟਸ) ਬਿਲ, 2025</u>**

ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮੰਤਰੀ ਨੇ "ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਬਿਲ, 2025" ਪੇਸ਼ ਕੀਤਾ ਅਤੇ ਇਹ ਵੀ ਪ੍ਰਸਤਾਵ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ਾਂ 2 ਤੇ 3, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮਾਮਲੇ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ "ਪੰਜਾਬ ਆਬਾਦੀ ਦੇਹ (ਰਿਕਾਰਡ ਆਫ਼ ਰਾਈਟਸ) ਬਿਲ, 2025" ਪਾਸ ਕੀਤਾ ਜਾਵੇ, ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਨਿਮਨਲਿਖਤ ਮੈਂਬਰਾਂ ਨੇ ਹਿੱਸਾ ਲਿਆ ਅਤੇ ਉਹ ਉਨ੍ਹਾਂ ਦੇ ਨਾਮ ਸਾਹਮਣੇ ਦਿੱਤੇ ਗਏ ਸਮੇਂ ਲਈ ਬੋਲੇ:-

1. ਡਾ. ਨਛੱਤਰ ਪਾਲ, ਬਹੁਜਨ ਸਮਾਜ ਪਾਰਟੀ 01 ਮਿੰਟ
2. ਡਾ. ਸੁਖਵਿੰਦਰ ਕੁਮਾਰ ਸੁੱਖੀ, ਸ਼੍ਰੋਮਣੀ ਅਕਾਲੀ ਦਲ 02 ਮਿੰਟ

3) **ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025**

ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮਾਮਲੇ ਮੰਤਰੀ ਨੇ "ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025" ਪੇਸ਼ ਕੀਤਾ ਅਤੇ ਇਹ ਪ੍ਰਸਤਾਵ ਵੀ ਕੀਤਾ ਕਿ ਬਿਲ ਤੇ ਤੁਰੰਤ ਵਿਚਾਰ ਕੀਤਾ ਜਾਵੇ।

ਪ੍ਰਸਤਾਵ ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਕਲਾਜ਼-ਵਾਰ ਵਿਚਾਰ ਦੌਰਾਨ, ਕਲਾਜ਼ 1 ਦੀ ਸਬ-ਕਲਾਜ਼ (2), ਕਲਾਜ਼ਾਂ 2 ਤੋਂ 9 ਇਕੱਠੀਆਂ, ਕਲਾਜ਼ 1 ਦੀ ਸਬ-ਕਲਾਜ਼ (1) ਅਤੇ ਸਿਰਲੇਖ ਸਦਨ ਦੀ ਵੋਟ ਲਈ ਰੱਖੇ ਗਏ ਅਤੇ ਪ੍ਰਵਾਨ ਹੋਏ।

ਮਾਲ, ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਪ੍ਰਬੰਧਨ ਮਾਮਲੇ ਮੰਤਰੀ ਦੁਆਰਾ ਕੀਤਾ ਗਿਆ ਪ੍ਰਸਤਾਵ ""ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2025" ਪਾਸ ਕੀਤਾ ਜਾਵੇ", ਸਦਨ ਦੀ ਵੋਟ ਲਈ ਰੱਖਿਆ ਗਿਆ ਅਤੇ ਪ੍ਰਵਾਨ ਹੋਇਆ।

ਬਿਲ ਤੇ ਹੋਈ ਬਹਿਸ ਵਿੱਚ ਰਾਣਾ ਇੰਦਰ ਪ੍ਰਤਾਪ ਸਿੰਘ, ਆਜ਼ਾਦ ਮੈਂਬਰ ਨੇ ਹਿੱਸਾ ਲਿਆ ਅਤੇ ਉਹ 02 ਮਿੰਟ ਲਈ ਬੋਲੇ।

14. **ਵਾਕ-ਆਊਟ**

ਭਾਰਤੀ ਜਨਤਾ ਪਾਰਟੀ ਦੇ ਮੈਂਬਰ ਸ਼੍ਰੀ ਅਸ਼ਵਨੀ ਕੁਮਾਰ ਸ਼ਰਮਾ, ਮਾਣਯੋਗ ਸਪੀਕਰ ਦੁਆਰਾ ਮਗਨਰੇਗਾ ਸਕੀਮ ਬੰਦ ਹੋਣ ਦੀ ਗੱਲ ਨਾਲ ਸਹਿਮਤ ਨਾ ਹੋਣ ਦੇ ਰੋਸ ਵਜੋਂ ਵਾਕ-ਆਊਟ ਕਰ ਗਏ।

15. **<u>ਸਦਨ ਦਾ ਸਮਾਂ ਵਧਾਉਣਾ</u>**

ਮਾਣਯੋਗ ਸਪੀਕਰ ਵੱਲੋਂ ਸਦਨ ਦੀ ਸਹਿਮਤੀ ਨਾਲ ਸਦਨ ਦੀ ਬੈਠਕ **ਦੀ** ਅੱਜ **ਦੀ** ਕਾਰਜਸੂਚੀ ਵਿੱਚ ਦਰਜ ਕੰਮ-ਕਾਰ ਦੇ ਖਤਮ ਹੋਣ ਤੱਕ ਵਧਾਇਆ ਗਿਆ।

ਮਾਣਯੋਗ ਡਿਪਟੀ ਸਪੀਕਰ ਨੇ 01.05 ਵਜੇ ਬਾਅਦ ਦੁਪਹਿਰ ਤੋਂ 01.53 ਵਜੇ ਬਾਅਦ ਦੁਪਹਿਰ ਤੱਕ ਸਦਨ ਦੀ ਕੁਰਸੀ ਸੰਭਾਲੀ।

ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਗਿਆ।

---

## PUNJAB VIDHAN SABHA SECRETARIAT

**BULLETIN NO.1**
**Tuesday, the 30th December, 2025**
**(From 11:00 AM to 05:10 PM)**

### 1. Tribute Paid to the Unparalleled Martyrdom of Four Sahibzadas of Sri Guru Gobind Singh ji

The Hon'ble Speaker paid homage to the unparalleled martyrdom of four Sahibzadas of Sri Guru Gobind Singh ji and informed the House about their sacrifices.

The following Members expressed their views regarding the unparalleled martyrdom of four Sahibzadas of Sri Guru Gobind Singh ji: -

| | | |
|---|---|---|
| 1. | Dr. Inderbir Singh Nijjar, Aam Aadmi Party | 07 minutes |
| 2. | Rana Gurjeet Singh, Indian National Congress | 03 minutes |
| 3. | Sardar Manwinder Singh Giaspura, Aam Aadmi Party | 06 minutes |
| 4. | Dr. Nachhatar Pal, Bahujan Samaj Party | 04 minutes |
| 5. | Rana Inder Partap Singh, Independent Member | 03 minutes |
| 6. | Shri Ashwani Kumar Sharma, Bharatiya Janta Party | 05 minutes |
| 7. | Sardar Manpreet Singh Ayali, Shiromani Akali Dal | 06 minutes |

While paying tribute to the unparalleled martyrdom of four Sahibzadas of Sri Guru Gobind Singh ji, the Hon'ble Chief Minister spoke for 07 minutes.

### 2. Adjournment of the House for short period

The Hon'ble Speaker adjourned the sitting of the House at 11.54 (A.M.) for half an hour as a mark of respect to the unparalleled martyrdom of four Sahibzadas, which later reassembled at 12.24 (P.M.)

### 3. Obituary References

The Hon'ble Speaker made references to the passing away of the following: -

1. Shri Shivraj V. Patil, Former Governor, Punjab;
2. Sardar Jagtar Singh Multani, Ex-Minister;
3. Sardar Tara Singh Ladal, Ex-State Minister;
4. Shri Tarlochan Singh Soondh, Ex-M.L.A;
5. Shri Dharmendra Singh Deol, Renowned actor and former Member Parliament;
6. Sardar Rajvir Singh Jawanda, Eminent Singer and actor;
7. Sardar Gobinder Singh Sohal, Eminent Artist;and
8. Shri Puran Shahkoti, Punjabi Musician.

The Hon'ble Speaker described about the life and contributions of the aforementioned personalities in the House and the House paid rich tributes to these personalities.

Apart from this, the Hon'ble Speaker also included the name of Sardar Balbir Singh Grewal father of sitting MLA Sardar Daljit Singh Grewal (Bhola), in today's list of obituaries.

The Hon'ble Speaker informed the House that condolence messages would be sent to the bereaved families.

The House stood in silence for a while as a mark of respect in the memory of the departed souls.

## 4. Announcement by the Hon'ble Speaker

### 1. Announcement regarding panel of Chairmen

The Hon'ble Speaker made an announcement under Rule 13(1) of the Rules of Procedure and Conduct of Business in the Punjab Vidhan Sabha (Punjab Legislative Assembly) regarding nomination of following Hon'ble Members to serve on the Panel of Chairmen: -

1. Sardar Manjit Singh Bilaspur, M.L.A;
2. Rana Gurjeet Singh, M.L.A;
3. Smt. Narinder Kaur Bharaj, M.L.A; and
4. Shri Jangi Lal Mahajan, M.L.A.

**5. First Report of the Business Advisory Committee**

The Hon'ble Speaker presented the first report of the Business Advisory Committee in the House regarding the business to be transacted by the Punjab Vidhan Sabha during its current session on 30.12.2025.

The following motion as moved by the Parliamentary Affairs Minister was put to the vote of the House and carried: -

‘‘That this House agrees with the recommendations contained in the first report of the Business Advisory Committee.’’

While taking part in the discussion on the report Sardar Sukhpal Singh Khaira, Member, Indian National Congress Party spoke for 01 minute.

**6. Motion Under Rule 16**

The following motion moved by the Parliamentary Affairs Minister was put to the vote of the House and carried: -

‘‘That the Vidhan Sabha (Assembly) at its rising this day shall stand adjourned sine die.’’

**7. Papers to be laid on the Table**

The Parliamentary Affairs Minister laid papers on the Table of the House as mentioned at serial No. 1 to 10 as shown under item No. 6 in today's List of Business.

**8. Welcome Announcement by Hon'ble Speaker**

1. The Hon'ble Speaker informed the House about the presence of Master Shravan Singh, who was honoured with the Veer Baal Puraskar by Hon'ble President and Prime Minister of India, alongwith his family in the Governor's box and welcomed them on behalf of the entire House.
2. The Hon'ble Speaker informed the House about the presence of MGNREGA workers in the House and also welcomed them on behalf of the entire House.
3. The Hon'ble Speaker informed the House about the presence of Sardar Jagrup Brar, Hon'ble Minister of Mines, British Columbia Government (Canada) and also welcomed him on behalf of the entire House.
4. The Hon'ble Speaker informed the House about the presence of the famous Jutti (traditional footwear) craftsman of Kotkapura alongwith their art skills in the Members' lounge of the Punjab Vidhan Sabha who were assisted by the Punjab Government under the leadership of the Chief Minister by establishing a Jutti cluster in Kotkpura and also welcomed them on behalf of the entire House.

**9. Official Resolution**

The following resolution was moved by Sardar Tarunpreet Singh Sond, Minister for the Rural Development and Panchayats in the House and was carried unanimously. He spoke for 07 minutes while presenting the resolution: -

‘‘By scrapping MGNREGA, the BJP central government has taken away the livelihood of Dalit labourers, Dalit families and the poor Dalit community. This is a

deliberate and dangerous conspiracy. The BJP central government has not only dismantled MNREGA, it has also taken away livelihood of Dalit labourers.

This House believes that the BJP central government has not only destroyed a government scheme, it has also destroyed the right to survival of the Dalit labourers of the country. MNREGA was the last means of survival for millions of Dalits and poor Dalit families in the country. It was the system that allowed Dalit laborers to stay in their villages, earn their livelihood through hard work, send their children to school, and live with dignity. Abolishing MGNREGA is not a decision to implement the scheme, but a declaration of thought from an anti-Dalit perspective. By scrapping MGNREGA, the central BJP government has taken away jobs from Dalit labourers, deprived Dalit children of education, and extinguished the kitchen stoves of Dalit families. A government that extinguishes the kitchen stoves of the Dalit forfeits its moral right to seek votes from the Dalit community. This House clearly states that the policies of the BJP central government are anti-Dalit.

The decisions of BJP's central government repeatedly prove that BJP hates Dalits and wants to marginalize them. Attacking MGNREGA is actually an attack on the dignity and existence of Dalits.

This House also says that the government which does not provide jobs to Dalits in villages pushes them to urban slums. Today, the central BJP government has taken away the moral right of Dalit workers and poor Dalit families to seek votes. A government that does not care about the livelihood of Dalits has no moral demand for Dalit votes.

This House also takes note of the fact that Shiromani Akali Dal (Badal) has maintained silence on this entire issue. This silence is because they hope to re-establish their alliance with the BJP in 2027, even if the Dalits have to pay the price for it. Keeping silent on the verdicts against Dalits is also a crime.

This House therefore recommends that the State Government demand from the BJP Central Government to immediately withdraw the decision to scrap MNREGA, that MNREGA be fully restored to its original right-based form, and ensure guaranteed work and wages for Dalit labourers and poor Dalit families across the country. The Punjab Vidhan Sabha stands firmly with Dalits and poor labourers.''

The following Members and Ministers took part in the discussion and spoke for the time as mentioned against their names:

| | | |
|---|---|---|
| 1. | Smt. Aruna Chaudhary, Indian National Congress Party | 08 minutes |
| 2. | Sardar Partap Singh Bajwa, Leader of Opposition | 04 minutes |
| 3. | Sardar Pargat Singh Powar, Indian National Congress Party | 08 minutes |

| | | |
|---|---|---|
| 4. | Sardar Kuldeep Singh Dhaliwal, Aam Aadmi Party | 08 minutes |
| 5. | Doctor Sukhwinder Kumar Sukhi, Shiromani Akali Dal | 07 minutes |
| 6. | Sardar Harpal Singh Cheema, Finance Minister | 19 minutes |
| 7. | Principal Budh Ram, Aam Aadmi Party | 09 minutes |
| 8. | Shri Sukhwinder Singh Kotli, Indian National Congress Party | 06 minutes |
| 9. | Sardar Manjit Singh Bilaspur, Aam Aadmi Party | 02 minutes |
| 10. | Shri Amolak Singh, Aam Aadmi Party | 02 minutes |
| 11. | Sardar Kulwant Singh Pandori, Aam Aadmi Party | 03 minutes |
| 12. | Sardar Tarunpreet Singh Sond, Rural Development and Panchayats Minister | 01 minute |
| 13. | Sardar Rupinder Singh, Aam Aadmi Party | 06 minutes |
| 14. | Sardar Manpreet Singh Ayali, Shiromani Akali Dal | 06 minutes |
| 15. | Sardar Labh Singh Ugoke, Aam Aadmi Party | 05 minutes |
| 16. | Sardar Manwinder Singh Giaspura, Aam Aadmi Party | 06 minutes |
| 17. | Doctor Nachhatar Pal, Bahujan Samaj Party | 04 minutes |
| 18. | Shri Narinder Pal Singh Sawna, Aam Aadmi Party | 05 minutes |
| 19. | Sardar Jiwan Singh Sangowal, Aam Aadmi Party | 01 minute |
| 20. | Shri Jagdeep Kamboj Goldy, Aam Aadmi Party | 04 minutes |
| 21. | Smt. Inderjit Kaur Mann, Aam Aadmi Party | 06 minutes |
| 22. | Shri Lal Chand, Food, Civil Supplies and Consumer Affairs Minister | 10 minutes |
| 23. | Shri Ashwani Kumar Sharma, Bharatiya Janata Party | 12 minutes |
| 24. | Sardar Barindermeet Singh Pahra, Indian National Congress Party | 01 minute |
| 25. | Shri Aman Arora, New and Renewable Energy Resources Minister | 10 minutes |

| | | |
|---|---|---|
| 26. | Doctor Balbir Singh, Health and Family welfare Minister | 05 minutes |
| 27. | Rana Inder Pratap Singh, Independent Member | 04 minutes |
| 28. | Sardar Harbhajan Singh, Public Works (B&R) Minister | 07 minutes |
| 29. | Rana Gurjeet Singh, Indian National Congress Party | 01 minute |

While taking part in the discussion on the resolution the Hon'ble Chief Minister spoke for 47 minutes.

**10. Naming/Suspension of a Member**

The Hon'ble Speaker named Member of Indian National Congress, Sardar Sukhpal Singh Khaira thrice for continuously disrupting the proceedings of the House despite repeated appeals by the Chair and ordered the watch and ward staff to marshal him out of the House and he was suspended for the remaining period of the session today.

**11. Rulings by the Hon'ble Speaker**

The Hon'ble Speaker has given the following ruling: -

1. The Hon'ble Speaker gave the ruling that when any Hon'ble Member is standing and delivering a speech in the House, no other Member of the House should cross between the chair and the Hon'ble Member, if this instruction is violated, the membership of the concerned member may be terminated.
2. The Hon'ble Speaker gave the ruling that by the way of representation, all letters pertaining to nearly 10 lakh poor families, who have been directly deprived of their livelihood and grievously affected, must necessarily be forwarded to the Central Government addressed to the Hon'ble Prime Minister. All the Hon'ble Members who have brought these letters pertaining to MGNREGA women workers and labourers are directed to submit all such letters to his office.

**12. Legislative Business**

1) **The Indian Stamp (Punjab Second Amendment) Bill, 2025.**

The Revenue, Rehabilitation and Natural Disaster Management Minister introduced ‘‘The Indian Stamp (Punjab Second Amendment) Bill, 2025’’ and also moved that the Bill be taken into consideration at once.

The motion was put to the vote of the House and carried.

During clause-wise consideration of the Bill, sub-clause (2) of clause 1, clause 2, sub-clause (1) of clause 1 and the Title were put to the vote of the House and carried.

The motion moved by the Revenue, Rehabilitation and Natural Disaster Management Minister that'' The Indian Stamp (Punjab Second Amendment) Bill, 2025 be passed'' was put to the vote of the House and carried.

2) **The Punjab Abadi Deh (Record of Rights) Amendment Bill, 2025**

The Revenue, Rehabilitation and Natural Disaster Management Minister introduced ''The Punjab Abadi Deh (Record of Rights) Amendment Bill, 2025 and also moved that the Bill be taken into consideration at once.

The motion was put to the vote of the House and carried.

During clause-wise consideration of the Bill, sub-clause (2) of clause 1, clauses 2 to 3, sub-clause (1) of clause 1 and the Title were put to the vote of the House and carried.

The motion moved by the Revenue, Rehabilitation and Natural Disaster Management Minister that'' The Punjab Abadi Deh (Record of Rights) Amendment Bill, 2025 be passed'' was put to the vote of the House and carried.

The following Members took part in the discussion on the Bill and spoke for the time as mentioned against their names: -

| | | |
|---|---|---|
| 1. | Doctor Nachhatar Pal, Bahujan Samaj Party | 01 minute |
| 2. | Doctor Sukhwinder Kumar Sukhi, Shiromani Akali Dal | 02 minutes |

**3) The Punjab Land Revenue (Amendment) Bill, 2025**

The Revenue, Rehabilitation and Natural Disaster Management Minister introduced ''The Punjab Land Revenue (Amendment) Bill, 2025'' and also moved that the Bill be taken into consideration at once.

The motion was put to the vote of the House and carried.

During clause-wise consideration of the Bill, sub-clause (2) of clause 1, clauses 2 to 9 collectively, sub-clause (1) of clause 1 and the Title were put to the vote of the House and carried.

The motion moved by the Revenue, Rehabilitation and Natural Disaster Management Minister that'' The Punjab Land Revenue (Amendment) Bill, 2025 be passed,'' was put to the vote of the House and carried.

Rana Inder Partap Singh, Independent Member took part in the discussion on the bill and spoke for 02 minutes.

**13. Walk -Out**

Shri Ashwani Kumar Sharma, Member of the Bharatiya Janata party staged a walk-out in protest while disagreeing with the statement made in the House regarding scrapping of the MGNREGA scheme.

**14. Extension of time of the House**

With the consent of the House, the Hon'ble Speaker extended the time of sitting of the House till the completion of business mentioned in list of Business.

The Hon'ble Deputy Speaker occupied the chair of the House from 01.05 P.M. to 01.53 P.M.

The House then adjourned sine-die.

@ 2025

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈੱਸ, ਐਸ.ਏ.ਐਸ. ਨਗਰ (ਮੁਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ।